ਪੰਜਾਬੀ ਯੂਨੀਵਰਸਿਟੀ

ਉਰਦੂ-ਪੰਜਾਬੀ ਕੋਸ਼

Punjabi University

Urdu-Punjabi Dictionary

پنجابی یونیورسٹی

اُردو — پنجابی لُغت



CamScanner

ਪੰਜਾਬੀ ਯੂਨੀਵਰਸਿਟੀ

ਉਰਦੂ-ਪੰਜਾਬੀ ਕੋਸ਼

Punjabi University

Urdu-Punjabi Dictionary

پنجابی یونیورسٹی

اُردو-پنجابی لُغت

CamScanner

ਪੰਜਾਬੀ ਯੂਨੀਵਰਸਿਟੀ

ਉਰਦੂ-ਪੰਜਾਬੀ ਕੋਸ਼

Punjabi University

Urdu-Punjabi Dictionary

پنجابی یونیورسٹی

اُردو-پنجابی لُغت

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

PUNJABI UNIVERSITY
URDU-PUNJABI DICTIONARY *(Urdu)*

ਨਿਗਰਾਨ
ਪ੍ਰੋਫ਼ੈਸਰ ਗੁਲਵੰਤ ਸਿੰਘ

ਸੰਕਲਨ ਕਰਤਾ
ਡਾ. ਰਾਜਿੰਦਰ ਸਿੰਘ ਲਾਂਬਾ

ਸਹਿਯੋਗੀ
ਸ. ਮਨਮੰਦਰ ਸਿੰਘ ਸੇਖੋਂ

ਸੋਧਕ
ਡਾ. ਤਾਰਿਕ ਕਿਫ਼ਾਇਤੁੱਲ੍ਹਾ

ISBN : 978-81-302-0308-9

2015
ਕਾਪੀਆਂ : 550
ਕੀਮਤ : 700.00

ਕੰਪੋਜ਼ੀਟਰ : ਮੱਕਾ ਪ੍ਰਿੰਟਰਜ਼ ਐਂਡ ਪਬਲਿਸ਼ਰਜ਼, ਮਾਲੇਰਕੋਟਲਾ

ਡਾ. ਦੇਵਿੰਦਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ
ਮੈ/ਸ. ਪਰਲ ਬੁਕਸ ਪ੍ਰਾਇਵੇਟ ਲਿਮ:, ਪਟਿਆਲਾ ਵਿਖੇ ਛਪੀ।

CamScanner

ਵਿਭਾਗੀ ਸ਼ਬਦ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬੀ ਭਾਸ਼ਾ ਦੇ ਸਰਵ-ਪੱਖੀ ਵਿਕਾਸ ਲਈ ਵਚਨਬੱਧ ਹੈ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਇਸ ਮੰਤਵ ਦੀ ਪੂਰਤੀ ਹਿਤ ਬਹੁਤ ਸਾਰੀਆਂ ਅੰਗ੍ਰੇਜ਼ੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਦੀਆਂ ਪੁਸਤਕਾਂ ਦੇ ਅਨੁਵਾਦ ਕਰਵਾਏ ਗਏ ਹਨ ਅਤੇ ਬਹੁਤ ਸਾਰੀਆਂ ਮੌਲਿਕ ਰਚਨਾਵਾਂ ਲਿਖਾਈਆਂ ਗਈਆਂ ਹਨ। ਭਾਰਤ ਉੱਤੇ ਤੁਰਕਾਂ ਦੇ ਰਾਜ ਸਮੇਂ ਭਾਰਤ ਵਿੱਚ ਅਤੇ ਖ਼ਾਸ ਕਰਕੇ ਪੰਜਾਬ ਵਿੱਚ ਫ਼ਾਰਸੀ ਦਾ ਬੋਲਬਾਲਾ ਸੀ ਅਤੇ ਉਰਦੂ ਭਾਸ਼ਾ ਮੁੱਖ ਰੂਪ ਵਿਚ ਸਿੱਖਿਆ ਦਾ ਮਾਧਿਅਮ ਸੀ। ਉਸ ਸਮੇਂ ਤੋਂ ਜ਼ਮੀਨ ਨਾਲ ਸੰਬੰਧਿਤ ਸਰਕਾਰੀ ਰਿਕਾਰਡ ਵਿਚ ਆਮ ਵਰਤੀਂਦੇ ਸ਼ਬਦ ਬੈ, ਰਹਨ, ਇੰਤਕਾਲ, ਫ਼ਰਦ, ਨਕਲ ਆਦਿ ਫ਼ਾਰਸੀ ਵਿੱਚੋਂ ਆਏ ਹਨ, ਜੋ ਪੰਜਾਬੀ ਭਾਸ਼ਾ ਦਾ ਰੂਪ ਹੀ ਬਣ ਚੁੱਕੇ ਹਨ। ਇਸੇ ਤਰ੍ਹਾਂ ਕਚਹਿਰੀਆਂ ਵਿਚ ਵਰਤੇ ਜਾਂਦੇ ਆਮ ਸ਼ਬਦ ਮੁਕਦਮਾ, ਪੇਸ਼ੀ, ਸਾਇਲ, ਗਵਾਹ ਆਦਿ ਸ਼ਬਦ ਉਰਦੂ ਦੇ ਹਨ ਜਿਨ੍ਹਾਂ ਨੂੰ ਸਾਰੇ ਪੰਜਾਬੀ ਬੋਲਦੇ ਤੇ ਸਮਝਦੇ ਹਨ। ਪੰਜਾਬ ਦੇ ਸੱਭਿਆਚਾਰ ਦਾ ਇਤਿਹਾਸ ਸਮਝਣ ਲਈ ਉਰਦੂ ਭਾਸ਼ਾ ਦੀ ਜਾਣਕਾਰੀ ਵੀ ਜ਼ਰੂਰੀ ਹੈ।

ਹਥਲੇ ਕੋਸ਼ ਵਿਚ ਉਰਦੂ ਸ਼ਬਦਾਂ ਨੂੰ ਇਕੱਤਰ ਕਰਕੇ ਉਨ੍ਹਾਂ ਦੇ ਪੰਜਾਬੀ ਵਿਚ ਅਰਥ ਦਿੱਤੇ ਗਏ ਹਨ। ਇਸ ਤਰ੍ਹਾਂ ਕਰਨ ਨਾਲ ਉਰਦੂ ਅਤੇ ਪੰਜਾਬੀ ਭਾਸ਼ਾ ਦੀ ਆਪਸੀ ਸਾਂਝ ਪੱਕੀ ਹੁੰਦੀ ਹੈ। ਇਸ ਕੋਸ਼ ਦਾ ਸੰਕਲਨ ਡਾ. ਰਜਿੰਦਰ ਸਿੰਘ ਲਾਂਬਾ ਨੇ ਕੀਤਾ ਹੈ। ਇਲੈਕਟਰਾਨਿਕ ਮੀਡੀਆ, ਅਖ਼ਬਾਰਾਂ, ਪੁਸਤਕਾਂ ਆਦਿ ਵਿਚ ਆਮ ਵਰਤੀਂਦੇ ਉਰਦੂ ਸ਼ਬਦਾਂ ਨੂੰ ਉਨ੍ਹਾਂ ਨੇ ਇਸ ਕੋਸ਼ ਦੇ ਮੁੱਖ ਇੰਦਰਾਜਾਂ ਵਜੋਂ ਲਿਆ ਹੈ। ਉਰਦੂ ਤੋਂ ਪੰਜਾਬੀ ਵਿਚ ਛਪਣ ਵਾਲਾ ਇਹ ਪਹਿਲਾ ਕੋਸ਼ ਹੈ। ਸਾਨੂੰ ਮਾਣ ਹੈ ਕਿ ਇਸ ਕਾਰਜ ਵਿਚ ਪਹਿਲ ਕਰਕੇ ਅਸੀਂ ਪੰਜਾਬੀ ਭਾਸ਼ਾ ਨੂੰ ਅਮੀਰ ਬਣਾਇਆ ਹੈ।

ਯਤਨ ਕੀਤਾ ਗਿਆ ਹੈ ਕਿ ਇਸ ਕੋਸ਼ ਵਿਚ ਆਮ ਵਰਤੀਂਦੇ ਉਰਦੂ ਬੋਲੀ ਦੇ ਸਾਰੇ ਸ਼ਬਦ ਆ ਜਾਣ ਅਤੇ ਛਪਾਈ ਵੱਲੋਂ ਵੀ ਦਰੁਸਤੀ ਰਹੇ। ਇਸ ਕੋਸ਼ ਦਾ ਆਮ ਪਾਠਕਾਂ ਨੂੰ ਬਹੁਤ ਲਾਭ ਹੋਵੇਗਾ। ਇਸ ਵਿਚ ਰਹਿ ਗਈ ਕਿਸੇ ਤਰੁੱਟੀ ਬਾਰੇ ਸਾਨੂੰ ਜਾਣ ਕਾਰੀ ਦਿੱਤੀ ਜਾਵੇ ਤਾਂ ਜੋ ਅਗਲੇ ਸੰਸਰਕਣ ਵਿਚ ਇਸ ਨੂੰ ਦੂਰ ਕੀਤਾ ਜਾ ਸਕੇ।

ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜਸਬੀਰ ਕੌਰ (ਡਾ.)
ਪ੍ਰੋਫ਼ੈਸਰ ਅਤੇ ਮੁਖੀ

CamScanner

ਭੂਮਿਕਾ

ਸੰਨ 1947 ਵਿਚ ਹੋਈ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਵਿਚ ਅਧਿਕਤਰ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਉਰਦੂ ਬੋਲੀ ਸੀ ਅਤੇ ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿਚ ਪੜ੍ਹਾਉਣ ਦਾ ਰਿਵਾਜ ਹੀ ਨਹੀਂ ਸੀ। ਉਸ ਸਮੇਂ ਗਿਆਨ ਵਿਗਿਆਨ ਦੀਆਂ ਪੁਸਤਕਾਂ ਵੀ ਜ਼ਿਆਦਾਤਰ ਉਰਦੂ ਜਾਂ ਅੰਗ੍ਰੇਜ਼ੀ ਵਿਚ ਹੀ ਉਪਲੱਬਧ ਸਨ। ਦੇਸ਼ ਦੀ ਆਜ਼ਾਦੀ ਪਿੱਛੋਂ ਭਾਰਤੀ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਨ-ਪੜ੍ਹਾਉਣ ਦਾ ਸਿਲਸਿਲਾ ਸ਼ੁਰੂ ਹੋਇਆ। ਕੁਝ ਸਾਲਾਂ ਪਿੱਛੋਂ ਪੰਜਾਬੀ ਨੂੰ ਸਕੂਲ ਪੱਧਰ ਤੇ ਵਿੱਦਿਆ ਦਾ ਮਾਧਿਅਮ ਬਣਾ ਦਿਤਾ ਗਿਆ। ਲੰਮੇ ਸਮੇਂ ਤੋਂ ਚੱਲੀ ਆ ਰਹੀ ਉਰਦੂ ਦੀ ਪੜ੍ਹਾਈ ਦਾ ਅਸਰ ਪੰਜਾਬੀ ਉੱਤੇ ਪੈਣਾ ਲਾਜ਼ਮੀ ਸੀ। ਪੰਜਾਬੀ ਭਾਸ਼ਾ ਨੇ ਸੁਭਾਵਕ ਤੌਰ 'ਤੇ ਉਰਦੂ ਬੋਲੀ ਤੋਂ ਕਾਫ਼ੀ ਸਾਰੇ ਸ਼ਬਦ ਤਤਸਮ ਅਤੇ ਤਦਭਵ ਰੂਪ ਵਿਚ ਗ੍ਰਹਿਣ ਕਰ ਲਏ।

ਮੱਧ-ਕਾਲੀਨ ਯੁੱਗ ਵਿਚ ਰਚੇ ਗਏ ਪੰਜਾਬੀ ਸਾਹਿਤ ਖ਼ਾਸ ਕਰ ਮੁਸਲਮਾਨ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਉਰਦੂ, ਫ਼ਾਰਸੀ, ਅਰਬੀ ਆਦਿ ਦੇ ਸ਼ਬਦ ਕਾਫ਼ੀ ਮਾਤਰਾ ਵਿਚ ਆਏ ਹੋਏ ਹਨ। ਅਜਿਹੇ ਸ਼ਬਦਾਂ ਦੇ ਅਰਥਾਂ ਬਾਰੇ ਠੀਕ ਜਾਣਕਾਰੀ ਪ੍ਰਾਪਤ ਕਰਨ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਫ਼ਾਰਸੀ-ਪੰਜਾਬੀ ਕੋਸ਼' ਅਤੇ 'ਪੰਜਾਬੀ-ਫ਼ਾਰਸੀ ਕੋਸ਼' ਪ੍ਰਕਾਸ਼ਿਤ ਕੀਤੇ ਜਾਣ ਤੋਂ ਬਾਅਦ 'ਉਰਦੂ-ਪੰਜਾਬੀ ਕੋਸ਼' ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾ ਰਹੇ ਸਰਵਪੱਖੀ ਉਪਰਾਲਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪ੍ਰੋ. ਗੁਲਵੰਤ ਸਿੰਘ ਹੋਰਾਂ ਦੀ ਅਗਵਾਈ ਵਿਚ 'ਉਰਦੂ-ਪੰਜਾਬੀ ਕੋਸ਼' ਤਿਆਰ ਕਰਨ ਦਾ ਕੰਮ ਯੂਨੀਵਰਸਿਟੀ ਵੱਲੋਂ ਮੈਨੂੰ 1997 ਵਿਚ ਸੇਵਾ ਮੁਕਤ ਹੋਣ 'ਤੇ ਪੁਨਰ-ਨਿਯੁਕਤੀ ਦੌਰਾਨ ਸੌਂਪਿਆ ਗਿਆ। ਮੈਂ ਇਸ ਕੋਸ਼ ਦੇ ਇੰਦਰਾਜ ਤਿਆਰ ਕਰਕੇ ਨਾਲੋ-ਨਾਲ ਪ੍ਰੋਫ਼ੈਸਰ ਗੁਲਵੰਤ ਸਿੰਘ ਦੀ ਨਜ਼ਰਸਾਨੀ ਲਈ ਪੇਸ਼ ਕਰਦਾ ਰਿਹਾ ਅਤੇ ਸਮੇਂ-ਸਮੇਂ ਕੋਸ਼ ਦੇ ਸੰਕਲਨ ਲਈ ਉਹਨਾਂ ਤੋਂ ਸੇਧ ਵੀ ਲੈਂਦਾ ਰਿਹਾ। ਇਸ ਸਾਰੇ ਕੋਸ਼ ਦੀ ਪ੍ਰੋਫ਼ੈਸਰ ਗੁਲਵੰਤ ਸਿੰਘ ਨੇ ਨਜ਼ਰਸਾਨੀ ਕੀਤੀ ਅਤੇ ਕੋਸ਼ ਛਪਾਈ ਲਈ ਭੇਜਣ ਲਈ ਸਵੀਕਾਰਤਾ ਦਿੱਤੀ।

ਹਥਲੇ ਕੋਸ਼ ਵਿਚ ਉਰਦੂ ਬੋਲੀ ਦੇ ਸ਼ਬਦਾਂ ਦੇ ਇੰਦਰਾਜ ਤਿਆਰ ਕਰਨ ਲਈ ਸ਼ਬਦਾਂ ਦੀ ਚੋਣ ਕਰਨਾ ਇਕ ਅਹਿਮ ਕੰਮ ਸੀ। ਸ਼ਬਦਾਂ ਦੀ ਚੋਣ ਕਰਨ ਸਮੇਂ ਪ੍ਰੋ: ਗੁਲਵੰਤ ਸਿੰਘ ਦੀਆਂ ਹਦਾਇਤਾਂ ਅਨੁਸਾਰ ਮੈਂ ਹੇਠ ਦਰਸਾਈਆਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਹੈ:

(ੳ) ਇੰਦਰਾਜਾਂ ਦੇ ਮੁੱਖ ਸ਼ਬਦ ਅਜਿਹੇ ਲਏ ਜਾਣ ਜੋ ਆਮ ਲੋਕ ਬੋਲਦੇ ਅਤੇ ਲਿਖਦੇ

CamScanner

ਹਨ ਅਤੇ ਉਹਨਾਂ ਦੇ ਅਰਥਾਂ ਨੂੰ ਸਮਝਦੇ ਹਨ।

(ਅ) ਅਰਬੀ ਫ਼ਾਰਸੀ ਦੇ ਉਰਦੂ ਬੋਲੀ ਵਿਚ ਆਏ ਅਜਿਹੇ ਸ਼ਬਦ ਜਿਨ੍ਹਾਂ ਦਾ ਪ੍ਰਯੋਗ ਅਦਾਲਤਾਂ ਵਿਚ ਜਾਂ ਸਰਕਾਰੀ ਮਾਲ ਗੁਜ਼ਾਰੀ ਦੇ ਰਿਕਾਰਡ ਵਿਚ ਆਮ ਹੁੰਦਾ ਹੈ, ਨੂੰ ਵੀ ਹਥਲੇ ਕੋਸ਼ ਵਿਚ ਮੁੱਖ ਸ਼ਬਦਾਂ ਵਜੋਂ ਲਿਆ ਹੈ।

(ਏ) ਰੇਡੀਓ, ਟੀ.ਵੀ. ਵਗੈਰਾ ਉਤੇ ਪ੍ਰਸਾਰਿਤ ਕੀਤੇ ਜਾ ਰਹੇ ਉਰਦੂ ਬੋਲੀ ਰਾਹੀਂ ਪ੍ਰੋਗਰਾਮਾਂ ਵਿਚ ਵਰਤੋਂ ਹੁੰਦੀ ਸ਼ਬਦਾਵਲੀ ਨੂੰ ਵੀ ਲਿਆ ਗਿਆ ਹੈ।

(ਸ) ਉਰਦੂ ਰਚਨਾਵਾਂ ਵਿਚ ਵਰਤੀ ਗਈ ਸ਼ਬਦਾਵਲੀ ਵਿਚੋਂ ਵੀ ਸ਼ਬਦ ਲਏ ਹਨ। ਉਰਦੂ ਵਿਚ ਰਚ-ਮਿਚ ਗਈ ਅੰਗਰੇਜ਼ੀ, ਹਿੰਦੀ, ਪੰਜਾਬੀ ਦੀ ਸ਼ਬਦਾਵਲੀ ਵੀ ਇਸ ਕੋਸ਼ ਵਿਚ ਦਰਜ ਕੀਤੀ ਗਈ ਹੈ।

ਇਸ ਤੋਂ ਇਲਾਵਾ ਫ਼ੀਰੋਜ਼-ਉਲ-ਲੁਗ਼ਾਤ, ਮੁਖ਼ਤਸਰ-ਉਰਦੂ-ਲੁਗ਼ਾਤ, ਉਰਦੂ-ਹਿੰਦੀ-ਪੰਜਾਬੀ ਕੋਸ਼ (ਭਾਸ਼ਾ ਵਿਭਾਗ) ਆਦਿ ਦੀ ਸਹਾਇਤਾ ਵੀ ਲਈ ਗਈ ਹੈ। ਸ਼ਬਦਾਂ ਦਾ ਸਹੀ ਉਚਾਰਨ, ਵਿਆਕਰਨਿਕ ਜਾਣਕਾਰੀ ਜਾਂ ਅਰਥਾਂ ਦੇ ਸੰਦੇਹ ਦੂਰ ਕਰਨ ਲਈ ਫੀਰੋਜ਼-ਉਲ-ਲੁਗ਼ਾਤ ਨੂੰ ਆਧਾਰ ਬਣਾਇਆ ਗਿਆ ਹੈ।

ਇਸ ਕੋਸ਼ ਨੂੰ ਤਿਆਰ ਕਰਨ ਲਈ ਜਿਥੇ ਪ੍ਰੋ. ਗੁਲਵੰਤ ਸਿੰਘ, ਡਾ. ਸ. ਸ. ਜੋਸ਼ੀ ਜੇਹੇ ਵਿਦਵਾਨਾਂ ਨੇ ਮੈਨੂੰ ਇੰਦਰਾਜ ਤਿਆਰ ਕਰਨ ਵਿਚ, ਉਚਾਰਨ, ਵਿਆਕਰਨਿਕ ਜਾਣਕਾਰੀ ਲਈ ਮਦਦ ਦਿੱਤੀ, ਉਥੇ ਸ੍. ਮਨਮੰਦਰ ਸਿੰਘ ਸੇਖੋਂ ਹੋਰਾਂ ਮੇਰੀ ਬਹੁਤ ਹੀ ਸਹਾਇਤਾ ਕੀਤੀ ਹੈ। ਪ੍ਰੋ: ਗੁਲਵੰਤ ਸਿੰਘ ਦੇ 7 ਦਸੰਬਰ 2000 ਨੂੰ ਅਚਾਨਕ ਅਕਾਲ ਚਲਾਣਾ ਕਰ ਜਾਣ 'ਤੇ ਇਸ ਕੋਸ਼ ਦਾ ਕੰਮ ਇਕ ਤਰ੍ਹਾਂ ਰੁਕ ਹੀ ਗਿਆ ਸੀ ਤੇ ਇੰਜ ਲਗਦਾ ਸੀ ਕਿ ਹੁਣ ਇਸ ਕੋਸ਼ ਦੀ ਤਿਆਰੀ ਨੇਪਰੇ ਨਹੀਂ ਚੜ੍ਹ ਸਕੇਗੀ। ਇਸ ਔਕੜ ਦੀ ਘੜੀ ਸ੍. ਮਨਮੰਦਰ ਸਿੰਘ ਸੇਖੋਂ ਨੇ, ਜੋ ਪ੍ਰੋ: ਗੁਲਵੰਤ ਸਿੰਘ ਦੇ ਵਿਦਿਆਰਥੀ ਰਹੇ ਹਨ ਅਤੇ ਜਿਨ੍ਹਾਂ ਨੂੰ ਕੋਸ਼ਕਾਰੀ ਦੇ ਕਾਰਜ ਵਿਚ ਕਾਫ਼ੀ ਹੱਦ ਤੱਕ ਨਿਪੁੰਨਤਾ ਹਾਸਲ ਹੈ, ਮੇਰੀ ਸਹਾਇਤਾ ਕੀਤੀ। ਇਸ ਕੋਸ਼ ਨੂੰ ਤਿਆਰ ਕਰਨ ਵਿਚ ਜਿਥੇ ਪ੍ਰੋ. ਗੁਲਵੰਤ ਸਿੰਘ ਨੇ ਮੇਰੀ ਅਗਵਾਈ ਕੀਤੀ, ਉਥੇ ਇਸ ਦੇ ਖਰੜੇ ਦੀ ਸੋਧ-ਸੁਧਾਈ ਅਤੇ ਪ੍ਰੈਸ-ਕਾਪੀ ਤਿਆਰ ਕਰਨ ਵਿਚ ਸ. ਮਨਮੰਦਰ ਸਿੰਘ ਸੇਖੋਂ ਨੇ ਬਿਨਾਂ ਕਿਸੇ ਇਵਜ਼ਾਨੇ ਦੇ ਮੇਰੀ ਸਹਾਇਤਾ ਕੀਤੀ। ਜਿਥੇ ਪ੍ਰੋ: ਗੁਲਵੰਤ ਸਿੰਘ ਹੋਰਾਂ ਅੱਗੇ ਮੇਰਾ ਮਸਤਕ ਝੁਕ ਜਾਂਦਾ ਹੈ, ਉਥੇ ਮੈਂ ਸ੍. ਮਨਮੰਦਰ ਸਿੰਘ ਸੇਖੋਂ, ਜੋ ਮੇਰੇ ਇਕ ਗੂੜ੍ਹੇ ਮਿੱਤਰ ਵੀ ਹਨ, ਦਾ ਧੰਨਵਾਦੀ ਹਾਂ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਹਥਲਾ 'ਉਰਦੂ-ਪੰਜਾਬੀ ਕੋਸ਼' ਪਹਿਲੀ ਵਾਰ ਤਿਆਰ ਕੀਤਾ ਗਿਆ। ਇਸ ਵਿਚ ਕੁਝ ਤਰੁੱਟੀਆਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ ਜਿਨ੍ਹਾਂ ਨੂੰ ਇਸ ਦੀ ਅਗਲੀ ਐਡੀਸ਼ਨ ਵਿਚ ਸੋਧ ਲਿਆ ਜਾਵੇਗਾ ਅਤੇ ਹੋਰ ਸ਼ਬਦਾਂ ਦਾ ਵਾਧਾ ਵੀ ਕੀਤਾ ਜਾ ਸਕੇਗਾ।

ਡਾ. ਰਾਜਿੰਦਰ ਸਿੰਘ ਲਾਂਬਾ

ਕੋਸ਼ ਦੀ ਬਣਤਰ ਅਤੇ ਵਿਓਂਤਬੰਦੀ

ਕੋਸ਼ ਤਿਆਰ ਕਰਨ ਸਮੇਂ ਹਰ ਇੰਦਰਾਜ ਦੇ ਮੁੱਖ ਸ਼ਬਦਾਂ ਦੇ ਅਰਥਾਂ ਦਾ ਗਿਆਨ ਅਤੇ ਸਹੀ ਉਚਾਰਨ ਦੀ ਜਾਣਕਾਰੀ ਬਾਰੇ ਗਿਆਨ ਦੇਣ ਦੇ ਨਾਲ ਨਾਲ ਕੋਸ਼ਕਾਰੀ ਦੇ ਇੰਦਰਾਜ ਤਿਆਰ ਕਰਨ ਸਮੇਂ ਖਾਸ ਤਕਨੀਕ ਅਪਣਾਉਣ ਦੀ ਵੀ ਲੋੜ ਪੈਂਦੀ ਹੈ। ਹਥਲੇ ਕੋਸ਼ ਵਿਚ ਅਪਣਾਈ ਗਈ ਵਿਧੀ ਇਸ ਪ੍ਰਕਾਰ ਹੈ:

(ੳ) ਹਰ ਇਕ ਇੰਦਰਾਜ ਦੇ ਅਰੰਭ ਵਿਚ ਉਰਦੂ ਸ਼ਬਦ ਦਿੱਤਾ ਗਿਆ ਹੈ ਜਿਸ ਬਾਰੇ ਅੱਗੇ ਜਾਣਕਾਰੀ ਦਿੱਤੀ ਗਈ ਹੈ। ਇਸ ਸ਼ਬਦ ਨੂੰ ਇੰਦਰਾਜ ਦਾ ਮੁੱਖ ਸ਼ਬਦ ਕਿਹਾ ਜਾ ਸਕਦਾ ਹੈ। ਇਹ ਸ਼ਬਦ ਫ਼ਾਰਸੀ ਲਿਪੀ ਵਿਚ ਹੀ ਦਿੱਤਾ ਗਿਆ ਹੈ।

(ਅ) ਇੰਦਰਾਜ ਦੇ ਮੁੱਖ ਸ਼ਬਦ ਤੋਂ ਅੱਗੇ ਇਸ ਦਾ ਉਚਾਰਨ ਗੁਰਮੁਖੀ ਅੱਖਰਾਂ ਵਿਚ ਬ੍ਰੈਕਟ ਵਿਚ ਦਿੱਤਾ ਗਿਆ ਅਤੇ ਇਸ ਦੇ ਨਾਲ ਹੀ ਅੱਗੇ ਉਚਾਰਨ ਨੂੰ ਅੰਤਰ-ਰਾਸ਼ਟਰੀ ਲਿਪੀ ਦੇ ਚਿੰਨ੍ਹ ਰਾਹੀਂ ਵੀ ਦਿੱਤਾ ਗਿਆ ਹੈ। ਉਰਦੂ ਧੁਨੀਆਂ ਦੇ ਉਚਾਰਨ ਨੂੰ ਜਿਹੜੇ ਚਿਨ੍ਹ ਗੁਰਮੁਖੀ ਲਿਪੀ ਜਾਂ ਅੰਤਰਰਾਸ਼ਟਰੀ ਧੁਨੀ ਲਿਪੀ ਵਿਚੋਂ ਵਰਤੇ ਗਏ ਉਹਨਾਂ ਦਾ ਵਰਣਨ ਅੱਗੇ ਧੁਨੀ ਚਿੰਨ੍ਹ ਚਾਰਟ ਬਣਾ ਕੇ ਦਿੱਤਾ ਗਿਆ ਹੈ।

(ੲ) ਇੰਦਰਾਜ ਦੇ ਤੀਜੇ ਭਾਗ ਵਿਚ ਮੁੱਖ ਸ਼ਬਦ ਦੇ ਵਿਆਕਰਨਿਕ ਰੂਪ ਬਾਰੇ ਜਾਣਕਾਰੀ ਸੰਖੇਪ ਚਿੰਨ੍ਹਾਂ ਰਾਹੀਂ ਦਿਤੀ ਗਈ ਹੈ। ਇਹਨਾਂ ਸੰਖੇਪ ਚਿਨ੍ਹਾਂ ਬਾਰੇ ਜਾਣਕਾਰੀ ਅਗਲੇ ਪੰਨਿਆਂ ਉੱਤੇ ਦਿੱਤੀ ਗਈ ਹੈ।

(ਸ) ਮੁੱਖ ਸ਼ਬਦਾਂ ਦੇ ਅਰਥਾਂ ਨੂੰ ਇੰਦਰਾਜ ਦੇ ਅੰਤਲੇ ਭਾਗ ਵਿਚ ਦਿੱਤਾ ਗਿਆ ਹੈ। ਅਰਥਾਂ ਦੀ ਤਰਤੀਬ, ਅਰਥਾਂ ਦੀ ਵਰਤੋਂ ਦੀ ਮਾਤਰਾ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਹੈ, ਭਾਵ ਇਹ ਕਿ ਜਿਹੜੇ ਅਰਥਾਂ ਵਿਚ ਸ਼ਬਦ ਵਧੇਰੇ ਵਰਤਿਆ ਜਾਂਦਾ ਉਹਨਾਂ ਅਰਥਾਂ ਨੂੰ ਪਹਿਲਾਂ ਅਤੇ ਘੱਟ ਵਰਤੋਂ ਵਿਚ ਆਉਣ ਵਾਲੇ ਅਰਥਾਂ ਨੂੰ ਬਾਅਦ ਵਿਚ ਰੱਖਿਆ ਗਿਆ ਹੈ।

ਇੰਦਰਾਜ ਦੀ ਵੰਨਗੀ ਇਸ ਤਰ੍ਹਾਂ ਹੈ:

داستان [ਦਾਸਤਾਨ : dastan] ਇ: ਕਿੱਸਾ,
ਕਹਾਣੀ, ਹਿਕਾਇਤ; ਇਤਿਹਾਸ; ਸ਼ੁਹਰਤ;
ਪ੍ਰਸਿੱਧੀ; ਮਿਸਲ

ਹੱਥਲੇ ਕੋਸ਼ ਵਿਚ ਇਕ ਮੁੱਖ ਸ਼ਬਦ ਤੋਂ ਬਣਨ ਵਾਲੇ ਹੋਰ ਸਾਧਿਤ ਰੂਪੀ ਸ਼ਬਦਾਂ ਦੇ ਇੰਦਰਾਜ, ਸਹਿ-ਇੰਦਰਾਜ (sub-entry) ਵਜੋਂ ਨਹੀਂ ਦਿਤੇ ਗਏ। ਹਰ ਇਕ ਇੰਦਰਾਜ ਸੁਤੰਤਰ ਰੂਪ ਵਿਚ ਹੀ ਰੱਖਿਆ ਗਿਆ ਹੈ।

CamScanner

ਉਰਦੂ ਬੋਲੀ ਵਿਚ ਵਰਤੇ ਜਾਂਦੇ ਆਮ ਵਰਤੋਂ ਵਾਲੇ ਮੁਹਾਵਰੇ ਅਖੌਤਾਂ ਸਾਧਾਰਨ ਵਿਅਕਤੀ ਬੋਲਦੇ/ਸਮਝਦੇ ਹੋਣ।

II ਤਰਤੀਬ: ਇੰਦਰਾਜਾਂ ਨੂੰ ਤਰਤੀਬ ਦੇਣ ਲਈ ਅਗੇ ਦਿੱਤੀ ਉਚਾਰਨ ਚਿਨ੍ਹ ਤਾਲਿਕਾ ਵਿਚ ਦਿਤੀਆਂ ਧੁਨੀਆਂ ਦੀ ਤਰਤੀਬ ਨੂੰ ਮੁੱਖ ਰੱਖਿਆ ਗਿਆ ਹੈ।

III ਉਚਾਰਨ ਤਾਲਿਕਾ: ਹਰ ਇਕ ਇੰਦਰਾਜ ਵਿਚ ਦਿੱਤੇ ਗਏ ਮੁੱਖ ਸ਼ਬਦ ਦੇ ਸਹੀ ਉਚਾਰਨ ਨੂੰ ਪ੍ਰਗਟਾਉਣ ਲਈ ਉਰਦੂ ਧੁਨੀਆਂ (ਫ਼ਾਰਸੀ ਲਿਪੀ ਵਿਚ) ਦਾ ਸਮਾਨੰਤਰ ਰੂਪ ਗੁਰਮੁਖੀ ਲਿਪੀ ਅਤੇ ਅੰਤਰ ਰਾਸ਼ਟਰੀ ਲਿਪੀ ਦੇ ਜਿਨ੍ਹਾਂ ਚਿਨ੍ਹਾਂ ਰਾਹੀਂ ਪ੍ਰਗਟਾਇਆ ਗਿਆ ਹੈ ਉਸ ਦੀ ਸਾਰਨੀ ਹੇਠ ਲਿਖੇ ਅਨੁਸਾਰ ਹੈ।

ਫ਼ਾਰਸੀ ਧੁਨੀ	ਗੁਰਮੁਖੀ	IPA
ا	ਅ/ਆ/ਾ	a/ə
ب	ਬ	b
پ	ਪ	p
ت	ਤ	t
ٹ	ਟ	ṭ
ث	ਸ	s
ج	ਜ	j
چ	ਚ	c
ح	ਹ੍	ḥ
خ	ਖ਼	x
د	ਦ	d
ڈ	ਡ	ḍ
ذ	ਜ਼	z
ر	ਰ	r
ڑ	ੜ	ṛ
ز	ਜ਼	z
ژ	ਜ਼	z
س	ਸ	s

ش	ਸ਼	ş
ص	ਸ	s
ض	ਜ਼	z
ط	ਤ਼	t
ظ	ਜ਼	z
ع	ਅ਼	ɪ
غ	ਗ਼	g
ف	ਫ਼	f
ق	ਕ਼	q
ک	ਕ	k
گ	ਗ਼	g
ل	ਲ	l
م	ਮ	m
ن	ਨ/ ◌ੰ/ ◌ਂ	n/
و	ਵ/ ◌ੁ	w
ہ	ਹ/ਾ	h/a
ی/ے	ਯ/ ◌ੀ/ ◌ੇ	y/wovel

ਉਰਦੂ ਵਿਚ ਵਰਤੀਆਂ ਜਾਂਦੀਆਂ ਅਲਾਮਤਾਂ ਜ਼ਬਰ, ਜ਼ੇਰ, ਪੇਸ਼, ਯੇ ਵਗ਼ੈਰਾ ਦਾ ਉਚਾਰਨ ਗੁਰਮੁਖੀ ਦੀਆਂ ਦਸ ਮਾਤਰਾਂ ਦੀ ਸਮਾਨਤਾ ਵਿਚ ਸਮਾਨ ਉਚਾਰ ਦੀ ਤਾਲਿਕਾ ਇਸ ਪ੍ਰਕਾਰ ਹੈ।

Urdu	Gurmukhi	IPA
ا	ਅ	ə
آ	ਾ	a
زیر	f	ɪ
◌ُ/ ◌ٗ	f	i
◌ُ	-	ʊ

ੁ	◌	u
ੇ	◌	e
ੈ	◌	ɛ
ੋ	◌	o
ੌ	◌	ɔ

IV ਸੰਖੇਪ ਚਿੰਨ੍ਹ ਸੂਚੀ

ਇੰਦਰਾਜਾਂ ਦੇ ਮੁੱਖ ਸ਼ਬਦਾਂ ਦਾ ਵਿਆਕਰਨਕ ਰੂਪ ਦੇਣ ਲਈ ਸੰਖੇਪ ਚਿਨ੍ਹਾਂ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਦੀ ਸੂਚੀ ਇਸ ਪ੍ਰਕਾਰ ਹੈ।

ਪੁ - ਨਾਂਵ ਪੁਲਿੰਗ

ਇ - ਨਾਂਵ ਇਸਤਰੀ ਲਿੰਗ

ਪੜ - ਪੜਨਾਮ

ਵਿ - ਵਿਸ਼ੇਸ਼ਣ

ਕਿ - ਕਿਰਿਆ

ਕਿਵਿ - ਕਿਰਿਆ ਵਿਸ਼ੇਸ਼ਣ

ਸੰਬੰ - ਸੰਬੰਧਕ

ਯੋਜ - ਯੋਜਕ

ਵਿਸ - ਵਿਸਮਕ

ا ਅਲਿਫ਼

ا(اِلف) [ਅਲਿਫ਼ : əlif] ਪੁ: ਉਰਦੂ ਫ਼ਾਰਸੀ ਅਤੇ ਅਰਬੀ ਲਿਪੀ ਦਾ ਪਹਿਲਾ ਅੱਖਰ

آب [ਆਬ : ab] ਪੁ: ਪਾਣੀ, ਰਸ, ਨੀਰ, ਮੁੜ੍ਹਕਾ, ਪਸੀਨਾ, ਪੰਘਰ; ਦਾਰੂ, ਸ਼ਰਾਬ; ਝਾਲ, ਪਾਣ, ਕਿਸੇ ਤਿੱਖੇ ਹਥਿਆਰ ਦੀ ਧਾਰ, ਲਿਸ਼ਕਾਰ, ਕਾਟ, ਤੇਜ਼ੀ, ਤਿੱਖਾਪਣ; ਸਮ੍ਰਤੀ; ਟਹਿਕ, ਤੱਰਾਵਤ (ਫੁੱਲਾਂ ਦੀ ਆਬ); ਚਮਕ, ਲਿਸ਼ਕ, ਝਲ੍ਹਕ (ਮੋਤੀ, ਰੇਸ਼ਮ ਦੀ ਆਬ); ਰੌਣਕ, ਰੂਪ, ਸੁਹੱਪਣ (ਚਿਹਰੇ ਆਦਿ ਦਾ ਨੂਰ), ਆਣ-ਬਾਣ, ਆਬਰੂ, ਇੱਜ਼ਤ, ਸ਼ਾਨ, ਸੋਭਾ; ਹਯਾ, ਸੰਗ, ਸ਼ਰਮ, ਲੱਜਾ

آباد [ਆਬਾਦ : abad] ਵਿ: ਆਬਾਦ, ਵਸਦਾ-ਰਸਦਾ, ਚਹਿਲ-ਪਹਿਲ ਵਾਲ਼ਾ, ਨਵਾਂ ਨਰੋਆ, ਹਰਿਆ-ਭਰਿਆ, ਭਰਿਆ ਹੋਇਆ (ਜਿਵੇਂ ਖ਼ਜ਼ਾਨਾ); ਖੁੱਲ੍ਹਾ ਮੈਦਾਨ; ਚਹਿਲ ਪਹਿਲ ਤੇ ਰੌਣਕ ਦੀ ਥਾਂ; ਰੌਣਕ ਵਾਲ਼ਾ (ਪਿੰਡ, ਗਰਾਂ); ਵਸੇਬੇ ਵਾਲ਼ੀ (ਨੂੰਹ ਧੀ); ਆਫ਼ਰੀਨ (ਇਕ ਅਸੀਸ), ਸ਼ਾਬਾਸ਼; ਨੇਕ, ਖ਼ੁਸ਼, ਪਸੰਦ ਕੀਤਾ ਜਾਂਦਾ; ਪੂਰਾ ਪੂਰਾ

آبادکار [ਆਬਾਦਕਾਰ : abadəkar] ਵਿ: ਆਬਾਦ ਕਰਨ ਵਾਲ਼ੇ, ਵਸਾਉਣ ਵਾਲ਼ੇ, ਜੰਗਲ ਬੇਲੇ ਸਾਫ਼ ਕਰਕੇ ਵਾਹੀ ਕਰਨ ਜਾਂ ਬਸਤੀ ਵਸਾਉਣ ਲਈ ਭੋਂ ਨੂੰ ਸਵਾਰਨ ਵਾਲ਼ੇ; ਬੂਟੇ ਮਾਰ

آبادکاری [ਆਬਾਦਕਾਰੀ : abadəkari] ਇ: ਆਬਾਦ ਕਰਨ ਦਾ ਕਾਰਜ, (ਨਿਘਰਿਆਂ ਤੇ ਨਿਥਾਵਿਆਂ ਨੂੰ) ਨਵੀਂ ਥਾਈਂ ਵਸਾਉਣ ਦਾ ਕਾਰਜ

آبادی [ਆਬਾਦੀ : abadi] ਇ: ਆਬਾਦੀ, ਬਸਤੀ, ਪਿੰਡ, ਗਰਾਂ; ਵਾਸੀਆਂ ਦੀ ਗਿਣਤੀ, ਕਿਸੇ ਥਾਂ ਵਸਣ ਵਾਲ਼ੇ ਸਾਰੇ ਲੋਕ, ਵਸੋਂ, ਵਸੇਬਾ, ਲਹਿਰ-ਬਹਿਰ, ਸੁੱਖ-ਸਾਂਦ, ਰੌਣਕ, ਗਹਿਮਾ-ਗਹਿਮੀ, ਚਹਿਲ-ਪਹਿਲ

آب باز [ਆਬਬਾਜ਼ : abəbaz] ਵਿ: ਪਾਣੀ ਵਿਚ ਤੈਰਨ ਵਾਲ਼ਾ, ਤੈਰਾਕ, ਤਾਰੂ

آب بازی [ਆਬਬਾਜ਼ੀ : abəbazi] ਇ: ਪਾਣੀ ਦੀ ਖੇਡ, ਤਾਰੀ, ਇਕ ਦੂਜੇ ਉੱਤੇ ਪਾਣੀ ਦੇ ਛਿੱਟੇ ਮਾਰਨ ਦੀ ਖੇਡ

آب پاش [ਆਬਪਾਸ਼ : abpaş] ਪੁ: ਘਾਹ ਬੂਟਿਆਂ ਆਦਿ ਨੂੰ ਪਾਣੀ ਲਾਉਣ ਵਾਲ਼ਾ ਭਾਂਡਾ; ਮਾਸ਼ਕੀ, ਬਹਿਸ਼ਤੀ

آب پاشی [ਆਬਪਾਸ਼ੀ : abpaşi] ਇ: ਸਿੰਜਾਈ, ਤਰੌਂਕਾ, ਛਿੜਕਾਅ, ਬਾਗ਼ ਬੂਟੇ ਨੂੰ ਪਾਣੀ ਲਾਉਣ ਦਾ ਕਾਰਜ

آبجو [ਆਬਜੂ : abju] ਇ: ਦਰਿਆ ਦੀ ਸ਼ਾਖ਼ਾ, ਸੂਆ, ਨਹਿਰ, ਰਾਜਬਾਹਾ, ਨਦੀ, ਨਾਲ਼ਾ, ਵਹਿਣ, ਚਸ਼ਮਾ

آب حیات/آب بقا [ਆਬ-ਏ-ਹਯਾਤ/ਆਬ-ਏ-ਬਕ਼ਾ : ab-e-ḥəyat/ab-e-bəqa] ਪੁ: ਅੰਮ੍ਰਿਤ ਜਿਸ ਦੇ ਪੀਣ ਨਾਲ਼ ਮੌਤ ਨਹੀਂ ਆਉਂਦੀ ਭਾਵੇ

ਬੰਦਾ ਅਮਰ ਹੋ ਜਾਂਦਾ ਹੈ

آبِ خانہ [ਆਬ-ਏ-ਖ਼ਾਨਾ : ab-e-xana] *ਪੁ:* ਪਾਣੀ ਦੀ ਹੌਦੀ, ਸ਼ਰਾਬਖ਼ਾਨਾ; ਟੱਟੀ

آبِ خضر [ਆਬ-ਏ-ਖ਼ਿਜ਼ਰ : ab-e-xizər] *ਪੁ:* ਆਬ-ਏ-ਹਯਾਤ, ਅੰਮ੍ਰਿਤ, ਉਹ ਅੰਮ੍ਰਿਤ ਜਿਸ ਨੂੰ ਪੀ ਕੇ ਹਜ਼ਰਤ ਖ਼ਿਜ਼ਰ ਅਮਰ ਹੋ ਗਏ ਸਨ

آبِ خورہ [ਆਬਖ਼ੋਰਾ : abəxora] *ਪੁ:* ਮਿੱਟੀ ਦਾ ਭਾਂਡਾ, ਕਸੋਰਾ, ਕੁੱਜਾ

آبدار [ਆਬਦਾਰ : abədar] *ਵਿ:/ਪੁ:* ਪਾਣੀ ਢੋਣ ਵਾਲ਼ਾ ਵਿਅਕਤੀ, ਮਾਸ਼ਕੀ, ਪਾਣੀ ਲਿਆਉਣ ਵਾਲ਼ਾ, ਚਮਕੀਲਾ, ਸਾਫ਼ (ਹਥਿਆਰ), ਤੇਜ਼ ਧਾਰ ਵਾਲ਼ਾ, ਰੌਣਕ ਵਾਲ਼ਾ

آبِ دست [ਆਬ ਦਸਤ : ab dəsət] *ਪੁ:* ਟੱਟੀ ਕਰਨ ਮਗਰੋਂ ਪਾਣੀ ਦੇ ਵਰਤਣ ਤੇ ਹੱਥ ਧੋਣ ਦੀ ਕਿਰਿਆ

آبِ دستاں [ਆਬ-ਏ-ਦਸਤਾਂ : ab-e-dəsətã] *ਪੁ:* ਲੋਟਾ, ਗੜਵਾ

آبِ دیدہ [ਆਬ-ਏ-ਦੀਦਾ : ab-e-dida] *ਪੁ:* ਅੱਖਾਂ ਦਾ ਨੀਰ, ਅੱਥਰੂ, ਹੰਝੂ

آبِ رُخ [ਆਬ-ਏ-ਰੁਖ਼ : ab-e-rux] *ਪੁ:* ਚਿਹਰੇ ਦੀ ਚਮਕ, ਮੁਖੜੇ ਦੀ ਰੌਣਕ, ਲਾਲੀ; ਪਾਣੀ, ਪੱਤ, ਇੱਜ਼ਤ; ਸਫ਼ਾਈ

آبرُو [ਆਥਰੂ : abəru] *ਇ:* ਆਥਰੂ, ਇੱਜ਼ਤ, ਪਾਣ-ਪੱਤ, ਨੇਕ ਨਾਵਾਂ, ਜਸ, ਸੋਭਾ, ਆਦਰ-ਮਾਨ, ਸ਼ਰਮ, ਸੰਗ; ਵਡਿਆਈ; ਚਿਹਰੇ ਦੀ ਲਾਲੀ ਜਾਂ ਚਮਕ, ਰੌਣਕ, ਰੂਪ

آبرُومند [ਆਥਰੂਮੰਦ : abərumənd] *ਵਿ:* ਇੱਜ਼ਤ ਵਾਲ਼ਾ, ਉੱਚੇ ਨਾਂ ਵਾਲ਼ਾ, ਆਥਰੂ ਵਾਲ਼ਾ

آبِ زمزم [ਆਬ-ਏ-ਜ਼ਮਜ਼ਮ :ab-e-zəməzəm] *ਪੁ:* ਚਾਹ-ਏ-ਜ਼ਮਜ਼ਮ ਦਾ ਪਵਿੱਤਰ ਜਲ, ਮੱਕਾ ਮੁਅਜ਼ਮਾ ਦਾ ਇੱਕ ਵਿਸ਼ੇਸ਼ ਚਸ਼ਮਾ ਜਿਹੜਾ ਹਜ਼ਰਤ ਇਸਮਾਈਲ ਲਈ ਜਾਰੀ ਹੋਇਆ ਸੀ

آبسال [ਆਥਸਾਲ : abəsal] *ਪੁ:* ਬਾਗ, ਬਗੀਚੀ

آبستگی/آبستنی [ਆਥਸਤਗੀ / ਆਥਸਤਨੀ : abəstəgi/abəsətəni] *ਇ:* ਗਰਭ, ਉਮੀਦ-ਵਾਰੀ, ਹਮਲ

آبستہ [ਆਥਸਤਾ : abəsəta] *ਵਿ:* ਹਾਮਲਾ, ਗਰਭਵਤੀ

آبشار [ਆਥਸ਼ਾਰ : abəşar] *ਪੁ:* ਪਾਣੀ ਦੀ ਧਾਰ, ਝਾਲ, ਝਰਨਾ, ਉਚਾਈ ਤੋਂ ਜ਼ੋਰ ਨਾਲ਼ ਥੱਲੇ ਡਿਗਦਾ ਪਾਣੀ (ਬਾਗ਼ ਆਦਿ ਦਾ)

آبِ شمشیر [ਆਬ-ਏ-ਸ਼ਮਸ਼ੀਰ : ab-e-şəməşir] *ਪੁ:* ਤਲਵਾਰ ਦੀ ਚਮਕ ਜਾਂ ਧਾਰ

آبِ شناس [ਆਥ ਸ਼ਨਾਸ : ab şənas] *ਪੁ:* ਪਾਣੀਆਂ ਦਾ ਤਾਰੂ, ਪੱਤਣਾਂ ਦਾ ਜਾਣੂ, ਮਲਾਹ, ਜਹਾਜ਼ ਦਾ ਕਪਤਾਨ, ਜ਼ਮੀਨ ਵੇਖ ਕੇ ਪਾਣੀ ਦੀ ਪਛਾਣ ਕਰ ਲੈਣ ਵਾਲ਼ਾ

آبِ شور [ਆਬ-ਏ-ਸ਼ੋਰ : ab-e-şor] *ਪੁ:* ਖਾਰਾ ਪਾਣੀ, ਲੂਣਾ ਪਾਣੀ, ਸਮੁੰਦਰ ਦਾ ਪਾਣੀ; ਗ਼ਮ ਦੇ ਅਥਰੂ

آبِ شورہ [ਆਬ-ਏ-ਸ਼ੋਰਾ : ab-e-şora] *ਪੁ:* ਸ਼ੋਰੇ ਵਿਚ ਠੰਢਾ ਕੀਤਾ ਪਾਣੀ, ਨਿੰਬੂ ਦੀ ਸ਼ਕੰਜਵੀ

آبِ شیریں [ਆਬ-ਏ-ਸ਼ੀਰੀਂ : ab-e-şirĩ] *ਪੁ:* ਮਿੱਠਾ ਪਾਣੀ, ਸ਼ਰਬਤ, ਕਸ਼ਮੀਰ ਦੀ ਇਕ ਨਹਿਰ ਦਾ ਨਾਂ

آبِ صبح [ਆਬ-ਏ-ਸੁਬਹ਼ : ab-e-subəh] *ਪੁ:* ਨਿਰਨੇ ਕਾਲਜੇ ਪੀਣ ਦਾ ਪਾਣੀ

آبکار [ਆਬਕਾਰ : abəkar] *ਪੁ:* ਸੱਕਾ, ਪਨਹਾਰ, ਮਾਸ਼ਕੀ; ਨਸ਼ੇ ਪਾਣੀ ਦਾ ਧੰਦਾ ਕਰਨ ਵਾਲ਼ਾ ਵਿਅਕਤੀ, ਸ਼ਰਾਬ ਦਾ ਵਪਾਰੀ, ਕਲਾਲ

آبکاری [ਆਬਕਾਰੀ : abəkari] *ਇ:* ਸ਼ਰਾਬ ਦਾ ਕਾਰਖ਼ਾਨਾ, ਸ਼ਰਾਬ ਕੱਢਣ ਦੀ ਭੱਠੀ, ਸ਼ਰਾਬ ਦਾ ਕਾਰੋਬਾਰ, ਸ਼ਰਾਬ ਕੱਢਣ ਦੀ ਕਿਰਿਆ

CamScanner

آپ کش [آبکش : abəkəş] *ਵਿ/ਪੁ:* (ਖੂਹ ਵਿੱਚੋਂ) ਪਾਣੀ ਕੱਢਣ ਤੇ ਢੋਣ ਵਾਲ਼ਾ, ਝਿਊਰ, ਬਹਿਸ਼ਤੀ

آپ کشی [آبکشی : abəkəşi] *ਇ:* ਮਾਸ਼ਕੀ ਪੁਣਾ, ਪਾਣੀ ਕੱਢਣ ਤੇ ਭਰਨ ਦਾ ਕਾਰਜ, ਝਿਊਰ ਦਾ ਕਿੱਤਾ

آپ گیر [آبگیر : abəgir] *ਪੁ:* ਛੱਪੜ, ਹੌਜ਼, ਚੁਬੱਚਾ; ਤਲਾ; ਜੁਲਾਹੇ ਦਾ ਇਕ ਸੰਦ

آبگینہ [آبگینا : abəgina] *ਪੁ:* ਸ਼ੀਸ਼ਾ, ਬਲੌਰ; ਅੰਗੂਰੀ ਸ਼ਰਾਬ

آبلہ [آبلا : abəla] *ਪੁ:* ਛਾਲਾ, ਮਾਤਾ ਦਾ ਪਾਕ ਭਰਿਆ ਦਾਣਾ ਜਾਂ ਉਸਦਾ ਨਿਸ਼ਾਨ, ਚੇਚਕ; ਫਫੋਲਾ, ਫਿਮਣੀ, ਬੁਲਬੁਲਾ, ਫਿਨਸੀ

آبلہ پا [آبلا پا : abəla pa] *ਪੁ:* ਜਿਸਦੇ ਪੈਰੀਂ ਛਾਲੇ ਪਏ ਹੋਣ, ਬੇਵੱਸ, ਥੱਕਿਆ ਟੁੱਟਿਆ, ਦੂਰ ਦਾ ਪਾਂਧੀ

آبلہ رُو [آبلا رو : abəla ru] *ਵਿ:* ਜਿਸ ਦੇ ਚਿਹਰੇ ਤੇ ਦਾਗ਼ ਹੋਣ, ਮਾਤਾ ਦਾ ਮਾਰਿਆ, ਮਾਤਾ ਦੇ ਦਾਗਾਂ ਵਾਲ਼ਾ

آبنوس [آبنوس : abənus] *ਪੁ:* ਇਕ ਪ੍ਰਸਿੱਧ ਦਰਖ਼ਤ ਜਿਸ ਦੀ ਲੱਕੜੀ ਕਰੜੀ ਵਾਸ਼ਨਾ ਭਿੰਨੀ ਤੇ ਕਾਲ਼ੇ ਰੰਗ ਦੀ ਹੁੰਦੀ ਹੈ, ਸਾਗਵਾਨ, ਟੀਕ

آبنوسی [آبنوسی : abənusi] *ਵਿ:* ਆਬਨੂਸ ਵਰਗਾ, ਆਬਨੂਸ ਦੀ ਲੱਕੜੀ ਦਾ ਬਣਿਆ ਹੋਇਆ

آب و تاب [آب-ؤ-تاب : ab-o-tab] *ਇ:* ਚਮਕ, ਲਿਸ਼ਕ, ਲਿਸ਼ਕਾਰਾ; ਸ਼ਾਨ, ਰੂਪ, ਠਾਠ; ਟਹਿਕ, ਰੌਣਕ; ਭੜਕ, ਭਖ

آب و دانہ [آب-ؤ-دانا : ab-o-dana] *ਪੁ:* ਦਾਣਾ-ਪਾਣੀ, ਅੰਨ-ਜਲ, ਰਿਜ਼ਕ, ਖਾਧ-ਖੁਰਾਕ

آب و نان [آب-ؤ-نان : ab-o-nan] *ਪੁ:* ਰਿਜ਼ਕ, ਖੁਰਾਕ, ਖਾਣਾ, ਰੋਟੀ-ਪਾਣੀ

آب و ہوا [آب-ؤ-ہوا : ab-o-həwa] *ਪੁ:* ਪੌਣ ਪਾਣੀ, ਮੌਸਮ, ਰੁੱਤ, ਬਹਾਰ, ਕਿਸੇ ਥਾਂ ਦੇ ਮੌਸਮੀ ਰੰਗ, ਹਾਲ, ਮੌਸਮ ਦਾ ਗੁਣ

آبھیر [آبھیر : abhir] *ਪੁ:* ਛਾਂਗਰੀ; ਢਾਂਗੀ, ਛੇੜੂ, ਚਾਰੂ, ਦੋਧੀ, ਗੁੱਜਰ

آبی [آبی : abi] *ਵਿ:* ਪਾਣੀ ਵਾਲ਼ਾ, ਪਾਣੀ ਭਰਿਆ; ਪਾਣੀ ਵਿਚ ਰਹਿਣ ਵਾਲ਼ਾ; ਗਿੱਲਾ, ਸਿੱਲ੍ਹਾ, ਜਿਸ (ਭੋਂ) ਨੂੰ ਰੱਜਵਾਂ ਪਾਣੀ ਮਿਲੇ; ਪਾਣੀ ਰੰਗਾ, ਹਲਕਾ ਨੀਲਾ

آبیاری [آبیاری : abəyari] *ਇ:* ਖੇਤਾਂ ਜਾਂ ਬਾਗ਼ਾਂ ਨੂੰ ਪਾਣੀ ਲਾਉਣ ਦਾ ਕੰਮ, ਸਿੰਜਾਈ

آبیانہ [آبیانا : abəyana] *ਪੁ:* ਨਹਿਰੀ ਪਾਣੀ ਦਾ ਮਾਮਲਾ, ਟੈਕਸ

آبی رنگ [آبی رنگ : abi rəng] *ਪੁ:* ਹਲਕਾ ਨੀਲਾ ਰੰਗ, ਮੂਰਤਾਂ ਵਿਚ ਬੁਰਸ਼ ਨਾਲ਼ ਭਰੇ ਜਾਣ ਵਾਲ਼ੇ ਪਾਣੀ ਦਾ ਰੰਗ, ਵਾਟਰ ਕਲਰ, ਚਿੱਟੀ ਖ਼ਮੀਰੀ ਰੋਟੀ

آپ [آپ : ap] *ਪੜ:/ਪੁ:* ਆਪ, ਖ਼ੁਦ, ਨਿਜਤਵ, ਪਰਮਾਤਮਾ ਦੀ ਜ਼ਾਤ, ਰੂਹ, ਆਤਮਾ

آپا [آپا : apa] *ਇ:/ਪੁ:* ਵੱਡੀ ਭੈਣ, ਦੀਦੀ; ਖ਼ੁਦੀ, ਸੁੱਧ-ਬੁੱਧ, ਆਪਣਾ ਆਪ

آپا دھاپی [آپا دھاپی : apa dhapi] *ਇ:* ਆਪੋ-ਧਾਪ, ਹਫੜਾ-ਦਫੜੀ, ਭਸੂੜੀ, ਆਪੋ ਆਪਣਾ ਫ਼ਿਕਰ, ਖੋਹਾ-ਖੋਹੀ, ਭਾਜੜ, ਖ਼ੁਦ-ਗ਼ਰਜ਼ੀ

آپ بیتی [آپ بیتی : ap biti] *ਇ:* ਹੱਡ ਬੀਤੀ, ਆਪਣੇ ਉੱਤੇ ਵਰਤੀ ਹੋਈ ਕੋਈ ਗੱਲ-ਬਾਤ, ਆਪਣੀ ਕਹਾਣੀ, ਆਪਣਾ ਮਾਮਲਾ

آپس داری [آپسداری : apəsədari] *ਇ:* ਅੰਗ-ਸਾਕ, ਸ਼ਰੀਕਾ, ਆਪੋ ਵਿਚ ਵਰਤ-

ਵਿਹਾਰ, ਰਿਸ਼ਤੇਦਾਰੀ, ਭਾਈਚਾਰਾ, ਬਰਾਦਰੀ

آتش [ਆਤਿਸ਼ : atiṣ] *ਇ:* ਅੱਗ, ਭਾਹ, ਜਲੂਣ, ਗਰਮੀ, ਇਸ਼ਕ, ਤੇਜ਼ੀ, ਮਜ਼ਾਜ ਦੀ ਗਰਮੀ

آتشِ افروز [ਆਤਿਸ਼ ਅਫ਼ਰੋਜ਼ : atiṣ afəroz] *ਵਿ:* ਅੱਗ ਭੜਕਾਉਣ ਵਾਲ਼ਾ, ਝਗੜੇ ਪੁਆਉਣ ਵਾਲ਼ਾ, ਫ਼ਸਾਦੀ

آتشِ آلودہ [ਆਤਿਸ਼ ਆਲੂਦਾ : atiṣ aluda] *ਵਿ:* ਅੱਗ ਨਾਲ਼ ਭਰਿਆ ਹੋਇਆ, ਰੱਤਾ, ਤੱਤਾ, ਨਿਰੀ ਅੱਗ ਵਰਗਾ, ਡਾਢਾ ਗਰਮ

آتش بار [ਆਤਿਸ਼ਬਾਰ : atiṣəbar] *ਵਿ:/ਇ:* ਅੱਗ ਵਰ੍ਹਾਉ; ਚਿੜਚਿੜਾ; ਬੰਦੂਕ ਦੀ ਇਕ ਕਿਸਮ

آتش باز [ਆਤਿਸ਼ਬਾਜ਼ : atiṣəbaz] *ਵਿ:* ਅੱਗ ਦਾ ਖਿਡਾਰੀ, ਅਸਤਬਾਜ਼ੀ ਬਣਾਉਣ ਵਾਲ਼ਾ, ਅਸਤਬਾਜ਼ੀ ਚਲਾਉਣ ਵਾਲ਼ਾ

آتش بازی [ਆਤਿਸ਼ਬਾਜ਼ੀ : atiṣəbazi] *ਇ:* ਆਤਿਸ਼ਬਾਜ਼ੀ, ਅੱਗ ਬਰੂਦ ਦੇ ਖੇਡ ਖਿਡੌਣੇ, ਅਸਤਬਾਜ਼ੀ, ਫੁੱਲਝੜੀਆਂ, ਸ਼ੁਰਲੀਆਂ, ਪਟਾਕੇ ਆਦਿ

آتش بیان [ਆਤਿਸ਼ ਬਯਾਨ : atiṣ bəyan] *ਵਿ:* ਜੋਸ਼ ਵਿਚ ਤਕਰੀਰ ਕਰਨ ਵਾਲ਼ਾ, ਤਿੱਖੀ ਜ਼ਬਾਨ ਵਾਲ਼ਾ, ਤਿੱਖੀਆਂ ਗੱਲਾਂ ਕਰਨ ਵਾਲ਼ਾ

آتش بے دُود [ਆਤਿਸ਼ ਬੇਦੂਦ : atis bedud] *ਇ:* ਬਿਨਾ ਧੂਏਂ ਦੇ ਅੱਗ; ਸੂਰਜ, ਸ਼ਰਾਬ, ਗੁੱਸਾ, ਕੌੜ

آتش پا [ਆਤਿਸ਼ ਪਾ : atiṣ pa] *ਵਿ:* ਉਚੜ ਪੈੜਾ, ਤਿੱਖੀ ਤੋਰ ਵਾਲ਼ਾ, ਤੇਜ਼ ਨੱਸਣ ਵਾਲ਼ਾ, ਬੇਚੈਨ, ਉਤਾਵਲਾ

آتشِ پارہ [ਆਤਿਸ਼ ਪਾਰਾ : atiṣ para] *ਪੁ:/ਵਿ:* ਅੰਗਾਰੀ, ਰਿਣਗ, ਚਿੰਗਿਆੜੀ; ਸ਼ੋਖੀ, ਮਾਸ਼ੂਕ; ਤਿੱਖਾ, ਚੁਸਤ ਚਲਾਕ

آتش پرست [ਆਤਿਸ਼ਪ੍ਰਸਤ : atiṣəprəst] *ਪੁ:/ਵਿ:* ਅਗਨੀ ਪੂਜਕ, ਅੱਗ ਨੂੰ ਪੂਜਣ ਵਾਲ਼ਾ ਪਾਰਸੀ, ਜ਼ਰਤਸ਼ਤੀ

آتش پیکر [ਆਤਿਸ਼ ਪੈਕਰ : atiṣ pɛkər] *ਪੁ:* ਸੂਰਜ; ਜਿੰਨ, ਸ਼ੈਤਾਨ; ਭੂਤ

آتش خُو [ਆਤਿਸ਼ ਖ਼ੂ : atiṣ xu] *ਵਿ:* ਗਰਮ ਸੁਭਾ ਵਾਲ਼ਾ, ਅੱਗ ਦੀ ਨਾੜ; ਸੜੀਅਲ, ਗ਼ੁਸੈਲਾ, ਚਿੜਚਿੜਾ, ਸੜ੍ਹ ਸੁਭਾ ਵਾਲ਼ਾ

آتش دان [ਆਤਿਸ਼ਦਾਨ : atiṣədan] *ਪੁ:* ਚੁੱਲ੍ਹਾ, ਅੰਗੀਠੀ, ਕਾਂਗੜੀ, ਅੱਗ ਬਾਲਣ ਦੀ ਥਾਂ

آتش زبان [ਆਤਿਸ਼ ਜ਼ਬਾਨ : atiṣ zəban] *ਵਿ:* ਜ਼ਬਾਨ ਦਾ ਤੇਜ਼, ਜੋਸ਼ੀਲਾ, ਤਿੱਖੀ ਗੱਲ ਕਰਨ ਵਾਲ਼ਾ, ਲੁਤਰਾ

آتش زبانی [ਆਤਿਸ਼ ਜ਼ਬਾਨੀ : atiṣ zəbani] *ਇ:/ਪੁ:* ਅੱਗ ਲਾਉਣ ਵਾਲ਼ੀ ਤਕਰੀਰ; ਭੜਕਾਊ ਬਿਆਨ

آتش زنی [ਆਤਿਸ਼ ਜ਼ਨੀ : atıṣ zəni] *ਇ:/ਪੁ:* ਅੱਗ ਲਾਉਣ ਦੀ ਕਿਰਿਆ, ਫ਼ਸਾਦ ਜਾਂ ਝਗੜਾ ਖੜ੍ਹਾ ਕਰ ਦੇਣ ਦਾ ਕਾਰਜ

آتشِ غم [ਆਤਿਸ਼-ਏ-ਗ਼ਮ : atiṣ-e-ġəm] *ਇ:* ਸਦਮੇ ਦੀ ਅੱਗ, ਡਾਢਾ ਝੋਰਾ

آتش فِشاں [ਆਤਿਸ਼ ਫ਼ਿਸ਼ਾਂ : atiṣ fıṣā] *ਵਿ:* ਜਵਾਲਾ ਮੁਖੀ, ਅੱਗ ਬਰਸਾਉਣ ਵਾਲ਼ਾ

آتش کدہ [ਆਤਿਸ਼ਕਦਾ : atıṣəkəda] *ਪੁ:* ਅਗਨੀ ਮੰਦਰ, ਪਾਰਸੀਆਂ ਦਾ ਬੰਦਗੀਖ਼ਾਨਾ

آتش گیر [ਆਤਿਸ਼ਗੀਰ : atıṣəgir] *ਵਿ:/ਪੁ:* ਅੱਗ ਪਕੜਨ ਵਾਲ਼ੀ, ਇਕ ਦਮ ਭੜਕ ਉੱਠਣ ਵਾਲ਼ੀ, ਚਿਮਟਾ

آتش ناک [ਆਤਿਸ਼ਨਾਕ : atıṣənak] *ਵਿ:* ਗ਼ੁਸੈਲਾ, ਲੋਹਾ-ਲਾਖਾ, ਗਰਮ ਸੁਭਾ ਵਾਲ਼ਾ

آتشِ نمرود/نمرودی [ਆਤਿਸ਼-ਏ-ਨਮਰੂਦ/ਨਮਰੂਦੀ : atıṣ-e-nəmrud/nəmrudi] *ਇ:* ਉਹ ਅੱਗ ਜਿਹੜੀ ਨਮਰੂਦ ਨੇ ਹਜ਼ਰਤ ਇਬਰਾਹੀਮ ਨੂੰ

ਜਿਉਂਦਿਆਂ ਸਾੜਨ ਲਈ ਮਚਾਈ ਸੀ (ਕਹਿੰਦੇ ਹਨ ਕਿ ਉਹ ਰੱਬ ਦੇ ਹੁਕਮ ਨਾਲ਼ ਫੁਲਵਾੜੀ ਬਣ ਗਈ ਸੀ)

آتشی [ਆਤਿਸ਼ੀ : atɪṣi] *ਵਿ:* ਅੱਗ ਦਾ ਬਣਿਆ ਹੋਇਆ, ਬੜੀ ਤੱਤੀ (ਸ਼ੈ), ਗਰਮ (ਚੀਜ਼), ਤੇਜ਼ (ਰੰਗ); ਗਰਮ ਸੁਭਾ ਵਾਲ਼ਾ

آتشی انار [ਆਤਿਸ਼ੀ ਅਨਾਰ : atɪṣi ənar] *ਪੁ:* ਅਸਤਬਾਜ਼ੀ ਦਾ ਅਨਾਰ, ਖਿਡੌਣਾ, ਅੱਗ ਅਨਾਰ ਜਿਸ ਨੂੰ ਅੱਗ ਲਗਾਇਆਂ ਚਿੰਗਿਆੜੀਆਂ ਦਾ ਇਕ ਬੂਟਾ ਜਿਹਾ ਬਣ ਜਾਂਦਾ ਹੈ

آتشی شیشہ [ਆਤਿਸ਼ੀ ਸ਼ੀਸ਼ਾ : atɪṣi ṣiṣa] *ਪੁ:* ਉਹ ਸ਼ੀਸ਼ਾ ਜਿਸ ਨਾਲ਼ ਛੋਟੀਆਂ ਚੀਜ਼ਾਂ ਵੱਡੀਆਂ ਦਿਖਾਈ ਦਿੰਦੀਆਂ ਹਨ (ਇਸ ਸ਼ੀਸ਼ੇ ਉੱਤੇ ਪਈਆਂ ਸੂਰਜ ਦੀਆਂ ਕਿਰਨਾਂ ਥੱਲੇ ਪਏ ਕੱਪੜੇ ਨੂੰ ਅੱਗ ਲਾ ਦਿੰਦੀਆਂ ਹਨ)

آتشی فن [ਆਤਿਸ਼ੀ ਫ਼ਨ : atɪṣi fən] *ਪੁ:* ਅੱਗ ਨਾਲ਼ ਖੇਡਣ ਦਾ ਹੁਨਰ, ਅੱਗ ਦੀਆਂ ਖੇਡਾਂ, ਅਸਤਬਾਜ਼ੀ

آتشیں [ਆਤਿਸ਼ੀਂ : atɪṣĩ] *ਵਿ:* ਅੱਗ ਜਿਹਾ, ਅੱਗ ਵਾਂਗ ਗਰਮ, ਅੱਗ ਵਾਂਗ ਲਾਲ

آٹا [ਆਟਾ : aṭa] *ਪੁ:* ਪੀਸਿਆ ਹੋਇਆ ਗ਼ਲਾ ਜਾਂ ਅਨਾਜ, ਖ਼ੁਸ਼ਕ ਪੀਠੀ ਹੋਈ ਵਸਤੂ, ਕਿਸੇ ਚੀਜ਼ ਦਾ ਚੂਰਨ, ਬੁਰਾਦਾ

آٹھ [ਆਠ : aṭh] *ਵਿ:* ਅੱਠ

آٹھ پہر [ਆਠ ਪਹਰ : aṭh pəhər] *ਪੁ:* ਅੱਠ ਪਹਿਰ, ਚੌਵੀ ਘੰਟੇ, ਰਾਤ ਦਿਨ, ਹਰ ਵੇਲ਼ੇ

آٹھواں [ਆਠਵਾਂ : aṭhəwã] *ਵਿ:* ਅੱਠਵਾਂ, (ਕਿਸੇ ਵਸਤੂ ਦਾ) ਅੱਠਵਾਂ ਭਾਗ; (ਗਰਭ ਦਾ) ਅੱਠਵਾਂ ਮਹੀਨਾ

آثار [ਆਸਾਰ : asar] *ਪੁ:* ਆਸਾਰ, ਚੱਜ, ਚਾਲਾ, ਲੱਛਣ; ਨਿਸ਼ਾਨੀਆਂ; ਪੈੜ, ਖੁਰਾ-ਖੋਜ; ਨੀਂਹ, ਬੁਨਿਆਦ, ਅਸਲ

آثار بد [ਆਸਾਰ-ਏ-ਬਦ : asar-e-bəd] *ਪੁ:* ਭੈੜੇ ਆਸਾਰ, ਭੈੜੇ ਸ਼ਗਨ, ਭੈੜੇ ਭਵਿਖ ਦੇ ਸੰਕੇਤ

آثار صنادید [ਆਸਾਰ-ਏ-ਸਨਾਦੀਦ : asar-e-sənadid] *ਪੁ:* ਵਡੇਰਿਆਂ ਬਜ਼ੁਰਗਾਂ ਤੇ ਬਾਦਸ਼ਾਹਾਂ ਦੀਆਂ ਨਿਸ਼ਾਨੀਆਂ; ਪੁਰਾਣੀਆਂ ਇਮਾਰਤਾਂ ਜਾਂ ਭਵਨ, ਮਾੜੀਆਂ

آثار قدیمی [ਆਸਾਰ-ਏ-ਕ਼ਦੀਮੀ : asar-e-qədimi] *ਪੁ:* ਪੁਰਾਣੀਆਂ ਯਾਦਗਾਰਾਂ, ਪਹਿਲੇ ਸਮੇਂ ਦੀਆਂ ਨਿਸ਼ਾਨੀਆਂ

آثار قیامت [ਆਸਾਰ-ਏ-ਕ਼ਯਾਮਤ : asar-e-qəyaməṭ] *ਪੁ:* ਕਿਆਮਤ ਦੀਆਂ ਨਿਸ਼ਾਨੀਆਂ, ਬੁਰੇ ਕੰਮ, ਪਰਲੋ ਆਉਣ ਦੀਆਂ ਅਲਾਮਤਾਂ (ਜਿਵੇਂ ਕਾਲ, ਧੋਖਾ, ਝੂਠ, ਕੁੜੀਆਂ ਦਾ ਵਰ ਮੰਗਣਾ, ਆਲਮਾਂ ਦਾ ਅਮਲ ਨਾ ਕਰਨਾ, ਅਣਸਹਾਰਵੇਂ ਦੁੱਖ)

آج [ਆਜ : aj] *ਪੁ:* ਅੱਜ, ਇਸ ਸਮੇਂ ਲੰਘਦਾ ਦਿਹਾੜਾ, ਇਹ ਦਿਨ, ਹੁਣ, ਇਸ ਸਮੇਂ

آج کل [ਆਜ ਕਲ : aj kəl] *ਕਿਵਿ:* ਇਨ੍ਹੀਂ ਦਿਨੀਂ, ਇਸ ਵੇਲ਼ੇ, ਬਹੁਤ ਹੀ ਨੇੜੇ, ਬਹੁਤ ਜਲਦੀ

آچار [ਆਚਾਰ : acar] *ਪੁ:* ਅਚਾਰ

آڑ [ਆਖ਼ਿਰ : axir] *ਵਿ:/ਪੁ:* ਓੜਕ, ਛੇਕੜ, ਅੰਤ, ਅਖ਼ੀਰ; ਇਕ ਨਾ ਇਕ ਦਿਨ, ਕਦੀ ਨਾ ਕਦੀ; ਕ਼ਿਆਮਤ ਦਾ (ਦਿਨ); ਅੰਤਲਾ, ਅਖ਼ੀਰਲਾ, ਦੂਜਾ, ਪੂਰਾ, ਕੁਲ

آڑت [ਆਖ਼ਿਰਤ : axirət] *ਇ:* ਪਰਲੋਕ, ਉਹ ਸੰਸਾਰ ਜਿਥੇ ਮਰਨ ਉਪਰਾਂਤ ਮਨੁੱਖ ਦੀ ਰੂਹ ਜਾਏਗੀ

آڑش [ਆਖ਼ਿਰਸ਼ : axəriṣ] *ਕਿਵਿ:* ਓੜਕ, ਛੇਕੜ, ਅੰਤ ਨੂੰ, ਅਖ਼ੀਰ

آڑی [ਆਖ਼ਿਰੀ : axɪri] *ਵਿ:* ਛੇਕੜਲਾ,

ਅੰਤਲਾ, ਅਖ਼ੀਰਲਾ, ਓੜਕ ਦਾ, ਸਭ ਤੋਂ ਪਿਛਲਾ, ਮਗਰਲਾ

آخری دم [آخِری دم : axɪri dəm] *ਪੁ:* ਅਖ਼ੀਰਲਾ ਸੁਆਸ, ਮੌਤ ਦਾ ਵਕਤ, ਅੰਤ ਸਮਾਂ

آخری دیدار [آخِری دیدار : axɪri didar] *ਪੁ:* ਛੇਕੜਲੀ ਝਾਤ, ਮਰਨ ਵੇਲ਼ੇ ਬੀਮਾਰ ਦੀ ਦੂਜਿਆਂ ਵੱਲ ਝਾਤੀ, ਦੱਬਣ ਜਾਂ ਫੂਕਣ ਤੋਂ ਪਹਿਲਾਂ ਮੁਰਦੇ ਦੇ ਦਰਸ਼ਨ

آخری زمانہ [آخِری زمانہ : axɪri zəmana] *ਪੁ:* ਅੰਤ ਸਮਾਂ, ਛੇਕੜਲਾ ਵੇਲ਼ਾ, ਪਰਲੋ ਦੇ ਨੇੜੇ ਦਾ ਜ਼ਮਾਨਾ, ਬੁਢਾਪੇ ਦੇ ਦਿਨ

آخری وقت [آخِری وقت : axəri waqət] *ਪੁ:* ਅੰਤ ਵੇਲ਼ਾ, ਬੁਢੇਪਾ, ਮੌਤ ਦਾ ਸਮਾਂ

آخور [آخور : axor] *ਇ:* ਖੋਲ, ਡੰਗਰਾਂ ਨੂੰ ਘਾਹ ਪੱਠਾ ਪਾਉਣ ਦੀ ਥਾਂ, ਪੱਠੇ ਦੱਥੇ ਦੀ ਖੁਰਲੀ, ਤਵੇਲਾ

آداب [آداب : adab] *ਪੁ:* ਚੱਜ-ਆਚਾਰ, ਨਿਮਰਤਾ ਵਾਲ਼ੀ ਵਰਤੋਂ ਵਿਹਾਰ, ਤਮੀਜ਼ ਨਾਲ਼ ਮਿਲਣ ਦਾ ਢੰਗ, ਅਖ਼ਲਾਕ; ਢਬ, ਅਦਬ, ਲਿਹਾਜ਼, ਅਸੂਲ, ਸਲਾਮ

آدم [آدم : adəm] *ਪੁ:* ਮਨੁੱਖ, ਇਨਸਾਨ, ਆਦਮੀ; ਸਭ ਤੋਂ ਪਹਿਲੇ ਇਨਸਾਨ ਹਜ਼ਰਤ ਆਦਮ

آدم خور [آدمخور : adəməxor] *ਵਿ:* ਆਦਮੀ ਨੂੰ ਖਾ ਜਾਣ ਵਾਲ਼ਾ (ਦਰਿੰਦਾ), ਵਹਿਸ਼ੀ (ਲੋਕ)

آدم زاد [آدمزاد : adəməzad] *ਪੁ:* ਮਨੁੱਖ, ਇਨਸਾਨ, ਆਦਮੀ ਦੀ ਸੰਤਾਨ

آدم گری [آدمگری : adəməgəri] *ਇ:* ਇਨਸਾਨੀਅਤ, ਮਨੁੱਖਤਾ, ਸ਼ਰਾਫ਼ਤ

آدمی [آدمی : adəmi] *ਪੁ:* ਬੰਦਾ, ਇਨਸਾਨ, ਵਿਅਕਤੀ, ਨੌਕਰ, ਕਾਮਾ; ਸਨੇਹੀ; ਖ਼ਾਵੰਦ

آدمیت [آدمیت : adəmiyət] *ਇ:* ਇਨਸਾਨੀਅਤ, ਮਿਲਣਸਾਰਤਾ; ਅਕਲ, ਸੂਝ, ਸਮਝ

آدھ/آدھا [آدھ/آدھا : adh/adha] *ਵਿ:* ਅੱਧ, ਅੱਧਾ, ਕਿਸੇ ਸ਼ੈ ਦੇ ਬਰਾਬਰ ਦੇ ਦੋ ਹਿੱਸਿਆਂ ਵਿਚੋਂ ਇਕ ਹਿੱਸਾ

آرا/آری [آرا/آری : ara/ari] *ਪੁ:/ਇ:* ਆਰਾ/ਆਰੀ, ਲਕੱੜ ਚੀਰਨ ਲਈ ਵਰਤਿਆ ਜਾਂਦਾ ਇੱਕ ਸੰਦ

آراستگی [آراستگی : arasətəgi] *ਇ:* ਸ਼ਿੰਗਾਰ, ਸਜਾਵਟ, ਠਾਠ, ਰੌਣਕ, ਸਜ-ਧਜ

آراستہ [آراستہ : arasəta] *ਵਿ:* ਬਣਿਆ-ਠਣਿਆ, ਸਜਿਆ-ਧਜਿਆ, ਸੰਵਾਰਿਆ-ਸ਼ਿੰਗਾਰਿਆ ਹੋਇਆ

آراکش [آراکش : arakəṣ] *ਵਿ:* ਆਰੇ ਨਾਲ਼ ਲੱਕੜਾਂ ਸ਼ਤੀਰੀਆਂ ਆਦਿ ਚੀਰਨ ਵਾਲ਼ਾ

آراکشی [آراکشی : arakəṣi] *ਇ:* ਆਰਾ ਚਲਾਉਣ ਦਾ ਪੇਸ਼ਾ

آرام [آرام : aram] *ਪੁ:* ਆਰਾਮ, ਸੁੱਖ, ਅਮਨ ਚੈਨ, ਅਨੰਦ, ਤੰਦਰੁਸਤੀ

آرام پسند [آرام پسند : aram pəsənd] *ਵਿ:* ਆਰਾਮ ਪਸੰਦ, ਸੁਸਤ, ਕੰਮ ਤੋਂ ਜੀ ਚੁਰਾਉਣ ਵਾਲ਼ਾ

آرام رساں [آرام رساں : aram rəsã] *ਵਿ:* ਚੈਨ ਦੇਣ ਵਾਲ਼ਾ, ਆਰਾਮ ਪਹੁੰਚਾਉਣ ਵਾਲ਼ਾ

آرام طلب [آرام طلب : aram təlәb] *ਵਿ:* ਆਲ਼ਸੀ, ਸੁਸਤ, ਹੱਡ-ਹਰਾਮ, ਕੰਮ-ਚੋਰ, ਅਰਾਮ-ਪਸੰਦ

آرام کرسی [آرام کرسی : aram kurəsi] *ਇ:* ਆਰਾਮ ਕੁਰਸੀ, ਢੋ ਵਾਲ਼ੀ ਲੰਮੀ ਕੁਰਸੀ ਜਿਸ ਉੱਤੇ ਸੁਖਾਲ਼ਿਆਂ ਨਿੱਸਲ ਸਕੀਦਾ ਹੈ

آرام گاہ [آرام گاہ : aram gah] *ਇ:* ਆਰਾਮ ਕਰਨ ਦੀ ਥਾਂ, ਸੌਣ ਦੀ ਥਾਂ

آرائش [آرائش : araɪṣ] *ਇ:* ਸ਼ਿੰਗਾਰ, ਟਿਪ-

ਟਾਪ, ਸਜਾਵਟ

آرائش پسند [ਆਰਾਇਸ਼ ਪਸੰਦ : araiṣ pəsə̃d] *ਵਿ:* ਸਜ-ਧਜ ਦਾ ਸ਼ੌਕੀਨ, ਹਾਰ-ਸ਼ਿੰਗਾਰ ਨੂੰ ਪਸੰਦ ਕਰਨ ਵਾਲ਼ਾ

آرائندہ [ਆਰਾਇੰਦਾ : arāīnda] *ਵਿ:* ਸਜਾਉਣ ਵਾਲ਼ਾ

آرپار [ਆਰ ਪਾਰ : ar par] *ਪੁ:* ਆਰ ਪਾਰ, ਦੋਵੇਂ ਰੁੱਖ, ਦੋਵੇਂ ਪਾਸੇ, ਇਹ ਸਿਰਾ ਤੇ ਉਹ ਸਿਰਾ, ਇਹ ਕੰਢਾ ਅਤੇ ਉਹ ਕੰਢਾ

آرد [ਆਰਦ :arəd] *ਪੁ:* ਆਟਾ, ਪੀਠਾ ਹੋਇਆ ਅਨਾਜ

آرزو [ਆਰਜ਼ੂ :arzu] *ਇ:* ਸੱਧਰ, ਤਾਂਘ, ਚਾਹ, ਰੀਝ, ਸਿੱਕ, ਇੱਛਾ, ਅਰਮਾਨ; ਆਸ, ਮੁਰਾਦ, ਮਕਸਦ

آرزومند [ਆਰਜ਼ੂਮੰਦ : arəzumə̃d] *ਵਿ:* ਖ਼ਾਹਸ਼ਮੰਦ, ਚਾਹਵਾਨ, ਇੱਛਾਵਾਨ

آرزومندی [ਆਰਜ਼ੂਮੰਦੀ : arəzumə̃di] *ਇ:* ਉਮੀਦਵਾਰੀ, ਖ਼ਾਹਸ਼, ਇੱਛਾ

آڑھت [ਆੜ੍ਹਤ : aṛhət] *ਇ:* ਆੜ੍ਹਤ, ਮਾਲ ਸਮਾਨ ਜਾਂ ਜਾਦਿਾਦ ਖ਼ਰੀਦਣ ਵੇਚਣ ਵਾਸਤੇ ਲਈ ਜਾਂ ਦਿੱਤੀ ਗਈ ਕਮਿਸ਼ਨ; ਦਲਾਲੀ, ਦਸਤੂਰੀ, ਏਜੰਸੀ

آڑھتی [ਆੜ੍ਹਤੀ : aṛhəti] *ਪੁ:* ਆੜ੍ਹਤੀਆ, ਆੜ੍ਹਤ ਦੀ ਦੁਕਾਨ ਕਰਨ ਵਾਲ਼ਾ, ਕਮਿਸ਼ਨ ਏਜੰਟ, ਥੋਕ ਦਾ ਵਪਾਰੀ

آزاد [ਆਜ਼ਾਦ : azad] *ਵਿ:* ਅਜ਼ਾਦ, ਖੁੱਲ੍ਹਾ, ਆਪ-ਮੁਹਾਰਾ, ਬੇਰੋਕ, ਬੇਫ਼ਿਕਰਾ, ਜੋ ਕਿਸੇ ਦੇ ਮੁਥਾਜ ਨਾ ਹੋਵੇ

آزادانہ [ਆਜ਼ਾਦਾਨਾ : azadana] *ਕਿ/ਵਿ:* ਸੁਤੰਤਰ ਤੌਰ ਤੇ, ਅਜ਼ਾਦੀ ਨਾਲ਼, ਬਿਨਾ ਕਿਸੇ ਰੋਕ ਟੋਕ ਦੇ

آزادرَو [ਆਜ਼ਾਦ ਰੌ : azad rɔ] *ਵਿ:/ਪੁ:* ਖੁੱਲ੍ਹ-ਦਿਲਾ, ਖੁਲ੍ਹੀ ਤਬੀਅਤ ਦਾ ਮਾਲਕ, ਸੁਤੰਤਰ; ਫ਼ਕੀਰ, ਨਿਡਰ

آزادطبع [ਆਜ਼ਾਦ ਤਬਅ : azad təbə'ə] *ਵਿ:* ਆਜ਼ਾਦ ਸੁਭਾ ਦਾ, ਆਪ-ਮੁਹਾਰਾ, ਮਨ-ਮੌਜੀ, ਮੌਜੀ, ਲਹਿਰੀ, ਬੇਪਰਵਾਹ

آزادگان [ਆਜ਼ਾਦਗਾਨ : azadəgan] *ਪੁ:* ਸੁਥਰੇ, ਬੇਪਰਵਾਹ ਲੋਕ, ਆਪ-ਮੁਹਾਰੇ ਜਾਂ ਦਰਵੇਸ਼, ਖ਼ੁਦ ਮੁਖ਼ਤਿਆਰ ਲੋਕ

آزادگی [ਆਜ਼ਾਦਗੀ : azadəgi] *ਇ:* ਆਜ਼ਾਦੀ, ਸੁਤੰਤਰਤਾ, ਰਿਹਾਈ

آزادمرد [ਆਜ਼ਾਦ ਮਰਦ : azad mərəd] *ਪੁ:* ਖਰਾ ਤੇ ਸਪਸ਼ਟ ਆਦਮੀ, ਨਿਡਰ ਜਾਂ ਨਿਰਭੈ ਵਿਅਕਤੀ

آزادمردی [ਆਜ਼ਾਦ ਮਰਦੀ : azad mərədi] *ਇ:* ਆਜ਼ਾਦੀ, ਬੇਪਰਵਾਹੀ, ਖੁੱਲ੍ਹ

آزادی [ਆਜ਼ਾਦੀ : azadi] *ਇ:* ਸੁਤੰਤਰਤਾ, ਖੁਲ੍ਹ-ਡੁੱਲ੍ਹ, ਬੇਪਰਵਾਹੀ, ਛੁਟਕਾਰਾ, ਬੇਮੁਥਾਜੀ

آزار [ਆਜ਼ਾਰ : azar] *ਪੁ:* ਬੀਮਾਰੀ, ਦੁੱਖ, ਤਾਪ, ਤਕਲੀਫ਼, ਪੀੜ; ਜ਼ੁਲਮ

آزردگی [ਆਜ਼ੁਰਦਗੀ : azurdəgi] *ਇ:* ਗਿਲਾ, ਗ਼ੁੱਸਾ, ਰੰਜ, ਮਲਾਲ, ਨਰਾਜ਼ਗੀ, ਰੋਸਾ, ਉਦਾਸੀ, ਗ਼ਮਗੀਨੀ

آزُردہ [ਆਜ਼ੁਰਦਾ : azurəda] *ਵਿ:* ਉਦਾਸ, ਦੁਖੀ, ਸਤਿਆ ਹੋਇਆ, ਰੁੱਸਿਆ ਹੋਇਆ, ਔਖਾ

آزمانا [ਆਜ਼ਮਾਨਾ : azəmana] *ਕਿ:* ਅਜ਼ਮਾਉਣਾ, ਪਰਖਣਾ, ਜਾਂਚਣਾ, ਭਾਲ਼ਣਾ

آزمائش [ਆਜ਼ਮਾਇਸ਼ : azəmaiṣ] *ਇ:* ਅਜ਼ਮਾਇਸ਼, ਜਾਂਚ, ਪਰਖ, ਇਮਤਿਹਾਨ, ਤਜਰਬਾ, ਪ੍ਰਯੋਗ

آزمائشی [ਆਜ਼ਮਾਇਸ਼ੀ : azəmaiṣi] *ਵਿ:* ਇਮਤਿਹਾਨੀ, ਪਰੀਖਿਆ ਵਜੋਂ ਜਾਂ ਪੜਤਾਲ

ਦੇ ਤੌਰ ਤੇ

آزمودہ [ਆਜ਼ਮੂਦਾ : azəmuda] *ਵਿ:* ਅਜ਼ਮਾਇਆ ਹੋਇਆ, ਦੇਖਿਆ-ਭਾਲ਼ਿਆ, ਜਾਂਚਿਆ ਹੋਇਆ, ਪਰਖਿਆ ਹੋਇਆ

آزمودہ کار [ਆਜ਼ਮੂਦਾਕਾਰ : azəmudakar] *ਵਿ:* ਸਿਆਣਾ, ਹੰਢਿਆ ਵਰਤਿਆ, ਗੁਣੀ, ਚਲਾਕ, ਤਜਰਬੇਕਾਰ, ਅਜ਼ਮਾਉਣ ਵਾਲ਼ਾ

آسان [ਆਸਾਨ : asan] *ਵਿ:* ਅਸਾਨ, ਸੌਖਾ, ਸੁਖਾਲ਼ਾ, ਸਹਿਲ

آسانی [ਆਸਾਨੀ : asani] *ਇ:* ਅਸਾਨੀ, ਸਹੂਲਤ, ਸੌਖ, ਆਰਾਮ

آسائش [ਆਸਾਇਸ਼ : asaıṣ] *ਇ:* ਸੁੱਖ, ਚੈਨ, ਟਿਕਾ, ਅਰਾਮ, ਸੌਖ, ਰਾਹਤ

آس پاس [ਆਸ ਪਾਸ : as pas] *ਕਿਵਿ:* ਆਸ ਪਾਸ, ਲਾਗੇ ਚਾਗੇ, ਨੇੜੇ-ਤੇੜੇ

آستان [ਆਸਤਾਨ : asətan] *ਪੁ:* ਚੌਖਟ, ਡਿਓੜ੍ਹੀ, ਦਰਵਾਜ਼ਾ; ਬਜ਼ੁਰਗਾਂ ਦੇ ਮਜ਼ਾਰ, ਰੌਜ਼ੇ ਦਾ ਦਰਵਾਜ਼ਾ

آستین [ਆਸਤੀਨ : asətin] *ਇ:* ਕੁੜਤੇ ਦੀ ਬਾਂਹ, ਬ਼ੇਰਵਾਨੀ, ਕੋਟ

آسرا [ਆਸਰਾ : asəra] *ਪੁ:* ਆਸਰਾ, ਸਹਾਰਾ, ਆਸ, ਉਮੀਦ, ਭਰੋਸਾ

آسمان [ਆਸਮਾਨ : asman] *ਪੁ:* ਅਸਮਾਨ, ਅਕਾਸ਼, ਅੰਬਰ, ਗਗਨ

آسمانی [ਆਸਮਾਨੀ : asəmani] *ਵਿ:* ਅਸਮਾਨੀ, ਅਕਾਸ਼ ਦਾ, ਅਕਾਸ਼ ਨਾਲ਼ ਸੰਬੰਧਿਤ, ਨੀਲਗੂੰ, ਹਲਕਾ ਨੀਲਾ; ਉੱਚਾ; ਉਪਰਲਾ

آسمانی کتاب [ਆਸਮਾਨੀ ਕਿਤਾਬ : asəmani kıtab] *ਇ:* ਉਹ ਕਿਤਾਬ ਜਿਹੜੀ ਅੱਲਾ ਤਆਲਾ ਵੱਲੋਂ ਪੈਗ਼ੰਬਰਾਂ 'ਤੇ ਨਾਜ਼ਲ ਹੋਈ (ਭਾਵ ਤੌਰੈਤ, ਜ਼ਬੂਰ, ਅੰਜੀਲ ਅਤੇ ਕੁਰਾਨ)

آس مُراد [ਆਸ ਮੁਰਾਦ : as murad] *ਇ:* ਆਲ ਔਲਾਦ, ਸੰਤਾਨ, ਪਰਿਵਾਰ; ਧਨ-ਦੌਲਤ

آسودگان [ਆਸੂਦਗਾਨ : asudgan] *ਪੁ:* آسودہ ਦਾ ਬਹੁਵਚਨ, ਸੁਖੀ ਜਾਂ ਅਨੰਦਿਤ-ਲੋਕ, ਖਾਂਦੇ ਪੀਂਦੇ ਜਾਂ ਰੱਜੇ ਪੁੱਜੇ ਵਿਅਕਤੀ

آسودگی [ਆਸੂਦਗੀ : asudəgi] *ਇ:* ਅਰਾਮ, ਸੁੱਖ, ਚੈਨ, ਬੇਫ਼ਿਕਰੀ, ਅਮੀਰੀ, ਰੱਜ, ਖੁਸ਼ਹਾਲੀ

آسودہ [ਆਸੂਦਾ : asuda] *ਵਿ:* ਸੌਖਾ, ਆਰਾਮ-ਦਾਇਕ; ਸੰਤੁਸ਼ਟ; ਅਮੀਰ, ਖ਼ੁਸ਼ਹਾਲ; ਮਰਹੂਮ, ਬੇਫ਼ਿਕਰ

آسیا [ਆਸੀਯਾ : asiya] *ਇ:* ਆਟਾ ਪੀਸਣ ਦੀ ਚੱਕੀ, ਘਰਾਟ

آسیب [ਆਸੇਬ : aseb] *ਪੁ:* ਭੁਤਨਾ, ਛਲੇਡਾ; ਡਰ, ਭੈ; ਪ੍ਰਭਾਵ, ਪਰਛਾਵਾਂ; ਸਦਮਾ, ਨੁਕਸਾਨ

آش [ਆਸ਼ : aṣ] *ਇ:* ਸ਼ੋਰਬਾ, ਪਿਚ, ਕਾੜ੍ਹਾ, ਤਰੀ

آشتی [ਆਸ਼ਤੀ : aṣəti] *ਇ:* ਸੁਲਹ, ਨਰਮੀ, ਦੋਸਤੀ, ਮੇਲ-ਮਿਲਾਪ, ਸੰਧੀ

آشفتگی [ਆਸ਼ੁਫ਼ਤਗੀ : aṣufətəgi] *ਇ:* ਪਰੇਸ਼ਾਨੀ, ਹੈਰਾਨੀ, ਝੱਲ; ਆਸ਼ਕੀ, ਪਾਗਲਪਨ, ਰੰਜਸ਼

آشفتہ [ਆਸ਼ੁਫ਼ਤਾ : aṣufəta] *ਵਿ:* ਦੁਖੀ, ਉਦਾਸ, ਗ਼ਮਗੀਨ; ਆਸ਼ਕ, ਪ੍ਰੇਮੀ, ਪਾਗਲ, ਮਜਨੂੰ, ਅਵਾਰਾ, ਹੈਰਾਨ ਪਰੇਸ਼ਾਨ

آشفتہ بیان [ਆਸ਼ੁਫ਼ਤਾ ਬਯਾਨ : aṣufəta bəyan] *ਵਿ:* ਬਕੜਵਾਹ, ਬਕਣ ਵਾਲ਼ਾ, ਫ਼ਜ਼ੂਲ ਗੱਲਾਂ ਕਰਨ ਵਾਲ਼ਾ

آشفتہ حال [ਆਸ਼ੁਫ਼ਤਾ ਹਾਲ : aṣufəta hal] *ਵਿ:* ਪਰੇਸ਼ਾਨ ਹਾਲ, ਖ਼ਸਤਾ ਹਾਲ; ਆਸ਼ਕ, ਦੀਵਾਨਾ

آشفتہ سر [ਆਸ਼ੁਫ਼ਤਾ ਸਰ : aṣufəta sər] *ਵਿ:* ਸ਼ੁਦਾਈ, ਪਾਗ਼ਲ, ਦੀਵਾਨਾ

آشفتہ طبع/آشفتہ مزاج [ਆਸ਼ੁਫ਼ਤਾ ਤ੍ਰਬਅ/ਆਸ਼ੁਫ਼ਤਾ ਮਿਜ਼ਾਜ : aṣufeta təbə'ə/aṣufə́ta

mɪzaj] ਵਿ: ਪਰੇਸ਼ਾਨ, ਘਾਬਰਿਆ ਹੋਇਆ

آفتہ مُو [ਆਸ਼ੁਫ਼ਤਾ ਮੁ : aṣufəta mu] ਵਿ: ਖਿਲ੍ਹੇ ਹੋਏ ਵਾਲ਼ਾਂ ਵਾਲ਼ਾ; ਦੁਖੀ, ਗ਼ਮਗੀਨ

آفتہ نوا [ਆਸ਼ੁਫ਼ਤਾ ਨਵਾ : aṣufəta nəwa] ਵਿ: ਘਬਰਾਈ ਹੋਈ ਸੁਰ ਵਾਲ਼ਾ, ਪਰੇਸ਼ਾਨੀ ਭਰੀ ਅਵਾਜ਼ ਵਾਲ਼ਾ

آشکار/آشکارا [ਆਸ਼ਕਾਰ/ਆਸ਼ਕਾਰਾ : aṣəkar/aṣəkara] ਵਿ: ਖੁਲ੍ਹਾ, ਉੱਘੜਵਾਂ, ਸੁਥਰਾ; ਜ਼ਾਹਰ, ਪ੍ਰਤੱਖ

آشنا [ਆਸ਼ਨਾ : aṣəna] ਵਿ: ਜਾਣੂ, ਵਾਕਫ਼, ਯਾਰ, ਸੱਜਣ, ਬੇਲੀ, ਆਸ਼ਕ

آشنائی [ਆਸ਼ਨਾਈ : aṣənai] ਇ: ਮਿੱਤਰਤਾ, ਪ੍ਰੇਮ, ਪਿਆਰ, ਦੋਸਤੀ; ਇਸਤਰੀ ਤੇ ਮਰਦ ਦੇ ਅਯੋਗ ਸੰਬੰਧ

آشوب [ਆਸ਼ੋਬ : aṣob] ਪੁ: ਹਲਚਲ, ਸ਼ਰਾਰਤ, ਫ਼ਸਾਦ, ਲੜਾਈ-ਝਗੜਾ, ਪਰੇਸ਼ਾਨੀ, ਸ਼ੋਰ-ਸ਼ਰਾਬਾ; ਬਖੇੜਾ, ਤੂਫ਼ਾਨ; ਅੱਖਾਂ ਦਾ ਦੁਖਣਾ

آشیانہ/آشیاں [ਆਸ਼ੀਯਾਨਾ/ਆਸ਼ੀਆਂ : aṣiyana/aṣiyā] ਪੁ: ਆਲ੍ਹਣਾ, ਪੰਛੀਆਂ ਦੇ ਰਹਿਣ ਦੀ ਥਾਂ, ਛੱਤ

آشوبِ چشم [ਆਸ਼ੋਬ-ਏ-ਚਸ਼ਮ : aṣob-e-cəṣəm] ਪੁ: ਅੱਖਾਂ ਦੇ ਦੁਖਣ ਤੇ ਸੁੱਜਣ ਦਾ ਭਾਵ

آغا [ਆਗ਼ਾ : aġa] ਪੁ: ਆਕਾ, ਵੱਡਾ ਭਰਾ, ਸਾਈਂ, ਮਾਲਿਕ

آغاز [ਆਗ਼ਾਜ਼ : aġaz] ਪੁ: ਪਹਿਲ, ਅਰੰਭ, ਮੁੱਢ, ਸ਼ੁਰੂਆਤ

آغازکار [ਆਗ਼ਾਜ਼ਕਾਰ : aġazəkar] ਪੁ: ਕਿਸੇ ਕੰਮ ਦੀ ਅਰੰਭਤਾ, ਕਿਸੇ ਕਾਰਜ ਦਾ 'ਸ਼੍ਰੀ ਗਣੇਸ਼', ਸ਼ੁਰੂਆਤ

آغوش [ਆਗ਼ੋਸ਼ : aġoṣ] ਪੁ:/ਇ: ਗੋਦੀ, ਕੁੱਛੜ, ਬਗ਼ਲ

آفات [ਆਫ਼ਾਤ : afat] ਇ: آفت ਦਾ ਬਹੁ-ਵਚਨ; ਆਫ਼ਤਾਂ, ਬਲਾਵਾਂ, ਔਕੜਾਂ, ਭੀੜਾਂ, ਦੁਰਘਟਨਾਵਾਂ, ਮੁਸੀਬਤਾਂ

آفاق [ਆਫ਼ਾਕ਼ : afaq] ਪੁ: ਦੁਨੀਆਂ, ਜੱਗ, ਜਹਾਨ, ਚਾਰੇ ਕੂਟਾਂ; ਅਸਮਾਨ ਦੇ ਕਿਨਾਰੇ

آفت [ਆਫ਼ਤ : afət] ਇ: ਆਫ਼ਤ, ਅਚਨਚੇਤ ਆ ਜਾਣ ਵਾਲ਼ਾ ਦੁੱਖ, ਬਿਪਤਾ, ਬਿੰਜ, ਬਲਾ, ਮੁਸੀਬਤ, ਜ਼ੁਲਮ, ਕਾਲ, ਔੜ

آفتاب [ਆਫ਼ਤਾਬ : afətab] ਪੁ: ਸੂਰਜ, ਧੁੱਪ, ਸ਼ਰਾਬ ਦਾ ਪਿਆਲਾ, ਮਾਸ਼ੂਕ; ਉਹ ਚੀਜ਼ ਜੋ ਲਾਸਾਨੀ ਹੋਵੇ

آفتابہ [ਆਫ਼ਤਾਬਾ : afətaba] ਪੁ: ਢੱਕਣਦਾਰ ਤੇ ਦਸਤੇ ਵਾਲ਼ਾ ਲੋਟਾ

آفتابی [ਆਫ਼ਤਾਬੀ : afətabi] ਵਿ:/ਇ: ਧੁੱਪੇ ਸੜਿਆ ਹੋਇਆ, ਗੋਲ, ਇਕ ਪ੍ਰਕਾਰ ਦੀ ਅਸਤਬਾਜ਼ੀ

آفت خیز [ਆਫ਼ਤਖ਼ੇਜ਼ : afətəxez] ਵਿ: ਆਫ਼ਤ ਲਿਆਉਣ ਵਾਲ਼ਾ, ਫ਼ਸਾਦੀ, ਦੰਗਾ ਕਰਵਾਉਣ ਵਾਲ਼ਾ

آفت رسیدہ [ਆਫ਼ਤ ਰਸੀਦਾ : afət rəsida] ਵਿ: ਦੁੱਖਾਂ ਤਕਲੀਫ਼ਾਂ ਦਾ ਮਾਰਿਆ ਹੋਇਆ, ਦੁਖਿਆਰਾ

آفریدگار [ਆਫ਼ਰੀਦਗਾਰ : afəridəgar] ਵਿ:/ਪੁ: ਪੈਦਾ ਕਰਨ ਵਾਲ਼ਾ, ਸੰਸਾਰ ਸਾਜਣ ਵਾਲ਼ਾ, ਰੱਬ

آفریدگان [ਆਫ਼ਰੀਦਗਾਨ : afəridəgan] ਵਿ: آفریدہ ਦਾ ਬਹੁਵਚਨ, ਪੈਦਾ ਕੀਤੇ ਹੋਏ, ਮਖ਼ਲੂਕ, ਮ਼ਲਕਤ

آفریدہ [ਆਫ਼ਰੀਦਾ : afərida] ਵਿ: ਪੈਦਾ ਕੀਤਾ ਹੋਇਆ, ਮਖ਼ਲੂਕ

آفرین/آفریں [ਆਫ਼ਰੀਨ/ਆਫ਼ਰੀਂ : afərin/afərī] ਇ: ਅਸ਼ਕੇ, ਬੱਲੇ, ਵਾਹ ਵਾਹ, ਸ਼ਾਬਾਸ਼, ਕੀ ਕਹਿਣਾ

آفرینش [ਆਫ਼ਰੀਨਿਸ਼ : afərinış] *ਇ:* ਪੈਦਾਇਸ਼, ਜਨਮ, ਮਖ਼ਲੂਕ, ਦੁਨੀਆਂ, ਸ੍ਰਿਸ਼ਟੀ

آفریندہ [ਆਫ਼ਰੀਨਿੰਦਾ : afərinīda] *ਵਿ:/ਪੁ:* ਪੈਦਾ ਕਰਨ ਵਾਲ਼ਾ ਭਾਵ ਅਕਾਲ ਪੁਰਖ, ਖ਼ੁਦਾ, ਰੱਬ, ਪਰਮਾਤਮਾ

آقا [ਆਕ਼ਾ : aqa] *ਪੁ:* ਮਾਲਕ, ਅਫ਼ਸਰ, ਹਾਕਮ, ਸਾਈਂ, ਜਨਾਬ, ਸ਼ੌਹਰ

آگ [ਆਗ : ag] *ਇ:* ਅਗਨੀ, ਅੱਗ, ਤਪਸ਼, ਤੇਜ਼ੀ; ਅਤਿ ਦੀ ਭੁੱਖ, ਤੇਹ, ਮਮਤਾ, ਪ੍ਰੇਮ, ਦੁੱਖ, ਬਿਪਤਾ; ਰੋਸ਼ਨੀ, ਚਮਕ-ਦਮਕ

آگاہ [ਆਗਾਹ : agah] *ਵਿ:* ਜਾਣੂ, ਵਾਕਫ਼ਕਾਰ, ਖ਼ਬਰਦਾਰ, ਹੁਸ਼ਿਆਰ

آگاہی [ਆਗਾਹੀ : agahi] *ਇ:* ਸੂਚਨਾ, ਜਾਣਕਾਰੀ, ਵਾਕਫ਼ੀਅਤ, ਖ਼ਬਰਦਾਰੀ, ਹੁਸ਼ਿਆਰੀ

آگ ببولا/آگ بگولا [ਆਗ ਬਬੋਲਾ/ਆਗ ਬਗੋਲਾ : ag bəbola/ag bəgola] *ਵਿ:* ਲਾਲ ਸੂਹਾ; ਬਹੁਤ ਹੀ ਗੁੱਸੇ ਨਾਲ਼ ਭਰਿਆ ਪੀਤਾ, ਰੋਹ ਭਰਿਆ

آگے [ਆਗੇ : age] *ਕਿਵਿ:* ਅੱਗੇ; ਸਾਮ੍ਹਣੇ, ਜਿਉਂਦੇ ਜੀ, ਦੂਜਾ, ਹੋਰ, ਫਿਰ; ਪਰੇ, ਵਿਪਰੀਤ; ਨੇੜੇ, ਉਸ ਦੇ ਪਿੱਛੇ; ਅੱਗੇ ਨੂੰ; ਬਾਅਦ, ਸ਼ੁਰੂ ਵਿਚ; ਦੁਬਾਰਾ

آل اولاد [ਆਲ ਔਲਾਦ : al ɔlad] *ਇ:* ਵੰਸ਼, ਸੰਤਾਨ, ਬੇਟਾ, ਬੇਟੀ, ਪੋਤਾ ਪੋਤੀ ਤੇ ਇਹਨਾਂ ਦੇ ਬਾਲ ਬੱਚੇ

آلو [ਆਲੂ : alu] *ਪੁ:* ਆਲੂ, ਇਕ ਪ੍ਰਸਿੱਧ, ਸਬਜ਼ੀ

آلو بخارا [ਆਲੂ ਬੁਖ਼ਾਰਾ : alu bʊxara] *ਪੁ:* ਇਕ ਪ੍ਰਕਾਰ ਦਾ ਮਿੱਠਾ ਤੇ ਖੱਟਾ ਫਲ (ਇਹ ਫਲ ਬੁਖ਼ਾਰਾ ਨਾਲ਼ ਸੰਬੰਧਿਤ ਹੈ)

آلوچہ [ਆਲੂਚਾ : aluca] *ਪੁ:* ਆਲੂ ਬੁਖ਼ਾਰੇ ਨਾਲ਼ ਮਿਲਦਾ-ਜੁਲਦਾ ਇਕ ਖੱਟਾ ਮੇਵਾ

آلودگی [ਆਲੂਦਗੀ : aludəgi] *ਇ:* ਗੰਦਗੀ, ਅਪਵਿੱਤਰਤਾ, ਦੁਨਿਆਵੀ ਸੰਬੰਧ, ਅਯੋਗ ਸੰਬੰਧ

آلودہ [ਆਲੂਦਾ : aluda] *ਵਿ:* ਲਿੱਬੜਿਆ ਹੋਇਆ, ਭਰਿਆ ਹੋਇਆ, ਅਪਵਿੱਤਰ, ਗੰਦਾ; ਫਸਿਆ ਹੋਇਆ, ਪਾਪੀ, ਗੁਨਾਹਗਾਰ

آلہ [ਆਲਾ : ala] *ਪੁ:* ਸੰਦ, ਔਜ਼ਾਰ, ਹਥਿਆਰ, ਸਾਜ਼ ਸਮਾਨ

آم [ਆਮ : am] *ਪੁ:* ਅੰਬ, ਇਕ ਵਿਸ਼ੇਸ਼ ਅਤੇ ਸਵਾਦਿਸ਼ਟ ਫਲ਼

آمادگی [ਆਮਾਦਗੀ : amadəgi] *ਇ:* ਤਿਆਰੀ, ਮਨਮਰਜ਼ੀ, ਸਹਿਮਤੀ

آمادہ [ਆਮਾਦਾ : amada] *ਵਿ:* ਤਿਆਰ, ਰਜ਼ਾਮੰਦ, ਰਾਜ਼ੀ, ਸਹਿਮਤ

آمال [ਆਮਾਲ : amal] *ਇ:* ਆਸਾਂ, ਉਡੀਕਾਂ, ਸੱਧਰਾਂ, ਰੀਝਾਂ

آمد [ਆਮਦ : amәd] *ਇ:* ਆਮਦਨੀ, ਕਮਾਈ, ਆਉਣ ਦੀ ਖ਼ਬਰ, ਸੁਝਾ; ਆਪਣੇ ਆਪ ਆਇਆ ਖਿਆਲ

آمدن/آمدنی [ਆਮਦਨ/ਆਮਦਨੀ : amdən/amdəni] *ਇ:* ਆਮਦਨੀ, ਵੱਟਕ, ਕਮਾਈ, ਲਾਭ

آمد و خرچ [ਆਮਦ-ਉ-ਖ਼ਰਚ : amәd-o-xərəc] *ਪੁ:* ਆਮਦਨੀ ਤੇ ਖ਼ਰਚਾ

آمد و رفت [ਆਮਦ-ਉ-ਰਫ਼ਤ : amәd-o-rəfət] *ਇ:* ਆਉਣਾ-ਜਾਣਾ, ਆਵਾ-ਜਾਈ; ਮੇਲ-ਮਿਲਾਪ

آمر [ਆਮਿਰ : amır] *ਪੁ:* ਬਾਦਸ਼ਾਹ, ਹਾਕਮ, ਡਿਕਟੇਟਰ

آمرانہ [ਆਮਰਾਨਾ : amərana] *ਵਿ:* ਹਾਕਮਾਨਾ, ਹਾਕਮ ਨਾਲ਼ ਸੰਬੰਧਿਤ

آمرزش [ਆਮੁਰਜ਼ਿਸ਼ : amʊrəzış] *ਇ:*

ਫ਼ਟਕਾਰਾ, ਮਾਫ਼ੀ, ਖਿਮਾ, ਬਖ਼ਸ਼ਿਸ਼

آمرزگار [ਆਮੁਰਜ਼ਗਾਰ : amurəzəgar] *ਵਿ:* ਬਖ਼ਸ਼ਣਹਾਰ, ਖਿਮਾ ਕਰਨ ਵਾਲ਼ਾ (ਭਾਵ ਰੱਬ), ਪਤਿਤ ਪਾਵਨ

آملہ [ਆਮਲਾ : amələ] *ਪੁ:* ਆਂਵਲਾ, ਔਲ਼ਾ, ਇਕ ਖੱਟਾ ਫਲ਼

آمنے سامنے [ਆਮਨੇ ਸਾਮਨੇ : amənesaməne] *ਕਿਵਿ:* ਆਹਮਣੇ-ਸਾਹਮਣੇ, ਇਕ ਦੂਜੇ ਦੇ ਸਾਹਮਣੇ, ਮੁਕਾਬਲੇ ਵਿਚ

آموختنی [ਆਮੋਖ਼ਤਨੀ : amoxətəni] *ਵਿ:* ਸਿੱਖਣ ਯੋਗ, ਸਿਖਾਉਣ ਯੋਗ

آموختہ [ਆਮੋਖ਼ਤਾ : amoxəta] *ਪੁ:* ਪੜ੍ਹਿਆ ਹੋਇਆ ਪਾਠ, ਪਿਛਲਾ ਸਬਕ

آموزش [ਆਮੋਜ਼ਿਸ਼ : amozɪṣ] *ਇ:* ਪੜ੍ਹਾਈ, ਸਿੱਖਿਆ, ਸਿਖਲਾਈ

آموزگار [ਆਮੋਜ਼ਗਾਰ : amozəgar] *ਪੁ:/ਵਿ:* ਉਸਤਾਦ, ਅਧਿਆਪਕ, ਸਿਖਾਉਣ ਵਾਲ਼ਾ, ਸਿੱਖਣ ਵਾਲ਼ਾ, ਸ਼ਾਗਿਰਦ

آمیختہ [ਆਮੇਖ਼ਤਾ : amexəta] *ਵਿ:* ਮਿਲਾਇਆ ਹੋਇਆ, ਮਿਲਾਵਟ ਵਾਲ਼ਾ

آمیزش [ਆਮੇਜ਼ਿਸ਼ : amezɪṣ] *ਇ:* ਰਲ਼ਾ, ਮਿਲਾਵਟ, ਖੋਟ, ਖਲਤ-ਮਲਤ

آمین [ਆਮੀਨ : amin] *ਇ:* ਰੱਬ ਕਰੇ ਇੰਜ ਹੋਵੇ, ਸ਼ਾਲਾ ਏਹੋ ਹੋਵੇ

آں [ਆਂ : ã] *ਪੜ:/ਵਿ:* ਉਹ (ਇਸ਼ਾਰਾ)

آن [ਆਨ : an] *ਇ:* ਸ਼ਾਨ, ਮਾਨ, ਟੌਹਰ, ਆਕੜ, ਜ਼ਿਦ, ਘਮੰਡ, ਆਬਰੂ, ਪਾਣ-ਪੱਤ, ਸ਼ਰਮ ਹਯਾ, ਰਿਵਾਜ

آنا [ਆਨਾ : ana] *ਕਿ:* ਆਉਣਾ, ਪਰਤਣਾ

آنا جانا [ਆਨਾ ਜਾਨਾ : ana jana] *ਪੁ:* ਆਉਣਾ-ਜਾਣਾ, ਮੇਲ-ਮਿਲਾਪ, ਮੇਲਜੋਲ, ਮਿਤਰਾਚਾਰੀ

آن بان [ਆਨ ਬਾਨ : an ban] *ਇ:* ਸ਼ਾਨ-ਸ਼ੌਕਤ, ਚਮਕ-ਦਮਕ, ਠਾਠ-ਬਾਠ

آندھی [ਆਂਧੀ : ãdhi] *ਇ:* ਹਨੇਰੀ, ਤੇਜ਼ ਹਵਾ ਦਾ ਵੁਛਾਨ, ਝੱਖੜ, ਗਰਦੋ-ਗ਼ੁਬਾਰ

آنسو [ਆਂਸੂ : ãsu] *ਪੁ:* ਆਂਸੂ, ਹੰਝੂ, ਅਥਰੂ

آنکھ [ਆਂਖ : ãkh] *ਇ:* ਅੱਖ, ਨੇਤਰ

آنہ [ਆਨਾ : ana] *ਪੁ:* ਆਨਾ, ਰੁਪਏ ਦਾ ਸੋਲ੍ਹਵਾਂ ਹਿੱਸਾ, ਚਾਰ ਪੈਸੇ ਦਾ ਪੁਰਾਣਾ ਸਿੱਕਾ

آوارگی [ਆਵਾਰੰਗੀ : awarəgi] *ਇ:* ਅਵਾਰਾਪਣ, ਐਵੇਂ ਭੌਂਦਿਆਂ ਫਿਰਨਾ, ਖ਼ਰਾਬੀ, ਬਦਮਾਸ਼ੀ, ਤਮਾਸ਼ਬੀਨੀ, ਗੁਮਰਾਹੀ, ਬੇਹੂਦਗੀ

آوارہ [ਆਵਾਰਾ : awara] *ਵਿ:* ਅਵਾਰਾ, ਲਫ਼ੰਗਾ, ਬਦਚਲਨ, ਨਿਕੰਮਾ, ਚੌੜ ਚਾਨਣ, ਬੇਹੂਦਾ

آوارہ گرد [ਆਵਾਰਾ ਗਰਦ : awara gərəd] *ਵਿ:* ਭਟਕਦਾ ਫਿਰਨ ਵਾਲ਼ਾ, ਲੰਡਰ, ਆਵਾਰਾ ਫਿਰਨ ਵਾਲ਼ਾ, ਬਦ-ਚਲਨ, ਦੁਰਾਚਾਰੀ

آوارہ گردی [ਆਵਾਰਾ ਗਰਦੀ : awara gərədi] *ਇ:* ਆਵਾਰਾਗਰਦੀ, ਲੰਡਰਪੁਣਾ, ਕੁਰਾਹੇ ਪੈਣ ਦੀ ਦਸ਼ਾ

آواز [ਆਵਾਜ਼ : awaz] *ਇ:* ਅਵਾਜ਼, ਸੱਦ, ਹਾਕ; ਕੂਕ, ਬਾਂਗ; ਪੁਕਾਰ; ਬੋਲ, ਰੌਲ਼ਾ, ਡੰਡ; ਖੜਾਕ; ਸੁਰ, ਬੋਲੀ; ਪੈਰਾਂ ਦੀ ਚਾਪ; ਗੂੰਜ, ਘੁਕਰ

آہ [ਆਹ : ah] *ਇ:* ਅਫ਼ਸੋਸ ਪ੍ਰਗਟ ਕਰਨ ਲਈ ਸ਼ਬਦ, ਹਾਏ ਹਾਏ, ਉਫ਼; ਸਵਾਸ, ਦਮ

آہا [ਆਹਾ : aha] *ਵਿਸ:* ਆਹਾ! ਵਾਹ ਵਾਹ! ਕੀ ਕਹਿਣੇ!

آہستگی [ਆਹਿਸਤਗੀ : ahɪsətəgi] *ਇ:* ਧੀਮਾ-ਪਨ, ਧੀਰਜ, ਨਰਮੀ, ਸਹੂਲਤ, ਸੌਖ

آہستہ [ਆਹਿਸਤਾ : ahɪsəta] *ਕਿਵਿ:* ਹੌਲੀ, ਧੀਰੇ; ਧੀਮਾ, ਨਰਮ, ਸਹਿਜ ਨਾਲ਼

آہک [ਆਹਕ : ahək] *ਪੁ:* ਚੂਨਾ, ਗਚ, ਕਲੀ,

ਸਫ਼ੇਦੀ

آہن [ਆਹਨ : ahən] *ਪੁ:* ਲੋਹਾ, ਲੋਹ, ਅਸਪਾਤ

آہنگر [ਆਹਨਗਰ : ahənəgər] *ਪੁ:* ਲੁਹਾਰ, ਲੋਹੇ ਦਾ ਕੰਮ ਕਰਨ ਵਾਲ਼ਾ ਕਾਰੀਗਰ

آہنگری [ਆਹਨਗਰੀ : ahənəgəri] *ਇ:* ਲੁਹਾਰਾ ਕੰਮ

آہنی [ਆਹਨੀ : ahəni] *ਵਿ:* ਲੋਹੇ ਦੀ, ਫ਼ੌਲਾਦ ਦੀ ਬਣੀ ਹੋਈ

آہو [ਆਹੂ : ahu] *ਪੁ:* ਹਿਰਨ, ਮਿਰਗ; ਐਬ, ਨੁਕਸ

آہو چشم [ਆਹੂ ਚਸ਼ਮ : ahu cəṣəm] *ਵਿ:* ਹਿਰਨ ਅੱਖੀ, ਸੁਨੱਖਾ; ਮੋਟੀਆਂ ਤੇ ਸੋਹਣੀਆਂ ਅੱਖਾਂ ਵਾਲ਼ਾ (ਮਾਸ਼ੂਕ)

آہوزاری [ਆਹੋਜ਼ਾਰੀ : ahozari] *ਇ:* ਚੀਕ-ਚਿਹਾੜਾ, ਰੋਣਾ-ਪਿੱਟਣਾ

آئین [ਆਈਨ : ain] *ਪੁ:* ਕਾਇਦਾ, ਕਾਨੂਨ, ਢੰਗ, ਰਸਮ-ਰਿਵਾਜ, ਵਰਤਾਰਾ; ਸੰਵਿਧਾਨ, ਨਿਯਮ, ਧਰਮ

آئندہ [ਆਯੰਦਾ : ayəda] *ਵਿ:* ਆਉਣ ਵਾਲ਼ਾ, ਅੱਗੇ ਵਾਪਰਨ ਵਾਲ਼ਾ; ਅੱਗੇ ਲਈ, ਹੁਣ ਤੋਂ ਅਗਾਂਹ, ਫੇਰ

آئینہ [ਆਈਨਾ : aina] *ਪੁ:/ਵਿ:* ਸ਼ੀਸ਼ਾ, ਆਰਸੀ, ਸ਼ੀਸ਼ੇ ਵਰਗਾ ਸਾਫ; ਗੋਡੇ ਦੀ ਚੁਣੀ, ਚੱਪਣੀ

آئینہ ساز/آئینہ گر [ਆਈਨਾਸਾਜ਼/ਆਈਨਾਗਰ : ainasaz/ainager] *ਵਿ:* ਸ਼ੀਸ਼ੇ ਬਣਾਉਣ ਵਾਲ਼ਾ

آئینہ سازی/آئینہ گری [ਆਈਨਾਸਾਜ਼ੀ / ਆਈਨਾਗਰੀ : ainasazi/ainagəri] *ਇ:* ਸ਼ੀਸ਼ੇ ਬਣਾਉਣ ਦਾ ਕੰਮ ਜਾਂ ਕਿੱਤਾ

آیا [ਆਯਾ : aya] *ਇ:* ਬੱਚਿਆਂ ਦੀ ਦੇਖ-ਭਾਲ਼ ਕਰਨ ਵਾਲ਼ੀ ਇਸਤਰੀ, ਬੱਚਿਆਂ ਨੂੰ ਦੁੱਧ ਪਿਲਾਉਣ ਵਾਲ਼ੀ ਇਸਤਰੀ

آیاگری [ਆਯਾਗਰੀ : ayagəri] *ਇ:* ਆਇਆ ਦਾ ਕਿੱਤਾ, ਦਾਈਪੁਣਾ

آیا گیا [ਆਯਾ ਗਯਾ : aya gəya] *ਵਿ:* ਆਉਣ ਜਾਣ ਵਾਲ਼ਾ, ਪਰਾਹੁਣਾ, ਭੁੱਲਿਆ ਚੁੱਕਿਆ

آیت [ਆਯੱਤ : ayyət] *ਇ:* ਨਿਸ਼ਾਨੀ, ਕੁਰਾਨ ਦਾ ਪੂਰਾ ਵਾਕ

اب [ਅਬ : əb] *ਕਿਵਿ:/ਪੁ:* ਹੁਣ, ਏਸ ਵੇਲ਼ੇ; ਬਾਪ, ਪਿਤਾ

ابا [ਅੱਬਾ : abba] *ਪੁ:* ਪਿਤਾ, ਪਿਓ, ਬਾਬਲ

ابابیل [ਅਬਾਬੀਲ : ababil] *ਇ:* ਚਿੜੀ ਵਰਗਾ ਕਾਲ਼ਾ ਜਿਹਾ ਪੰਖੇਰੂ

اُبال [ਉਬਾਲ : ubal] *ਪੁ:* ਜੋਸ਼; ਫੜਫੜਾਹਟ, ਭਬਕ; ਗ਼ੁੱਸਾ; ਖ਼ੂਨ ਵਗੈਰਾ ਦਾ ਜੋਸ਼; ਗਰਮੀ ਦਾ ਜੋਸ਼, ਹਰਾਰਤ

اُبالنا [ਉਬਾਲਨਾ : ubaləna] *ਕਿ:* ਉਬਾਲਣਾ, ਜੋਸ਼ ਦੇਣਾ, ਉਬਾਲ਼ੀ ਦੇਣੀ

اِبتدا [ਇਬਤਿਦਾ : ibətıda] *ਇ:* ਪਹਿਲ, ਅਰੰਭ, ਮੁੱਢ, ਸ਼ੁਰੂ, ਨਿਕਾਸ

اِبتدائی [ਇਬਤਿਦਾਈ : ibətıdai] *ਵਿ:* ਸ਼ੁਰੂ ਦਾ, ਪਹਿਲਾ, ਸਰਸਰੀ; ਕਦੀਮ, ਅਸਲੀ, ਮੌਲਿਕ; ਅਸੂਲੀ, ਬੁਨਿਆਦੀ

اِبتدائی تعلیم [ਇਬਤਿਦਾਈ ਤਾਅ਼ਲੀਮ : ibətıdai tə'lim] *ਇ:* ਮੁੱਢਲੀ ਸਿੱਖਿਆ

اِبتذال [ਇਬਤਿਜ਼ਾਲ : ibətızal] *ਪੁ:* ਹੋਛਾਪਣ; ਕਮੀਨਾਪਣ, ਥੇਕਦਰੀ

ابتر [ਅਬਤਰ : abətər] *ਵਿ:* ਭੈੜਾ, ਰੱਦੀ, ਖ਼ਰਾਬ; ਬਦਹਾਲ, ਲੰਡਾ-ਲੰਡੂਰਾ, ਬਦਚਲਨ, ਅਵਾਰਾ, ਔਤਰਾ

ابتری [ਅਬਤਰੀ : abtəri] *ਇ:* ਖ਼ਰਾਬੀ, ਬਰਬਾਦੀ, ਰੌਲ਼ਾ-ਗੌਲ਼ਾ, ਗੜਬੜ, ਹਫ਼ੜਾ-

7788 عشق

دढ़ी, ਭੜਥੂ

ابتسام [ਇਬਤਿਸਾਮ : ɪbətɪsam] *ਪੁ:* ਨਿੰਮ੍ਹਾ ਹਾਸਾ, ਹੋਠਾਂ ਵਿਚ ਹੱਸਣ ਦੀ ਕਿਰਿਆ, ਮੁਸਕਰਾਹਟ

ابتلا [ਇਬਤਿਲਾ : ɪbətɪla] *ਇ:* ਇਮਤਿਹਾਨ, ਅਜ਼ਮਾਇਸ਼, ਭੀੜ, ਜਾਂਚ, ਔਕੜ, ਔਖਾ ਵੇਲ਼ਾ, ਬਿਪਤਾ, ਵਖਤ

ابجد [ਅਬਜਦ : abəjəd] *ਪੁ:* ਵਰਣਮਾਲ਼ਾ ਦੇ ਅੱਖਰ ਜਿਹੜੇ ਅਰਬੀ ਵਿਚ ਅਠਾਈ, ਫ਼ਾਰਸੀ ਵਿਚ ਬੱਤੀ ਅਤੇ ਉਰਦੂ ਵਿਚ ਪੈਂਤੀ ਹਨ; ਕਿਸੇ ਵਿੱਦਿਆ ਜਾਂ ਕਲਾ ਦੀਆਂ ਮੁੱਢਲੀਆਂ ਗੱਲਾਂ

ابد [ਅਬਦ : əbəd] *ਇ:* ਹਮੇਸ਼ਗੀ, ਜਿਸ ਦੀ ਇੰਤਹਾ ਨਾ ਹੋਵੇ, ਅਨੰਤ ਦਾ ਸਮਾਂ

ابدا [ਅਬਦਨ : əbədən] *ਕਿਵਿ:* ਹਮੇਸ਼ਾ ਲਈ, ਸਦੀਵੀ, ਅਨੰਤ ਕਾਲ ਤੱਕ

ابدال [ਇਬਦਾਲ : ɪbədal] *ਪੁ:* ਅਦਲਾ-ਬਦਲੀ, ਵੱਟਾ-ਸੱਟਾ, ਹੇਰ-ਫੇਰ

ابر [ਅਬਰ : əbər] *ਪੁ:* ਬੱਦਲ, ਘਟਾ

ابرا [ਅਬਰਾ : əbərə] *ਪੁ:* ਰਜਾਈ ਦਾ ਉਤਲਾ ਕੱਪੜਾ, ਅਸਤਰ ਦਾ ਉਲਟ

ابر رحمت [ਅਬਰ-ਏ-ਰਹਮਤ : əbər-e-rəḥəmət] *ਪੁ:* ਰਹਿਮਤ ਦਾ ਮੀਂਹ, ਲੋੜ ਵੇਲ਼ੇ ਦਾ ਮੀਂਹ, ਕਾਲ਼ੀ ਘਟਾ

ابر سیاہ [ਅਬਰ-ਏ-ਸਿਯਾਹ : əbər-e-sɪyah] *ਪੁ:* ਕਾਲ਼ੀ ਘਟਾ, ਕਾਲ਼ਾ ਬੱਦਲ

ابرو [ਅਬਰੂ : əbəru] *ਇ:* ਭੌਂ, ਭਰਵੱਟੇ

ابری [ਅਬਰੀ : əbəri] *ਇ:* ਜਿਲਦਾਂ ਦੇ ਸੁਹੱਪਣ ਲਈ ਵਰਤਿਆ ਰੰਗਦਾਰ ਕਾਗਜ਼

ابریشم [ਅਬਰੇਸ਼ਮ : əbəreʂəm] *ਪੁ:* ਪਟ, ਕੱਚਾ ਰੇਸ਼ਮ

ابریق [ਇਬਰੀਕ : ɪbəriq] *ਪੁ:* ਸੁਰਾਹੀ, ਪਾਣੀ ਪੀਣ ਦਾ ਲੋਟਾ, ਚਮਕੀਲੀ ਤਲਵਾਰ

ابلاغ [ਇਬਲਾਗ਼ : ɪbəlaġ] *ਪੁ:* ਭੇਜਣ ਜਾਂ ਪੁਚਾਉਣ ਦੀ ਕਿਰਿਆ

ابلق [ਅਬਲਕ : əbələk] *ਵਿ:/ਪੁ:* ਛੱਬਖੜੱਬਾ, ਦੋਰੰਗਾ, ਕਾਲ਼ਾ ਤੇ ਚਿੱਟਾ ਘੋੜਾ, ਚਿਤਕਬਰਾ ਘੋੜਾ

ابلنا [ਉਬਲਨਾ : ubələna] *ਕਿ:* ਉਬਲ਼ਣਾ, ਜੋਸ਼ ਖਾਣਾ; ਆਪੇ ਤੋਂ ਬਾਹਰ ਹੋਣਾ

ابلہ [ਅਬਲਾ : əbələ] *ਵਿ:* ਮੂਰਖ, ਝੱਲਾ, ਬੇਵਕੂਫ਼, ਕਮਲ਼ਾ, ਅਹਿਮਕ, ਭੋਲ਼ਾ ਭਾਲ਼ਾ

ابلیس [ਇਬਲੀਸ : ɪbəlis] *ਵਿ:* ਖ਼ੁਦਾ ਦੀ ਰਹਿਮਤ ਤੋਂ ਨਿਰਾਸ਼ ਹੋਣ ਵਾਲ਼ਾ; ਸ਼ੈਤਾਨ, ਲਾਅਨਤੀ, ਪਲੀਤ, ਫ਼ਸਾਦੀ, ਝਗੜਾਲੂ, ਕਮਜ਼ਾਤ

ابن [ਇਬਨ : ɪbən] *ਪੁ:* ਪੁੱਤਰ, ਬੇਟਾ, ਜਾਇਆ

ابو [ਅਬੂ : əbu] *ਪੁ:* ਪਿਉ, ਪਿਤਾ, ਬਾਪ, ਮਾਲਿਕ

ابواب [ਅਬਵਾਬ : əbəwab] *ਪੁ:* باب ਦਾ ਬਹੁਵਚਨ; ਬੂਹੇ, ਪੁਸਤਕ ਦੇ ਭਾਗ ਜਾਂ ਖੰਡ, ਕਾਂਡ, ਚੈਪਟਰ

ابھی [ਅਭੀ : əbhi] *ਕਿਵਿ:* ਹੁਣੇ, ਇਸੇ ਵੇਲ਼ੇ

ابے [ਅਬੇ : əbe] *ਸੰਬੋ:* ਆਮ ਤੌਰ 'ਤੇ ਘਿਰਨਾ ਵਜੋਂ ਵਰਤਿਆ ਜਾਣ ਵਾਲ਼ਾ ਸੰਬੋਧਨੀ ਸ਼ਬਦ, ਓਏ

ابیات [ਅਬਯਾਤ : əbəyat] *ਪੁ:* ਬੈਤ, ਬਹੁਤ ਸਾਰੇ ਸ਼ਿਅਰ

ابیض [ਅਬੈਜ਼ : əbɛz] *ਵਿ:* ਬੱਗਾ, ਚਿੱਟਾ, ਉਜਲਾ

اپاہج [ਅਪਾਹਜ : əpahəj] *ਵਿ:* ਅਪਾਹਜ, ਲੂਲ੍ਹਾ, ਲੰਗੜਾ, ਨਕਾਰਾ

اپنا [ਅਪਨਾ : əpənə] *ਵਿ:* ਆਪਣਾ, ਨਿੱਜੀ, ਜ਼ਾਤੀ, ਸਾਡਾ, ਰਿਸ਼ਤੇ ਦਾ

اپنانا [ਅਪਨਾਨਾ : əpənana] *ਕਿ:* ਅਪਣਾਉਣਾ, ਆਪਣਾ ਬਣਾ ਲੈਣਾ, ਆਪਣੀ ਮਲਕੀਅਤ ਬਣਾ ਲੈਣਾ, ਆਪਣੇ ਵੱਲ ਕਰ ਲੈਣਾ

اپنے آپ [ਅਪਨੇ ਆਪ : əpənə ap] *ਕਿਵਿ:* ਆਪਣੇ-ਆਪ, ਖ਼ੁਦ-ਬਖ਼ੁਦ

اُتار چڑھاؤ [ਉਤਾਰ ਚੜ੍ਹਾਉ : utar cəṛhao] *ਪੁ:* ਉਤਾਰ-ਚੜ੍ਹਾ, ਉੱਚ-ਨੀਚ, ਵਾਧਾ-ਘਾਟਾ; ਜਵਾਰ ਭਾਟਾ

اُتارنا [ਉਤਾਰਨਾ : utarəna] *ਕਿ:* ਲਾਹੁਣਾ (ਉੱਚੀ ਥਾਂ ਤੋਂ ਨੀਵੀਂ ਥਾਂ), (ਨਦੀ ਪਾਰ) ਲੈ ਜਾਣਾ; (ਸਰੀਰ ਤੋਂ ਕੱਪੜੇ) ਲਾਹੁਣਾ; ਵਾਰਨਾ

اتالیق [ਅਤਾਲੀਕ : ətaliq] *ਪੁ:* ਪੜ੍ਹਾਉਣ/ਸਿਖਾਉਣ ਵਾਲ਼ਾ, ਘਰ ਪੜ੍ਹਾਉਣ ਵਾਲ਼ਾ ਅਧਿਆਪਕ, ਉਸਤਾਦ, ਨਿਗਰਾਨ

اتحاد [ਇੱਤਹ਼ਾਦ : ittəḥad] *ਪੁ:* ਇਤਫ਼ਾਕ, ਇਕ ਹੋਣ ਦਾ ਭਾਵ, ਏਕਾ, ਸਾਂਝ-ਸਲੂਕ, ਮੇਲ-ਮਿਲਾਪ, ਮਿੱਤਰਤਾ

اتحادی [ਇੱਤਹ਼ਾਦੀ : ittəḥadi] *ਵਿ:/ਪੁ:* ਮੇਲ ਨਾਲ਼ ਸੰਬੰਧਿਤ, ਮਿੱਤਰ, ਦੋਸਤ; ਆਪਸੀ ਇਕਰਾਰ ਨਾਲ਼ ਬੱਝਾ ਹੋਇਆ

اتحاف [ਇੱਤਹ਼ਾਫ਼ : ittəḥaf] *ਪੁ:* ਸੁਗਾਤ ਜਾਂ ਤੋਹਫ਼ਾ

اُترائی [ਉਤਰਾਈ : utərai] *ਇ:* ਨਦੀ ਪਾਰ ਕਰਨ 'ਤੇ ਮਸੂਲ; ਪਹਾੜ ਤੋਂ ਉੱਤਰਨ ਦਾ ਕਿਰਾਇਆ ਜਾਂ ਕਾਰਜ; ਬਦਲਾ, ਨਿਵਾਣ, ਢੁੱਘਾਈ

اُترنا [ਉਤਰਨਾ : utərəna] *ਕਿ:* ਉੱਤਰਨਾ, ਲਹਿਣਾ, ਘਟ ਜਾਣਾ, ਲਿੱਸਾ ਹੋਣਾ, (ਰੰਗ) ਫਿੱਕਾ ਪੈ ਜਾਣਾ, ਢਲਣਾ

اتصال [ਇੱਤਸਾਲ : ittəsal] *ਪੁ:* ਇਕ ਦੂਜੇ ਨਾਲ਼ ਮਿਲ਼ਿਆ ਹੋਣ ਦਾ ਭਾਵ, ਗੰਢ-ਜੋੜ, ਜੁੱਟ, ਇੱਕਠ

اتفاق [ਇੱਤਫ਼ਾਕ़ : ittəfaq] *ਪੁ:* ਏਕਤਾ, ਆਪਸ ਵਿਚ ਮੇਲ਼-ਜੋਲ, ਇਕ-ਇਕ ਹੋਣ ਦਾ ਭਾਵ, ਸੁਲਾਹ, ਸਾਂਝ; ਕਿਸੇ ਕੰਮ ਦੇ ਆਪ-ਮੁਹਾਰੇ ਹੋ ਜਾਣ ਦਾ ਭਾਵ

اتفاقاً [ਇੱਤਫ਼ਾਕ़ਨ : ittəfaqən] *ਕਿਵਿ:* ਰੱਬ ਸਬੱਬੀਂ, ਸੰਜੋਗ ਵੱਸ, ਅਚਾਨਕ, ਅਚਨਚੇਤ

اتفاقی [ਇੱਤਿਫ਼ਾਕ़ੀ : ittifaqi] *ਵਿ:* ਇਕ ਦਮ, ਅਚਾਨਕ, (ਉਹ ਗੱਲ ਜਾਂ ਘਟਨਾ) ਜੋ ਅਚਨਚੇਤੀ ਵਾਪਰ ਜਾਵੇ

اتفاقیہ [ਇੱਤਿਫ਼ਾਕ़ੀਆ : ittifaqia] *ਕਿਵਿ:* ਅਚਨਚੇਤੀ, ਅਚਾਨਕ

اتلاف [ਇੱਤਲਾਫ਼ : ittəlaf] *ਪੁ:* ਨਾਸ ਕਰਨ ਦਾ ਕਾਰਜ, ਬਰਬਾਦੀ, ਵਗਾੜ

اتم [ਅਤਮ : ətəm] *ਵਿ:* ਬਿਲਕੁਲ ਪੂਰਾ, ਰੱਜਵਾਂ, ਚੰਗਾ, ਚੋਣਵਾਂ, ਬਹੁਤ ਕਮਾਲ

اتمام [ਇੱਤਮਾਮ : ittəmam] *ਪੁ:* ਪੂਰਨਤਾ, ਤੋੜ ਅਪੜਾਉਣ ਦੀ ਕਿਰਿਆ, ਸਮਾਪਤੀ

اتنا [ਇਤਨਾ : itəna] *ਕਿਵਿ:* ਇੰਨਾ, ਇਸ ਜਿੰਨਾ

اُتنا [ਉਤਨਾ : utəna] *ਕਿਵਿ:* ਉੱਨਾ, ਉਸ ਜਿੰਨਾ

اتہام [ਇੱਤਹਾਮ : ittəham] *ਪੁ:* ਤੋਹਮਤ, ਦੋਸ਼, ਊਜ, ਇਲਜ਼ਾਮ, ਸ਼ੱਕ-ਸ਼ੁਬਹ

اٹاٹوٹ [ਅਟਾਟੂਟ : əṭaṭuṭ] *ਵਿ:* ਬਿਲਕੁਲ, ਇਕਦਮ, ਪੂਰੇ ਦਾ ਪੂਰਾ

اٹک [ਅਟਕ : əṭək] *ਇ:* ਅਟਕਾ, ਰੋਕ, ਝਿਜਕ

اٹکانا [ਅਟਕਾਨਾ : əṭəkana] *ਕਿ:* ਅਟਕਾਉਣਾ, ਰੋਕਣਾ, ਝਗੜਾ ਪਾਉਣਾ, ਉਲ਼ਝਾਉਣਾ

اٹکنا [ਅਟਕਨਾ : əṭəkəna] *ਕਿ:* ਰੁਕਣਾ, ਠਹਿਰਨਾ; ਫਸਣਾ, ਦਿਲ ਲੱਗਣਾ

اٹوٹ [ਅਟੂਟ : əṭuṭ] *ਵਿ:* ਅਤੁੱਟ, ਨਾ ਟੁੱਟਣ ਵਾਲ਼ਾ, ਮਜ਼ਬੂਤ, ਪੱਕਾ; ਲਗਾਤਾਰ, ਨਿਰੰਤਰ

اُٹھانا [ਉਠਾਨਾ : uṭhana] *ਕਿ:* ਉਠਾਉਣਾ, ਉੱਚਾ ਕਰਨਾ; ਸਾਫ਼ ਕਰਨਾ; ਬਾਹਰ ਕਰ ਦੇਣਾ; ਜਾਨ ਲੈ ਲੈਣਾ; ਬਣਾਉਣਾ, ਉਸਾਰੀ ਕਰਨਾ; ਛੱਡ ਦੇਣਾ, ਤੋੜ ਦੇਣਾ; ਜਗਾਉਣਾ; ਖ਼ਰਚ ਕਰਨਾ; ਸੰਭਾਲਣਾ; ਕੱਢਣਾ, ਕਾਇਮ ਕਰਨਾ; ਪ੍ਰਾਪਤ ਕਰਨਾ, ਅੱਗੇ ਪਾਉਣਾ; ਬਰਦਾਸ਼ਤ ਕਰਨਾ; ਸਹਿਣਾ; ਛੱਡ ਦੇਣਾ, ਬਾਕੀ ਰੱਖਣਾ; ਫੈਲਾਉਣਾ; ਉਤਾਰਨਾ; ਖਿੱਚਣਾ, ਦੂਰ ਕਰਨਾ; ਉਭਾਰਨਾ, ਬੰਦ ਕਰਨਾ; ਲੈ ਲੈਣਾ; ਪਕੜਨਾ; ਚੁਰਾਉਣਾ; ਦਹੁਰਾਉਣਾ

اُٹھنا [ਉਠਨਾ : uṭhana] *ਕਿ:* ਉੱਠਣਾ, ਖੜ੍ਹਾ ਹੋਣਾ, ਉੱਚਾ ਹੋਣਾ, ਉੱਭਰਨਾ; ਜਾਗਣਾ; ਚੱਲਣਾ, ਨਿਕਲਣਾ; (ਦੁਕਾਨ ਜਾਂ ਮਕਾਨ) ਛੱਡਣਾ; ਖ਼ਾਲੀ ਕਰਨਾ; ਸ਼ੁਰੂ ਕਰਨਾ, ਪ੍ਰਾਪਤ ਹੋਣਾ; ਖ਼ਰਚ ਹੋਣਾ, ਪੜ੍ਹਿਆ ਜਾਣਾ, ਨਿਪੁੰਨ ਹੋਣਾ; (ਅਚਾਰ ਦਾ) ਖਟਾਸ 'ਤੇ ਆਉਣਾ; ਮਰਨਾ; ਸਵਾਰ ਹੋਣਾ; ਪੂਰਾ ਹੋਣਾ; ਤਿਆਰ ਹੋਣਾ, ਕੰਮ ਸਮੇਟਣਾ

اٹھنی [ਅਠੱਨੀ : aṭhanni] *ਇ:* ਅਠਿਆਨੀ, ਅੱਠ ਆਨਿਆਂ ਦਾ ਸਿੱਕਾ; ਅੱਧਾ ਰੁਪਿਆ

اِثبات [ਇਸਬਾਤ : isbat] *ਪੁ:* ਸਬੂਤ, ਪੱਕ, ਪਕਿਆਈ, ਗਵਾਹੀ, ਹਾਂ; ਰੱਬ ਦੀ ਹੋਂਦ

اَثر [ਅਸਰ : asar] *ਪੁ:* ਅਸਰ, ਨਿਸ਼ਾਨ, ਜ਼ਖ਼ਮ ਦਾ ਦਾਗ਼, ਤਾਸੀਰ, ਖੰਭਰ, ਖੋਜ, ਫਾਇਦਾ

اثردار [ਅਸਰਦਾਰ : asardar] *ਵਿ:* ਅਸਰ ਕਰਨ ਵਾਲ਼ਾ, ਪ੍ਰਭਾਵਿਤ ਕਰਨ ਵਾਲ਼ਾ

اثر و رسوخ [ਅਸਰ-ਉ-ਰਸੂਖ : asar-o-rasux] *ਪੁ:* ਅਸਰ-ਰਸੂਖ, ਮੇਲ-ਜੋਲ, ਦੋਸਤੀ, ਪਹੁੰਚ

اَثقال [ਅਸਕਾਲ : asqal] *ਪੁ:* ਭਾਰ, ਬੋਝ

اِثم [ਇਸਮ : isam] *ਪੁ:* ਕਸੂਰ, ਗੁਨਾਹ, ਭੈੜ, ਘਾਟ, ਪਾਪ

اَثمار [ਅਸਮਾਰ : asamar] *ਪੁ:* ਫਲ਼, ਮੇਵੇ

اَثیم [ਅਸੀਮ : asim] *ਵਿ:* ਗੁਨਾਹਗਾਰ, ਪਾਪੀ, ਮੁਜਰਮ, ਕਸੂਰਵਾਰ, ਭੈੜਾ

اِجابت [ਇਜਾਬਤ : ijabat] *ਇ:* ਦੁਆ ਦਾ ਕਬੂਲ ਹੋਣਾ; ਟੱਟੀ ਪਿਸ਼ਾਬ

اِجارہ [ਇਜਾਰਾ : ijara] *ਪੁ:* ਕਾਬੂ, ਇਖ਼ਤਿਆਰ, ਠੇਕਾ, ਕਿਰਾਇਆ, ਮਸੂਲ

اجارہ دار [ਇਜਾਰਾਦਾਰ : ijaradar] *ਪੁ:* ਠੇਕੇਦਾਰ, ਦਾਵੇਦਾਰ, ਹਾਕਮ, ਮਾਲਕ

اِجارہ داری [ਇਜਾਰਾਦਾਰੀ : ijaradari] *ਇ:* ਠੇਕੇਦਾਰੀ, ਸੰਪੂਰਨ ਕਬਜ਼ਾ; ਕਿਸੇ ਵਪਾਰ ਵਿਚ ਬਿਨਾ ਸ਼ਰਕਤ ਦੇ ਕਬਜ਼ਾ

اُجاڑ [ਉਜਾੜ : ujaṛ] *ਪੁ:* ਉਜਾੜ, ਖ਼ਰਾਬ, ਬਰਬਾਦ; ਸੁੰਨ, ਬੀਆਬਾਨ

اُجاڑنا [ਉਜਾੜਨਾ : ujaṛana] *ਕਿ:* ਉਜਾੜਨਾ, ਵੀਰਾਨ ਕਰਨਾ, ਬਰਬਾਦ ਕਰਨਾ, ਮਲੀਆ ਮੇਟ ਕਰਨਾ, ਇੱਟ ਨਾਲ਼ ਇੱਟ ਵਜਾ ਦੇਣਾ, ਉਖਾੜਨਾ, ਨਾਸ ਮਾਰ ਦੇਣਾ

اِجازت [ਇਜਾਜ਼ਤ : ijazat] *ਇ:* ਇਜਾਜ਼ਤ, ਖੁਲ੍ਹ, ਪਰਵਾਨਗੀ, ਮਰਜ਼ੀ, ਆਗਿਆ

اِجبار [ਇਜਬਾਰ : ijbar] *ਪੁ:* جبر ਦਾ ਬਹੁਵਚਨ, ਜਬਰ, ਜ਼ੋਰ-ਜਬਰੀ, ਧੱਕਾ, ਜ਼ਬਰ-ਦਸਤੀ, ਮਜ਼ਬੂਰੀ

اِجتماع [ਇਜਤਿਮਾਅ : ijtima'e] *ਪੁ:* ਇਕੱਠ, ਮੇਲਾ, ਜਮਾਤ; ਚੰਨ ਸੂਰਜ ਦਾ ਇਕ ਬੁਰਜ ਵਿਚ ਹੋਣਾ, ਇਕੱਠਿਆਂ ਹੋਣਾ

اجتماعی [ਇਜਤਿਮਾਈ : ijtima'i] *ਵਿ:* ਪੂਰਨ ਰੂਪ ਵਿਚ, ਸਮੁਚੇ ਤੌਰ 'ਤੇ

اجتماعیت [ਇਜਤਿਮਾਈਯਤ : ijtima'iyat] *ਇ:* ਇਕ ਥਾਂ ਇਕੱਤਰ ਹੋਣਾ, ਇਕ ਦ੍ਰਿਸ਼ਟੀਕੋਣ ਜਿਸ ਅਨੁਸਾਰ ਮਲਕੀਅਤ ਇਕ ਆਦਮੀ ਦੀ ਨਹੀਂ ਸਗੋਂ ਸਮੂਹ ਦੀ ਹੋਵੇ

اِجتناب [ਇਜਤਨਾਬ : ijtanab] *ਪੁ:* ਰੱਖ,

ਪਰਹੇਜ਼, ਇਕਾਂਤ ਵਾਸ, ਅਲਹਿਦਗੀ

أجداد [ਅਜਦਾਦ : əjədad] ਪੁ: ਦਾਦੇ-ਪੜਦਾਦੇ, ਵੱਡੇ-ਵਡੇਰੇ

أجر [ਅਜਰ : əjər] ਪੁ: ਬਦਲ, ਬਦਲਾ, ਇਨਾਮ, ਵੱਟਾ, ਫਲ਼ (ਨੇਕ ਕੰਮ ਦਾ), ਮਜ਼ਦੂਰੀ

إجرا [ਇਜਰਾ : ɪjəra] ਪੁ: ਜਾਰੀ ਕਰਨ ਜਾਂ ਹੁਕਮ ਦੇਣ ਦਾ ਭਾਵ, ਹੁਕਮ ਦੀ ਪਾਲਣਾ, ਨਿਕਾਸ; ਨਿਭਾ

أجرام [ਅਜਰਾਮ : əjəram] ਪੁ: جرم ਦਾ ਬਹੁ-ਵਚਨ, ਜਿਸਮ, ਸਰੀਰ, ਅਸਮਾਨੀ ਜਿਸਮ (ਸਿਤਾਰੇ ਆਦਿ), ਕੀਮਤੀ ਪੱਥਰ

أجرت [ਉਜਰਤ : ujərət] ਇ: ਮਜ਼ਦੂਰੀ, ਕਾਰ-ਕਮਾਈ, ਮਿਹਨਤ ਦਾ ਮੁੱਲ, ਭਾੜਾ, ਦਿਹਾੜੀ

أجڑنا [ਉਜੜਨਾ : ujəṛəna] ਕਿ: ਉੱਜੜ ਜਾਣਾ, ਬਰਬਾਦ ਹੋਣਾ, ਤਬਾਹ ਹੋਣਾ

اجساد/اجسام [ਅਜਸਾਦ/ਅਜਸਾਮ : əjəsad/əjəsam] ਪੁ: جسم ਦਾ ਬਹੁਵਚਨ, ਤਨ, ਅੰਗ, ਬੁੱਤ, ਪਤਲੇ ਸਰੀਰ

اجل [ਅਜਲ : əjəl] ਇ: ਮੌਤ, ਮਿਥਿਆ ਵੇਲ਼ਾ, ਤਕਦੀਰ

اجّل [ਅੱਜਲ : əjəll] ਵਿ: ਵੱਡੀ ਹਸਤੀ ਵਾਲ਼ਾ, ਬਜ਼ੁਰਗ, ਮੰਨਿਆ-ਪਰਮੰਨਿਆ, ਉੱਚੀ ਸ਼ਾਨ ਦਾ ਮਾਲਕ

أجلا [ਉਜਲਾ : ujla] ਵਿ: ਸਾਫ਼-ਸੁਥਰਾ, ਸਵੱਛ, ਚਮਕੀਲਾ, ਨਿੱਖਰਿਆ ਹੋਇਆ

إجلاس [ਇਜਲਾਸ : ɪjəlas] ਪੁ: ਇਕੱਠ, ਬੈਠਕ, ਇਕੱਤਰਤਾ, ਮੇਲਾ, ਕਚਹਿਰੀ, ਦਰਬਾਰ

إجلال [ਇਜਲਾਲ : ɪjəlal] ਪੁ: ਟਹੁਰ, ਸ਼ਾਨ, ਵਡਿਆਈ, ਬਜ਼ੁਰਗੀ

إجماع [ਇਜਮਾਅ : ɪjəma'ə] ਪੁ: ਕਿਸੇ ਗੱਲ ਤੇ ਹੋਈ ਇਕ-ਰਾਇ, ਇੱਕਠਿਆ ਹੋਣ ਜਾਂ ਰਲ਼ ਬਹਿਣ ਦਾ ਭਾਵ, ਏਕਾ

إجمال [ਇਜਮਾਲ : ɪjəmal] ਪੁ: ਸੌ ਗੱਲ ਦੀ ਇਕ ਗੱਲ, ਗੱਲ ਦਾ ਨਿਚੋੜ, ਸੰਖੇਪ

إجمالی [ਇਜਮਾਲੀ : ɪjəmali] ਵਿ: ਸੰਖੇਪ, ਸਰਸਰੀ ਜਿਹੀ (ਨਜ਼ਰ); ਗੋਲ

اجمل [ਅਜਮਲ : əjəməl] ਵਿ: ਖ਼ੂਬਸੂਰਤ, ਮਨਮੋਹਣਾ, ਬਹੁਤ ਸੋਹਣਾ, ਹਸੀਨ

اجناس [ਅਜਨਾਸ : əjənas] ਇ: ਜਿਨਸਾਂ, ਚੀਜ਼ਾਂ, ਕਿਸਮਾਂ; ਅੰਨ, ਅਨਾਜ

اجنبی [ਅਜਨਬੀ : əjənəbi] ਵਿ: ਅਜਨਬੀ, ਓਪਰਾ, ਬੇਗਾਨਾ, ਪਰਦੇਸੀ, ਰਾਹੀ, ਅਣਜਾਣ

اجنبیّت [ਅਜਨਬੀਯਤ : əjənəbiyət] ਇ: ਓਪਰਾਪਣ, ਬਿਗਾਨਗੀ, ਨਾਵਾਕਫ਼ੀ, ਅਣ-ਜਾਣਪੁਣਾ

اچکن [ਅਚਕਨ : əcəkən] ਇ: ਸ਼ੇਰਵਾਨੀ, ਕੋਟ ਦੀ ਸ਼ਕਲ ਦਾ ਇਕ ਕਿਸਮ ਦਾ ਮਰਦਾਨਾ ਪਹਿਰਾਵਾ

اچُوک [ਅਚੂਕ : əcuk] ਵਿ: ਅਚੁੱਕ, ਜੋ ਖ਼ਾਲੀ ਨਾ ਜਾਵੇ, ਜੋ ਠੀਕ ਨਿਸ਼ਾਨੇ 'ਤੇ ਬੈਠੇ, ਜੋ ਠੀਕ ਨਤੀਜਾ ਦੇਵੇ

اچھا [ਅਛਾ : əcha] ਵਿ: ਚੰਗਾ, ਬਿਹਤਰ, ਠੀਕ; ਅਰੋਗ; ਬਹੁਤ ਖ਼ੂਬ; ਨੇਕ, ਯੋਗ; ਲਾਹੇਵੰਦ

اچھا بُرا [ਅਛਾ ਬੁਰਾ : acha bura] ਵਿ: ਬੁਰਾ ਭਲਾ, ਚੰਗਾ ਮੰਦਾ; ਮਾਮੂਲੀ, ਤੁੱਛ, ਜਿਵੇਂ ਵੀ ਹੋ ਸਕਿਆ

اُچھالنا [ਉਛਾਲਨਾ : uchaləna] ਕਿ: ਉਛਾਲਣਾ, ਉੱਚਾ ਸੁੱਟਣਾ

اچھائی [ਅੱਛਾਈ : əchai] ਇ: ਚੰਗਿਆਈ, ਨੇਕੀ, ਭਲਾਈ

أحاديث [ਅਹ਼ਾਦੀਸ : ə'ḥadis] ਇ: حديث ਦਾ ਬਹੁਵਚਨ, ਹਦੀਸਾਂ; ਹਜ਼ਰਤ ਮੁਹੰਮਦ ਸਾਹਿਬ ਦੇ ਫ਼ਰਮਾਨ ਤੇ ਉਹਨਾਂ ਦੀ ਕਰਨੀ ਬਾਰੇ ਗੱਲਾਂ ਜਿਹੜੀਆਂ ਉਹਨਾਂ ਦੇ ਸਹਾਬੀਆਂ

ਕੋਲੋਂ ਇੱਕਠੀਆਂ ਕੀਤੀਆਂ ਗਈਆਂ

احاطہ [ਇਹ਼ਾੜਾ : ɪḥa'ta] *ਪੁ:* ਚੁਗਿਰਦਾ, ਘੇਰਾ, ਵਲਗਣ

اَحِبّا [ਅਹਿੱਬਾ : aḥɪbba] *ਪੁ:* ਬੇਲੀ, ਮੇਲੀ, ਯਾਰ ਦੋਸਤ, ਮਿੱਤਰ, ਸੰਗੀ ਸਾਥੀ, ਜਾਣੂ ਲੋਕ, ਪਿਆਰੇ

احباب [ਅਹ਼ਬਾਬ : əḥəbab] *ਪੁ:* ਮਿੱਤਰ ਪਿਆਰੇ, ਯਾਰ-ਦੋਸਤ, ਗੂੜ੍ਹੇ ਬੇਲੀ, ਰਲ ਬਹਿਣ ਵਾਲ਼ੇ

اِحْتِباس [ਇਹ਼ਤਿਬਾਸ : ɪḥətɪbas] *ਪੁ:* ਡੱਕਾ, ਰੋਕ, ਅੜਾ

اِحْتِجاج [ਇਹ਼ਤਿਜਾਜ : ɪḥətɪjaj] *ਪੁ:* ਕਿਸੇ ਗੱਲ ਦੇ ਵਿਰੁਧ ਪੱਕਾ ਇਤਰਾਜ਼, ਰੋਸਾ, ਹੁੱਜਤ, ਇਨਕਾਰ

اِحْتِراز [ਇਹ਼ਤਿਰਾਜ਼ : ɪḥətɪraz] *ਪੁ:* ਪਰਹੇਜ਼, ਕੰਨੀ ਕਤਰਾਉਣੀ, ਅਲੱਗ ਹੋ ਜਾਣ ਦੀ ਕਿਰਿਆ, ਬਚਾ, ਰੱਖ, ਆਪਣੇ ਆਪ ਦਾ ਬਚਾ

اِحْتِراق [ਇਹ਼ਤਿਰਾਕ : ɪḥətɪraq] *ਪੁ:* ਸਾੜਨ ਜਾਂ ਫੂਕਣ ਦਾ ਕਾਰਜ, ਜਲਨ, ਸੋਜ਼ਸ਼

اِحْترام [ਇਹ਼ਤਿਰਾਮ : ɪḥətɪram] *ਪੁ:* ਇੱਜ਼ਤ, ਆਦਰ, ਵਡਿਆਈ, ਜੀ ਆਇਆਂ ਨੂੰ, ਆਉ-ਭਗਤ

اِحْتِساب [ਇਹ਼ਤਿਸਾਬ : ɪḥətɪsab] *ਪੁ:* ਪਰਖ ਪੜਤਾਲ, ਗਿਣਤੀ, ਅਜ਼ਮਾਇਸ਼, ਨਿਗਰਾਨੀ

اِحْتِشام [ਇਹ਼ਤਿਸ਼ਾਮ : ɪḥətɪṣam] *ਪੁ:* ਠਾਠ, ਧੂਮ-ਧਾਮ, ਰੋਅਬ-ਦਾਬ, ਵਡਿਆਈ, ਸ਼ਾਨ-ਸ਼ੌਕਤ

اِحْتِمال [ਇਹ਼ਤਿਮਾਲ : ɪḥətɪmal] *ਪੁ:* ਗੁਮਾਨ, ਸ਼ੱਕ, ਵਹਿਮ, ਫ਼ਿਕਰ, ਧੁੜਕੂ

اِحْتِياج [ਇਹ਼ਤਿਯਾਜ : ɪḥətɪyaj] *ਇ:* ਲੋੜ, ਜ਼ਰੂਰਤ, ਚਾਹਨਾ, ਖ਼ਾਹਿਸ਼

اِحْتِياط [ਇਹ਼ਤਿਯਾਤ : ɪḥətɪyat] *ਇ:* ਪਰਹੇਜ਼, ਸੰਭਾਲ; ਜਤਨ, ਬਚਾ, ਚੌਕਸੀ, ਹੁਸ਼ਿਆਰੀ, ਦੂਰ ਅੰਦੇਸ਼ੀ

اِحْتِياطاً [ਇਹ਼ਤਿਯਾਤਨ : ɪḥətɪyatən] *ਕਿਵਿ:* ਬਚਾ ਕਰਕੇ, ਹੁਸ਼ਿਆਰੀ ਨਾਲ਼, ਖ਼ਬਰਦਾਰੀ ਨਾਲ਼, ਦੂਰ ਅੰਦੇਸ਼ੀ ਨਾਲ਼

اَحَد [ਅਹ਼ਦ : əḥəd] *ਵਿ:* ਇਕ, ਇਕੱਲਾ; ਅਲ੍ਹਾ ਦਾ ਇਕ ਸਿਫ਼ਾਤੀ ਨਾਂ

اِحْرام [ਇਹ਼ਰਾਮ : ɪḥəram] *ਪੁ:* ਹੱਜ ਸਮੇਂ ਹਾਜੀਆਂ ਵੱਲੋਂ ਖ਼ਾਸ ਸਥਾਨ ਤੋਂ ਜਾਇਜ਼ ਨੇਕ ਕੰਮਾਂ ਨੂੰ ਧਾਰਨ ਕਰਨ ਦੀ ਕਿਰਿਆ ਅਤੇ ਬਦਨ ਤੇ ਅਣਸੀਤਾ ਕੱਪੜਾ ਲਪੇਟਨ ਦਾ ਕਾਰਜ

اَحْزاب [ਅਹ਼ਜ਼ਾਬ : əḥəzab] *ਪੁ:* ਫ਼ੌਜਾਂ, ਟੋਲੇ, ਜੱਥੇ, ਧਿਰ

اِحساس [ਇਹ਼ਸਾਸ : ɪḥəsas] *ਪੁ:* ਇਹਸਾਸ, ਪੰਜਾਂ ਇੰਦਰੀਆਂ ਨਾਲ਼ ਕੁੱਝ ਮਹਿਸੂਸ ਕਰਨ ਦਾ ਭਾਵ

اِحسان [ਇਹ਼ਸਾਨ : ɪḥəsan] *ਪੁ:* ਨੇਕੀ, ਮਿਹਰਬਾਨੀ, ਭਲਿਆਈ, ਚੰਗਾ ਸਲੂਕ

اِحسان فراموش [ਇਹ਼ਸਾਨ ਫ਼ਰਾਮੋਸ਼ : ɪḥəsan fərамoṣ] *ਵਿ:* ਨਾ-ਸ਼ੁਕਰਾ, ਅਕ੍ਰਿਤਘਣ, ਅਹਿਸਾਨ ਨੂੰ ਭੁਲਾ ਦੇਣ ਵਾਲ਼ਾ

اِحسان فراموشی [ਇਹ਼ਸਾਨ ਫ਼ਰਾਮੋਸ਼ੀ : ɪḥəsan fərамoṣi] *ਇ:* ਅਕ੍ਰਿਤਘਣਤਾ, ਨਾਸ਼ੁਕਰਾ-ਪਨ

اِحسان مند [ਇਹ਼ਸਾਨਮੰਦ : əḥəsanmənd] *ਵਿ:* ਸ਼ੁਕਰਗੁਜ਼ਾਰ, ਇਹਸਾਨ ਮੰਨਣ ਵਾਲ਼ਾ, ਰਿਣੀ

اِحسان مندی [ਇਹ਼ਸਾਨਮੰਦੀ : ɪḥəsanmənd̪i] *ਇ:* ਕ੍ਰਿਤਘਣਤਾ, ਸ਼ੁਕਰਗੁਜ਼ਾਰ ਹੋਣ ਦੀ ਕਿਰਿਆ

احسن [ਅਹ਼ਸਨ : əḥəsən] *ਵਿ:* ਬੜਾ ਨੇਕ, ਬੜਾ ਚੰਗਾ, ਬੜਾ ਸੋਹਣਾ, ਸਰਵਸ੍ਰੇਸ਼ਟ

اَحقر [ਅਹ਼ਕ਼ਰ : əḥəkər] *ਵਿ:* ਨਿਮਰ ਭਾਵਨਾ ਵਾਲ਼ਾ, ਆਪਣੇ ਆਪ ਨੂੰ ਨੀਵਾਂ ਦੱਸਣ ਵਾਲ਼ਾ, ਨਾਚੀਜ਼, ਨਿਗੂਣਾ

احکام [ਅਹ਼ਕਾਮ : əḥəkam] *ਪੁ:* حکم ਦਾ ਬਹੁ-ਵਚਨ, ਫ਼ੁਰਮਾਨ, ਹੁਕਮਨਾਮੇ, ਆਦੇਸ਼, ਨਿਰਣੇ

اَحکامِ شرعی [ਅਹ਼ਕਾਮ-ਏ-ਸ਼ਰਈ : əḥəkam-e-ṣərə'i] *ਪੁ:* ਸ਼ਰੀਅਤ ਦੇ ਹੁਕਮ, ਫ਼ੁਰਮਾਨ

اَحمر [ਅਹ਼ਮਰ : əḥəmər] *ਵਿ:* ਗੂੜ੍ਹਾ ਲਾਲ, ਸੂਹਾ, ਰੱਤਾ

اَحمق [ਅਹ਼ਮਕ਼ : əḥəmәq] *ਵਿ:* ਅਹਿਮਕ, ਜਿਸ ਨੂੰ ਆਪਣੇ ਭਲੇ-ਬੁਰੇ ਦੀ ਪਹਿਚਾਣ ਨਾ ਹੋਵੇ, ਕੁਮੱਤਾ, ਝੱਲਾ, ਮੂਰਖ, ਸਿੱਧੜ, ਨਾਦਾਨ, ਊਤ, ਝੁੱਡੂ

احوال [ਅਹ਼ਵਾਲ : əḥəwal] *ਪੁ:* ਹਾਲ-ਚਾਲ, ਬਿਆਨ, ਹਾਲਾਤ, ਖ਼ਬਰਾਂ, ਜਾਣ-ਪਛਾਣ

اَحیا [ਅਹ਼ਯਾ : əḥəya] *ਪੁ:* ਜਿਉਂਦੇ ਲੋਕ, ਕਬੀਲੇ, ਖ਼ਾਨਦਾਨ

اَخ [ਅਖ਼ : ax] *ਇ:* ਖੰਘਾਰ ਕੱਢਣ ਦੀ ਅਵਾਜ਼; ਕਰੀਚ, ਨਫ਼ਰਤ

اخبار [ਅਖ਼ਬਾਰ : əxəbar] *ਪੁ:* ਅਖ਼ਬਾਰ, ਪੱਤਰਕਾ, ਖ਼ਬਰਾਂ, ਸਮਾਚਾਰ ਪੱਤਰ

اخبارنویس [ਅਖ਼ਬਾਰ ਨਵੀਸ : əxəbar nəwis] *ਪੁ:* ਪਤੱਰਕਾਰ, ਸੰਪਾਦਕ (ਅਖ਼ਬਾਰ ਦਾ)

اخبارنویسی [ਅਖ਼ਬਾਰ ਨਵੀਸੀ : əxəbar nəwisi] *ਇ:* ਪੱਤਰਕਾਰਿਤਾ, ਸੰਪਾਦਕ ਦਾ ਕਿੱਤਾ, ਅਖ਼ਬਾਰ ਕੱਢਣ ਦਾ ਕੰਮ

اخباری [ਅਖ਼ਬਾਰੀ : əxəbari] *ਵਿ:* ਪੱਤਰਕਾ ਨਾਲ਼ ਸੰਬੰਧਿਤ; ਅਖ਼ਬਾਰ ਵਿਚ ਛਪੀ (ਸਾਮਗਰੀ)

اَخبث [ਅਖ਼ਬਸ : əxəbəs] *ਵਿ:* ਵੱਡਾ ਖ਼ਬੀਸ, ਅਤਿ ਬੁਰਾ

اُخت [ਉਖ਼ਤ : uxət] *ਇ:* ਮਾਂ ਜਾਈ, ਭੈਣ

اِختتام [ਇਖ਼ਤਿਤਾਮ : ixətitam] *ਪੁ:* ਖ਼ਾਤਮਾ, ਅੰਤ, ਅਖ਼ੀਰ, ਨਬੇੜਾ, ਮੁਕ-ਚੁੱਕ, ਬੱਸ

اختر [ਅਖ਼ਤਰ : əxətər] *ਪੁ:* ਤਾਰਾ, ਗ੍ਰਹਿ, ਨਸੀਬ, ਭਾਗ

اِختراع [ਇਖ਼ਤਿਰਾਅ਼ : ixətira'ə] *ਪੁ:* ਨਵੀਂ ਚੀਜ਼ ਬਣਾਉਣ ਦਾ ਕਾਰਜ, ਕਾਢ, ਈਜਾਦ

اخترشناس [ਅਖ਼ਤਰ ਸ਼ਨਾਸ : əxətər şənas] *ਪੁ:* ਨਜੂਮੀ, ਤਾਰਾ-ਵਿੱਦਿਆ ਦਾ ਜਾਣੂ

اِختصار [ਇਖ਼ਤਿਸਾਰ : ixətisar] *ਪੁ:* ਕਿਸੇ ਵੱਡੀ ਗੱਲ ਦਾ ਥੋੜੇ ਸ਼ਬਦਾਂ ਵਿਚ ਬਿਆਨ, ਤੱਤ, ਗੱਲ ਦਾ ਨਚੋੜ; ਖ਼ੁਲਾਸਾ, ਕੁਤਾਹੀ, ਕਮੀ

اِختصارنویس [ਇਖ਼ਤਿਸਾਰ ਨਵੀਸ : ixetisar newis] *ਵਿ:* ਸੰਖੇਪ ਲਿਖਣ ਵਾਲ਼ਾ, ਸ਼ਾਰਟ-ਹੈਂਡ ਲਿਖਣ ਵਾਲ਼ਾ

اِختصارنویسی [ਇਖ਼ਤਿਸਾਰ ਨਵੀਸੀ : ixətisar nəwisi] *ਇ:* ਸੰਖੇਪ ਵਿਚ ਲਿਖਣ ਦੀ ਕਲਾ, ਸ਼ਾਰਟਹੈਂਡ

اِختصاص [ਇਖ਼ਤਿਸਾਸ : əxətisas] *ਪੁ:* ਉਚੇਚ, ਚੋਣਵਾਂ ਗੁਣ, ਉਚੇਚਾ ਵਰਤਾਰਾ, ਵਿਸ਼ੇਸ਼ਤਾ, ਖ਼ੂਬੀ

اِختصاصی [ਇਖ਼ਤਿਸਾਸੀ : ixətisasi] *ਵਿ:* ਕਿਸੇ ਕਿੱਤੇ ਵਿਚ ਵਿਸ਼ੇਸ਼ਗ, ਮਾਹਰ

اِختلاج [ਇਖ਼ਤਿਲਾਜ : ixətilaj] *ਪੁ:* ਕਿਸੇ ਅੰਗ ਦੀ ਫੜਕਣ, ਦਿਲ ਦੀ ਧੜਕਣ, ਦਿਲ ਦੀ ਬੀਮਾਰੀ

اِختلاف [ਇਖ਼ਤਿਲਾਫ਼ : ixətilaf] *ਪੁ:* ਨਾਇਤ-ਫ਼ਾਕੀ, ਅਣ-ਬਣ, ਪਾੜ, ਫੁੱਟ, ਵਿਗਾੜ, ਜ਼ਿਦ, ਮਤਭੇਦ, ਵਿਰੋਧ

اِختلال [ਇਖ਼ਤਿਲਾਲ : ixətilal] *ਪੁ:* ਵਿਘਨ; ਫ਼ਤੂਰ, ਖ਼ਲਲ

اِختیار [ਇਖ਼ਤਿਯਾਰ : ixətiyar] *ਪੁ:* ਵੱਸ,

ਕਾਬੂ, ਜ਼ੋਰ, ਮਰਜ਼ੀ, ਕਬਜ਼ਾ, ਖੁਲ੍ਹ

اِختیارات [ਇਖ਼ਤਿਯਾਰਾਤ : ɪxətɪyarat] *ਪੁ:* اِختیار ਦਾ ਬਹੁਵਚਨ, ਹਕੂਮਤਾਂ, ਤਾਕਤਾਂ, ਅਧਿਕਾਰ, ਦਖ਼ਲ

اِختیاری [ਇਖ਼ਤਿਯਾਰੀ : ɪxɪtɪyari] *ਵਿ:* ਵਸ ਦੀ; ਕਾਬੂ ਦੀ, ਸੰਭਵਤਵ; ਗ਼ੈਰਜ਼ਰੂਰੀ

اِخراج [ਇਖ਼ਰਾਜ : ixeraj] *ਪੁ:* ਬਾਹਰ ਕੱਢਣ ਜਾਂ ਛੇਕ ਦੇਣ ਦਾ ਭਾਵ, ਦੇਸ਼ ਨਿਕਾਲਾ

اِخراجات [ਇਖ਼ਰਾਜਾਤ : ɪxərajat] *ਪੁ:* خرچ ਦੇ ਬਹੁਵਚਨ ਦਾ ਬਹੁਵਚਨ; ਬੁਹਤੇ ਖ਼ਰਚੇ

اخضر [ਅਖ਼ਜ਼ਰ : əxəzər] *ਵਿ:* ਸਾਵਾ, ਮਹਿੰਦੀ ਰੰਗਾ, ਹਰਿਆ ਭਰਿਆ

اخضری [ਅਖ਼ਜ਼ਰੀ : əxəzəri] *ਵਿ:* ਸਾਵਾ, ਹਰਿਆਵਲਾ, ਹਰੇ ਰੰਗ ਦਾ

اِخفا [ਇਖ਼ਫ਼ਾ : ɪxəfa] *ਪੁ:* ਓਹਲੇ ਕਰਨ ਜਾਂ ਛੁਪਾ ਦੇਣ ਦਾ ਭਾਵ, ਲੁਕਾ, ਪੜਦਾ

اَخفش [ਅਖ਼ਫ਼ਸ਼ : əxəfəṣ] *ਵਿ:* ਚੁੰਨ੍ਹਾ, ਬੇਵਕੂਫ, ਅਕਲ ਦਾ ਅੰਨ੍ਹਾ; ਜਾਣੇ ਬੁਝੇ ਬਿਨਾ ਹਾਂ ਵਿਚ ਹਾਂ ਮੇਲਣ ਵਾਲ਼ਾ

اِخلاص [ਇਖ਼ਲਾਸ : ɪxəlas] *ਪੁ:* ਖ਼ਾਲਸ, ਪਾਕ, ਦਿਲ ਦੀ ਸਫ਼ਾਈ, ਦੋਸਤੀ, ਸੱਜਣਤਾ, ਮੇਲ-ਗੇਲ, ਖਰਾ ਵਰਤਾਰਾ, ਵਫ਼ਾਦਾਰੀ

اِخلاص انگیز [ਇਖ਼ਲਾਸ ਅੰਗੇਜ਼ : ɪxəlas ə̃gəz] *ਵਿ:* ਖ਼ਲੂਸ ਵਾਲ਼ਾ, ਸੱਚਾ, ਪਵਿੱਤਰ, ਪ੍ਰੇਮੀ

اِخلاص مند [ਇਖ਼ਲਾਸਮੰਦ : ɪxəlasəmə̃d] *ਵਿ:* ਮਿੱਤਰ, ਦੋਸਤ, ਹਿਤੈਸ਼ੀ

اِخلاص مندی [ਇਖ਼ਲਾਸਮੰਦੀ : ɪxəlasemə̃di] *ਇ:* ਪਵਿੱਤਰਤਾ, ਸਚਾਈ, ਦੋਸਤੀ, ਮਿੱਤਰਤਾ

اَخلاق [ਅਖ਼ਲਾਕ਼ : əxəlaq] *ਪੁ:* خلق ਦਾ ਬਹੁਵਚਨ; ਚੰਗੀਆਂ ਆਦਤਾਂ, ਭਲਮਾਣਸੀ, ਆਦਰ ਭਾ, ਆਓ ਭਗਤ, ਅਦਬ, ਤਮੀਜ਼

اَخوان [ਅਖ਼ਵਾਨ : əxəwan] *ਪੁ:* ਸਕੇ ਭਰਾ, ਯਾਰ-ਬੇਲੀ, ਸੱਜਣ, ਸਾਥੀ, ਸੰਗੀ

اُخوت [ਉਖ਼ੂਵਤ : uxuwət] *ਇ:* ਭਰਾਵਾਂ ਵਾਲ਼ਾ ਵਰਤਾਰਾ, ਭਾਈਚਾਰਾ, ਬਰਾਦਰੀ

اَخیار [ਅਖ਼ਯਾਰ : əxəyar] *ਪੁ:* ਭਲੇ ਲੋਕ, ਨੇਕ ਬੰਦੇ, ਚੰਗੇ ਲੋਕ

اخیر [ਅਖ਼ੀਰ : əxir] *ਪੁ:* ਓੜਕ, ਅੰਤ, ਅੰਜਾਮ, ਛੇਕੜ, ਨਬੇੜਾ

ادا [ਅਦਾ : əda] *ਇ:* ਲਾਡ, ਨਖ਼ਰੇ, ਚੋਹਲ, ਖੇਖਣ, ਚੁਕਦਾ ਕਰਨ ਦਾ ਭਾਵ (ਜਿਵੇਂ ਕਰਜ਼ਾ ਅਦਾ ਕਰ ਦਿੱਤਾ)

اِدارہ [ਇਦਾਰਾ : ɪdara] *ਪੁ:* ਮਹਿਕਮਾ, ਦਫ਼ਤਰ, ਕਿਸੇ ਵਿਭਾਗ ਦਾ ਅੰਗ, ਕਿਸੇ ਖ਼ਾਸ ਕੰਮ ਲਈ ਬਣਾਈ ਹੋਈ ਸੰਸਥਾ

اِداریہ [ਇਦਾਰੀਯਾ : ɪdariya] *ਪੁ:* ਸੰਪਾਦਕੀ, ਅਖ਼ਬਾਰ ਦੇ ਮੁੱਖ ਸੰਪਾਦਕ ਦੁਆਰਾ ਲਿਖਿਆ ਮੁੱਖ ਲੇਖ

اُداس [ਉਦਾਸ : udas] *ਵਿ:* ਗ਼ਮਗੀਨ, ਸੋਗਵਾਰ; ਮਾਯੂਸ; ਵੀਰਾਨ, ਸੁੰਨਾ; ਬੇਰੌਣਕ

اُداسی [ਉਦਾਸੀ : udasi] *ਇ:/ਪੁ:* ਗ਼ਮਗੀਨੀ, ਵੀਰਾਨੀ, ਬੇਰੌਣਕੀ; ਫ਼ਕੀਰ, ਜੋਗੀ

اداکار [ਅਦਾਕਾਰ : ədakar] *ਪੁ:* ਕਲਾਕਾਰ, ਐਕਟਰ ਜਾਂ ਐਕਟਰੈਸ, ਅਭਿਨੇਤਾ ਜਾਂ ਅਭਿਨੇਤਰੀ

اداکاری [ਅਦਾਕਾਰੀ : ədakari] *ਇ:* ਐਕਟਿੰਗ, ਅਭਿਨੈ

ادائیگی [ਅਦਾਇਗੀ : ədaɪgi] *ਇ:* ਅਦਾਇਗੀ, ਵਸੂਲੀ, ਦੇਣ ਤੋਂ ਭਾਵ

ادب [ਅਦਬ : ədəb] *ਪੁ:* ਲਿਹਾਜ਼, ਤਮੀਜ਼, ਪਾਣ-ਪੱਤ, ਇੱਜ਼ਤ, ਮਾਣ; ਸਾਹਿਤ

اُدبا [ਉਦਬਾ : udəba] *ਪੁ:* ਸਾਹਿਤਕਾਰ, ਲੇਖਕ, ਸਿਆਣੇ, ਗੁਣੀ, ਸ਼ਾਇਰ

ادب آداب [ਅਦਬ ਆਦਾਬ : ədəb adab] *ਪੁ:*

ਸਤਿਕਾਰ, ਤਮੀਜ਼, ਲਿਹਾਜ਼, ਸਮਾਜ ਵੱਲੋਂ ਪ੍ਰਵਾਨਿਤ ਤੌਰ ਤਰੀਕੇ

اِدبار [ਇਦਬਾਰ : ɪdəbar] ਪੁ: ਭੁੱਖ-ਨੰਗ, ਮੰਦੇ ਭਾਗ, ਦਲਿੱਦਰ, ਗ਼ਰੀਬੀ, ਢਹਿੰਦੀ ਕਲਾ, ਮਾੜੇ ਦਿਨ

ادب آموز [ਅਦਬ ਆਮੋਜ਼ : ədəb amoz] ਪੁ: ਅਧਿਆਪਕ, ਗੁਰੂ

ادب آموزی [ਅਦਬ ਆਮੋਜ਼ੀ : edeb amozi] ਇ: ਸਿੱਖਿਆ ਪ੍ਰਾਪਤੀ, ਪੜ੍ਹਾਉਣ ਜਾਂ ਅਦਬ ਸਿਖਾਉਣ ਦਾ ਕਾਰਜ

اَدبستان [ਅਦਬਿਸਤਾਨ : ədəbɪstan] ਪੁ: ਉਹ ਥਾਂ ਜਿਥੇ ਅਦਬ ਸਿਖਾਇਆ ਜਾਵੇ, ਪਾਠਸ਼ਾਲਾ, ਮਸੀਤ

ادب لطیف [ਅਦਬ ਲਤ਼ੀਫ਼ : ədeb lətif] ਪੁ: ਸੋਹਲ ਸਾਹਿਤ, ਉਹ ਸਾਹਿਤ ਜਿਹੜਾ ਸਰਲ ਤੇ ਸਪਸ਼ਟ ਹੋਵੇ ਤਾਂ ਜੋ ਸਾਧਾਰਨ ਲੋਕਾਂ ਦੀ ਸਮਝ ਵਿਚ ਆ ਸਕੇ

ادبی [ਅਦਬੀ : ədəbi] ਵਿ: ਅਦਬ ਵਾਲ਼ਾ, ਸਤਿਕਾਰ ਵਾਲ਼ਾ; ਗਿਆਨਵਾਨ, ਸਾਹਿਤਿਕ

اَدبیّت [ਅਦਬੀਯਤ : ədəbiyat] ਇ: ਸਤਿਕਾਰ, ਇੱਜ਼ਤ-ਮਾਣ, ਤਮੀਜ਼, ਮਿੱਠੀ ਜ਼ਬਾਨ

اِدخال [ਇਦਖ਼ਾਲ : ɪdəxal] ਪੁ: ਦਾਖ਼ਲ ਕਰਨ ਦਾ ਭਾਵ, ਵਾੜਨ ਦਾ ਕੰਮ, ਵਹੀ ਖਾਤੇ 'ਤੇ ਚਾੜ੍ਹਨ ਜਾਂ ਦਰਜ ਕਰਨ ਦੀ ਕਾਰਵਾਈ

اِدرار [ਇਦਰਾਰ : ɪdərar] ਪੁ: ਵਗਣਾ, ਰਵਾਂ ਹੋਣ ਦਾ ਭਾਵ, ਖੁੱਲ੍ਹ ਕੇ ਪਿਸ਼ਾਬ ਦਾ ਆਉਣਾ

اِدراک [ਇਦਰਾਕ : ɪdərak] ਪੁ: ਅਕ਼ਲ, ਬੁੱਧੀ, ਸੁੱਧ-ਬੁੱਧ, ਸਮਝ, ਸਿਆਣਪ

اِدریس [ਇਦਰੀਸ : ɪdərɪs] ਪੁ: ਇਕ ਨਬੀ ਦਾ ਨਾਮ ਜਿਸ ਦਾ ਹਰ ਵੇਲ਼ੇ ਲੋਕਾਂ ਨੂੰ ਪੜ੍ਹਾਉਣ ਸਿਖਾਉਣ ਕਰਕੇ ਨਾਂ 'ਇਦਰੀਸ' ਪੈ ਗਿਆ

اِدّعا [ਇੱਦਿਆ : ɪddɪ'a] ਪੁ: ਦਾਅਵਾ ਕਰਨ ਦੀ ਕਿਰਿਆ, ਚਾਹਤ, ਤਾਂਘ, ਸੱਧਰ

اِدغام [ਇਦਗ਼ਾਮ : ɪdəġam] ਪੁ: ਘੋੜੇ ਨੂੰ ਰਾਸ ਜਾਂ ਖੱਬੀ ਚਾੜ੍ਹਨ ਦਾ ਕਾਰਜ, ਇਕੋ ਜੇਹੇ ਦੋ ਅੱਖਰ ਰਲ਼ਾ ਕੇ ਇਕ ਕਰਨ ਦੀ ਕਿਰਿਆ

اَدّق [ਅਦੱਕ਼ : ədəqq] ਵਿ: ਦੁੱਭਰ, ਅਤਿ ਔਖਾ, ਅਤਿਕਠਨ; ਗਿੱਲਾ ਪੀਹਣਾ

ادلا [ਅਦਲਾ : ədəla] ਪੁ: ਵੱਛੇ ਪਸ਼ੂਆਂ ਦੀ ਰਾਨ ਦਾ ਮਾਸ, ਗੋਲ ਬੋਟੀ

اَدل بدل/ادلا بدلا [ਅਦਲ ਬਦਲ/ਅਦਲਾ ਬਦਲਾ : ədəl bədəl/ədəla bədəla] ਪੁ: ਅਦਲ ਬਦਲ, ਵੱਟਾ-ਸੱਟਾ, ਵਟਾਂਦਰਾ, ਉਲਟ ਫੇਰ

اَدنیٰ [ਅਦਨਾ : ədəna] ਵਿ: ਕਮੀਨਾ, ਸ਼ੋਹਦਾ, ਨੀਚ, ਨਿੱਕਾ, ਨਿਗੂਣਾ, ਘੱਟ ਰੁਤਬੇ ਵਾਲ਼ਾ

اَدوار [ਅਦਵਾਰ : ədəwar] ਪੁ: ਯੁੱਗ, ਮੁਦਤਾਂ, ਚੱਕਰ, ਗੇੜ, ਸਮੇਂ, ਜ਼ਮਾਨੇ

ادویہ [ਅਦਵੀਯ : ədəwɪyə] ਇ: دوا ਦਾ ਬਹੁਵਚਨ, ਦਵਾਈਆਂ, ਦਾਰੂ

اُدھار [ਉਧਾਰ : udhar] ਪੁ: ਉਧਾਰ, ਕਰਜ਼

اِدھر [ਇਧਰ : ɪdhər] ਕਿਵਿ: ਏਧਰ, ਇਸ ਪਾਸੇ

اُدھر [ਉਧਰ : udhər] ਕਿਵਿ: ਓਧਰ, ਉਸ ਪਾਸੇ

اِدھر اُدھر [ਇਧਰ ਉਧਰ : ɪdhər udhər] ਕਿਵਿ: ਇੱਥੇ ਉੱਥੇ, ਆਸ ਪਾਸ, ਨੇੜੇ ਤੇੜੇ

اُدھم [ਉਧਮ : udhəm] ਪੁ: ਸ਼ੋਰ, ਰੌਲ਼ਾ-ਰੱਪਾ, ਚੀਕ-ਚਿਹਾੜਾ

اُدھمی [ਉਧਮੀ : udhəmi] ਵਿ: ਖੱਪੀ, ਊਧਮ ਮਚਾਈ ਰੱਖਣ ਵਾਲ਼ਾ, ਸ਼ੋਰ ਸ਼ਰਾਬਾ ਕਰਨ ਵਾਲ਼ਾ

ادھنا/ادھنی [ਅਧੱਨਾ/ਅਧੱਨੀ : ədhənna/ədhənni] ਪੁ: ਅਧਿਆਨੀ, ਆਨੇ ਦਾ ਅੱਧ ਭਾਵ ਦੋ ਪੈਸੇ ਦਾ ਸਿੱਕਾ

اُدھورا [ਅਧੂਰਾ : ədhura] ਵਿ: ਅਧੂਰਾ, ਅੱਧ

ਵਿਚ, ਅਪੂਰਨ, ਅਧ-ਪਚੱਧਾ

اُدھیڑ [ਉਧੇੜ : udhəṛ] *ਵਿ:* ਜਵਾਨੀ ਤੇ ਬੁਢਾਪੇ ਵਿਚਕਾਰਲੀ (ਅਵਸਥਾ)

اُدھیڑبُن [ਉਧੇੜ ਬੁਨ : udhəṛ bun] *ਇ:* ਸੋਚ-ਵਿਚਾਰ, ਜਕੋ-ਤਕੀ, ਸਲਾਹਵਾਂ, ਮਿਥ ਮਿਥ ਕੇ ਹਟਾਉਣ ਦੀ ਕਾਰਵਾਈ

اُدھیڑنا [ਉਧੇੜਨਾ : udhəṛəna] *ਕਿ:* ਉਧੇੜਨਾ, ਸਿਊਣ ਖੋਲ੍ਹਣਾ, ਟਾਂਕੇ ਖੋਲ੍ਹਣਾ; ਮਾਰਨਾ, ਖੱਲ ਲਾਹੁਣਾ, ਨੋਚਣਾ; ਭੇਤ ਖੋਲ੍ਹਣਾ

ادھیلی [ਅਧੇਲੀ : ədhəli] *ਇ:* ਅੱਧਾ ਰੁਪਿਆ, ਅਠਿਆਨੀ, ਧੇਲੀ

ادیب [ਅਦੀਬ : ədib] *ਪੁ:* ਅਦਬ ਦਾ ਮਾਹਰ, ਸਾਹਿਤ-ਨਿਪੁੰਨ, ਸਾਹਿਤਕਾਰ, ਗੁਣੀ, ਗਿਆਨੀ, ਲੇਖਕ, ਅਧਿਆਪਕ

اَدیم [ਅਦੀਮ : ədim] *ਪੁ:* ਧੌੜੀ, ਕਮਾਇਆ ਹੋਇਆ ਚੰਮ

اڈّا [ਅੱਡਾ : əḍḍa] *ਪੁ:* ਅੱਡਾ, ਉਹ ਬੈਠਕ ਜਿਹੜੀ ਪਾਲਤੂ ਪੰਛੀਆਂ ਲਈ ਬਣਾਈ ਜਾਂਦੀ ਹੈ; ਹਵਾਈ ਜਹਾਜ਼ਾਂ ਬੱਸਾਂ ਜਾਂ ਟਾਂਗਿਆਂ ਆਦਿ ਦੇ ਠਹਿਰਨ ਦੀ ਥਾਂ; ਸਟੇਸ਼ਨ; ਜੁੱਤੀ ਦੀ ਅੱਡੀ; ਚਕਲਾ

اذان [ਅਜ਼ਾਨ : əzan] *ਇ:* ਬਾਂਗ; ਕੁੱਕੜ ਦੀ ਬਾਂਗ, ਉੱਚੀ ਆਵਾਜ਼, ਸੱਦ, ਪੁਕਾਰ

اَذفر [ਅਜ਼ਫ਼ਰ : əzəfər] *ਵਿ:* ਖਰਾ, ਸੁੱਚਾ, ਨਿਰੋਲ, ਤੇਜ਼, ਖ਼ੁਸ਼ਬੂ ਵਾਲ਼ੀ (ਸ਼ੈ)

اَذکار [ਅਜ਼ਕਾਰ : əzəkar] *ਪੁ:* ذِکر ਦਾ ਬਹੁ-ਵਚਨ; ਬਿਆਨ, ਗੱਲਾਂ, ਦੁਆਵਾਂ, ਸਲਾਹਵਾਂ, ਕਹਾਣੀਆਂ, ਬਾਤਾਂ; ਅੱਲ੍ਹਾ ਦੀਆਂ ਤਸ਼ਬੀਹਾਂ

اذکیا [ਅਜ਼ਕੀਯਾ : əzəkiya] *ਵਿ/ਪੁ:* ਸਿਆਣੇ, ਸੂਝ ਬੂਝ ਵਾਲ਼ੇ, ਚੰਗੇ ਦਿਮਾਗ ਵਾਲ਼ੇ ਲੋਕ

اَذل [ਅਜ਼ਲ : əzəll] *ਵਿ:* ਅਤਿ ਦਾ ਕਮੀਨਾ, ਬੇਕਦਰਾ, ਲੁੱਚਾ, ਜ਼ਲੀਲ

اِذن [ਇਜ਼ਨ : ızən] *ਪੁ:* ਇਜਾਜ਼ਤ, ਹਾਂ, ਆਗਿਆ, ਪਰਵਾਨਗੀ, ਹੁਕਮ

اذہان [ਅਜ਼ਹਾਨ : əzəhan] *ਪੁ:* ਅਕਲਾਂ, ਦਿਮਾਗ, ਚੇਤੇ, ਸਮਝਾਂ-ਬੂਝਾਂ

اَذیّت [ਅਜ਼ੀਯੱਤ : əziyyat] *ਇ:* ਦੁੱਖ, ਤਕਲੀਫ਼, ਜ਼ੁਲਮ, ਸਜ਼ਾ, ਤਸੀਹਾ

ارابہ [ਅਰਾਬਾ : əraba] *ਇ:* ਗੱਡਾ, ਰੇਹੜਾ, ਛਕੜਾ, ਤੋਪ ਦੇ ਸਾਮਾਨ ਦੀ ਗੱਡੀ

اِرادت [ਇਰਾਦਤ : iradət] *ਇ:* ਚਾਹ, ਨੀਤ, ਇਰਾਦਾ, ਭਰੋਸਾ, ਮੰਤਵ, ਮਾਨ, ਮੁਰੀਦੀ

اِرادت مند [ਇਰਾਦਤਮੰਦ : ıradətəmənd] *ਵਿ:* ਮੁਰੀਦ, ਮੰਨਣ ਵਾਲ਼ੇ, ਪਿੱਛੇ ਲਗੱਣ ਵਾਲ਼ੇ

اِرادت مندی [ਇਰਾਦਤਮੰਦੀ : ıradətəmənd̪i] *ਇ:* ਯਕੀਨ, ਵਿਸ਼ਵਾਸ, ਇਤਕਾਦ,

اِرادہ [ਇਰਾਦਾ : ırada] *ਪੁ:* ਇਰਾਦਾ, ਪੱਕ, ਨੀਯਤ, ਪੱਕੀ ਸਲਾਹ, ਚਾਹ, ਮਰਜ਼ੀ, ਮਤਾ, ਖ਼ਿਆਲ

اِرادتاً/ اِرادتانہ [ਇਰਾਦਤਾਨਾ / ਇਰਾਦਤਨ : ıradətana / ıradətən] *ਕਿਵਿ:* ਇਰਾਦੇ ਨਾਲ਼, ਨਿਯਤ ਨਾਲ਼, ਜਾਣ-ਬੁੱਝ ਕੇ, ਜਾਣਦਿਆਂ ਹੋਇਆਂ

اِرادی [ਇਰਾਦੀ : iradi] *ਵਿ:* ਆਪਣੇ ਹੱਥ ਵੱਸ ਦਾ, ਜਾਣ-ਬੁੱਝ ਕੇ ਕੀਤਾ ਹੋਇਆ, ਇਰਾਦੇ ਜਾਂ ਨੀਯਤ ਨਾਲ਼ ਕੀਤਾ

اَراذِل [ਅਰਾਜ਼ਿਲ : ərazıl] *ਵਿ:* ਕਮੀਨੇ, ਸ਼ੋਹਦੇ, ਨਿਗੂਣੇ (ਲੋਕ), ਬੇ-ਹੈਸੀਅਤ (ਲੋਕ), ਨਾਲਾਇਕ

اَراضی [ਅਰਾਜ਼ੀ : ərazi] *ਇ:* ਭੋਇੰ, ਵਾਹੀ ਬੀਜੀ ਜ਼ਮੀਨ ਦਾ ਖੇਤਰ

اراضیات [ਅਰਾਜ਼ੀਯਾਤ : əraziyat] *ਇ:* ਜ਼ਮੀਨਾਂ, ਧਰਤੀ ਵਿਗਿਆਨ

اراضی اُفتادہ [ਅਰਾਜ਼ੀ ਉਫ਼ਤਾਦਾ : ərazi ufətada]

ਇ: ਰੱਕੜ, ਬੰਜਰ, ਅਣਵਾਹੀ ਭੋਇੰ

اراضیِ خالصہ [ਅਰਾਜ਼ੀ-ਏ-ਖ਼ਾਲਸਾ : ərazi-e-xaləsa] ਇ: ਖਰੀ ਸਰਕਾਰੀ ਜ਼ਮੀਨ, ਜਿਹੜੀ ਭੋਇੰ ਸਰਕਾਰ ਦੀ ਹੋਵੇ, ਸ਼ਾਮਲਾਤ

اراضیِ دریابرد [ਅਰਾਜ਼ੀ-ਏ-ਦਰਯਾ ਬੁਰਦ : ərazi-e-dəriya burəd] ਇ: ਰੋੜ੍ਹ ਵਿਚ ਆਈ ਭੋਇੰ, ਉਹ ਜ਼ਮੀਨ ਜਿਹੜੀ ਦਰਿਆ ਦੀ ਲਪੇਟ ਵਿਚ ਆ ਗਈ ਹੋਵੇ

اراضیِ شاملات [ਅਰਾਜ਼ੀ-ਏ-ਸ਼ਾਮਲਾਤ : arəzi-e-şaməlat] ਇ: ਪਿੰਡ ਜਾਂ ਸ਼ਹਿਰ ਦੀ ਸਾਂਝੀ ਜ਼ਮੀਨ ਜਿਸ ਦੀ ਵੰਡ ਨਾ ਹੋਈ ਹੋਵੇ

اراضیِ شور [ਅਰਾਜ਼ੀ-ਏ-ਸ਼ੋਰ : arazi-e-şor] ਇ: ਕਲਰ ਵਾਲ਼ੀ ਭੋਇੰ, ਉਹ ਧਰਤੀ ਜਿਸ ਉਤੇ ਬਿਜਾਈ ਨਾ ਹੋ ਸਕੇ, ਸ਼ੋਰੇ ਵਾਲ਼ੀ ਜ਼ਮੀਨ

اراضیِ مُعافی [ਅਰਾਜ਼ੀ-ਏ-ਮੁਆਫ਼ੀ : ərazi-e-muafi] ਇ: ਲਗਾਨ ਰਹਿਤ ਜ਼ਮੀਨ

ازاضیِ نَوتَرَدد [ਅਰਾਜ਼ੀ-ਏ-ਨੌ ਤਰਦੱਦ : ərazi-e-nɔ tərəddəd] ਇ: ਨਵੀਂ ਨਵੀਂ ਵਾਹੀ ਹੋਈ ਜ਼ਮੀਨ

اَراضیِ وقف [ਅਰਾਜ਼ੀ-ਏ-ਵਕ਼ਫ਼ : ərazi-e-wəqəf] ਇ: ਉਹ ਭੋਇੰ ਜਿਹੜੀ ਕਿਸੇ ਭਲੇ ਕੰਮ ਲਈ ਦਿੱਤੀ ਜਾਵੇ

اراکین [ਅਰਾਕੀਨ : ərakin] ਪੁ: ਸਰਕਾਰ ਦਾ ਕੰਮ ਕਾਰ ਚਲਾਉਣ ਜਾਂ ਸੰਭਾਲਣ ਵਾਲ਼ੇ ਲੋਕ, ਅਸੰਬਲੀ ਦੇ ਮੈਂਬਰ, ਸੰਸਥਾਵਾਂ ਦੇ ਮੈਂਬਰ

ارب [ਅਰਬ : ərəb] ਵਿ: ਸੌ ਕਰੋੜ ਦੀ ਗਿਣਤੀ

اَرباب [ਅਰਬਾਬ : ərəbab] ਪੁ: ਸਾਈਂ, ਮਾਲਕ, ਵੱਡੇ ਲੋਕ, ਵਡੇਰੇ, ਵਿਸ਼ੇਸ਼ਗ, ਰਈਸ ਲੋਕ

اربابِ بصیرت [ਅਰਬਾਬ-ਏ-ਬਸੀਰਤ : ərəbab-e-bəsirət] ਵਿ: ਉੱਚੀ ਨਜ਼ਰ ਵਾਲ਼ੇ, ਖਰੇ, ਸਿਆਣੇ, ਚਾਨਣੇ ਦਿਲ ਵਾਲ਼ੇ

اربابِ دانش [ਅਰਬਾਬ-ਏ-ਦਾਨਿਸ਼ : ərəbab-e-danış] ਵਿ: ਸਿਆਣੇ, ਮਤ ਵਾਲ਼ੇ, ਅਕਲ ਵਾਲ਼ੇ

اَربابِ دَولت [ਅਰਬਾਬ-ਏ-ਦੌਲਤ : ərəbab-e-dɔlət] ਵਿ: ਮਾਇਆਧਾਰੀ, ਅਮੀਰ, ਧਨੀ, ਧਨਵਾਨ, ਖਾਂਦੇ ਪੀਂਦੇ, ਰੱਜੇ ਪੁੱਜੇ

اربابِ نشاط [ਅਰਬਾਬ-ਏ-ਨਿਸ਼ਾਤ : ərəbab-e-nişat] ਪੁ: ਨੱਚਣ ਗਾਉਣ ਵਾਲ਼ੇ ਲੋਕ, ਗਾਣ ਵਜਾਣ ਵਾਲ਼ੇ ਲੋਕ, ਮਰਾਸੀ, ਭੰਡ, ਖੁਸਰੇ, ਨੱਟ, ਨਕਲੀਏ, ਰਾਸਧਾਰੀ

اربع [ਅਰਥਅ : ərəb'ə] ਵਿ: ਚਾਰ

اربع عناصر [ਅਰਥਅ ਅ਼ਨਾਸਰ : ərəb'ə ənasər] ਪੁ: ਚਾਰ ਤੱਤ (ਅੱਗ, ਮਿੱਟੀ, ਪਾਣੀ ਅਤੇ ਹਵਾ)

اِرتباط [ਇਰਤਿਬਾੜ : ırətıbat] ਪੁ: ਵਾਸਤਾ, ਮਿਲਾਪ, ਮੇਲ-ਜੋਲ, ਰਲ਼ਾ, ਸੰਗ, ਸੰਗਤ, ਦੋਸਤੀ, ਪ੍ਰੇਮ, ਜਾਣ-ਪਛਾਣ, ਪਿਆਰ

اِرتجال [ਇਰਤਿਜਾਲ : ırətıjal] *ਕਿਵਿ:* ਖੜ੍ਹੇ ਖੜ੍ਹੇ ਸ਼ਿਅਰ ਕਹਿਣ ਜਾਂ ਭਾਸ਼ਨ ਦੇਣ ਦਾ ਗੁਣ, ਹਾਜ਼ਰ ਜਵਾਬ

اِرتجالاً [ਇਰਤਿਜਾਲਨ : ırətıjalən] *ਕਿਵਿ:* ਆਪ-ਮੁਹਾਰਾ, ਭੋਲ਼ੇ-ਭਾ, ਖਲੇ-ਖਲੋਤੇ, ਬਿਨਾ ਸੋਚੇ ਸਮਝੇ

اِرتحال [ਇਰਤਿਹ਼ਾਲ : ırətıḥal] ਪੁ: ਕੂਚ, ਚਲਾਣਾ, ਮਿਰਤੂ, ਮੌਤ, ਸੁਰਗਵਾਸ

اِرتداد [ਇਰਤਿਦਾਦ : ırətıdad] ਪੁ: ਕੁਫ਼ਰ, ਬੇਦੀਨਤਾ, ਇਸਲਾਮ ਤੋਂ ਮੁਨਕਰੀ, ਬੇਈਮਾਨੀ

اِرتسام [ਇਰਤਿਸਾਮ : ırətısam] ਪੁ: ਅੱਖਰ ਉੱਚਰਨ ਜਾਂ ਨਕਸ਼ ਚਿਤਰਨ ਦੀ ਕਿਰਿਆ

اِرتعاش [ਇਰਤਿਆ਼ਸ਼ : ırtıaş] ਪੁ: ਕਾਂਬਾ; ਝੁਣਝੁਣੀ, ਝੋਲਾ

اِرتِفاع [ਇਰਤਿਫ਼ਾਅ : ɪrətɪfa'ə] ਪੁ: ਉਚਾਣ, ਉਚਾਈ, ਟੀਸੀ; ਉਸਾਰੀ, ਉੱਨਤੀ, ਖ਼ੁਸ਼ਹਾਲੀ

اِرتِقا [ਇਰਤਿਕ਼ਾ : ɪrətɪqa] ਪੁ: ਵਿਕਾਸ, ਚੜ੍ਹਤ, ਤਰੱਕੀ, ਉਸਾਰੀ, ਵਾਧਾ

اِرتِکاب [ਇਰਤਿਕਾਬ : ɪrətɪkab] ਪੁ: ਗੁਨਾਹ ਕਰਨ ਦੀ ਕਿਰਿਆ, ਕਰਤੂਤ, ਕਾਰਾ; ਭੈੜਾ ਕੰਮ, ਗੁਨਾਹ, ਕਸੂਰ

اِرتِقائی [ਇਰਤਿਕ਼ਾਈ : ɪrətɪqai] ਵਿ: ਉੱਨਤੀ ਨਾਲ਼ ਸੰਬੰਧਿਤ, ਉੱਨਤਸ਼ੀਲ

اِرث [ਇਰਸ : ɪrəs] ਇ: ਜੱਦ, ਵਿਰਸਾ, ਉਹ ਜਾਇਦਾਦ ਜੋ ਮਰਨ ਤੋਂ ਬਾਦ ਸੰਤਾਨ ਨੂੰ ਮਿਲਦੀ ਹੈ

اَرج [ਅਰਜ : ərəj] ਪੁ: ਮੁੱਲ, ਕਦਰ, ਲਿਆਕਤ, ਉੱਚ, ਟਹੁਰ, ਸ਼ਾਨ, ਗੁਣ, ਵਡਿਆਈ

اَرجَل [ਅਰਜਲ : ərəjəl] ਪੁ: ਅਜੇਹਾ ਘੋੜਾ ਜਿਸ ਦਾ ਇਕ ਪੈਰ ਚਿੱਟਾ ਤੇ ਤਿੰਨ ਪੈਰ ਹੋਰ ਰੰਗਾਂ ਦੇ ਹੋਣ (ਉਹਨੂੰ ਨਹਿਸ਼ ਸਮਝਿਆ ਜਾਂਦਾ ਹੈ)

ارجمند [ਅਰਜਮੰਦ : ərəjəmənd] ਵਿ: ਵੱਡੇ ਰੁਤਬੇ ਵਾਲ਼ਾ, ਵੱਡਾ, ਵਡਮੁੱਲਾ; ਪਿਆਰਾ, ਮਹਿੰਗਾ; ਉੱਚਾ ਸੁੱਚਾ, ਸਿਆਣਾ, ਯੋਗ

اَرحام [ਅਰਹ਼ਾਮ : ərḥam] ਪੁ: ਕੁੱਖਾਂ, ਬਚੇਦਾਨੀਆਂ

اُردابیگنی [ਉਰਦਾਬੇਗਨੀ : urdabəgəni] ਇ: ਸਿਪਾਹੀ ਔਰਤ, ਸ਼ਾਹੀ ਹਰਮਸਰਾਂ ਦੀ ਰਾਖੀ ਲਈ ਤਾਇਨਾਤ ਬਾਵਰਦੀ ਔਰਤ

اُردادا [ਉਰਦਾਦਾ : urədada] ਪੁ: ਜਵਾਰ ਤੇ ਕਣਕ ਦਾ ਮੋਟਾ ਪੀਠਾ ਹੋਇਆ ਆਟਾ

اِردگرد [ਇਰਦ ਗਿਰਦ : ɪrəd gɪrəd] ਕਿਵਿ: ਆਲ਼ੇ ਦੁਆਲ਼ੇ, ਲਾਗੇ ਚਾਗੇ, ਨੇੜੇ ਤੇੜੇ

اردلی [ਅਰਦਲੀ : ərədəli] ਪੁ: ਅੰਗਰੇਜ਼ੀ ਸ਼ਬਦ orderly ਦਾ ਉਰਦੂ ਰੂਪ, ਪਿਆਦਾ; ਅਫਸਰ ਦੇ ਨਾਲ਼ ਰਹਿਣ ਵਾਲ਼ਾ ਸਿਪਾਹੀ; ਸੂਚਨਾ ਲਿਆਉਣ ਜਾਂ ਲਿਜਾਣ ਵਾਲ਼ਾ ਹਰਕਾਰਾ

اُردو [ਉਰਦੂ : urdu] ਪੁ: ਲਸ਼ਕਰ, ਉੜਦ, ਕਟਕ, ਫੌਜ, ਸੈਨਾ, ਛਾਉਣੀ, ਇਕ ਭਾਰਤੀ ਭਾਸ਼ਾ ਦਾ ਨਾਮ ਜਿਹੜੀ ਹਿੰਦੀ, ਫ਼ਾਰਸੀ ਅਤੇ ਅਰਬੀ ਭਾਸ਼ਾਵਾਂ ਦਾ ਮਿਲਗੋਭਾ ਹੈ

اُردو بازار [ਉਰਦੂ ਬਾਜ਼ਾਰ : urdu bazar] ਪੁ: ਛਾਉਣੀ ਬਜ਼ਾਰ, ਸਦਰ ਬਜ਼ਾਰ, ਉੜਦ ਬਜ਼ਾਰ

ارزاق [ਅਰਜ਼ਾਕ਼ : ərəzaq] ਪੁ: رِزق ਦਾ ਬਹੁ-ਵਚਨ, ਰਿਜ਼ਕ, ਰੋਜ਼ੀ, ਖਾਧ-ਖ਼ੁਰਾਕ

ارزاں [ਅਰਜ਼ਾਂ : ərzã] ਵਿ: ਸਸਤਾ, ਸਵੱਲਾ, ਥੋੜੇ ਮੁੱਲ ਦਾ, ਕੌਡੀਆਂ ਦੇ ਭਾਅ

ارزانی [ਅਰਜ਼ਾਨੀ : ərzani] ਇ: ਥੋੜਾ ਮੁੱਲ, ਸਸਤਾਪਣ

ارزش [ਅਰਜ਼ਿਸ਼ : ərəziṣ] ਪੁ: ਮੁੱਲ, ਕੀਮਤ, ਗੁਣ, ਆਦਰ, ਪੁੱਛ, ਕਦਰ

ارزن [ਅਰਜ਼ਨ : ərəzən] ਪੁ: ਚੀਨਾ, ਇਕ ਪ੍ਰਕਾਰ ਦੇ ਘਟੀਆ ਜਿਹੇ ਅਨਾਜ ਦਾ ਨਾਮ

اِرسال [ਇਰਸਾਲ : ɪrəsal] ਪੁ: (ਚਿੱਠੀ ਪੱਤਰ ਜਾਂ ਕਿਸੇ ਸ਼ੈ ਦੇ) ਘੱਲਣ ਦਾ ਕਾਰਜ, ਰਵਾਨਗੀ, ਮਾਮਲਾ ਜਿਹੜਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਇਆ ਜਾਂਦਾ ਹੈ

ارسطو [ਅਰਸਤੂ : ərəsətu] ਪੁ: ਪ੍ਰਸਿੱਧ ਯੂਨਾਨੀ ਫਿਲਾਸਫ਼ਰ ਜੋ ਅਫ਼ਲਾਤੂਨ ਦਾ ਚੇਲਾ ਸੀ

اِرشاد [ਇਰਸ਼ਾਦ : irṣad] ਪੁ: ਰਾਹ ਦੱਸਣ ਦਾ ਕਾਰਜ, ਨਿਰਦੇਸ਼, ਪੀਰ ਜਾਂ ਉਸਤਾਦ ਦਾ ਆਖਿਆ, ਮੱਤ, ਹੁਕਮ, ਆਦੇਸ਼

اَرشد [ਅਰਸ਼ਦ : ərṣəd] ਵਿ: ਬਹੁਤ ਨੇਕ, ਭਲਾ, ਸੁਲੱਗ, ਬੀਬਾ

اَرض [ਅਰਜ਼ : ərəz] ਇ: ਭੋਂ, ਧਰਤੀ, ਇਲਾਕਾ, ਜ਼ਮੀਨ, ਥਾਂ, ਜਗ੍ਹਾ

ارضی [ਅਰਜ਼ੀ : ərəzi] ਵਿ: ਭੋਂ ਦਾ, ਧਰਤੀ ਦਾ,

ਜ਼ਮੀਨੀ, ਜ਼ਮੀਨ ਨਾਲ਼ ਸੰਬੰਧਿਤ

ارغوان [ਅਰਗ਼ਵਾਨ : ərəġəwan] *ਪੁ:* ਇਕ ਬੜੇ ਸੋਹਣੇ ਲਾਲ ਫੁੱਲ ਦਾ ਨਾਂ, ਨਾਭੀ ਰੰਗ

ارغوانی [ਅਰਗ਼ਵਾਨੀ : ərəġəwani] *ਵਿ:* ਸੁਰਖ਼ ਜਾਂ ਉਨਾਬੀ ਰੰਗ

ارفع [ਅਰਫ਼ਅ : ərfə'ə] *ਵਿ:* ਚੋਖਾ ਉੱਚਾ, ਸਭ ਤੋਂ ਉੱਚਾ, ਉੱਚੀ ਸ਼ਾਨ ਵਾਲ਼ਾ

ارقام [ਅਰਕ਼ਾਮ : ərəqam] *ਪੁ:* رقم ਦਾ ਬਹੁ-ਵਚਨ, ਪੈਸੇ, ਰਕਮਾਂ; ਲਿਖਤਾਂ

ارکان [ਅਰਕਾਨ : ərəkan] *ਪੁ:* ਹਰ ਸ਼ੈ ਦੇ ਮੁਢਲੇ ਹਿੱਸੇ, ਵੱਡੇ ਮੁੱਢ, ਥੰਮ੍ਹ, ਥੰਮ੍ਹੀਆਂ, ਸਹਾਰੇ, ਟਹਿਣੇ; ਹਕੂਮਤ ਚਲਾਉਣ ਵਾਲ਼ੇ ਲੋਕ, ਅਫਸਰ, ਸਰਦਾਰ

ارکانِ دین [ਅਰਕਾਨ-ਏ-ਦੀਨ : ərəkan-e-din] *ਪੁ:* ਦੀਨ (ਇਸਲਾਮ) ਦੇ ਰੁਕਨ ਭਾਵ ਥੰਮ੍ਹ ਜਿਨ੍ਹਾਂ ਉੱਤੇ ਦੀਨ ਖਲੋਤਾ ਹੋਇਆ ਹੈ (ਪੰਜ ਰੁਕਨ ਹਨ: ਕਲਮਾ, ਨਮਾਜ਼, ਰੋਜ਼ੇ, ਜ਼ਕਾਤ ਅਤੇ ਹੱਜ)

ارمان [ਅਰਮਾਨ : ərəman] *ਪੁ:* ਸੱਧਰ, ਚਾਅ, ਰੀਝ, ਤਾਂਘ, ਸਿੱਕ; ਦੁੱਖ, ਹਿਰਖ, ਝੋਰਾ, ਪਛਤਾਵਾ

ارمغان [ਅਰਮਗ਼ਾਨ : ərəməġan] *ਪੁ:* ਤੋਹਫ਼ਾ, ਨਜ਼ਰਾਨਾ, ਸੁਗ਼ਾਤ, ਅਨੋਖੀ ਸ਼ੈ, ਅਸਚਰਜ ਵਸਤੂ

ارنی [ਅਰਨੀ : ərəni] *ਪੁ:* ਮੈਨੂੰ (ਜਲਵਾ) ਵਿਖਾ, (ਕ਼ੁਰਾਨ ਵਿਚ ਆਇਆ ਹੋਇਆ ਹਜ਼ਰਤ ਮੂਸਾ ਦਾ ਤਰਲਾ ਜਿਹੜਾ ਉਹਨਾਂ ਨੇ ਤੂਰ ਦੇ ਪਹਾੜ ਉਤੇ ਜਾ ਕੇ ਕੀਤਾ ਸੀ)

ارواح [ਅਰਵਾਹ : ərəwaḥ] *ਇ:* ਜਿੰਦਾਂ, ਜਾਨਾਂ, ਰੂਹਾਂ; ਸਾਹ, ਦਿਲ; ਭੂਤਨੇ, ਚੁੜੇਲਾਂ

ارے [ਅਰੇ : arə] *ਸੰਬੋ:* ਸੰਬੋਧਨੀ ਸ਼ਬਦ, ਓਏ

اُریب [ਉਰੇਬ : urəb] *ਵਿ:* ਟੇਢਾ, ਤਿਰਛਾ, ਆਡਾ

اُڑان [ਉੜਾਨ : uṛan] *ਇ:* ਉਡਾਰੀ, ਪਰਵਾਜ਼, ਉੱਡਣ ਦੀ ਕਿਰਿਆ

اُڑانا [ਉੜਾਨਾ : uṛana] *ਕਿ:* ਉਡਾਉਣਾ

اُڑتالیس [ਅੜਤਾਲੀਸ : əṛətalis] *ਵਿ:* ਅਠਤਾਲੀ, ਚਾਲੀ ਜਮ੍ਹਾਂ ਅੱਠ

اُڑتیس [ਅੜਤੀਸ : əṛətis] *ਵਿ:* ਅੱਠਤੀ, ਤੀਹ ਜਮ੍ਹਾਂ ਅੱਠ

اُڑسٹھ [ਅੜਸਠ : əṛəsəṭh] *ਵਿ:* ਅਠਾਹਠ, ਸੱਠ ਜਮ੍ਹਾਂ ਅੱਠ

اُڑنا [ਉੜਨਾ : uṛəna] *ਕਿ:* ਉੱਡਣਾ, ਉੱਡਾਰੀ ਮਾਰਨੀ, ਪਰਵਾਜ਼ ਕਰਨਾ, ਉਚਾ ਹੋਣਾ; ਗ਼ਾਇਬ ਹੋਣਾ; ਚੋਰੀ ਹੋਣਾ; ਬਹੁਤ ਛੇਤੀ ਵਰਤਿਆ ਜਾਣਾ; ਗ਼ਰੂਰ ਕਰਨਾ; ਦੌੜ ਜਾਣਾ; ਖਾਧਾ ਪੀਤਾ ਜਾਣਾ; ਪ੍ਰਾਪਤ ਹੋਣਾ

اُڑناگن [ਉੜਨਾਗਨ : uṛənagən] *ਇ:* ਰਾਹ ਜਾਂਦੀ ਬਲਾ, ਉਡਣੀ ਸਪਣੀ, ਝਗੜਾਲੂ ਔਰਤ

اُڑن کھٹولا [ਉੜਨਖਟੋਲਾ : uṛənəkhəṭola] *ਪੁ:* ਉਡਣ ਲਾਇਕ ਤਖ਼ਤ, ਉਡਣ ਖਟੋਲਾ, ਪਰੀਆਂ ਦੇ ਸੈਰ ਕਰਨ ਦਾ ਤਖ਼ਤ

اڑوس پڑوس [ਅੜੋਸ ਪੜੋਸ : əṛos pəṛos] *ਪੁ:* ਆਂਢ ਗੁਆਂਢ, ਗੁਆਂਢ, ਪੜੋਸ

اڑوسی پڑوسی [ਅੜੋਸੀ ਪੜੋਸੀ : əṛosi pəṛosi] *ਪੁ:* ਪੜੋਸੀ, ਆਂਢੀ-ਗੁਆਂਢੀ, ਆਸ ਪਾਸ ਰਹਿਣ ਵਾਲ਼ੇ, ਗੁਆਂਢੀ

اڑھائی [ਅੜ੍ਹਾਈ : aṛhai] *ਵਿ:* ਢਾਈ, ਦੋ ਜਮ੍ਹਾਂ ਅੱਧਾ

از [ਅਜ਼ : əz] *ਸੰਬੰ:* ਤੋਂ, ਵੱਲੋਂ, ਕੋਲੋਂ, ਨਾਲ਼ੋਂ, ਨਾਲ਼, ਥੀਂ

اِزار [ਇਜ਼ਾਰ : ɪzar] *ਇ:* ਸੁੱਥਣ, ਤੰਬੀ, ਪਜਾਮਾ, ਸਲਵਾਰ

ازاربند [ਇਜ਼ਾਰਬੰਦ : ɪzarəbənd] *ਪੁ:* ਨਾਲ਼ਾ (ਜਿਹੜਾ ਸੁੱਥਣ ਜਾਂ ਪਜਾਮੇ ਜਾਂ ਸਲਵਾਰ ਦੇ ਨੇਫ਼ੇ ਵਿਚ ਪਾਇਆ ਜਾਂਦਾ ਹੈ)

ازاربندی رشتہ [ਇਜ਼ਾਰਬੰਦੀ ਰਿਸ਼ਤਾ : ɪzarebəndi rɪṣta] *ਪੁ:* ਸੁੱਥਣ ਦਾ ਸਾਕ, ਘੱਘਰੀ ਦਾ ਰਿਸ਼ਤਾ, ਤੀਵੀਂ ਦੇ ਪੇਕਿਆਂ ਵੱਲੋਂ ਰਿਸ਼ਤਾ

ازالہ [ਇਜ਼ਾਲਾ : ɪzala] *ਪੁ:* ਸਾਫ਼ ਕਰਨ ਜਾਂ ਪਵਿੱਤਰ ਕਰਨ ਦਾ ਭਾਵ, ਰੋਕ ਦਾ ਹਟਾਉਣਾ

ازحد [ਅਜ਼ ਹੱਦ : əzəḥad] *ਵਿ:* ਬਹੁਤ, ਚੋਖਾ, ਬਾਹਲ਼ਾ, ਅਣਗਿਣਤ, ਹੱਦੋਂ ਬਾਹਰਾ, ਵਧੀਕ, ਪੂੰਜ ਕੇ, ਆਖ਼ਰਾਂ ਦਾ

ازدِحام [ਇਜ਼ਦਿਹਾਮ : ɪzədɪḥam] *ਪੁ:* ਬੰਦਿਆਂ ਦਾ ਇਕੱਠ, ਭੀੜ

ازدِواج [ਇਜ਼ਦਿਵਾਜ : ɪzədɪwaj] *ਪੁ:* ਵਿਆਹ, ਨਿਕਾਹ, ਸ਼ਾਦੀ

ازدِیاد [ਇਜ਼ਦਿਯਾਦ : ɪzədɪyad] *ਪੁ:* ਵਾਧਾ, ਪਸਾਰਾ, ਜ਼ਿਆਦਤੀ, ਬਹੁਤਾਤ

ازرق [ਅਜ਼ਰਕ਼ : əzərəq] *ਵਿ:* ਨੀਲਾ, ਅਸਮਾਨੀ

ازل [ਅਜ਼ਲ : əzəl] *ਪੁ:* ਅਰੰਭ, ਧੁਰ, ਮੁੱਢ, ਅਨਾਦੀ ਕਾਲ, ਉਹ ਦਿਨ ਜਿਥੋਂ ਦੁਨੀਆਂ ਤੁਰੀ

ازلی [ਅਜ਼ਲੀ : əzəli] *ਵਿ:* ਅਨਾਦੀ, ਸਦੀਵੀ

ازمان [ਅਜ਼ਮਾਨ : əzəman] *ਪੁ:* ਵਕਤ, ਸਮੇਂ, ਵੇਲ਼ੇ, ਜ਼ਮਾਨੇ

ازواج [ਅਜ਼ਵਾਜ : əzəwaj] *ਇ:* ਜੋੜੀਆਂ, ਜ਼ਨਾਨੀਆਂ, ਤੀਵੀਆਂ, ਘਰ ਵਾਲ਼ੀਆਂ, ਰੰਨਾਂ, ਵਹੁਟੀਆਂ

اژدہا [ਅਜ਼ਦਹਾ : əzədəha] *ਪੁ:* ਬੜਾ ਵੱਡਾ ਨਾਗ, ਅਜਗਰ, ਸਰਾਲ

اِس [ਇਸ : is] *ਪੜ/ਵਿ:* ਇਸ

اُس [ਉਸ : us] *ਪੜ/ਵਿ:* ਉਸ

اُساتذہ [ਅਸਾਤਜ਼ਾ : əsatəza] *ਪੁ:* ਉਸਤਾਦ, ਮਾਹਰ, ਕਾਰੀਗਰ, ਗੁਣੀ ਜਾਂ ਸਿਆਣੇ ਲੋਕ

اساس [ਅਸਾਸ : əsas] *ਇ:* ਨੀਂਹ, ਮੁੱਢ, ਜੜ੍ਹ, ਮੂਲ

اساسی [ਅਸਾਸੀ : əsasi] *ਵਿ:* ਬੁਨਿਆਦੀ, ਅਸੂਲੀ

اساطیر [ਅਸਾਤ਼ੀਰ : əsatir] *ਇ:* ਆਪ ਘੜੀਆਂ ਗੱਲਾਂ, ਕਿੱਸੇ, ਕਹਾਣੀਆਂ, ਕਹਾਵਤਾਂ, ਗੱਲਾਂ, ਜੱਗ-ਬੀਤੀਆਂ

اساطین [ਅਸਾਤ਼ੀਨ : əsatin] *ਪੁ:* ਥੰਮ੍ਹੀਆਂ, ਥੰਮ੍ਹ

اسافِل [ਅਸਾਫ਼ਿਲ : əsafil] *ਪੁ:* ਨੀਚ ਅਤੇ ਅਤਿ ਕਮੀਨੇ ਲੋਕ, ਹੋਛੇ ਬੰਦੇ

اسالیب [ਅਸਾਲੀਬ : əsalib] *ਪੁ:* ਚੱਜ, ਵੱਲ, ਢੰਗ, ਨਮੂਨੇ, ਗੀਤਾਂ, ਲਿਖਤਾਂ, ਵੰਨਗੀਆਂ

اسامی [ਅਸਾਮੀ : əsami] *ਇ:* ਜਣਾ, ਜੀ, ਮਾਨਵ, ਆਦਮੀ, ਬੰਦਾ, ਸਾਮੀ, ਗਾਹਕ; ਹਾਲੀ, ਵਾਹਕ; ਨੌਕਰੀ, ਵਸਤਾਂ, ਮਾਲ ਮਤਾ

اسامی مَورُوثی [ਅਸਾਮੀ ਮੌਰੂਸੀ : əsami mɔrusi] *ਇ:* ਜਿਸ ਵਾਹਕ ਨੂੰ ਪਰਾਈ ਭੋਇੰ ਉਤੇ ਵਾਹੀ-ਬੀਜੀ ਕਰਨ ਕਾਰਨ ਵਰਾਸਤ ਦਾ ਹੱਕ ਹੋਵੇ

اسانید [ਅਸਾਨੀਦ : əsanid] *ਇ:* ਸਨਦਾਂ, ਸਰਟੀਫ਼ਿਕੇਟ, ਡਿਪਲੋਮੇ

اسپ/اسب [ਅਸਪ/ਅਸਬ : əsəp/əsəb] *ਪੁ:* ਘੋੜਾ, ਸ਼ਤਰੰਜ ਦਾ ਇਕ ਮੋਹਰਾ

اسباب [ਅਸਬਾਬ : əsəbab] *ਪੁ:* ਵਜ੍ਹਾ, ਕਾਰਨ; ਸਾਮਾਨ, ਲਟਾ-ਪਟਾ

اسباط [ਅਸਬਾਤ਼ : əsəbat] *ਇ:* ਦੋਹਤਰੇ ਪੋਤਰੇ, ਦੋਹਤਰੀਆਂ ਪੋਤਰੀਆਂ

اسپات [ਅਸਪਾਤ : əspat] *ਪੁ:* ਖਰਾ ਤੇ ਪੱਕਾ ਲੋਹਾ, ਫ਼ੌਲਾਦ

اسپتال [ਅਸਪਤਾਲ : əsəpətal] *ਪੁ:* ਹਸਪਤਾਲ,

ਸ਼ਫ਼ਾਖ਼ਾਨਾ, ਦਵਾਖ਼ਾਨਾ

اَسپَج [ਅਸਪੰਜ : əsəpə̃j] *ਪੁ:* ਸਪੰਜ

اِسپَند [ਇਸਪੰਦ : əsəpə̃d] *ਪੁ:* ਹਰਮਲ

اُستاد [ਉਸਤਾਦ : ʊsətad] *ਪੁ:/ਵਿ:* ਅਧਿਆਪਕ, ਗੁਰੂ, ਸਿਖਾਉਣ ਪੜ੍ਹਾਉਣ ਵਾਲ਼ਾ, ਆਗੂ, ਗੁਣੀ, ਸਿਆਣਾ, ਚਤੁਰ, ਚਲਾਕ, ਹੁਸ਼ਿਆਰ

اِستاد [ਇਸਤਾਦ : ɪsətad] *ਪੁ:* ਤੰਬੂ ਖੜ੍ਹਾ ਕਰਨ ਦਾ ਭਾਵ; ਤੰਬੂ ਜਾਂ ਸ਼ਾਮਿਆਨੇ ਦੀ ਚੋਭ

اِستادگی [ਇਸਤਾਦਗੀ : ɪsətadəgi] *ਇ:* ਖੜ੍ਹੇ ਹੋਣ ਦੀ ਸਥਿਤੀ, ਆਰਾਮ, ਮਜ਼ਬੂਤੀ, ਪਕਿਆਈ

استادہ [ਇਸਤਾਦਾ : ɪstada] *ਵਿ:* ਖਲਾ, ਖਲੋਤਾ, ਖੜ੍ਹਾ

اُستادی [ਉਸਤਾਦੀ : ʊstadi] *ਇ:* ਉਸਤਾਦੀ, ਕਮਾਲ, ਚੱਜ, ਕਾਰੀਗਰੀ, ਹੁਨਰ, ਗੁਣ, ਖੇਡ, ਚਲਾਕੀ, ਚਤੁਰਾਈ, ਠੱਗੀ

اُستانی [ਉਸਤਾਨੀ : ʊsətani] *ਇ:* ਅਧਿਆਪਕਾ, ਮਾਸਟਰਨੀ

اِستِبداد [ਇਸਤਿਬਦਾਦ : ɪsətɪbədad] *ਪੁ:* ਜ਼ਿਦ, ਜ਼ੋਰ, ਧੱਕਾ-ਧੌੜਾ, ਜ਼ਬਰਦਸਤੀ, ਜ਼ੁਲਮ, ਹੱਠ, ਸਿੰਡਾ, ਅੜੀ, ਖ਼ੁਦ ਮੁਖ਼ਤਿਆਰੀ

اِستِبدادی [ਇਸਤਿਬਦਾਦੀ : ɪsətɪbədadi] *ਵਿ:* ਪਿਛਾਂਹ ਖਿੱਚੂ, ਲਕੀਰ ਦਾ ਫ਼ਕੀਰ, ਜ਼ਿੱਦੀ

اِستبرق [ਇਸਤਬਰਕ : ɪsətəbrəq] *ਪੁ:* ਸੁਨਹਿਰੇ ਫੁੱਲਾਂ ਵਾਲ਼ਾ ਇਕ ਰੇਸ਼ਮੀ ਕੱਪੜਾ

اِستحالہ [ਇਸਤਿਹ਼ਾਲਾ : ɪsətɪḥ̣ala] *ਪੁ:* ਹਾਲਤ ਬਦਲ ਜਾਣ ਦਾ ਭਾਵ, ਸੂਰਤ ਤੇ ਖ਼ਾਸੀਅਤ ਦਾ ਬਦਲਾ

اِستحسان [ਇਸਤਿਹ਼ਸਾਨ : ɪstɪḥ̣əsan] *ਪੁ:* ਅੱਛਾ ਸਮਝਣ ਦਾ ਭਾਵ, ਪਸੰਦਗੀ

اِستحصال [ਇਸਤਿਹ਼ਸਾਲ : ɪsətɪḥ̣əsal] *ਪੁ:* ਲੱਭਤ, ਪ੍ਰਾਪਤ ਕਰਨ ਦੀ ਇੱਛਾ, ਢੂੰਡ

اِستحضار [ਇਸਤਹ਼ਜ਼ਾਰ : ɪsətəḥ̣əzar] *ਪੁ:* ਬੁਲਾਵਾ, ਹਾਜ਼ਰੀ, ਯਾਦਦਾਸ਼ਤ

اِستحقاق [ਇਸਤਿਹ਼ਕਾਕ਼ : ɪsətɪḥ̣aqaq] *ਪੁ:* ਹੱਕ, ਲਾਇਕੀ, ਹੱਕ ਪ੍ਰਾਪਤ ਕਰਨ ਦਾ ਕਾਰਜ, ਯੋਗਤਾ

اِستحکام [ਇਸਤਿਹ਼ਕਾਮ : ɪsətɪḥ̣əkam] *ਪੁ:* ਪਕਿਆਈ, ਮਜ਼ਬੂਤੀ, ਦ੍ਰਿੜ੍ਹਤਾ, ਸ਼ਕਤੀ, ਤਾਕਤ

اِستخارہ [ਇਸਤਿਖ਼ਾਰਾ : ɪsətɪxara] *ਪੁ:* ਖ਼ੈਰ ਦੀ ਮੰਗ, ਨੇਕੀ ਦੀ ਚਾਹਨਾ

اِستخراج [ਇਸਤਿਖ਼ਰਾਜ : ɪsətɪxəraj] *ਪੁ:* ਇਕ ਸ਼ੈ ਵਿਚੋਂ ਦੂਜੀ ਕੱਢਣ ਦਾ ਭਾਵ, ਨਿਕਾਲਾ, ਬੇਦਾਵਾ, ਛਾਂਟੀ; ਜਲਾਵਤਨੀ, ਦੇਸ਼ ਨਿਕਾਲਾ

اِستخلاص [ਇਸਤਿਖ਼ਲਾਸ : ɪsətɪxəlas] *ਪੁ:* ਛੁਟਕਾਰਾ, ਖ਼ਲਾਸੀ, ਛੋਟ, ਅਜ਼ਾਦੀ, ਰਿਹਾਈ

اُستخوان [ਉਸਤਖ਼ਵਾਨ : ʊstəxəwan] *ਪੁ:* ਹੱਡੀ, ਹੱਡ, ਗੁਠਲੀ

اِستِدعا [ਇਸਤਿਦੁਆ : ɪsətɪduạ] *ਇ:* ਮਿੰਨਤ, ਤਰਲਾ, ਮੰਗ, ਚਾਹ, ਬੇਨਤੀ

اِستِدلال [ਇਸਤਿਦਲਾਲ : ɪsətɪdəlal] *ਪੁ:* ਸਬੂਤ, ਦਲੀਲ, ਵਿਖਾਵਾ

اَستر [ਅਸਤਰ : əstər] *ਪੁ:* ਦੁਹਰੇ ਕੱਪੜੇ ਦਾ ਹੇਠਲਾ ਹਿੱਸਾ, ਥੱਲਾ, ਕੋਟ ਵਗੈਰਾ ਦਾ ਅੰਦਰ ਲੱਗਿਆ ਕੱਪੜਾ; ਖੱਚਰ

اِستراحت [ਇਸਤਿਰਾਹ਼ਤ : ɪsətɪraḥ̣ət] *ਇ:* ਅਰਾਮ, ਸੁੱਖ, ਟਿਕਾ, ਚੈਨ

اِستراغہ [ਇਸਤਿਰਾਖ਼ਾ : ɪsətɪraxa] *ਪੁ:* ਢਿੱਲਾਪਣ, ਢਿਲਕਣ ਦਾ ਭਾਵ

اِسترداد [ਇਸਤਿਰਦਾਦ : ɪsətɪrdad] *ਪੁ:* ਰੱਦ ਕਰਨ ਜਾਂ ਮੋੜਨ ਦਾ ਭਾਵ

اَستکاری [ਅਸਤਰਕਾਰੀ : əsətərəkari] *ਇ:*

ਚੂਨੇ ਦੀ ਲਿਪਾਈ

اُسترہ [ਉਸਤਰਾ : usətərə] *ਪੁ:* ਇਕ ਸੰਦ ਜਿਸ ਨਾਲ਼ ਵਾਲ਼ ਮੁੰਨਦੇ ਹਨ

اِستِسقا [ਇਸਤਿਸਕਾ : ɪsətɪsəqa] *ਪੁ:* ਤ੍ਰੇਹ, ਪਿਆਸ, ਜਲੋਦਰ ਦਾ ਰੋਗ, ਇਕ ਬਿਮਾਰੀ ਜਿਸ ਵਿਚ ਤੇਹ ਬਹੁਤ ਲਗਦੀ ਹੈ ਅਤੇ ਪੇਟ ਵਧਦਾ ਹੈ

اِستِشہاد [ਇਸਤਿਸ਼ਹਾਦ : ɪsətɪṣəhad] *ਪੁ:* ਗਵਾਹੀ, ਸ਼ਾਹਦੀ, ਸਬੂਤ, ਪੁੱਛ-ਪੁਛਾਵਾ

اِستِصواب [ਇਸਤਿਸਵਾਬ : ɪsətɪsəwab] *ਪੁ:* ਮਸ਼ਵਰਾ, ਰਾਇ, ਸਲਾਹ, ਮੱਤ

اِستِعارہ [ਇਸਤਿਆ਼ਾਰਾ : ɪsətɪara] *ਪੁ:* ਰੂਪਕ ਅਲੰਕਾਰ, ਉਪਮਾ ਨਾਲ਼ ਕਿਸੇ ਸ਼ਬਦ ਦਾ ਅਰਥ ਬਦਲ ਜਾਣ ਦਾ ਭਾਵ

اِستِعانت [ਇਸਤਿਆ਼ਨਤ : ɪstɪanət] *ਇ:* ਸਹਾਇਤਾ ਮੰਗਣ ਦਾ ਭਾਵ, ਮੱਦਦ, ਸਹਾਰਾ, ਆਸਰਾ, ਓਟ, ਸ਼ਰਨ

اِستِعجاب [ਇਸਤਿਅ਼ਜਾਬ : ɪsətɪ'əjab] *ਪੁ:* ਹੈਰਾਨੀ, ਅਚੰਭਾ, ਅਸਚਰਜਤਾ

اِستعداد [ਇਸਤਅ਼ਦਾਦ : ɪstə'ədad] *ਇ:* ਤਿਆਰ ਰਹਿਣ ਦਾ ਗੁਣ, ਤਿਆਰੀ; ਵਿਦਵਤਾ, ਲਿਆਕਤ, ਯੋਗਤਾ, ਹੁਨਰ, ਨਿਪੁੰਨਤਾ

اِستِعفا [ਇਸਤਿਅ਼ਫ਼ਾ : ɪstɪ'əfa] *ਪੁ:* ਅਸਤੀਫ਼ਾ, ਤਿਆਗ ਪੱਤਰ, ਮੁਆਫ਼ੀ ਦੀ ਮੰਗ

اِستعمار [ਇਸਤਿਅ਼ਮਾਰ : ɪstɪ'əmar] *ਪੁ:* ਵਰਤੋਂ, ਅਮਲ

اِستِعمال [ਇਸਤਿਅ਼ਮਾਲ : ɪstɪ'əmal] *ਪੁ:* ਇਸਤੇਮਾਲ, ਵਰਤੋਂ; ਵਰਤਾਰਾ, ਵਰਤ-ਵਰਤਾ, ਹੰਢਾ, ਹੰਢਾਉਣ ਦਾ ਕਾਰਜ

اِستِعمال شُدہ/اِستِعمالی [ਇਸਤਿਅ਼ਮਾਲ ਸ਼ੁਦਾ/ ਇਸਤਿਅ਼ਮਾਲੀ : ɪsətɪ'əmalṣuda / ɪsətɪ'əmali] *ਵਿ:* ਵਰਤਿਆ ਹੋਇਆ, ਕੰਮ ਵਿਚ ਆਇਆ ਹੋਇਆ, ਪੁਰਾਣਾ; ਕੰਮ ਵਿਚ ਲਿਆਉਣ ਵਾਲ਼ੀ (ਚੀਜ਼), ਅਮਲ ਵਿਚ ਲਿਆਂਦਾ ਗਿਆ

اِستِغاثہ [ਇਸਤਿਗ਼ਾਸਾ : ɪstɪġasa] *ਪੁ:* ਦਾਅਵਾ, ਮੁਕੱਦਮਾ, ਦਾਦ-ਫ਼ਰਿਆਦ, ਨਿਆਂ ਦੀ ਮੰਗ

اِستِغراق [ਇਸਤਿਗ਼ਰਾਕ਼ : ɪsətɪġərəq] *ਪੁ:* ਗ਼ਰਕ ਹੋਣ ਦੀ ਹਾਲਤ; ਕਿਸੇ ਚਿੰਤਾ ਵਿਚ ਡੁੱਬਣ ਦਾ ਭਾਵ, ਆਪਾ ਭੁੱਲ ਜਾਣ ਦੀ ਕਿਰਿਆ, ਰੁਝੇਵਾਂ, ਆਹਰ, ਧੁਨ

اِستِغفار [ਇਸਤਿਗ਼ਫ਼ਾਰ : ɪsətɪġəfar] *ਪੁ:* ਰਹਿਮ, ਬਖ਼ਸ਼ਸ਼, ਮਿਹਰ, ਗੁਨਾਹਾਂ ਦੇ ਬਖ਼ਸ਼ਾ-ਉਣ ਲਈ ਦੁਆ, ਭੁੱਲਾਂ ਦੀ ਮਾਫ਼ੀ

اِستِغناء [ਇਸਤਿਗ਼ਨਾ : ɪsətɪġəna] *ਇ:* ਅਮੀਰੀ, ਬੇਪਰਵਾਹੀ, ਬੇਨਿਆਜ਼ੀ, ਬੇਫ਼ਿਕਰੀ, ਕਿਸੇ ਚੀਜ਼ ਦੀ ਲੋੜ ਦਾ ਨਾ ਹੋਣਾ

اِستِفادہ [ਇਸਤਿਫ਼ਾਦਾ : ɪsətɪfada] *ਪੁ:* ਨਫ਼ਾ, ਲਾਭ, ਫ਼ਾਇਦਾ

اِستِفاضہ [ਇਸਤਿਫ਼ਾਜ਼ਾ : ɪsətɪfaza] *ਪੁ:* ਲਭਤ, ਪ੍ਰਾਪਤੀ

اِستِفراغ [ਇਸਤਫ਼ਰਾਗ਼ : ɪsətəfərag] *ਪੁ:* ਉਲਟੀ, ਖਾਧਾ ਪੀਤਾ ਉਗਲੱਛਣ ਦੀ ਕਿਰਿਆ, ਉੱਪਰ ਛਲ, ਉਗਲੱਛ, ਉਛਾਲ਼ੀ

اِستِفسار [ਇਸਤਿਫ਼ਸਾਰ : ɪsətɪfəsar] *ਪੁ:* ਪੁੱਛਣਾ; ਪ੍ਰਸ਼ਨ, ਪੁੱਛ ਗਿੱਛ

اِستِفہام [ਇਸਤਿਫ਼ਹਾਮ : ɪsətɪfəham] *ਪੁ:* ਸਮਝਣ ਦੀ ਖ਼ਾਹਸ਼, ਪੁੱਛਣਾ, ਪ੍ਰਸ਼ਨ ਸਮਝਣ ਦਾ ਕੰਮ

اِستِفہامی [ਇਸਤਿਫ਼ਹਾਮੀ : ɪsətɪfəhami] *ਵਿ:* ਸਵਾਲੀਆ, ਜਿਸ ਵਿਚ ਪ੍ਰਸ਼ਨ ਪਾਇਆ ਜਾਵੇ

اِستِقبال [ਇਸਤਿਕ਼ਬਾਲ : ɪsətɪqəbal] *ਪੁ:* ਸੁਆਗਤ, ਜੀ ਆਇਆਂ ਨੂੰ, ਅਗਵਾਈ,

ਮਿਲਣੀ, ਆਦਰ ਭਾ; ਜੀ ਸਦਕੇ, ਆਉਣ ਵਾਲ਼ਾ ਸਮਾਂ

اِسْتِقرار [ਇਸਤਿਕ਼ਰਾਰ : ɪsətɪqərar] *ਪੁ:* ਪੁਸ਼ਟੀ, ਖਲਹਾਰ, ਠਹਿਰਾ, ਸਥਿਰਤਾ

اِسْتِقلال [ਇਸਤਿਕ਼ਲਾਲ : ɪsətɪqəlal] *ਪੁ:* ਪਕਿਆਈ; ਸਬਰ, ਅਡੋਲਤਾ, ਦ੍ਰਿੜ੍ਹਤਾ, ਸੁਤੰਤਰਤਾ

اِسْتِکبار [ਇਸਤਿਕਬਾਰ : ɪsətɪqəbar] *ਪੁ:* ਹੰਕਾਰ, ਮਾਣ, ਆਕੜ, ਚੌੜ, ਘੁਮੰਡ

اِسْتِکشاف [ਇਸਤਿਕਸ਼ਾਫ਼ : ɪsətɪkəṣaf] *ਪੁ:* ਪ੍ਰਗਟਾ, ਉਘਾੜ, ਸਪਸ਼ਟਤਾ

اِسْتِلزام [ਇਸਤਿਲਜ਼ਾਮ : ɪsətɪləzam] *ਪੁ:* ਲੋੜ, ਜ਼ਰੂਰਤ, ਵਿਸ਼ੇਸ਼ਤਾ

اِسْتِماع [ਇਸਤਿਮਾਅ : ɪsətɪma'ə] *ਪੁ:* ਧਿਆਨ ਨਾਲ਼ ਸੁਣਨ ਦਾ ਭਾਵ, ਅਫਵਾਹ, ਖ਼ਬਰ

اِسْتِمالت [ਇਸਤਿਮਾਲਤ : ɪsətɪmaləṭ] *ਇ:* ਜੀ ਹਜ਼ੂਰੀ, ਦਿਲਜੋਈ

اِسْتِمداد [ਇਸਤਿਮਦਾਦ : ɪsətɪmədad] *ਇ:* ਸਹਾਇਤਾ, ਮੱਦਦ, ਮੰਗ

اِسْتِمرار [ਇਸਤਿਮਰਾਰ : ɪsətɪmərar] *ਪੁ:* ਸਦੀਵਤਾ, ਹਮੇਸ਼ਗੀ

اِسْتِمراری [ਇਸਤਿਮਰਾਰੀ : ɪsətɪmərari] *ਵਿ:* ਸਦੀਵੀ, ਸਥਾਈ, ਪੱਕਾ

اِسْتِمزاج [ਇਸਤਿਮਜ਼ਾਜ : ɪsətɪməzaj] *ਪੁ:* ਹਾਲ ਚਾਲ ਪੁੱਛਣ ਦਾ ਭਾਵ, ਖ਼ਬਰਸਾਰ ਦੀ ਪੁੱਛ ਗਿੱਛ

اِسْتِنباط [ਇਸਤਿਨਬਾਤ਼ : ɪsətɪnəbaṭ] *ਪੁ:* ਚੋਣ, ਨਵੇਂ ਮਸਲੇ ਦੀ ਕਾਢ

اِسْتِنجا [ਇਸਤਿਨਜਾ : ɪsətɪnəja] *ਪੁ:* ਟੱਟੀ ਪਿਸ਼ਾਬ ਕਰਨ ਪਿੱਛੋਂ ਸਰੀਰ ਦੇ ਅੰਗ ਦੀ ਸਫ਼ਾਈ ਕਰਨਾ

اِستِوا [ਇਸਤਵਾ : ɪsətəwa] *ਪੁ:* ਬਰਾਬਰੀ, ਮੇਲ, ਸਾਂਝੀ ਥਾਂ, ਇਕਸਾਰਤਾ; ਭੂ ਮਧ ਰੇਖਾ

اُستوار [ਉਸਤਵਾਰ : ʊsətəwar] *ਵਿ:* ਪੱਕਾ, ਤਕੜਾ, ਡਾਢਾ, ਮਜ਼ਬੂਤ, ਖੁਲ੍ਹਾ, ਹੰਢਾਵਾਂ, ਪੈਰਾਂ ਦਾ ਪੱਕਾ, ਦ੍ਰਿੜ੍ਹ, ਵਫ਼ਾਦਾਰ

اِستِہزا [ਇਸਤਿਹਜ਼ਾ : ɪsətɪhəza] *ਪੁ:* ਠੱਠਾ, ਮਖ਼ੌਲ, ਹਾਸਾ, ਬਖੇੜਾ, ਮਸਖ਼ਰੀ, ਟਿੱਚਰ

اِستِیصال [ਇਸਤਿਸਾਲ : ɪsətɪsal] *ਪੁ:* ਬੀਜ ਨਾਸ ਕਰਨ ਦਾ ਭਾਵ, ਤਬਾਹੀ, ਬਰਬਾਦੀ, ਸਤਿਆਨਾਸ

اِستِیعاب [ਇਸਤੀਆ਼ਾਬ : ɪsətɪ'ab] *ਪੁ:* ਸਾਰੀ ਚੀਜ਼, ਪੂਰੀ ਕਿਤਾਬ ਦਾ ਮਜ਼ਮੂਨ, ਕੁੱਲ

اِستِیلا [ਇਸਤੀਲਾ : ɪsətɪla] *ਪੁ:* ਦਬਦਬਾ, ਜ਼ੋਰ, ਕਬਜ਼ਾ, ਪੂਰਨ, ਅਧਿਕਾਰ

اسد [ਅਸਦ : əsəd] *ਪੁ:* ਸ਼ੀਂਹ ਰਾਸ਼ੀ, ਅਸਮਾਨ ਦੇ ਬਾਰਾਂ ਬੁਰਜਾਂ ਵਿਚੋਂ ਇਕ ਬੁਰਜ

اَسرار [ਅਸਰਾਰ : əsrar] *ਪੁ:* ਗੁਝੀਆਂ ਗੱਲਾਂ, ਭੇਤ, ਰਮਜ਼ਾਂ

اِسراف [ਇਸਰਾਫ਼ : ɪsəraf] *ਪੁ:* ਦੌਲਤ ਦੀ ਉਡਾਈ, ਹੱਦੋਂ ਵੱਧ ਖ਼ਰਚ, ਫ਼ਜ਼ੂਲ ਖ਼ਰਚੀ

اِسرافیل [ਇਸਰਾਫ਼ੀਲ : ɪsərafil] *ਪੁ:* ਇਕ ਫਰਿਸ਼ਤੇ ਦਾ ਨਾਂ

اَسفل [ਅਸਫ਼ਲ : əsəfəl] *ਵਿ:* ਕਮੀਨਾ, ਘਟੀਆ, ਸੱਭ ਤੋਂ ਵੱਧ ਜ਼ਲੀਲ, ਅਤਿ ਨੀਵੇਂ ਦਰਜੇ ਦਾ

اِسفنج [ਇਸਫ਼ੰਜ : ɪsəfənj] *ਪੁ:* ਸਪੰਜ

اِسقاط [ਇਸਕ਼ਾਤ਼ : ɪsəqaṭ] *ਪੁ:* ਥੱਲੇ ਸੁੱਟਣ ਦਾ ਭਾਵ, ਮੰਗਣਾ

اِسقاطِ حمل [ਇਸਕ਼ਾਤ਼-ਏ-ਹਮਲ : ɪsqaṭ-e-həmәl] *ਪੁ:* ਗਰਭਪਾਤ

اَسقام [ਅਸਕ਼ਾਮ : əsəqam] *ਪੁ:* ਭੈੜ, ਐਬ, ਖਰਾਬੀਆਂ, ਬੀਮਾਰੀਆਂ, ਕਮਜ਼ੋਰੀਆਂ, ਦੁੱਖ, ਮੁਸੀਬਤਾਂ

اَسلاف [ਅਸਲਾਫ਼ : əsəlaf] *ਪੁ:* ਬੀਤੇ ਸਮੇਂ ਦੇ ਲੋਕ, ਵੱਡੇ ਵਡੇਰੇ

اِسلام [ਇਸਲਾਮ : ısəlam] *ਪੁ:* ਇਸਲਾਮ, ਮੁਸਲਮਾਨਾਂ ਦਾ ਦੀਨ; ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਭਾਵਨਾ

اِسلامی [ਇਸਲਾਮੀ : ısəlami] *ਵਿ:/ਪੁ:* ਇਸਲਾਮੀ, ਇਸਲਾਮ ਨਾਲ਼ ਸੰਬੰਧਿਤ, ਮੁਸਲਿਮ, ਮੁਸਲਮਾਨ

اَسلحہ [ਅਸਲਹ਼ਾ : əsələ̣ha] *ਪੁ:* ਲੜਾਈ ਦੇ ਹਥਿਆਰ (ਤਲਵਾਰ, ਬੰਦੂਕ, ਤੋਪ, ਟੈਂਕ ਤੇ ਹੋਰ ਫ਼ੌਜੀ ਸਮਾਨ)

اُسلُوب [ਉਸਲੂਬ : usəlub] *ਪੁ:* ਢੰਗ, ਤਰੀਕਾ, ਰਾਹ, ਚੱਜ, ਚਾਲ-ਢਾਲ

اِسم [ਇਸਮ : ısəm] *ਪੁ:* ਨਾਮ, ਨਾਂਵ

اَسما [ਅਸਮਾ : əsəma] *ਪੁ:* ਬਹੁਤੇ ਨਾਉਂ, ਅੱਲਾਂ

اِسمِ اعظم [ਇਸਮ-ਏ-ਆਜ਼ਮ : ısəm-e-ə'azəm] *ਪੁ:* ਖ਼ੁਦਾ ਦਾ ਇਕ ਵੱਡਾ ਨਾਂ

اِسم نویسی [ਇਸਮ ਨਵੀਸੀ : ısəm nəwısı] *ਪੁ:* ਨਾਂ ਲਿਖਣਾ, ਗਵਾਹਾਂ ਦੀ ਸੂਚੀ ਤਿਆਰ ਕਰਨੀ

اَسناد [ਅਸਨਾਦ : əsənad] *ਪੁ:* ਸਨਦਾਂ, ਦਲੀਲਾਂ, ਉਦਾਹਰਨਾਂ, ਸਬੂਤ

اَسوار [ਅਸਵਾਰ : esewar] *ਪੁ:* ਸਵਾਰ, ਸਵਾਰੀ ਕਰਨ ਵਾਲ਼ਾ ਬੰਦਾ

اَسواری [ਅਸਵਾਰੀ : əsəwari] *ਇ:* ਸਵਾਰੀ

اسود [ਅਸਵਦ : əsəwəd] *ਵਿ:* ਕਾਲ਼ਾ, ਕਾਲ਼ਾ ਸ਼ਾਹ

اُسوہ [ਉਸਵਹ : usəwəh] *ਪੁ:* ਵੰਨਗੀ, ਨਮੂਨਾ, ਢੰਗ, ਰਾਹ, ਚੱਜ, ਚਾਲਾ

اِسہال [ਇਸਹਾਲ : ısəhal] *ਪੁ:* ਜੁਲਾਬ, ਪਤਲੀਆਂ ਟੱਟੀਆਂ

اَسہل [ਅਸਹਲ : əsəhəl] *ਵਿ:* ਬੜਾ ਅਸਾਨ, ਸੌਖਾ, ਸੁਖਾਲ਼ਾ

اِسی [ਇਸੀ : ısi] *ਪੜ:/ਵਿ:* ਇਹੀ, ਇਹੋ

اَسّی [ਅੱਸੀ : əssi] *ਵਿ:* ਅੱਸੀ, ਸੱਤਰ ਜਮ੍ਹਾਂ ਦਸ ਦੀ ਗਿਣਤੀ

اِسے [ਇਸੇ : ıse] *ਪੜ:/ਵਿ:* ਏਸੇ

اَسیر [ਅਸੀਰ : əsir] *ਪੁ:* ਕੈਦੀ, ਬੰਦੀਵਾਨ

اَسیری [ਅਸੀਰੀ : əsiri] *ਇ:* ਕੈਦ, ਕੈਦਖ਼ਾਨਾ, ਜੇਲ੍ਹ

اِشارت [ਇਸ਼ਾਰਤ : ışarət] *ਇ:* ਇਸ਼ਾਰਾ, ਸੈਨਤ, ਗੁੱਝੀ ਗੱਲ

اِشارہ [ਇਸ਼ਾਰਾ : ışara] *ਪੁ:* ਇਸ਼ਾਰਾ, ਹੱਥ, ਅੱਖ ਜਾਂ ਸਿਰ ਹਿਲਾ ਕੇ ਕੋਈ ਗੱਲ ਸਮਝਾਉਣ ਦਾ ਢੰਗ, ਸੈਨਤ

اِشاعت [ਇਸ਼ਾਅ਼ਤ : ışa'ət] *ਇ:* ਛਪਾਈ, ਪ੍ਰਕਾਸ਼ਨ, ਪ੍ਰਸਿੱਧੀ, ਮਸ਼ਹੂਰੀ

اِشباہ [ਇਸ਼ਬਾਹ : ışəbah] *ਪੁ:* ਇਕੋ ਜਿਹਾ ਮੁਹਾਂਦਰਾ, ਇਕੋ ਜਿਹੀਆਂ

اِشتِباہ [ਇਸ਼ਤਿਬਾਹ : ışətıbah] *ਪੁ:* ਸ਼ੱਕ-ਸ਼ੁਬ੍ਹਾ, ਗੁਮਾਨ, ਭੁਲੇਖਾ

اِشتِداد [ਇਸ਼ਤਿਦਾਦ : ışətıdad] *ਪੁ:* ਸਖ਼ਤੀ, ਜ਼ਿਆਦਤੀ, ਵਧੀਕੀ

اُشتر [ਉਸ਼ਤਰ : uṣətər] *ਪੁ:* ਊਠ, ਬੋਤਾ

اِشتِراک [ਇਸ਼ਤਿਰਾਕ : ışətırak] *ਪੁ:* ਸਾਂਝ, ਪੱਤੀ, ਭਿਆਲੀ

اِشتِراکی [ਇਸ਼ਤਿਰਾਕੀ : ışətıraki] *ਵਿ:* ਸਮਾਜ-ਵਾਦ ਨਾਲ਼ ਸੰਬੰਧਿਤ, ਸਮਾਜਵਾਦ ਦਾ ਹਾਮੀ, ਸਮਾਜਵਾਦੀ

اِشتِراکیت [ਇਸ਼ਤਿਰਾਕੀਯਤ : ışətırakıyət] *ਇ:* ਇਕੱਠ, ਸੰਗਠਨ, ਸਾਂਝ; ਸਾਂਝੀਵਾਲਤਾ, ਸਮਾਜਵਾਦ

اِشتِعال [ਇਸ਼ਤਿਆ਼ਲ : ışətı'al] *ਪੁ:* ਗੁੱਸਾ, ਕਰੋਧ, ਤੈਸ਼, ਜੋਸ਼; ਭੜਾਸ, ਤਾ, ਚੁੱਕ

اِشتِعا لک [ਇਸ਼ਤਿਆਲਕ : ɪṣətɪ'alək] *ਇ:* ਚੱਕ, ਜੋਸ਼, ਚੁੱਪ, ਗੁੱਸਾ, ਉਕਸਾਹਟ

اِشتِغال [ਇਸ਼ਤਿਗ਼ਾਲ : ɪṣətɪġal] *ਪੁ:* ਰੁਝੇਵਾਂ, ਆਹਰ, ਸ਼ੁਗਲ

اِشتِقاق [ਇਸ਼ਤਿਕ਼ਾਕ਼ : ɪṣətɪqaq] *ਪੁ:* ਮੂਲ ਸ਼ਬਦ ਤੋਂ ਹੋਰ ਸ਼ਬਦ ਰੂਪਾਂ ਦੀ ਘਾੜਤ

اِشتِمال [ਇਸ਼ਤਿਮਾਲ : ɪṣətɪmal] *ਪੁ:* ਸ਼ਮੂਲੀਅਤ, ਰਲ਼ਾ-ਮਿਲ਼ਾ

اِشتِمالِ اراضی [ਇਸ਼ਤਿਮਾਲ-ਏ-ਅਰਾਜ਼ੀ : ɪṣtəmal-e-arazi] *ਇ:* ਮੁਰੱਬੇਬੰਦੀ, ਚੱਕਬੰਦੀ

اِشتِہا [ਇਸ਼ਤਿਹਾ : ɪṣətɪha] *ਇ:* ਭੁੱਖ, ਚਾਹ, ਸਿੱਕ, ਕੁੱਝ ਖਾਣ ਪੀਣ ਦੀ ਲੋੜ

اِشتِہار [ਇਸ਼ਤਿਹਾਰ : ɪṣətɪhar] *ਪੁ:* ਇਸ਼ਤਿਹਾਰ, ਵਿਗਿਆਪਨ, ਪ੍ਰਸਿੱਧ ਕਰਨ ਦਾ ਢੰਗ, ਪੋਸਟਰ

اِشتِہاری [ਇਸ਼ਤਿਹਾਰੀ : ɪṣətɪhari] *ਵਿ:* ਇਸ਼ਤਿਹਾਰ ਨਾਲ਼ ਸੰਬੰਧਿਤ; ਵਿਗਿਆਪਤ; (ਅਜਿਹਾ ਦੋਸ਼ੀ) ਜਿਸ ਬਾਰੇ ਵਿਗਿਆਪਨ ਦਿੱਤਾ ਗਿਆ ਹੋਵੇ

اِشتِیاق [ਇਸ਼ਤਿਯਾਕ : ɪṣətɪyaq] *ਪੁ:* ਸ਼ੌਕ, ਚਾਹ, ਰੀਝ

اَشجار [ਅਸ਼ਜਾਰ : əṣəjar] *ਪੁ:* ਬਹੁਤੇ ਰੁੱਖ, ਦਰਖ਼ਤ

اَشجَع [ਅਸ਼ਜਅ : əṣəjə'ə] *ਵਿ:* ਬੜਾ ਬਹਾਦੁਰ, ਬੜਾ ਦਲੇਰ, ਸ਼ੇਰ ਜਵਾਨ

اَشخاص [ਅਸ਼ਖ਼ਾਸ : əṣəxas] *ਪੁ:* ਲੋਕ, ਬੰਦੇ

اَشَد [ਅਸ਼ੱਦ : əṣədd] *ਵਿ:* ਬੜਾ ਸਖ਼ਤ, ਅਤਿ ਕਰੜਾ, ਬੜਾ ਛਾਢਾ, ਰੱਜਵਾਂ

اَشَر [ਅਸ਼ੱਰ : əṣərr] *ਵਿ:* ਬਹੁਤ ਬੁਰਾ, ਬੜਾ ਸ਼ਰਾਰਤੀ, ਪੱਕਾ ਸ਼ੈਤਾਨ

اشرار [ਅਸ਼ਰਾਰ : əṣərar] *ਪੁ:* ਬੁਰੇ ਲੋਕ, ਸ਼ਰਾਰਤੀ ਲੋਕ

اشراف [ਅਸ਼ਰਾਫ਼ : əṣəraf] *ਪੁ:* ਸ਼ਰੀਫ਼ ਜਾਂ ਭਲਾ ਮਾਣਸ ਆਦਮੀ, ਬੀਬਾ ਮਨੁੱਖ, ਸਾਊ (ਲੋਕ)

اشرافیہ [ਅਸ਼ਰਾਫ਼ੀਯਾ : əṣərafiya] *ਇ:* ਕੁਝ ਖ਼ਾਸ ਅਮੀਰ ਲੋਕਾਂ ਦੀ ਹਕੂਮਤ, ਉੱਚੀ ਕੁਲ ਵਾਲ਼ੇ ਅਤੇ ਇੱਜ਼ਤਦਾਰ ਲੋਕਾਂ ਦੀ ਹਕੂਮਤ

اِشراق [ਇਸ਼ਰਾਕ਼ : ɪṣəraq] *ਇ:* ਸੂਰਜ ਚੜ੍ਹਨ ਵੇਲ਼ੇ ਪੜ੍ਹੀ ਜਾਣ ਵਾਲ਼ੀ ਨਮਾਜ਼, ਸੂਰਜ ਦਾ ਉਦੈ ਹੋਣਾ

اَشرف [ਅਸ਼ਰਫ਼ : əṣərəf] *ਵਿ:* ਬੜਾ ਸਾਊ, ਬੜਾ ਸ਼ਰੀਫ਼ ਤੇ ਭਲਾਮਾਣਸ

اَشرفی [ਅਸ਼ਰਫ਼ੀ : əṣərəfi] *ਇ:* ਅਸ਼ਰਫ਼ੀ, ਮੋਹਰ, ਸੋਨੇ ਦਾ ਸਿੱਕਾ

اَشعار [ਅਸ਼ਆ਼ਰ : əṣə'ar] *ਪੁ:* ਸ਼ਿਅਰ, ਕਵਿਤਾਵਾਂ, ਕਾਵਿ ਪੰਕਤੀਆਂ

اَشغال [ਅਸ਼ਗ਼ਾਲ : əṣəġal] *ਪੁ:* ਕੰਮ ਧੰਦੇ, ਰੁਝੇਵੇਂ

اُشغولہ [ਉਸ਼ਗ਼ਲਾ : uṣəġəla] *ਪੁ:* ਫ਼ਸਾਦ ਜਾਂ ਝਗੜੇ ਦੀ ਗੱਲ

اَشقیا [ਅਸ਼ਕ਼ਿਯਾ : əṣəqiya] *ਵਿ:* ਬੇਰਹਿਮ, ਬਦਬਖ਼ਤ, ਅਭਾਗੇ, ਕਠੋਰਚਿੱਤ, ਜ਼ਾਲਮ (ਲੋਕ)

اَشک [ਅਸ਼ਕ : əṣək] *ਪੁ:* ਅੱਥਰੂ, ਹੰਝੂ

اَشکال [ਅਸ਼ਕਾਲ : əṣəkal] *ਇ:* ਸ਼ਕਲਾਂ, ਸੂਰਤਾਂ, ਮੂਰਤਾਂ, ਚਿੱਤਰ, ਤਸਵੀਰਾਂ

اِشکال [ਇਸ਼ਕਾਲ : ɪṣəkal] *ਪੁ:* ਔਖ, ਔਕੜ, ਮੁਸ਼ਕਲ, ਭੀੜ; ਦਿੱਕਤ

اشک شوئی [ਅਸ਼ਕ ਸ਼ੂਈ : əṣək ṣui] *ਇ:* ਤਸੱਲੀ; ਦਮ ਦਿਲਾਸਾ, ਕੂੜੀ ਤਸੱਲੀ

اَشہاد [ਅਸ਼ਹਾਦ : əṣəhad] *ਪੁ:* ਗਵਾਹ, ਉਗਾਹ, ਸ਼ਾਹਦੀ ਭਰਨ ਵਾਲ਼ੇ ਲੋਕ

اِشہاد [ਇਸ਼ਹਾਦ : ɪṣəhad] *ਪੁ:* ਸ਼ਾਹਦੀ, ਗਵਾਹੀ, ਸ਼ਹਾਦਤ

اَشیا [ਅਸ਼ਯਾ : əṣəya] *ਇ:* ਸ਼ੈਆਂ, ਚੀਜ਼ਾਂ,

ਵਸਤਾਂ

اِصابت [ਇਸਾਬਤ : ɪsebət] *ਇ:* ਪਹੁੰਚ, ਰਸਾਈ, ਠੀਕ ਰਾਇ

اَصالت [ਅਸਾਲਤ : əsalət] *ਪੁ:* ਅਸਲੀਅਤ, ਅਸਲਾ, ਦ੍ਰਿੜ੍ਹਤਾ, ਪਕਾਈ, ਉਕਾਤ

اَصحاب [ਅਸਹਾਬ : əsəḥab] *ਪੁ:* ਯਾਰ, ਦੋਸਤ, ਬੇਲੀ, ਸੰਗੀ, ਕੋਲ ਬਹਿਣ ਖਲੋਣ ਤੇ ਮਿਲਣ ਵਾਲ਼ੇ ਲੋਕ

اِصرار [ਇਸਰਾਰ : ɪsərar] *ਪੁ:* ਹਠ, ਅੜ, ਖਹਿੜਾ, ਸਿੱਡਾ

اِصطبل [ਅਸਤ਼ਬਲ : əstəbəl] *ਪੁ:* ਘੋੜੇ ਬੰਨ੍ਹਣ ਦੀ ਥਾਂ, ਤਬੇਲਾ

اَصغر [ਅਸਗ਼ਰ : əsəġər] *ਵਿ:* ਬਹੁਤ ਨਿੱਕਾ, ਛੋਟਾ

اَصفر [ਅਸਫ਼ਰ : əsəfər] *ਵਿ:* ਜ਼ਰਦ, ਪੀਲ਼ਾ, ਖੱਟਾ, ਕੇਸਰੀ

اَصفِیا [ਅਸਫ਼ੀਯਾ : əsəfiya] *ਪੁ:* ਉੱਚੇ ਸੱਚੇ ਬਜ਼ੁਰਗ, ਨੇਕ ਪਵਿੱਤਰ ਲੋਕ, ਸਾਫ਼ ਸੁਥਰੇ ਬੰਦੇ, ਸੁਫ਼ੀ ਲੋਕ

اَصل [ਅਸਲ : əsəl] *ਪੁ:* ਨੀਂਹ, ਮੂਲ, ਜੜ੍ਹ, ਮੁੱਢ, ਪੀੜ੍ਹੀ; ਉਧਾਰੀ ਦਿਤੀ ਹੋਈ ਰਕਮ; ਸਚਿਆਈ, ਮੁੱਢ-ਕਦੀਮ

اَصلاً [ਅਸਲਨ : əsələn] *ਕਿਵਿ:* ਅਸਲ ਵਿਚ, ਮੂਲ ਰੂਪ ਵਿਚ

اَصلاب [ਅਸਲਾਬ : əsələb] *ਪੁ:* ਪੁਸ਼ਤਾਂ, ਪੀੜ੍ਹੀਆਂ, ਕੁੱਲਾਂ

اِصلاح [ਇਸਲਾਹ : ɪsələḥ] *ਇ:* ਸੁਧਾਈ, ਸੁਧਾਰ, ਦਰੁਸਤੀ, ਭਲਾਈ, ਨੇਕੀ

اَصل زر [ਅਸਲ ज़र : əsəl zər] *ਪੁ:* ਮੂਲ ਧਨ, ਵਪਾਰ ਵਿਚ ਲਾਈ ਰਕਮ, ਵਿਆਜ ਤੇ ਦਿੱਤੀ ਹੋਈ ਰਕਮ

اَصلی [ਅਸਲੀ : əsəli] *ਵਿ:* ਅਸਲੀ, ਸੁੱਚਾ, ਖਰਾ, ਠੀਕ; ਅਸਲ (ਗੱਲ)

اَصلِیّت [ਅਸਲੀਯਤ : əsəliyyət] *ਇ:* ਅਸਲੀਅਤ, ਹਕੀਕਤ, ਅਸਲੀ ਗੱਲ, ਸੱਚਾਈ

اَصَم [ਅੱਸਮ : əsəmm] *ਵਿ:* ਬੋਲ਼ਾ, ਡੋਰਾ

اَصناف [ਅਸਨਾਫ਼ : əsənaf] *ਇ:* ਕਿਸਮਾਂ, ਜਿਨਸਾਂ; ਵੰਨ-ਸਵੰਨੇ ਨਮੂਨੇ

اَصنام [ਅਸਨਾਮ : əsənam] *ਪੁ:* ਬੁੱਤ, ਮੂਰਤਾਂ, ਮੂਰਤੀਆਂ; ਦਿਲ ਦੇ ਜਾਨੀ, ਮਸ਼ੂਕ, ਪ੍ਰੇਮਿਕਾ, ਢੋਲ ਮਾਹੀ

اصوات [ਅਸਵਾਤ : əsəwat] *ਪੁ:* ਆਵਾਜ਼ਾਂ, ਧੁਨੀਆਂ

اُصُول [ਉਸੂਲ : usul] *ਪੁ:* ਅਸੂਲ, ਕਾਇਦੇ, ਰਾਜ ਚੱਜ, ਕਾਨੂਨ, ਤੱਤ, ਢੱਬ, ਢੰਗ

اُصُولی [ਉਸੂਲੀ : usuli] *ਵਿ:/ਪੁ:* ਅਸੂਲਾਂ ਅਨੁਸਾਰ, ਕਿਸੇ ਨਿਯਮ ਜਾਂ ਕਾਨੂਨ ਅਨੁਸਾਰ; ਮੁਸਲਮਾਨਾਂ ਦਾ ਇਕ ਫ਼ਿਰਕਾ

اَصِیل [ਅਸੀਲ : əsil] *ਵਿ:* ਸੀਲ (ਸੁਭਾਅ), ਅਸਲੇ ਵਾਲ਼ਾ, ਸਾਊ, ਖ਼ਾਨਦਾਨੀ, ਸ਼ਰੀਫ਼, ਸੁਲੱਗ, ਭਲਾਮਾਣਸ, ਕੌਲ ਦਾ ਪੱਕਾ, ਖਰਾ, ਬੀਬਾ

اِضافت [ਇਜ਼ਾਫ਼ਤ : ɪzafət] *ਇ:* ਲਗਾ, ਜੋੜ, ਵਾਸਤਾ, ਵਾਧਾ, ਸੰਬੰਧ, ਮੇਲ

اِضافہ [ਇਜ਼ਾਫ਼ਾ : izafa] *ਪੁ:* ਵਾਧਾ, ਵਾਧ, ਵਧੀਕੀ, ਜ਼ਿਆਦਤੀ; ਲਾਭ

اضداد [ਅਜ਼ਦਾਦ : əzədad] *ਇ:* ਜ਼ਿੱਦਾਂ, ਇਕ ਦੂਜੇ ਦੇ ਉਲਟ ਜਾਂ ਵਿਰੋਧੀ ਅਰਥਾਂ ਵਾਲ਼ੇ ਸ਼ਬਦ

اِضطِراب [ਇਜ਼ਤ਼ਿਰਾਬ : ɪzətɪrab] *ਪੁ:* ਘਬਰਾਹਟ, ਭਸੂੜੀ, ਬੇਚੈਨੀ, ਕਾਹਲ, ਪਰੇਸ਼ਾਨੀ, ਅਸ਼ਾਂਤੀ

اِضطِرابی [ਇਜ਼ਤ਼ਿਰਾਬੀ : ɪzətɪrabi] *ਇ:* ਘਬਰਾਹਟ, ਬੇਚੈਨੀ, ਬੁਖਲਾਹਟ, ਬੇਆਰਾਮੀ

اِضطِراری [ਇਜ਼ਤਿਰਾਰੀ : ɪzətɪrari] *ਇ:* ਬੇਕਰਾਰੀ, ਬੇਆਰਾਮੀ, ਬੇਚੈਨੀ, ਘਬਰਾਹਟ, ਬੁਖਲਾਹਟ

اَضعف [ਅਜ਼ਅ਼ਫ਼ : əzə'əf] *ਵਿ:* ਡਾਢਾ ਮਾੜਾ, ਅਤਿ ਕਮਜ਼ੋਰ, ਮਾੜਚੂ

اِضلاع [ਅਜ਼ਲਾਅ : əzəla'ə] *ਪੁ:* ਜ਼ਿਲ੍ਹੇ; ਭਾਗ, ਟੋਟੇ; ਯੋਗ ਪ੍ਰਬੰਧ ਕਰਨ ਲਈ ਕੀਤੀਆਂ ਹੋਈਆਂ ਇਲਾਕੇ ਦੀਆਂ ਵੰਡਾਂ

اِضلال [ਅਜ਼ਲਾਲ : əzəlal] *ਪੁ:* ਬਹਿਕਾਵਾ, ਗੁਮਰਾਹੀ

اِضمار [ਇਜ਼ਮਾਰ : ɪzəmar] *ਪੁ:* ਪੜਨਾਂਵ, ਨਾਂਵ ਦੀ ਥਾਂ ਵਰਤੇ ਗਏ ਸ਼ਬਦ

اِضمحلال [ਇਜ਼ਮਹ਼ਲਾਲ : ɪzəməḥəlal] *ਪੁ:* ਜੁੱਸੇ ਦੀ ਟੋਟ, ਕਮਜ਼ੋਰੀ, ਥਕੇਵਾਂ, ਢਿੱਲ-ਮੱਠ, ਮੁਰਦੇਹਾਣੀ; ਜਿੱਲ੍ਹਾਪਣ, ਸੁਸਤੀ

اِطاعت [ਇਤ਼ਾਅ਼ਤ : ɪta'ət] *ਇ:* ਤਾਬੇਦਾਰੀ, ਆਗਿਆ ਮੰਨਣ ਦਾ ਭਾਵ, ਬੰਦਗੀ, ਚਾਕਰੀ

اُطاق [ਉਤ਼ਾਕ़ : ʊtaq] *ਪੁ:* ਕਮਰਾ, ਕੋਠਾ

اَطبّا [ਅੱਤ਼ਬਾ : ətəbba] *ਪੁ:* ਡਾਕਟਰ, ਹਕੀਮ, ਵੈਦ, ਦਵਾ ਦਾਰੂ ਕਰਨ ਵਾਲ਼ੇ ਲੋਕ

اَطراف [ਅਤ਼ਰਾਫ਼ : ətəraf] *ਇ:* ਤਰਫ਼ਾਂ, ਕਿਨਾਰੇ, ਪਾਸੇ, ਸਿਰੇ

اطفال [ਅਤ਼ਫ਼ਾਲ : ətəfal] *ਪੁ:* ਬਾਲ, ਬਾਲਕ, ਬੱਚੇ, ਜਾਤਕ, ਅੰਵਾਣੇ

اِطّلاع [ਇੱਤ਼ਲਾਅ : ɪttəla'ə] *ਇ:* ਖ਼ਬਰ, ਦੱਸ, ਉੱਘ-ਸੁੱਘ, ਪਤਾ, ਭੌਂਡੀ, ਢੰਡੋਰਾ, ਚਿਤਾਵਨੀ, ਭਿਣਕ

اِطلاعاً [ਇੱਤ਼ਲਾਅ਼ਨ : ɪttəla'ən] *ਕਿਵਿ:* ਸੂਚਨਾ ਹਿਤ, ਜਾਣਕਾਰੀ ਹਿਤ, ਅਗਵਾਈ ਲਈ

اِطلاق [ਇਤ਼ਲਾਕ़ : ɪtəlaq] *ਪੁ:* ਇਕ ਚੀਜ਼ ਦਾ ਦੂਜੀ ਉਤੇ ਘਟਣਾ, ਤਲਾਕ ਦੇਣ ਦਾ ਭਾਵ

اطّلاعی [ਇੱਤ਼ਲਾਈ : ɪttəla'i] *ਵਿ:* ਸੂਚਿਤ ਕਰਨ ਵਾਲ਼ੀ (ਚਿੱਠੀ ਆਦਿ), ਸੂਚਨਾ ਦੇਣ ਵਾਲ਼ੇ

اطلس [ਅਤ਼ਲਸ : ətələs] *ਇ:* ਇੱਕ ਚਮਕੀਲਾ ਰੇਸ਼ਮੀ ਕਪੱੜਾ, ਸਾਟਨ

اِطمینان [ਇਤ਼ਮੀਨਾਨ : ɪtəminan] *ਪੁ:* ਤਸੱਲੀ, ਸੁੱਖ ਦਾ ਸਾਹ, ਢਾਰਸ, ਦਿਲਾਸਾ, ਚੈਨ, ਦਿਲ-ਜੋਈ, ਸਬਰ

اَطناب [ਅਤਨਾਬ : ətənab] *ਪੁ:* ਤੰਬੂ ਦੀਆਂ ਰੱਸੀਆਂ, ਤਣਾਵਾਂ ਜਾਂ ਡੋਰੀਆਂ

اِطناب [ਇਤ਼ਨਾਬ : ɪtənab] *ਪੁ:* ਮਾਮਲਾ ਲੰਬਾ ਕਰਨ ਦਾ ਭਾਵ, ਐਵੇਂ ਗੱਲ ਵਧਾਈ ਜਾਣ ਦਾ ਕਾਰਜ

اَطوار [ਅਤ਼ਵਾਰ : ətəwar] *ਪੁ:* ਆਦਤਾਂ, ਰੰਗ-ਢੰਗ, ਤੌਰ-ਤਰੀਕੇ, ਚਾਲੇ, ਵਤੀਰੇ, ਲੱਛਣ, ਕਾਰੇ, ਕਰਤੂਤਾਂ

اَطوَل [ਅਤ਼ਵਲ : ətəwel] *ਵਿ:* ਬਹੁਤ ਲੰਮਾ

اطہار [ਅਤ਼ਹਾਰ : ətəhar] *ਪੁ:* ਚੰਗੇ ਆਦਮੀ, ਪਵਿੱਤਰ ਲੋਕ

اَطہر [ਅਤ਼ਹਰ : ətəhər] *ਵਿ:* ਬਹੁਤ ਨੇਕ, ਸਭਨਾਂ ਤੋਂ ਵਧਕੇ ਸੱਚਵਛ, ਪਵਿੱਤਰ

اَطیب [ਅਤ਼ਯਬ : ətəyəb] *ਵਿ:* ਬੜਾ ਹੀ ਪਵਿੱਤਰ, ਚੰਗਾ, ਸਵਾਦਲਾ

اَظلال [ਅਜ਼ਲਾਲ : əzəlal] *ਪੁ:* ਪਰਛਾਵੇਂ, ਸਾਏ

اَظلم [ਅਜ਼ਲਮ : əzələm] *ਵਿ:* ਅਤਿਆਚਾਰੀ, ਬਹੁਤ ਜ਼ਾਲਮ, ਜ਼ੁਲਮੀ, ਹਤਿਆਰਾ, ਪੱਥਰ-ਦਿਲ, ਦੁੱਖ ਦੇਣ ਵਾਲ਼ਾ

اِظہار [ਇਜ਼ਹਾਰ : ɪzəhar] *ਪੁ:* ਗਵਾਹੀ, ਸ਼ਾਹਦੀ, ਬਿਆਨ, ਪ੍ਰਗਟਾਵਾ

اظہر [ਅਜ਼ਹਰ : əzəher] *ਵਿ:* ਖੁੱਲ੍ਹਾ-ਖੁੱਲ੍ਹਾ, ਸਾਫ਼-ਸਾਫ਼, ਚੰਗੀ ਤਰ੍ਹਾਂ ਦਿਸਦਾ, ਸੁਝਦਾ, ਪ੍ਰੱਤਖ, ਸਪਸ਼ਟ

اِعادہ [ਇਆ਼ਦਾ : ı'ada] *ਪੁ:* ਦੁਹਰਾਈ, ਦੋਹਰ, ਘੜੀ-ਮੁੜੀ ਕਰਨ ਜਾਂ ਕਹਿਣ ਦਾ ਕਾਰਜ, ਤਕਰਾਰ

اَعاظِم [ਅਆ਼ਜ਼ਿਮ : əazım] *ਪੁ:* ਸਿਰ ਕੱਢ ਲੋਕ, ਵਡੇਰੇ, ਉਚੇ ਰੁਤਬੇ ਵਾਲ਼ੇ ਲੋਕ

اِعانت [ਇਆ਼ਨਤ : ı'anət] *ਇ:* ਸਹਾਇਤਾ, ਸਹਾਰਾ, ਰਿਆਇਤ, ਮੱਦਦ

اِعْتِبار [ਇਅ਼ਤਿਬਾਰ : ı'ətıbar] *ਪੁ:* ਵਸਾਹ, ਯਕੀਨ, ਭਰੋਸਾ, ਪਕਿਆਈ, ਵਿਹਾਰ, ਸਾਖ, ਮਾਣ, ਇੱਜ਼ਤ

اِعْتِباری [ਇਅ਼ਤਿਬਾਰੀ : ı'ətıbari] *ਵਿ:* ਵਸਾਹ ਵਾਲ਼ਾ, ਭਰੋਸੇਯੋਗ, ਪ੍ਰਤੀਤ ਯੋਗ

اِعْتِدال [ਇਅ਼ਤਿਦਾਲ : ı'ətıdal] *ਪੁ:* ਵਿਚਾਲ਼ਾ, ਵਿਚਕਾਰ, ਇਕੋ ਜਿਹਾ ਹੋਣ ਦਾ ਗੁਣ, ਵਿਚਕਾਰਲੀ ਚਾਲ, ਨਾ ਘੱਟ ਨਾ ਵੱਧ

اِعْتِزار [ਇਅ਼ਤਿਜ਼ਾਰ : ı'ətızar] *ਪੁ:* ਉਜ਼ਰ, ਬਹਾਨਾ, ਪੱਜ, ਮਾਫ਼ੀ

اِعْتِراض [ਇਅ਼ਤਿਰਾਜ਼ : ı'ətıraz] *ਪੁ:* ਇਤਰਾਜ਼, ਢੁੱਚਰ, ਰੋਕ, ਅੜਿਕਾ, ਨੁਕਤਾਚੀਨੀ

اِعْتِراف [ਇਅ਼ਤਿਰਾਫ਼ : ı'ətıraf] *ਪੁ:* ਇਕਬਾਲ, ਇਕਰਾਰ, ਆਪਣੇ ਦੋਸ਼ ਨੂੰ ਮੰਨਣਾ

اِعْتِقاد [ਇਅ਼ਤਿਕ਼ਾਦ : ı'ətıqad] *ਪੁ:* ਯਕੀਨ, ਈਮਾਨ, ਧਰਮ, ਭਰੋਸਾ, ਵਸਾਹ, ਇਤਬਾਰ

اِعْتِقادی [ਇਅ਼ਤਿਕ਼ਾਦੀ : i'ətiqadi] *ਵਿ:* ਭਰੋਸਾ ਰੱਖਣ ਵਾਲ਼ਾ, ਯਕੀਨ ਰੱਖਣ ਵਾਲ਼ਾ

اِعْتِماد [ਇਅ਼ਤਿਮਾਦ : ı'ətımad] *ਪੁ:* ਭਰੋਸਾ, ਇਤਬਾਰ, ਯਕੀਨ, ਵਸਾਹ

اِعْتِنا [ਇਅ਼ਤਿਨਾ : ı'ətına] *ਪੁ:* ਦੁੱਖ-ਸੁੱਖ ਦੀ ਸਾਂਝ, ਹਮਦਰਦੀ, ਧਿਆਨ, ਗ਼ੌਰ

اِعْجاز [ਇਅ਼ਜਾਜ਼ : ı'əjaz] *ਪੁ:* ਕ੍ਰਿਸ਼ਮਾ, ਅਨੋਖੀ ਗੱਲ, ਕਰਾਮਾਤ

اَعْجوبہ [ਆਅ਼ਜੂਬਾ : a'əjuba] *ਪੁ:* ਅਜੀਬ ਸ਼ੈ, ਅਨੋਖੀ ਚੀਜ਼, ਕ੍ਰਿਸ਼ਮਾ

اَعدا [ਅਅ਼ਦਾ : a'əda] *ਪੁ:* ਦੁਸ਼ਮਣ, ਦੋਖੀ, ਵੈਰੀ, ਧਰੋਹੀ

اَعداد [ਆਅ਼ਦਾਦ : a'ədad] *ਪੁ:* ਗਿਣਤੀ, ਅੰਕੜੇ, ਲੇਖੇ ਜੋਖੇ ਜਾਂ ਹਿਸਾਬ ਕਿਤਾਬ ਦੇ ਕੰਮ ਆਉਣ ਵਾਲ਼ੇ ਹਿੰਦਸੇ

اعداد وشُمار [ਆਅ਼ਦਾਦ-ਉ-ਸ਼ੁਮਾਰ : a'ədad-o-şumar] *ਪੁ:* ਹਿਸਾਬ ਕਿਤਾਬ, ਪੂਰੀ ਪੱਕੀ ਗਿਣਤੀ, ਗਿਣਤਰ ਮਿਣਤਰ

اِعراب [ਇਅ਼ਰਾਬ : ı'ərab] *ਪੁ:* ਅੱਖਰਾਂ ਨੂੰ ਸਵਾਰ ਕੇ ਪੜ੍ਹਨ ਲਈ ਲਾਈਆਂ ਹੋਈਆਂ ਨਿਸ਼ਾਨੀਆਂ, ਜ਼ਬਰ ਪੇਸ਼ ਜ਼ੇਰ ਵਗ਼ੈਰਾ ਲਗਾਂ ਜਾਂ ਲਗਾਖਰ

اَعرابی [ਅਅ਼ਰਾਬੀ : ə'ərabi] *ਪੁ:* ਬੱਦੂ, ਅਰਬ ਦੇ ਥਲ ਵਾਸੀ; ਪੇਂਡੂ, ਸਿੱਧ-ਪੱਧਰ

اِعراض [ਇਅ਼ਰਾਜ਼ : ı'əraz] *ਪੁ:* ਪਾਸਾ ਵੱਟ ਲੈਣ ਦਾ ਭਾਵ, ਮੂੰਹ ਦਾ ਫੇਰਨਾ, ਨਫ਼ਰਤ, ਕਰੀਚ

اِعزاز [ਇਅ਼ਜ਼ਾਜ਼ : ı'əzaz] *ਪੁ:* ਮਾਣ, ਮਰਤਬਾ, ਇੱਜ਼ਤ, ਵਡਿਆਈ

اِعزازی [ਇਅ਼ਜ਼ਾਜ਼ੀ : ı'əzazi] *ਵਿ:* ਮਾਣ ਵਾਲ਼ਾ, ਵਡਿਆਈ ਵਾਲ਼ਾ

اَعشاریہ [ਆਅ਼ਸ਼ਾਰੀਯਾ : a'əşariya] *ਵਿ:* ਦਸਵੇਂ ਭਾਗ ਵਾਲ਼ਾ, ਦਸਵੇਂ ਭਾਗ ਨਾਲ਼ ਸੰਬੰਧਿਤ

اَعصاب [ਆਅ਼ਸਾਬ : a'əsab] *ਪੁ:* ਨਸਾਂ, ਰਗਾਂ, ਪੱਠੇ, ਨਾੜਾਂ, ਨਾੜੀਆਂ

اَعصار [ਆਅ਼ਸਾਰ : a'əsar] *ਪੁ:* ਜ਼ਮਾਨੇ, ਵੇਲ਼ੇ, ਸਮੇਂ

اعضا [ਆਅ਼ਜ਼ਾ : a'əza] *ਪੁ:* ਸਰੀਰ ਦੇ ਅੰਗ, ਹੱਡ-ਗੋਡੇ, ਗਿੱਟੇ-ਗੋਡੇ, ਹੱਥ ਪੈਰ ਵਗੈਰਾ

اِعطا [ਇਅ਼ਤਾ : ı'əta] *ਪੁ:* ਦੇਣ, ਦਾਤ, ਬਖ਼ਸ਼ਸ਼

اعظم [ਆਅ਼ਜ਼ਮ : a'əzəm] *ਵਿ:* ਬਹੁਤ ਵੱਡਾ, ਬੜਾ ਬਜ਼ੁਰਗ, ਮੁਖੀ, ਪ੍ਰਧਾਨ

اَعقاب [ਆਅ਼ਕ਼ਾਬ : a'əqab] *ਪੁ:* ਪਿੱਛੇ ਰਹਿ ਜਾਣ ਵਾਲ਼ੇ, ਜੀਅ-ਜੰਤ, ਆਰ ਪਰਿਵਾਰ, ਬਾਲ ਬੱਚੇ, ਪਿਛਲੀ ਪੀੜ੍ਹੀ, ਵਾਰਸ

اِعلا [ਇਅ਼ਲਾ : ɪ'əla] *ਪੁ:* ਵੱਡਾ ਬਣਾਉਣ ਦੀ ਕਿਰਿਆ

اِعلام [ਇਅ਼ਲਾਮ : ɪ'əlam] *ਪੁ:* ਪਰਵਾਨਾ, ਨੋਟਿਸ, ਸਨੇਹਾ, ਖ਼ਬਰ, ਐਲਾਨ, ਘੋਸ਼ਣਾ, ਚਿਤਾਵਨੀ, ਪ੍ਰਸਿੱਧੀ

اِعلان [ਇਅ਼ਲਾਨ : ɪ'əlan] *ਪੁ:* ਐਲਾਨ, ਉਚੇਚੇ ਹੁਕਮ ਤੇ ਫ਼ੈਸਲੇ ਦੀ ਸੂਚਨਾ, ਆਮ ਖ਼ਬਰ, ਢੰਡੋਰਾ, ਮਸ਼ਹੂਰੀ, ਇਸ਼ਤਿਹਾਰ, ਵਿਗਿਆਪਨ

اِعلانیہ [ਇਅ਼ਲਾਨੀਯਾ : ɪ'əlaniya] *ਕਿਵਿ:* ਇਲਾਨੀਆ, ਖੁਲ੍ਹਮ-ਖੁਲ੍ਹਾ, ਗੱਜ-ਵੱਜ ਕੇ, ਹਿੱਕ ਤੇ ਹੱਥ ਮਾਰ ਕੇ, ਸ਼ਰ੍ਹੇ-ਆਮ

اعلیٰ [ਆਅ਼ਲਾ : a'əla] *ਵਿ:* ਆਹਲਾ, ਬਹੁਤ ਉੱਚਾ, ਵਧੀਆ, ਚੰਗਾ, ਵਡਮੁੱਲਾ, ਚੜ੍ਹਦਾ, ਉੱਚੇ ਮਰਤਬੇ ਵਾਲ਼ਾ

اَعلم [ਆਅ਼ਲਮ : a'əlem] *ਵਿ:* ਬਹੁਤ ਵੱਡਾ ਵਿਦਵਾਨ, ਬੜਾ ਸਿਆਣਾ, ਬੜੀ ਜਾਣ ਪਛਾਣ ਵਾਲ਼ਾ

اَعماق [ਅਅ਼ਮਾਕ਼ : ə'əmaq] *ਪੁ:* ਡੂੰਘ, ਡੂੰਘੇ, ਥਾਂ, ਡੂੰਘਿਆਈਆਂ

اعمال [ਅਅ਼ਮਾਲ : ə'əmal] *ਪੁ:* ਕੰਮ, ਕਾਰੇ, ਕਰਤੂਤਾਂ, ਕਰਨੀਆਂ, ਕਰਤਬ

اعمال نامہ [ਅਅ਼ਮਾਲ ਨਾਮਾ : ə'əmal nama] *ਪੁ:* ਅਮਲਾਂ ਦੀ ਸੂਚੀ, ਉਹ ਕਿਤਾਬ ਜਿਸ ਵਿਚ ਫ਼ਰਿਸ਼ਤੇ ਬੰਦੇ ਦੇ ਚੰਗੇ ਮੰਦੇ ਕਾਰਜ ਲਿਖਦੇ ਹਨ, ਅਫ਼ਸਰਾਂ ਵੱਲੋਂ ਮਾਤਹਿਤਾਂ ਦੇ ਕੰਮਾਂ ਬਾਰੇ ਰਿਪੋਰਟ

اَعمام [ਅਅ਼ਮਾਮ : ə'əmam] *ਪੁ:* ਚਾਚੇ, ਫੁੱਫੜ

اعمیٰ [ਆਅ਼ਮਾ : a'əma] *ਵਿ:* ਅੰਨ੍ਹਾ, ਅਗਿਆਨੀ, ਅਨਪੜ੍ਹ

اَعوان [ਆਅ਼ਵਾਨ : a'əwan] *ਪੁ:* ਬੇਲੀ, ਸੰਗੀ, ਸਾਥੀ, ਸਹਾਇਕ

اَعیان [ਆਅ਼ਯਾਨ : a'əyan] *ਪੁ:* ਅੱਖਾਂ; ਬਜ਼ੁਰਗ ਲੋਕ, ਅਮੀਰ ਵਜ਼ੀਰ, ਵੱਡੇ ਆਦਮੀ

اَغذیہ [ਅਗ਼ਜ਼ਿਯਾ : əg̣əzɪya] *ਇ:* ਖਾਣੇ, ਖ਼ੁਰਾਕਾਂ, ਖਾਣ ਪੀਣ ਦੀਆਂ ਚੀਜ਼ਾਂ, ਖਾਧ-ਖ਼ੁਰਾਕ

اَغراض [ਅਗ਼ਰਾਜ਼ : əg̣əraz] *ਇ:* ਗ਼ਰਜ਼ਾਂ, ਚਾਹਵਾਂ, ਨੀਤੀਆਂ, ਇਰਾਦੇ

اِغراق [ਇਗ਼ਰਾਕ਼ : ɪg̣əraq] *ਪੁ:* ਡੋਬਾ, ਕੋਈ ਗੱਲ ਵਧਾ ਕੇ ਦੱਸਣ ਦੀ ਕਿਰਿਆ, ਅਤਿ ਰੁਝੇਵਾਂ

اغلاط [ਅਗ਼ਲਾਤ਼ : əg̣əlat] *ਪੁ:* ਗ਼ਲਤੀਆਂ, ਭੁੱਲਾਂ-ਚੁੱਕਾਂ, ਔਗੁਣ, ਭੁਲੇਖੇ, ਭੁਲਾਵੇ

اِغلاق [ਇਗ਼ਲਾਕ਼ : ɪg̣əlaq] *ਪੁ:* ਵਲ ਫੇਰ, ਉਹ ਗੁੰਝਲ ਜਿਸ ਨਾਲ਼ ਗੱਲ ਚੰਗੀ ਤਰ੍ਹਾਂ ਸਮਝ ਨਾ ਆਵੇ

اِغلام [ਇਗ਼ਲਾਮ : ɪg̣əlam] *ਪੁ:* ਮੁੰਡੇਬਾਜ਼ੀ, ਲੌਂਡੇਬਾਜ਼ੀ

اِغلامی [ਇਗ਼ਲਾਮੀ : ɪg̣əlami] *ਵਿ:* ਮੁੰਡੇਬਾਜ਼, ਲੌਂਡੇਬਾਜ਼

اَغلب [ਅਗ਼ਲਬ : əg̣ələb] *ਕਿਵਿ:* ਵਧੇਰੇ ਕਰਕੇ, ਵਧੀਕ, ਵਿਸ਼ੇਸ਼ ਕਰਕੇ, ਸੰਭਵ, ਜਿਸਦੇ ਹੋਣ ਦਾ ਪੱਕ ਹੋਵੇ, ਹੋਇਆ ਕਿ ਹੋਇਆ

اَغل بغل [ਅਗ਼ਲ ਬਗ਼ਲ : əg̣əl bəg̣əl] *ਕਿਵਿ:* ਏਧਰ ਓਧਰ, ਸੱਜੇ ਖੱਬੇ, ਆਲ਼ੇ-ਦੁਆਲੇ, ਲਾਗੇ ਚਾਗੇ, ਚੁਗਿਰਦੇ, ਆਸੇ ਪਾਸੇ, ਕੋਲ਼ ਕੋਲ਼

اَغلط [ਅਗ਼ਲਤ਼ : əg̣əlat] *ਵਿ:* ਬਹੁਤ ਹੀ ਗ਼ਲਤ

اِغماض [ਇਗ਼ਮਾਜ਼ : ɪg̣əmaz] *ਪੁ:* ਚਸ਼ਮਪੋਸ਼ੀ,

ਅਣਡਿੱਠ ਕਰਨ ਦਾ ਜਾਂ ਪਰਦਾ ਪਾਉਣ ਦਾ ਭਾਵ

اغنیا [ਅਗ਼ਨੀਯਾ : əgəniya] *ਪੁ:* ਅਮੀਰ ਲੋਕ, ਧਨੀ, ਰੱਜੇ-ਪੁੱਜੇ ਜਾਂ ਖਾਂਦੇ-ਪੀਂਦੇ ਵਿਅਕਤੀ, ਦੌਲਤਮੰਦ ਲੋਕ

اغوا [ਇਗ਼ਵਾ : ɪgəwa] *ਪੁ:* ਉਧਾਲਾ, ਕੱਢ ਕੇ ਲੈ ਜਾਣ ਦੀ ਕਿਰਿਆ, ਬਹਿਕਾਵਾ, ਉਕਸਾਹਟ

اغیار [ਅਗ਼ਯਾਰ : əgəyar] *ਵਿ:* ਗ਼ੈਰ, ਓਪਰੇ, ਪਰਾਏ, ਬੇਗਾਨੇ

اُف [ਉਫ਼ : ʊf] *ਵਿਸ:* ਦੁੱਖ ਦਰਦ ਵੇਲ਼ੇ ਮੂੰਹੋਂ ਨਿਕਲਣ ਵਾਲ਼ੀ ਆਪ-ਮੁਹਾਰੀ ਅਵਾਜ਼, ਊਈ, ਓਹ, ਅਫ਼ਸੋਸ ਹੈ

افادہ [ਇਫ਼ਾਦਾ : ɪfada] *ਪੁ:* ਲਾਭ, ਲਾਹਾ, ਲਭਤ, ਫਲ਼, ਖੱਟੀ, ਨਫ਼ਾ

افاضل [ਅਫ਼ਾਜ਼ਿਲ : əfazɪl] *ਪੁ:* ਆਲਮ, ਫ਼ਾਜ਼ਲ, ਵਿਦਵਾਨ, ਸਿਆਣੇ ਲੋਕ, ਦਾਨੇ ਪ੍ਰਧਾਨੇ

افاضہ [ਇਫ਼ਾਜ਼ਾ : ɪfaza] *ਪੁ:* ਭਲਾਈ, ਕਮਾਈ, ਨੇਕੀ

افاغنہ [ਅਫ਼ਾਗ਼ਿਨਾ : əfagɪna] *ਪੁ:* ਅਫ਼ਗਾਨੀ ਲੋਕ, ਪਠਾਣ

افاقہ [ਅਫ਼ਾਕ਼ਾ : əfaqa] *ਪੁ:* ਰੋਗ ਜਾਂ ਦੁੱਖ ਦਾ ਘਟਣਾ, ਆਰਾਮ, ਮੋੜਾ

افتا [ਇਫ਼ਤਾ : ɪfta] *ਪੁ:* ਸ਼ਰ੍ਹਾ ਅਨੁਸਾਰ ਦਿੱਤਾ ਫ਼ਤਵਾ, ਕਿਸੇ ਮਸਲੇ ਬਾਰੇ ਮੁਫ਼ਤੀ ਦਾ ਫੈਸਲਾ

افتاد [ਉਫ਼ਤਾਦ : ʊfətad] *ਇ:* ਦੁੱਖ, ਭੀੜ, 'ਸਿਰ ਪਈ', ਆ ਬਣੀ, ਮੁੱਢ, ਮੁਸੀਬਤ, ਆਦਤ, ਬਣਤਰ, ਘਾੜ; ਬਚਪਨ, ਅਣਜਾਣਪੁਣਾ

افتادگی [ਉਫ਼ਤਾਦਗੀ : ʊfətadəgi] *ਇ:* ਨਿਮਰਤਾ, ਨੀਵਾਂ ਹੋ ਕੇ ਰਹਿਣ ਦਾ ਸੁਭਾ, ਮੁਥਾਜੀ, ਬਦਹਾਲੀ, ਹੀਣਤਾ

افتادہ [ਉਫ਼ਤਾਦਾ : ʊfətada] *ਵਿ:* ਛਿੱਗਾ ਹੋਇਆ, ਨਿਮਾਣਾ, ਸਤਿਆ ਹੋਇਆ, ਦੁਖੀ, ਨਕਾਰਾ, ਭੁੰਜੇ ਡਿਗੀ (ਸ਼ੈ), ਅਣਵਾਹੀ (ਭੋਂ), ਬੰਜਰ, ਰੱਕੜ

افتتاح [ਇਫ਼ਤਿਤਾਹ਼ : ɪfətitaḥ] *ਪੁ:* ਮਹੂਰਤ, ਉਦਘਾਟਨ, ਅਰੰਭ, ਸ਼ੁਰੂ ਕਰਨ ਦੀ ਰਸਮ

افتتاحی [ਇਫ਼ਤਿਤਾਹ਼ੀ : ɪfətɪtaḥɪ] *ਵਿ:* ਮੁਢਲੀ, ਅਰੰਭਿਕ

افتتاحیہ [ਇਫ਼ਤਿਤਾਹ਼ੀਯਾ : ɪfətɪtaḥiya] *ਪੁ:* ਮੁਢਲਾ ਲੇਖ, ਪਹਿਲੀ ਗੱਲ, ਸੰਪਾਦਕੀ ਲੇਖ

افتخار [ਇਫ਼ਤਿਖ਼ਾਰ : ɪfətɪxar] *ਪੁ:* ਮਾਣ-ਤਾਣ, ਗੁਮਾਨ, ਹੰਕਾਰ, ਟਹੁਰ, ਆਕੜ; ਸ਼ੋਭਾ, ਵਡਿਆਈ

افترا [ਇਫ਼ਤਰਾ : ɪfətəra] *ਪੁ:* ਤੁਹਮਤ, ਕੂੜਾ ਦੋਸ਼, ਊਜ

افتراق [ਇਫ਼ਤਿਰਾਕ਼ : ɪfətɪraq] *ਪੁ:* ਫੁੱਟ, ਵਿਗਾੜ, ਵਿੱਥ, ਪਾੜ, ਨਿਖੇੜਾ

افراتفری [ਅਫ਼ਰਾਤਫ਼ਰੀ : əfərətəfəri] *ਇ:* ਘਬਰਾਟ, ਭਸੂੜੀ, ਹਫੜਾ-ਦਫੜੀ, ਹਿਲਜੁਲ, ਦੌੜ-ਭੱਜ, ਭਾਜੜ, ਆਪੋ-ਧਾਪੀ, ਬੇਚੈਨੀ

افراد [ਅਫ਼ਰਾਦ : əfərad] *ਪੁ:* ਬੰਦੇ, ਕਈ ਜਣੇ, ਲੋਕ

افراط [ਇਫ਼ਰਾਤ : ɪfərat] *ਇ:* ਵਾਧਾ, ਜ਼ਿਆਦਤੀ, ਵਧੀਕੀ, ਬਹੁਤਾਤ

افروختہ [ਅਫ਼ਰੋਖ਼ਤਾ : əfəroxəta] *ਵਿ:* ਬਲ਼ਿਆ ਹੋਇਆ, ਚਮਕਦਾ, ਸੜਿਆ-ਭੁਜਿਆ, ਭਰਿਆ-ਪੀਤਾ, ਲੋਹਾ-ਲਾਖਾ

افزائش [ਅਫ਼ਜ਼ਾਇਸ਼ : əfəzaɪṣ] *ਇ:* ਵਾਧਾ, ਪਸਾਰਾ, ਖਿਲਾਰਾ, ਜ਼ਿਆਦਤੀ, ਤਰੱਕੀ, ਉਸਾਰੀ

افزوں [ਅਫ਼ਜ਼ੂੰ : əfəzũ] *ਵਿ:* ਬਹੁਤਾ, ਵਧੀਕ, ਵੱਧ, ਘਣਾ, ਵਧੇਰਾ

افزونی [ਅਫ਼ਜ਼ੂਨੀ : əfəzuni] *ਇ:* ਬਹੁਤਾਤ,

ਜ਼ਿਆਦਤੀ, ਵਧੀਕੀ

اِفساد [ਇਫ਼ਸਾਦ : ɪfəsad] ਪੁ: ਫ਼ਸਾਦ, ਝੇੜਾ, ਜੰਗ, ਲੜਾਈ

افسانہ [ਅਫ਼ਸਾਨਾ : əfəsana] ਪੁ: ਕਿੱਸਾ, ਕਹਾਣੀ, ਗੱਲ, ਬਿਆਨ, ਕੂੜੀ ਜੱਗ-ਬੀਤੀ, ਹੋਈ ਬੀਤੀ ਗੱਲ ਜਿਹੜੀ ਜੀਵਨ ਦਾ ਕੋਈ ਪਾਸਾ ਉਘਾੜੇ

افسانہ گو [ਅਫ਼ਸਾਨਾ ਗੋ : əfəsana go] ਵਿ: ਕਿੱਸਾ ਕਹਾਣੀ ਸੁਣਾਉਣ ਵਾਲ਼ਾ, ਕਥਾਕਾਰ

افسانہ گوئی [ਅਫ਼ਸਾਨਾ ਗੋਈ : əfəsana goi] ਇ: ਕਹਾਣੀ ਕਹਿਣ ਜਾਂ ਸੁਣਾਉਣ ਦੀ ਕਿਰਿਆ

افسر [ਅਫ਼ਸਰ : əfəsər] ਪੁ: ਅਫ਼ਸਰ, ਸਰਦਾਰ, ਹਾਕਮ

افسُردگی [ਅਫ਼ਸੁਰਦਗੀ : əfəsurədəgi] ਇ: ਉਦਾਸੀ, ਸੋਗ, ਬੇਰੌਣਕੀ

افسُردہ [ਅਫ਼ਸੁਰਦਾ : əfəsurəda] ਵਿ: ਉਦਾਸ, ਟੁੱਟੇ ਦਿਲ ਵਾਲ਼ਾ, ਸੁੰਨਾ, ਦਿਲਗੀਰ, ਗ਼ਮਗੀਨ, ਅਫ਼ਸੋਸਿਆ ਹੋਇਆ, ਹੁੱਸਿਆ ਹੋਇਆ

افسری [ਅਫ਼ਸਰੀ : əfəsəri] ਇ: ਅਫ਼ਸਰੀ, ਸਰਦਾਰੀ, ਹਕੂਮਤ

افسوس [ਅਫ਼ਸੋਸ : əfəsos] ਪੁ: ਗ਼ਮ, ਚਿੰਤਾ, ਫ਼ਿਕਰ, ਝੋਰਾ, ਪਛਤਾਵਾ

افسوس ناک [ਅਫ਼ਸੋਸਨਾਕ : əfəsosənak] ਵਿ: ਦੁੱਖ ਭਰੀ, ਚਿੰਤਾਜਨਕ

افسوں [ਅਫ਼ਸੂੰ : əfəsũ] ਪੁ: ਜਾਦੂ, ਟੂਣਾ, ਟੋਟਕਾ, ਮੰਤਰ, ਝਾੜਾ, ਮਕਰ, ਫ਼ਰੇਬ, ਠੱਗੀ

افسوں گر [ਅਫ਼ਸੂੰਗਰ : əfəsũgər] ਪੁ: ਜਾਦੂ-ਗਰ, ਟੂਣੇਹਾਰ, ਮੰਤਰ ਪੜ੍ਹਨ ਵਾਲ਼ਾ, ਦਮ ਝਾੜਾ ਕਰਨ ਵਾਲ਼ਾ, ਠੱਗ, ਕਾਲ਼ੇ ਇਲਮ ਵਾਲ਼ਾ

اِفشاء [ਇਫ਼ਸ਼ਾ : ɪfəṣa] ਪੁ: ਖੋਲ੍ਹਣ ਤੋਂ ਭਾਵ; ਪ੍ਰਗਟਾਵਾ, ਭੇਤ ਜ਼ਾਹਰ ਹੋਣ ਦਾ ਭਾਵ

افشاں [ਅਫ਼ਸ਼ਾਂ : əfəṣã] ਇ: ਸੋਨੇ ਚਾਂਦੀ ਦਾ ਬੁਰਾਦਾ, ਲਿਸ਼ਕਣੀ ਤਾਰ ਦੀਆਂ ਨਿੱਕੀਆਂ ਕਾਤਰਾਂ

افشُردہ [ਅਫ਼ਸ਼ੁਰਦਾ : əfəṣurəda] ਵਿ: ਨਚੋੜਵਾਂ, ਪੀੜਿਆ ਜਾਂ ਨਚੋੜਿਆ ਹੋਇਆ

اِفضال [ਇਫ਼ਜ਼ਾਲ : ɪfəzal] ਪੁ: ਮਿਹਰਾਂ, ਕਰਮ, ਮਿਹਰਬਾਨੀਆਂ, ਬਖਸ਼ਸ਼ਾਂ, ਨੇਕੀਆਂ

اَفضل [ਅਫ਼ਜ਼ਲ : əfəzəl] ਵਿ: ਵੱਡਾ, ਚੰਗਾ, ਭਲਾ, ਨੇਕ, ਪਵਿਤਰ, ਉੱਚੇ ਦਰਜੇ ਵਾਲ਼ਾ, ਸਰਬੋਤਮ

افضلیت [ਅਫ਼ਜ਼ਲੀਯਤ : əfəzəliyət] ਇ: ਵਡਿਆਈ, ਵਡੱਪਣ, ਬਜ਼ੁਰਗੀ

اِفطار [ਇਫ਼ਤ਼ਾਰ : ɪfətar] ਪੁ: ਰੋਜ਼ੇ ਦਾ ਖੋਲ੍ਹਣਾ

اِفطاری [ਇਫ਼ਤ਼ਾਰੀ : ɪfətari] ਇ: ਰੋਜ਼ਾ ਖੋਲ੍ਹਣ ਦਾ ਕਾਰਜ, ਉਹ ਖ਼ਾਸ ਸਾਮਗਰੀ ਜਿਸ ਨਾਲ਼ ਰੋਜ਼ਾ ਖੋਲ੍ਹਿਆ ਜਾਵੇ

اَفعال [ਅਫ਼ਆ਼ਲ : əfə'al] ਪੁ: ਕਾਰੇ, ਧੰਦੇ, ਆਹਰ, ਕੰਮ, ਕਰਨੀਆਂ, ਖ਼ਾਸੀਅਤਾਂ, ਕਰਤੂਤਾਂ

افغان [ਅਫ਼ਗ਼ਾਨ : əfəgan] ਪੁ: ਪਠਾਣ, ਅਫ਼ਗ਼ਾਨਿਸਤਾਨ ਦਾ ਵਾਸੀ

اُفُق [ਉਫ਼ੁਕ਼ : ufuq] ਪੁ: ਦਿਸ-ਹੱਦਾ, ਜਿਥੇ ਧਰਤੀ ਤੇ ਅਕਾਸ਼ ਮਿਲਦੇ ਜਾਪਦੇ ਹਨ, ਨਿਗਾਹ ਦੀ ਹੱਦ, ਜਿਥੇ ਤਕ ਨਜ਼ਰ ਜਾ ਸਕੇ

اَفکار [ਅਫ਼ਕਾਰ : əfəkar] ਪੁ: ਸੋਚਾਂ, ਵਿਚਾਰਾਂ, ਖ਼ਿਆਲ

اَفگار [ਅਫ਼ਗਾਰ : əfəgar] ਵਿ: ਫੱਟੜ, ਜ਼ਖ਼ਮੀ, ਘਾਇਲ; ਥੱਕਿਆ ਟੁੱਟਿਆ

افگندہ [ਅਫ਼ਗੰਦਾ : əfəgə̃da] ਵਿ: ਡਿੱਗਾ, ਢੱਠਾ, ਸੁੱਟਿਆ ਹੋਇਆ, ਨਿਮਾਣਾ

اِفلاس [ਇਫ਼ਲਾਸ : ɪfəlas] ਪੁ: ਪੈਸੇ ਦੀ ਘਾਟ, ਮੁਥਾਜੀ, ਭੁੱਖ-ਨੰਗ, ਤੰਗੀ-ਤੁਰਸ਼ੀ, ਗ਼ਰੀਬੀ

اِفلاس زدہ [ਇਫ਼ਲਾਸਜ਼ਦਾ : ɪfəlasəzəda] ਵਿ:

ਭੁੱਖਾ-ਨੰਗਾ, ਗ਼ਰੀਬ, ਕੰਗਾਲ

افلاطون [ਅਫ਼ਲਾਤੂਨ : əfəlatun] *ਪੁ:* ਯੂਨਾਨ ਦਾ ਇਕ ਬਹੁਤ ਹੀ ਪ੍ਰਸਿਧ ਹਕੀਮ ਜੋ ਸੁਕਰਾਤ ਦਾ ਸ਼ਗਿਰਦ ਅਤੇ ਅਰਸਤੂ ਦਾ ਉਸਤਾਦ ਸੀ

افلاک [ਅਫ਼ਲਾਕ : əfəlak] *ਪੁ:* ਅਸਮਾਨ, ਅਕਾਸ਼, ਅੰਬਰ, "ਸਤ ਅਸਮਾਨ"

اَفواج [ਅਫ਼ਵਾਜ : əfəwaj] *ਪੁ:* ਫ਼ੌਜਾਂ, ਕਟਕ, ਦਲ, ਲਸ਼ਕਰ

اَفواہ [ਅਫ਼ਵਾਹ : əfəwah] *ਇ:* ਅਫ਼ਵਾਹ, ਅਵਾਈ, ਝੂਠੀ ਖ਼ਬਰ, ਮਸ਼ਹੂਰੀ, ਚਰਚਾ

افہام [ਅਫ਼ਹਾਮ : əfəham] *ਪੁ:* ਅਕਲਾਂ, ਸਮਝਾਂ, ਬੁੱਧੀਆਂ

اَفیم [ਅਫ਼ੀਮ : əfim] *ਇ:* ਅਫ਼ੀਮ, ਫ਼ੀਮ (ਬੋਲ ਚਾਲ ਦਾ ਰੂਪ)

افیمچی/افیمی [ਅਫ਼ੀਮਚੀ/ਅਫ਼ੀਮੀ : əfiməci/əfimi] *ਪੁ/ਵਿ:* ਅਫ਼ੀਮੀ, ਅਫ਼ੀਮ ਦਾ ਨਸ਼ੱਈ, ਅਫ਼ੀਮ ਖਾਣ ਵਾਲ਼ਾ

اَفیون [ਅਫ਼ਯੂਨ : əfəyun] *ਇ:* ਅਫ਼ੀਮ

افیونی [ਅਫ਼ਯੂਨੀ : əfəyuni] *ਪੁ:* ਅਫ਼ੀਮੀ, ਅਮਲੀ

اَقارِب [ਅਕ਼ਾਰਿਬ : əqarıb] *ਪੁ:* ਸਕੇ-ਸੋਧਰੇ, ਰਿਸ਼ਤੇਦਾਰ, ਨੇੜੇ ਦੇ ਸਾਕ, ਅੰਗ-ਸਾਕ

اَقالیم [ਅਕ਼ਾਲੀਮ : əqalim] *ਪੁ:* ਬਹੁਤ ਸਾਰੇ ਦੇਸ਼, ਰਿਆਸਤਾਂ, ਸਲਤਨਤਾਂ

اِقامت [ਇਕ਼ਾਮਤ : ıqamət] *ਇ:* ਖਲੋਣ ਦਾ ਕਾਰਜ, ਟਿਕਾਣਾ, ਰਿਹਾਇਸ਼

اقانیم [ਅਕ਼ਾਨੀਮ : əqanim] *ਪੁ:* ਹਰ ਸ਼ੈ ਦਾ ਅਸਲ, ਮੁੱਢ, ਬੁਨਿਆਦ, ਜੜ੍ਹਾਂ, ਨੀਹਾਂ

اِقبال [ਇਕ਼ਬਾਲ : ıqəbal] *ਪੁ:* ਕਿਸਮਤ, ਭਾਗ, ਨਸੀਬ, ਭਲੇ ਭਾਗ, ਮਰਤਬਾ, ਰੁਤਬਾ, ਚੰਗੇ ਲੇਖ, ਇੱਜ਼ਤ, ਮਾਣ; ਸਹਿਮਤੀ, ਇਕਰਾਰ

اِقبال مند [ਇਕ਼ਬਾਲਮੰਦ : ıqəbaləmənd] *ਵਿ:* ਮੁਕੱਦਰ ਵਾਲ਼ਾ, ਉੱਚੇ ਬਖ਼ਤ ਵਾਲ਼ਾ, ਕਰਮਾਂ ਵਾਲ਼ਾ, ਸੁਭਾਗਾ, ਭਾਗਵਾਨ

اِقبال مندی [ਇਕ਼ਬਾਲ ਮੰਦੀ : ıqəbaləmədi] *ਇ:* ਭਲੇ ਭਾਗ, ਚੰਗੀ ਕਿਸਮਤ, ਖ਼ੁਸ਼ ਬਖ਼ਤੀ, ਮੁੱਕਦਰ

اِقتِباس [ਇਕ਼ਤਿਬਾਸ : ıqətıbas] *ਪੁ:* ਕਿਸੇ ਦੀ ਕਵਿਤਾ ਵਿਚੋਂ ਕੁਝ ਹਿੱਸੇ ਦੀ ਆਪਣੀ ਕਵਿਤਾ ਵਿਚ ਵਰਤੋਂ, ਨਕਲ, ਟੂਕ

اِقتِدا [ਇਕ਼ਤਿਦਾ : ıqətıda] *ਪੁ:* ਪੈਰਵੀ, ਨਕਲ, ਪਿੱਛੇ ਲੱਗਣ ਦਾ ਭਾਵ

اِقتران [ਇਕ਼ਤਿਰਾਨ : ıqətıran] *ਪੁ:* ਨੇੜੇ ਢੁੱਕਣ ਦਾ ਭਾਵ, ਨੇੜੇ, ਨੇੜਾ, ਨਜ਼ਦੀਕੀ

اِقتِصاد [ਇਕ਼ਤਿਸਾਦ : ıqətısad] *ਪੁ:* ਚੱਜ ਦਾ ਕੰਮ, ਸਿਆਣਪ, ਸਰਫ਼ਾ, ਸਾਵੀਂ ਕਾਰ

اِقتِصادی [ਇਕ਼ਤਿਸਾਦੀ : ıqətısadi] *ਵਿ:* ਆਰਥਿਕ, ਮਾਲੀ, ਵਿੱਤੀ, ਮਾਲ ਬਾਬਤ

اِقتِضا [ਇਕ਼ਤਿਜ਼ਾ : ıqətıza] *ਪੁ:* ਮੰਗ, ਲੋੜ, ਖ਼ਾਹਸ਼, ਚਾਹ

اَقدار [ਅਕ਼ਦਾਰ : əqədar] *ਇ:* ਕਦਰਾਂ, ਇੱਜ਼ਤਾਂ, ਗੁਣ, ਸਿਫ਼ਤਾਂ, ਉੱਚੀਆਂ ਕੀਮਤਾਂ

اَقدام [ਅਕ਼ਦਾਮ : əqədam] *ਪੁ:* ਕਦਮ, ਪੈਰ

اِقدام [ਇਕ਼ਦਾਮ : ıqədam] *ਪੁ:* ਪੇਸ਼ ਕਦਮੀ, ਅਗਾਂਹ ਵਧਣ ਦਾ ਭਾਵ, ਦਲੇਰੀ, ਜਤਨ, ਉੱਦਮ

اِقرار [ਇਕ਼ਰਾਰ : ıqərar] *ਪੁ:* ਇਕਰਾਰ, ਵਾਅਦਾ, ਪੱਕੀ ਗੱਲ, ਕੌਲ

اِقرارِ جُرم [ਇਕ਼ਰਾਰ-ਏ-ਜੁਰਮ : ıqərar-e-jurəm] *ਪੁ:* ਜੁਰਮ ਨੂੰ ਮੰਨ ਲੈਣਾ, ਦੋਸ਼ ਕਰਨ ਦੀ ਕਬੂਲੀਅਤ

اِقرارنامہ [ਇਕ਼ਰਾਰਨਾਮਾ : ıqərar nama] *ਪੁ:* ਇਕਰਾਰਨਾਮਾ, ਉਹ ਕਾਗ਼ਜ਼ ਜਿਸ ਉੱਤੇ ਲੈਣ ਦੇਣ ਜਾਂ ਕਿਸੇ ਹੋਰ ਮਾਮਲੇ ਬਾਰੇ ਮੰਨੀਆਂ

ਮਿਥੀਆਂ ਗੱਲਾਂ ਸਵੀਕਾਰ ਕੀਤੀਆਂ ਹੋਣ

اِقراری [ਇਕ਼ਰਾਰੀ : ɪqərari] *ਵਿ:* ਇਕਰਾਰ ਕਰਨ ਵਾਲ਼ਾ, ਵਾਹਦੇ ਦਾ ਪਾਬੰਦ

اقران [ਅਕ਼ਰਾਨ : əqəran] *ਪੁ:* ਜ਼ਮਾਨੇ, ਵੇਲ਼ੇ, ਸਦੀਆਂ; ਸੰਗੀ, ਸਾਥੀ, ਬੇਲੀ, ਨੇੜੇ ਦੇ ਲੋਕ

اَقرب [ਅਕ਼ਰਬ : əqərab] *ਪੁ:* ਨੇੜੇ ਦਾ ਸਾਕ, ਨਜ਼ਦੀਕੀ, ਸੰਬੰਧੀ; ਅੰਗ-ਸਾਕ

اَقساط [ਅਕ਼ਸਾਤ਼ : əqəsat] *ਇ:* ਕਿਸ਼ਤਾਂ

اَقسام [ਅਕ਼ਸਾਮ : əqəsam] *ਇ:* ਕਿਸਮਾਂ, ਵੰਨਗੀਆਂ

اَقل [ਅਕ਼ਲ : əqəl] *ਵਿ:* ਬਹੁਤ ਥੋੜ੍ਹਾ

اَقلیت [ਅਕ਼ਲੀਯਤ : əqəliyət] *ਇ:* ਘਾਟ, ਥੋੜ੍ਹਾ, ਘੱਟ ਗਿਣਤੀ

اِقلیم [ਇਕ਼ਲੀਮ : ɪqəlim] *ਇ:* ਵਲਾਇਤ, ਮੁਲਕ, ਦੇਸ, ਰਾਜ, ਸਲਤਨਤ

اقوال [ਅਕ਼ਵਾਲ : əqəwal] *ਪੁ:* ਗੱਲਾਂ, ਅਖਾਣ, ਅਖੌਤਾਂ

اَقوام [ਅਕ਼ਵਾਮ : əqəwam] *ਪੁ:* ਕੌਮਾਂ, ਲੋਕ, ਟੋਲੇ, ਵੱਖ ਵੱਖ ਮੁਲਕਾਂ ਦੇ ਰਹਿਣ ਵਾਲ਼ੇ ਲੋਕ

اَکابر [ਅਕਾਬਿਰ : əkabɪr] *ਵਿ:* ਵੱਡ ਵਡੇਰੇ, ਉੱਚੇ (ਲੋਕ), ਬਜ਼ੁਰਗ (ਬੰਦੇ), ਅਮੀਰ, ਸ਼ਕਤੀਸ਼ਾਲੀ, ਸਾਊ

اَکاذیب [ਅਕਾਜ਼ੀਬ : əkazib] *ਇ:* ਬੜੇ ਝੂਠ, ਝੂਠੀਆਂ ਗੱਲਾਂ

اکبر [ਅਕਬਰ : əkəbər] *ਵਿ:* ਬਹੁਤ ਵੱਡਾ, ਉੱਚਤਮ; ਮੁਗ਼ਲ ਬਾਦਸ਼ਾਹ ਜਲਾਲੁਦੀਨ ਦਾ ਲਕਬ

اِکتساب [ਇਕਤਿਸਾਬ : əkətɪsab] *ਪੁ:* ਮਿਹਨਤ ਦੀ ਭਾਲ਼, ਕਮਾਈ, ਖੱਟੀ

اِکٹھا [ਇਕੱਠਾ : ɪkəʈʈha] *ਵਿ:/ਕਿਵਿ:* ਇਕੱਠਾ, ਚੋਖਾ, ਸਾਰਾ, ਸਾਂਝਾ, ਰਲਵਾਂ, ਇਕ ਥਾਂ

اکثر [ਅਕਸਰ : əkəsər] *ਵਿ:/ਕਿਵਿ:* ਅਕਸਰ, ਚੋਖੇ, ਬਹੁਤੇ, ਬਹੁਤ ਕਰਕੇ, ਨਿੱਤ ਦਿਹਾੜੇ, ਕਈ ਵਾਰੀ

اکثریت [ਅਕਸਰੀਯਤ : əkəsəriyət] *ਇ:* ਬਹੁ ਗਿਣਤੀ ਵਾਲ਼ੇ ਲੋਕ, ਉਹ ਫਿਰਕਾ ਜਿਸ ਦੀ ਗਿਣਤੀ ਜ਼ਿਆਦਾ ਹੋਵੇ

اِکرام [ਇਕਰਾਮ : ɪkəram] *ਪੁ:* ਵਡਿਆਈ, ਇੱਜ਼ਤ, ਕਦਰ, ਦੀਨ, ਬਖ਼ਸ਼ਿਸ਼, ਇਨਾਮ

اِکراہ [ਇਕਰਾਹ : ɪkərah] *ਪੁ:* ਘਿਰਣਾ, ਨਫ਼ਰਤ, ਕਰਾਹਤ

اکڑنا [ਅਕੜਨਾ : əkəɽəna] *ਕਿ:* ਆਕੜਨਾ, ਸੁੱਕ ਕੇ ਕਰੜਾ ਹੋਣਾ; ਛਾਤੀ ਨੂੰ ਉਭਾਰਨਾ, ਸ਼ੇਖ਼ੀ ਮਾਰਨਾ, ਹੰਕਾਰ ਵਿਖਾਉਣਾ; ਹਠ ਕਰਨਾ

اُکسانا [ਉਕਸਾਨਾ : ukəsana] *ਕਿ:* ਉਕਸਾਉਣਾ, ਉਭਾਰਨਾ, ਗੁੱਸਾ ਦਿਵਾਉਣਾ; ਬਹਿਕਾਉਣਾ; ਰੋਸ਼ਨੀ ਤੇਜ਼ ਕਰਨ ਲਈ ਦੀਵੇ ਦੀ ਬੱਤੀ ਉੱਪਰ ਚੁਕਣੀ

اِکسیر [ਇਕਸੀਰ : ɪkəsir] *ਇ:* ਤੇਜ਼ ਅਸਰ ਵਾਲ਼ੀ ਦਵਾਈ, ਬੀਮਾਰੀ ਦਾ ਤੋੜ

اِکفا [ਇਕਫ਼ਾ : ɪkəfa] *ਪੁ:* ਸ਼ਾਇਰੀ ਵਿਚ ਕਾਫ਼ੀਏ ਮੇਲਣ ਦਾ ਇਕ ਐਬ

اَکل [ਅਕਲ : əkəl] *ਪੁ:* ਖਾਣ, ਖਾਜਾ, ਖਾਧ ਪਦਾਰਥ

اِکلیل [ਇਕਲੀਲ : ɪkəlil] *ਪੁ:* ਤਾਜ, ਮੁਕਟ; ਕੁੱਲਾ, ਟੋਪੀ, ਸੇਹਰਾ

اَکمل [ਅਕਮਲ : əkəməl] *ਵਿ:* ਪੂਰਾ ਪੂਰਾ, ਕਾਮਲ, ਬੜੇ ਕਮਾਲ ਦਾ

اَکناف [ਅਕਨਾਫ਼ : əkənaf] *ਪੁ:* ਕੰਢੇ, ਕਿਨਾਰੇ, ਪਾਸੇ, ਖੂੰਜੇ, ਠੁੱਕਰਾਂ, ਹੱਦਾਂ

اکھاڑا [ਅਖਾੜਾ : əkhaɽa] *ਪੁ:* ਦੰਗਲ ਜਾਂ ਕੁਸ਼ਤੀ ਕਰਨ ਲਈ ਬਣਾਈ ਥਾਂ; ਸਾਧੂਆਂ ਦੀ ਮੰਡਲੀ; ਤਮਾਸ਼ਾ ਦਿਖਾਉਣ ਵਾਲ਼ਿਆਂ ਦੀ ਮੰਡਲੀ; ਨਾਚ ਗਾਣੇ ਦੀ ਮਹਿਫ਼ਲ

اُکھاڑنا [ਉਖਾੜਨਾ : ukhaṛəna] *ਕਿ:* ਉਖਾੜਨਾ, ਜੜ ਤੋਂ ਪੁੱਟਣਾ; ਵੱਖ ਕਰਨਾ; ਕੱਢਣਾ, ਕਾੜ੍ਹਨਾ; ਨੋਚਣਾ, ਖਸੋਟਣਾ

اُکھڑنا [ਉਖੜਨਾ : ukhəṛəna] *ਕਿ:* ਉੱਖੜਨਾ, ਮੁਢੋਂ ਪੁੱਟਿਆ ਜਾਣਾ, ਟੁੱਟ ਜਾਣਾ, ਸਾਹ ਟੁੱਟਣਾ; ਘੋੜੇ ਦਾ ਕਦਮ ਬਰਾਬਰ ਨਾ ਰੱਖਣਾ; ਗਾਉਣ ਲੱਗਿਆਂ ਬੇਸੁਰਾ ਹੋ ਜਾਣਾ; ਭੜਕ ਜਾਣਾ, ਉੱਤੇ ਉੱਠ ਜਾਣਾ; ਟੁੱਟਣਾ; ਫੁੱਟਣਾ; ਖੁੱਲ੍ਹਣਾ; ਪਿੱਛੇ ਹਟ ਜਾਣਾ

اکید [ਅਕੀਦ : əkid] *ਵਿ:* ਪੱਕਾ, ਮਜ਼ਬੂਤ, ਡਾਢਾ

اکیلا [ਅਕੇਲਾ : əkela] *ਵਿ:* ਇੱਕਲਾ, ਸਿਰਫ ਇਕ

اگاڑی [ਅਗਾੜੀ : əgaṛi] *ਇ:* ਅੱਗੇ ਦਾ ਭਾਗ, ਘੋੜੇ ਦੇ ਅਗਲੇ ਦੋ ਪੈਰਾਂ ਨੂੰ ਪਾਉਣ ਵਾਲ਼ੀਆਂ ਰੱਸੀਆਂ

اگر [ਅਗਰ : əgar] *ਯੋਜ:* ਜੇ, ਜੇਕਰ, ਬਸ਼ਰਤੇ ਕਿ

اگرچہ [ਅਗਰ ਚਿਹ : əgər cih] *ਯੋਜ:* ਬਾਵਜੂਦ ਇਸ ਦੇ, ਜਿਹਾ ਕਿ

اگلا [ਅਗਲਾ : əgəla] *ਵਿ:* ਅੱਗੇ ਦਾ; ਪਹਿਲਾਂ ਦਾ, ਪਹਿਲਾ; ਪੁਰਾਣਾ, ਬੀਤਿਆ ਹੋਇਆ; ਭਵਿੱਖ ਦਾ; ਹੁਸ਼ਿਆਰ, ਚਲਦਾ ਹੋਇਆ, ਉਸਤਾਦ

اگوا [ਅਗਵਾ : əgəwa] *ਪੁ:* ਆਗੂ, ਸਰਦਾਰ, ਮੁਖੀ, ਨੇਤਾ

اگوانی [ਅਗਵਾਨੀ : əgəwani] *ਇ:* ਜੰਞ ਦਾ ਸੁਆਗਤ; ਰਾਹਨੁਮਾਈ, ਅਗਵਾਈ

اِلّا [ਇੱਲਾ : illa] *ਸੰਬੰ:* ਪਰ, ਪਰੰਤੂ, ਸਿਵਾਏ

الباب [ਅਲਬਾਬ : ələbab] *ਇ:* ਸਮਝਾਂ, ਅਕਲਾਂ, ਸਿਆਣਪਾਂ

اِلتفات [ਇਲਤਿਫ਼ਾਤ : ilətifat] *ਇ:* ਧਿਆਨ, ਗਹੁ, ਮਿਹਰ ਦੀ ਨਜ਼ਰ, ਮਿਹਰਬਾਨੀ, ਕਿਰਪਾ

اِلتماس [ਇਲਤਿਮਾਸ : ilətimas] *ਪੁ:* ਤਰਲਾ, ਬੇਨਤੀ, ਅਰਜ਼, ਮੰਗ

اِلتماسی [ਇਲਤਿਮਾਸੀ : ilətimasi] *ਵਿ:* ਬਿਨੈਕਾਰ, ਅਰਜ਼ੀ ਗੁਜ਼ਾਰ,

اِلتوا [ਇਲਤਿਵਾ : ilətiwa] *ਪੁ:* ਮਿਥੀ ਹੋਈ ਤਰੀਕ ਦਾ ਅੱਗੇ ਪਾ ਦੇਣਾ, ਅਗਾਂਹ ਪਾਉਣ ਦਾ ਕੰਮ

اِلتہاب [ਇਲਤਿਹਾਬ : ilətihab] *ਪੁ:* ਇਕ ਦਮ ਅੱਗ ਦਾ ਭੜਕ ਉੱਠਣਾ, ਭਾਂਬੜ

اِلتیام [ਇਲਤਿਯਾਮ : ilətiyam] *ਪੁ:* ਮੇਲ-ਮਿਲਾਪ, ਫੱਟ ਦਾ ਮਿਲ ਜਾਣਾ, ਖਰੀਂਢ ਬੱਝਣਾ, ਜ਼ਖ਼ਮ ਦਾ ਅੰਗੂਰ

اُلٹ [ਉਲਟ : ulaṭ] *ਕਿਵਿ:* ਉਲਟ, ਦੂਜਾ ਪਾਸਾ, ਪੁੱਠਾ ਪਾਸਾ

اُلٹا [ਉਲਟਾ : ulaṭa] *ਕਿਵਿ:* ਮੁਧਾ, ਪੁੱਠਾ; ਵਿਰੁੱਧ, ਪ੍ਰਤਿਕੂਲ

اُلٹا سیدھا [ਉਲਟਾ ਸੀਧਾ : ulta sidha] *ਵਿ:* ਉਲਟਾ-ਸਿੱਧਾ, ਪੁੱਠਾ-ਸਿੱਧਾ, ਬੇਢੰਗਾ

اُلٹانا [ਉਲਟਾਨਾ : ulaṭana] *ਕਿ:* ਉਲਟਾਉਣਾ; ਪਲਟਣਾ, ਪਿੱਛੇ ਫਿਰਨਾ; ਹੋਰ ਦਾ ਹੋਰ ਕਰਨਾ, ਪੁੱਠਾ ਕਰਨਾ

اُلٹا پلٹا/اُلٹ پلٹ [ਉਲਟ ਪੁਲਟ/ਉਲਟਾ ਪੁਲਟਾ : ulaṭ pulaṭ/ulaṭa pulaṭa] *ਕਿਵਿ:* ਉਲਟ ਪੁਲਟ/ਉਲਟਾ ਪੁਲਟਾ, ਪੁੱਠਾ-ਸਿੱਧਾ, ਗਡ-ਮਡ, ਰਲ-ਗਡ, ਬੇਤਰਤੀਬ, ਬਿਖਰਿਆ ਹੋਇਆ

اُلٹنا [ਉਲਟਨਾ : ulaṭana] *ਕਿ:* ਉਲਟਣਾ, ਪਲਟਣਾ, ਮੁਧਾ ਕਰਨਾ, ਉਠਾਉਣਾ, ਹਟਾਉਣਾ; ਭਰਨਾ; ਬਦਲ ਦੇਣਾ, ਉਜਾੜਨਾ, ਰੱਦ ਕਰਨਾ, ਥੱਲਿਉਂ ਉੱਪਰ ਕਰਨਾ

اُلجھانا [ਉਲਝਾਨਾ : ulajhana] *ਕਿ:* ਫਸਾਉਣਾ, ਅਟਕਾਉਣਾ, ਗੁੰਝਲ਼ਦਾਰ ਕਰਨਾ; ਲੜਵਾਉਣਾ

اُلجھن [ਉਲਝਨ : ulajhan] *ਇ:* ਉਲਝਣ, ਗੁੰਝਲ, ਧਾਗੇ ਵਿਚ ਪੈਣ ਵਾਲ਼ਾ ਵਲ਼, ਵੱਟ ਜਾਂ ਗੰਢ

اُلجھنا [ਉਲਝਨਾ : ulajhana] *ਕਿ:* ਉਲਝਣਾ, ਫਸ ਜਾਣਾ, ਝਗੜਨਾ

الحاج [ਅਲਹ਼ਾਜ : alaḥaj] *ਪੁ:* ਹਾਜੀ, ਉਹ ਵਿਅਕਤੀ ਜਿਸ ਨੇ ਹੱਜ ਕੀਤਾ ਹੋਵੇ

اِلحاح [ਇਲਹ਼ਾਹ਼ : ilaḥaḥ] *ਪੁ:* ਮਿੰਨਤਾਂ, ਤਰਲੇ, ਤਰਲਿਆਂ ਨਾਲ਼ ਕੀਤੀ ਮੰਗ, ਰੋਣ ਧੋਣ

اِلحاد [ਇਲਹ਼ਾਦ : ilaḥad] *ਪੁ:* ਸਿੱਧੇ ਰਾਹ ਦਾ ਤਿਆਗ, ਦੀਨ ਧਰਮ ਤੋਂ ਮੁਨਕਰ ਹੋਣ ਦਾ ਭਾਵ, ਕੁਫ਼ਰ

اِلحاق [ਇਲਹ਼ਾਕ਼ : ilaḥaq] *ਪੁ:* ਰਲ਼ਾ, ਮਿਲਾਵਟ, ਮੇਲ, ਏਕਾ, ਸਾਂਝ

اِلحان [ਇਲਹ਼ਾਨ : ilaḥan] *ਪੁ:* ਮਿੱਠੀ ਸੁਰ ਵਿਚ ਗਾਉਣ ਦਾ ਭਾਵ, ਸੁਰਾਂ ਮੇਲਣੀਆਂ, ਮਧੁਰ ਸੁਰਾਂ, ਗੀਤ

الحق [ਅਲਹ਼ਕ : alaḥaq] *ਪੁ:/ ਕਿਵਿ:* ਹੱਕ ਹੈ, ਸੱਚ ਹੈ; ਬੇਸ਼ਕ, ਨਿਰਸੰਦੇਹ, ਸਹੀ, ਠੀਕ

اِلزام [ਇਲਜ਼ਾਮ : ilazam] *ਪੁ:* ਦੋਸ਼, ਤੁਹਮਤ, ਊਜ, ਕਸੂਰ, ਅਨਹੋਣੀ ਗੱਲ

السّلامُ علیکم [ਅੱਸਲਾਮੁ ਅ਼ਲੈਕੁਮ : assalamu a'lekum] *ਪੁ:* (ਤੁਹਾਡੇ ਤੇ ਸਲਾਮਤੀ ਹੋਵੇ) ਮੁਸਲਮਾਨਾਂ ਦਾ ਸਲਾਮ

اَلسِنہ [ਅਲਸਿਨਾ : alasina] *ਇ:* ਜ਼ਬਾਨਾਂ, ਬੋਲੀਆਂ, ਭਾਸ਼ਾਵਾਂ

اَلطاف [ਅਲਤ਼ਾਫ਼ : alataf] *ਪੁ:* ਮਿਹਰਬਾਨੀਆਂ, ਮਿਹਰਾਂ, ਇਹਸਾਨ

اَلعطش [ਅਲਅ਼ਤਸ਼ : al'atash] *ਇ:* ਡਾਢੀ ਤਰੇਹ, ਜ਼ੋਰ ਦੀ ਪਿਆਸ

الغرض [ਅਲਗ਼ਰਜ਼ : alaġaraz] *ਕਿਵਿ:* ਗੱਲ ਇਹ ਕਿ, ਮੁਕਦੀ ਗੱਲ

اِلف [ਅਲਿਫ਼ : alif] *ਪੁ:/ਵਿ:* ਉਰਦੂ ਫ਼ਾਰਸੀ ਤੇ ਅਰਬੀ ਲਿਪੀ ਦਾ ਪਹਿਲਾ ਅੱਖਰ; ਨੰਗਾ, ਨੰਗ ਧੜੰਗਾ

الفاظ [ਅਲਫ਼ਾਜ਼ : alafaz] *ਪੁ:* ਕਈ ਲਫ਼ਜ਼, ਕਈ ਸ਼ਬਦ, ਧੁਨੀਆਂ, ਗੱਲਾਂ

اُلفت [ਉਲਫ਼ਤ : ulafat] *ਇ:* ਪ੍ਰੇਮ, ਪਿਆਰ, ਮੋਹ, ਚੁੱਬ, ਨਿਹੁੰ, ਲਗਨ, ਦੋਸਤੀ

اَلفتہ [ਅਲਿਫ਼ਤਾ : alifata] *ਵਿ:* ਪਰੇਸ਼ਾਨ, ਮੁਫ਼ਤ ਖ਼ੋਰਾ, ਲੁੱਚਾ, ਅਵਾਰਾ, ਓਪਰਾ, ਕਮੀਨਾ

اِلقا [ਇਲਕ਼ਾ : ilaqa] *ਪੁ:* ਰੱਬੀ ਬਾਣੀ, ਇਲਹਾਮ, ਸੂਝ

القاب [ਅਲਕ਼ਾਬ : alaqab] *ਪੁ:* ਸਤਿਕਾਰਿਤ ਨਾਮ (ਜਿਸ ਨਾਲ਼ ਕਿਸੇ ਨੂੰ ਬੁਲਾਈਦਾ ਹੈ), ਖ਼ਿਤਾਬ

اَلقصّہ [ਅਲਕ਼ਿੱਸਾ : alqissa] *ਪੁ:* ਮਤਲਬ ਇਹ, ਮੁਕਦੀ ਗੱਲ

اَلقط [ਅਲਕ਼ਤ਼ : alaqat] *ਪੁ:* ਵੱਢ-ਟੁੱਕ, ਵਿਛੋੜਾ, ਨਿਖੇੜਾ, ਕਾਟਾ

الگ [ਅਲਗ : alag] *ਵਿ:* ਅਲੱਗ, ਵੱਖ, ਵੱਖਰਾ, ਅੱਡ, ਅੱਡਰਾ, ਇੱਕਲਾ, ਆਪਣੇ ਥਾਂ, ਪਰੇ, ਅਨੋਖਾ

الگ تھلگ [ਅਲਗ ਥਲਗ : alag thalag] *ਵਿ:/ ਕਿਵਿ:* ਵੱਖਰਾ, ਨਵੇਕਲ਼ਾ, ਆਪਣੀ ਥਾਂ 'ਤੇ

اَلم [ਅਲਮ : alam] *ਪੁ:* ਰੰਜ, ਦੁੱਖ, ਅਫ਼ਸੋਸ, ਝੋਰਾ, ਗ਼ਮ

الماری [ਅਲਮਾਰੀ : alamari] *ਇ:* ਅਲਮਾਰੀ, ਲੰਮੇ ਦਰਾਜ਼ਾਂ ਵਾਲ਼ਾ ਸੰਦੂਕ ਜਿਸ ਵਿਚ ਕਿਤਾਬਾਂ, ਭਾਂਡੇ ਜਾਂ ਕੱਪੜੇ ਰੱਖੀਦੇ ਹਨ

المست [ਅਲਮਸਤ : alamasat] *ਵਿ:* ਮਸਤਾਨਾ, ਦੀਵਾਨਾ

اَلم نشرح [ਅਲਮ ਨਸ਼ਰਹ : alam nasarah] *ਵਿ:* ਖਰਾ, ਸਾਫ਼, ਖੁਲ੍ਹਮ ਖੁਲ੍ਹੀ (ਗੱਲ), ਮਸ਼ਹੂਰ

الماس [ਅਲਮਾਸ : ələmas] ਪੁ: ਹੀਰਾ

الماغُوچی [ਅਲਮਾਗ਼ੂਚੀ : ələmaġūci] ਵਿ: ਕਮੀਨਾ, ਨਿਕੰਮਾ, ਨਕਾਰਾ, ਭੈੜੀ ਆਦਤ ਵਾਲ਼ਾ

المُختصر [ਅਲਮੁਖ਼ਤਸਰ : ələmuxətəsər] ਕਿਵਿ: ਮੁਕਦੀ ਗਲ, ਗੱਲ ਕੀ, ਸੋ ਦੀ ਇਕ ਗੱਲ

اَلم غلم [ਅੱਲਮ ਗ਼ੱਲਮ : əlləm ġəlləm] ਪੁ: ਬੇਥਵੀਆਂ ਗੱਲਾਂ, ਯੱਕੜ, ਬੱਕ ਬੱਕ, ਨਿਕੰਮੀਆਂ ਤੇ ਬੇਕਾਰ ਚੀਜ਼ਾਂ

اُلّو [ਉੱਲੂ : ʊllu] ਪੁ:/ਵਿ: ਇੱਲ ਵਰਗਾ ਇਕ ਪੰਛੀ ਜਿਹੜਾ ਉਜਾੜਾਂ ਤੇ ਖੰਡਰਾਂ ਵਿਚ ਰਹਿੰਦਾ ਹੈ; ਮੂਰਖ, ਬੇਵਕੂਫ਼

الواح [ਅਲਵਾਹ਼ : ələwaḥ] ਪੁ: ਪੱਥਰ ਦੀਆਂ ਤਖ਼ਤੀਆਂ, ਫੱਟੀਆਂ, ਫੱਟੇ, ਪਟੜੇ, ਪਟੜੀਆਂ

الوان [ਅਲਵਾਨ : ələwan] ਪੁ: ਰੰਗ, ਵੰਨ-ਸੁਵੰਨੇ ਰੰਗ

اَلوداع [ਅਲਵਿਦਾਅ : ələwɪdaʼə] ਇ: ਕਿਸੇ ਨੂੰ ਦੂਰ ਤੋਰਨ ਵੇਲ਼ੇ ਆਖਦੇ ਹਨ-ਰੱਬ ਰਾਖਾ

الٰہی [ਇਲਾਹੀ : ɪlahi] ਪੁ: ਐ ਖ਼ੁਦਾ, ਮੇਰੇ ਰੱਬਾ, ਮੇਰੇ ਅਲ੍ਹਾ

الٰہیات [ਇਲਾਹੀਯਾਤ : ɪlahiyat] ਪੁ: ਇਲਾਹੀ ਵਿੱਦਿਆ ਜਾਂ ਹਿਕਮਤ, ਅਜਿਹੀ ਵਿੱਦਿਆ ਜਿਸ ਦੁਆਰਾ ਪਰਮਾਤਮਾ ਬਾਰੇ ਗਿਆਨ ਦਿੱਤਾ ਜਾਵੇ

الہام [ਅਲਹਾਮ : ələham] ਪੁ: (ਨਬੀ ਨੂੰ) ਅਲ੍ਹਾ ਵੱਲੋਂ ਦਿਲ ਵਿਚ ਪਾਈ ਹੋਈ ਗੱਲ, ਗ਼ੈਬੋਂ ਆਉਣ ਵਾਲ਼ੀ ਅਵਾਜ਼ ਜਾਂ ਸਨੇਹਾ

اِم [ਇਮ : im] ਕਿਵਿ: ਇਹ, ਅੱਜ

اُمّ [ਉੱਮ : ʊmm] ਇ: ਮਾਂ, ਮਾਤਾ

اَمّا [ਅੱਮਾ : əmma] ਸੰਬੰ: ਪਰ, ਪਰੰਤੂ, ਸਗੋਂ

اِمارت [ਇਮਾਰਤ : ɪmarət] ਇ: ਅਮੀਰੀ, ਦੌਲਤ-ਮੰਦੀ, ਰੱਜ-ਕੱਜ

اَمارہ [ਅੱਮਾਰਾ : əmmara] ਵਿ: ਬੁਰੇ ਕੰਮ ਕਰਨ ਦਾ ਹੁਕਮ ਦੇਣ ਵਾਲ਼ਾ, ਜ਼ਾਲਮ, ਦੁਸ਼ਟ

اماکین [ਅਮਾਕੀਨ : əmakɪn] ਪੁ: ਥਾਂਵਾਂ, ਟਿਕਾਣੇ, ਮਕਾਨ, ਘਰ

اُمّ الامراض [ਉੱਮ-ਉਲ-ਅਮਰਾਜ਼ : ʊmmʊl əmərəz] ਇ: ਬੀਮਾਰੀਆਂ ਦੀ ਮਾਂ, ਦੁੱਖਾਂ ਰੋਗਾਂ ਦੀ ਜੜ੍ਹ, ਰੋਗ ਦਾ ਮੂਲ, ਖਾਂਸੀ, ਜ਼ੁਕਾਮ

اِمام [ਇਮਾਮ : ɪmam] ਪੁ: ਇਮਾਮ, ਮੋਹਰੀ, ਹਾਦੀ, ਨਮਾਜ਼ ਪੜ੍ਹਾਉਣ ਵਾਲ਼ਾ ਵਿਅਕਤੀ; ਧਾਰਮਿਕ ਆਗੂ

اَمان [ਅਮਾਨ : əman] ਪੁ: ਅਰਾਮ, ਸੁੱਖ, ਸ਼ਰਨ, ਬਚਾ

امانت [ਅਮਾਨਤ : əmanət] ਇ: ਅਮਾਨਤ, ਧਰੇਵਾ, ਕਿਸੇ ਕੋਲ ਰੱਖੀ ਹੋਈ ਸ਼ੈ

امانت گُزار [ਅਮਾਨਤ ਗ਼ੁਜ਼ਾਰ : əmanət gʊzar] ਵਿ: ਅਮਾਨਤ ਓਵੇਂ ਦੀ ਓਵੇਂ ਪਰਤਾ ਦੇਣ ਵਾਲ਼ਾ, ਸੁੱਚਾ ਅਮਾਨਤਦਾਰ

امانت نامہ [ਅਮਾਨਤ ਨਾਮਾ : əmanət nama] ਪੁ: ਅਮਾਨਤ ਨਾਮਾ, ਅਮਾਨਤ ਰੱਖਣ ਦੀ ਲਿਖਤ

اُمّت [ਉੱਮਤ : ʊmmət] ਇ: ਕੌਮ, ਟੋਲੀ, ਜਮਾਤ, ਗਰੋਹ; ਕਿਸੇ ਇਕ ਧਰਮ ਨੂੰ ਮੰਨਣ ਵਾਲ਼ੇ ਲੋਕ

اِمتثال [ਇਮਤਿਸਾਲ : ɪmətɪsal] ਪੁ: ਆਗਿਆ-ਕਾਰਤਾ, ਹੁਕਮ ਦੀ ਪਾਲਣਾ

اِمتحان [ਇਮਤਿਹ਼ਾਨ : ɪmətɪḥan] ਪੁ: ਇਮਤਿ-ਹਾਨ, ਜਾਂਚ, ਪਰਖ, ਪਰੀਖਿਆ

اِمتداد [ਇਮਤਿਦਾਦ : ɪmətɪdad] ਪੁ: ਲੰਬਾਈ, ਮੁੱਦਤ, ਮਿਆਦ

اِمتزاج [ਇਮਤਿਜ਼ਾਜ : ɪmətɪzaj] ਪੁ: ਰਲ਼ਗੱਡ, ਘਾਲ਼ਾ ਮਾਲ਼ਾ, ਰਲਾਵਟ, ਮਿਲਾਵਟ

اِمتلا [ਇਮਤਿਲਾ : ɪmətɪla] ਪੁ: ਦਿਲ ਦਾ ਕੱਚਾ

ਹੋਣਾ, ਉਲਟੀ ਆਉਣ ਨੂੰ ਕਰਨੀ, ਬਦਹਜ਼ਮੀ

امتناع [ਇਮਤਿਨਾਅ : imətina'ə] *ਪੁ:* ਮਨਾਹੀ; ਨਾਕਾ, ਰੋਕਾ; ਵਰਜ, ਅਟਕਾ

امتناعی [ਇਮਤਿਨਾਈ : imətina'i] *ਵਿ:* ਰੋਕਣ ਵਾਲ਼ਾ

امتنان [ਇਮਤਿਨਾਨ : imətinan] *ਪੁ:* ਭਲਿਆਈ, ਨੇਕੀ, ਇਹਸਾਨ

امتیاز [ਇਮਤਿਯਾਜ਼ : imətiyaz] *ਪੁ:* ਫ਼ਰਕ, ਤਮੀਜ਼, ਨਿਖੇੜ, ਉਚੇਚ, ਗੁਣ, ਖੋਜ

امتیازی [ਇਮਤਿਯਾਜ਼ੀ : imətiyazi] *ਵਿ:* ਖ਼ਾਸ, ਵਿਸ਼ੇਸ਼, ਨਿਖੇੜਵਾਂ, ਵਧਵਾਂ, ਉੱਚਾ

امثال [ਅਮਸਾਲ : əməsal] *ਇ:* ਉਦਾਹਰਨ, ਮਿਸਾਲਾਂ, ਅਖਾਣ, ਅਖੌਤਾਂ, ਕਹਾਵਤਾਂ, ਸਿਆਣਿਆਂ ਦੀਆਂ ਅਜ਼ਮਾਈਆਂ ਵਰਤੀਆਂ ਗੱਲਾਂ, ਮੰਨੇ ਪਰਮੰਨੇ ਸੱਚ

امثلہ [ਅਮਸਿਲਾ : əməsila] *ਇ:* ਮਿਸਾਲਾਂ, ਵੰਨਗੀਆਂ, ਨਮੂਨੇ

امجد [ਅਮਜਦ : əməjəd] *ਵਿ:* ਵੱਡੇਰਾ, ਬੜਾ ਬਜ਼ੁਰਗ, ਸਤਿਕਾਰਯੋਗ

امداد [ਇਮਦਾਦ : imədad] *ਇ:* ਸਹਾਇਤਾ, ਮੱਦਦ, ਸਹਾਰਾ

امداد باہمی [ਇਮਦਾਦ-ਏ-ਬਾਹਮੀ : imədad-e-bahəmi] *ਇ:* ਆਪਸੀ ਸਹਾਇਤਾ, ਆਪੋ ਵਿਚ ਦਿੱਤੀ ਹੋਈ ਮੱਦਦ

امدادی [ਇਮਦਾਦੀ : imədadi] *ਵਿ:* ਮੱਦਦ ਦੇਣ ਵਾਲ਼ਾ, ਸਹਾਰਾ ਦੇਣ ਵਾਲ਼ਾ

امر [ਅਮਰ : əmər] *ਪੁ:* ਹੁਕਮ, ਆਦੇਸ਼, ਫ਼ਰਮਾਨ, ਗੱਲ, ਮਾਮਲਾ

امرا [ਉਮਰਾ : umərа] *ਪੁ:* ਅਮੀਰ ਲੋਕ, ਧਨੀ, ਰੱਜੇ ਹੋਏ ਲੋਕ, ਦੌਲਤਮੰਦ ਵਿਅਕਤੀ

امراض [ਅਮਰਾਜ਼ : əmərаz] *ਪੁ:* ਰੋਗ, ਬੀਮਾਰੀਆਂ, ਦੁੱਖ, ਤਕਲੀਫ਼ਾਂ

امروز [ਇਮਰੋਜ਼ : imərоz] *ਪੁ:* ਅੱਜ, ਇਹ ਦਿਹਾੜਾ

امساک [ਇਮਸਾਕ : imməsak] *ਪੁ:* ਬੰਧੇਜ, ਕਬਜ਼ੀ, ਠਹਿਰਾ, ਕੰਜੂਸੀ, ਸੰਜੁਹੜਾਪਣ

امسال [ਇਮਸਾਲ : imməsal] *ਇ:* ਇਹ ਵਰ੍ਹਾ, ਚਲ ਰਿਹਾ ਸਾਲ

امشب [ਇਮਸ਼ਬ : imməşəb] *ਇ:* ਇਸ ਰਾਤ, ਅੱਜ ਦੀ ਰਾਤ

امصار [ਅਮਸਾਰ : əməsar] *ਪੁ:* ਬਹੁਤੇ ਸ਼ਹਿਰ, ਕਸਬੇ

امعا [ਅਮਆ : əmə'a] *ਇ:* ਆਂਦਰਾਂ, ਅੰਤੜੀਆਂ

امعان [ਇਮਆਨ : imməa'n] *ਪੁ:* ਗਹੁ, ਧਿਆਨ, ਸੋਚ, ਭਰਵੀਂ ਅੱਖ, ਤਾੜ

امکان [ਇਮਕਾਨ : imməkan] *ਪੁ:* ਹੋ ਸਕਣ ਦੀ ਹਾਲਤ, ਸੰਭਾਵਨਾ, ਸ਼ਕਤੀ, ਮੌਕਾ, ਅਵਸਰ

امل [ਅਮਲ : əməl] *ਪੁ:* ਉਮੀਦ, ਆਸ, ਚਾਹ, ਤਾਂਘ, ਰੀਝ

املاء [ਇਮਲਾ : imməla'ə] *ਪੁ:* ਇਮਲਾ, ਲਿਪੀ ਅਨੁਸਾਰ ਠੀਕ ਠੀਕ ਲਿਖਣ ਦੀ ਕਿਰਿਆ; ਡਿਕਟੇਸ਼ਨ, ਜ਼ਬਾਨੀ ਬੋਲ ਕੇ ਲਿਖਾਈ ਲਿਖਤ

املاک [ਅਮਲਾਕ : əməlak] *ਪੁ:* ਜਾਇਦਾਦਾਂ, ਮਿਲਖਾਂ, ਪੂੰਜੀਆਂ, ਮਾਲ

اُمم [ਉਮਮ : umməm] *ਪੁ:* ਉਮਤਾਂ, ਕੌਮਾਂ, ਫਿਰਕੇ, ਇਕੋ ਧਰਮ ਦੇ ਲੋਕ, ਸੰਪਰਦਾਵਾਂ

امن [ਅਮਨ : əmən] *ਪੁ:* ਅਮਨ, ਅਰਾਮ, ਸੁੱਖ, ਟਿਕਾ, ਚੈਨ, ਸ਼ਾਂਤੀ, ਸੁਰੱਖਿਆ

امن وامان [ਅਮਨ-ਉ-ਅਮਾਨ : əmən-o-əmən] *ਪੁ:* ਸੁੱਖ-ਸਾਂਦ, ਖ਼ੈਰ-ਮਿਹਰ, ਅਮਨ-ਚੈਨ

اموات [ਅਮਵਾਤ : əməwat] *ਇ:* ਮੌਤਾਂ, ਅਕਾਲ ਚਲਾਣੇ

امواج [ਅਮਵਾਜ : əməwaj] *ਇ:* ਠਾਠਾਂ, ਛੱਲਾਂ, ਲਹਿਰਾਂ, ਕਾਂਗਾਂ, ਮੌਜਾਂ

اَموال [ਅਮਵਾਲ : əməwal] *ਪੁ:* ਮਾਲ ਮਤੇ, ਦੌਲਤਾਂ, ਪੂੰਜੀਆਂ, ਖ਼ਜ਼ਾਨੇ, ਜਾਇਦਾਦਾਂ, ਜਗੀਰਾਂ

اُمور [ਉਮੂਰ : umur] *ਪੁ:* ਹੁਕਮ, ਆਦੇਸ਼, ਆਖੇ, ਗੱਲਾਂ, ਮਾਮਲੇ, ਕਾਜ, ਕੰਮ

اُمّہات [ਉੱਮਹਾਤ : umməhat] *ਇ:* ਮਾਂਵਾਂ, ਮਾਤਾਵਾਂ

اُمّہاتِ سفلی [ਉਮਹਾਤ-ਏ-ਸਿਫ਼ਲੀ : umməhat-e-sıfəli] *ਇ:* ਭੈੜੀਆਂ ਰੂਹਾਂ, ਚਾਰ ਤੱਤ (ਅੱਗ, ਪਾਣੀ, ਮਿਟੀ ਤੇ ਹਵਾ), ਚਾਰ ਭੌਤਿਕ ਗੁਣ

اُمّہاتِ علوی [ਉੱਮਹਾਤ-ਏ-ਉਲਵੀ : umməhat-e-uləwi] *ਇ:* ਰੂਹਾਂ

اُمّید [ਉੱਮੀਦ : ummid] *ਇ:* ਉਮੀਦ, ਆਸ, ਚਾਹ, ਰੀਝ, ਤਾਂਘ

اُمّیدوار [ਉੱਮੀਦਵਾਰ : ummidəwar] *ਵਿ:* ਉਮੀਦਵਾਰ, ਖ਼ਾਹਸ਼ਮੰਦ, ਇੱਛੁਕ; ਭਵਿੱਖ ਦੇ ਭਰੋਸੇ ਤੇ ਕੰਮ ਕਰਨ ਵਾਲ਼ਾ, ਚਾਹਵਾਨ

اُمّیدواری [ਉੱਮੀਦਵਾਰੀ : ummidəwari] *ਇ:* ਉਮੀਦਵਾਰੀ, ਖ਼ਾਹਸ਼ ਰੱਖਣ ਦੀ ਕਿਰਿਆ, ਆਸਵੰਦੀ, ਨੌਕਰੀ ਦੀ ਆਸ

امیر [ਅਮੀਰ : əmır] *ਵਿ:* ਵਡ ਪੂੰਜੀਆ, ਧਨੀ, ਦੌਲਤਮੰਦ; ਸਰਦਾਰ, ਆਗੂ, ਮੋਹਰੀ

امیرالاُمرا [ਅਮੀਰ-ਉਲ-ਉਮਰਾ : əmir-ul-umərа] *ਵਿ:* ਅਮੀਰਾਂ ਦਾ ਅਮੀਰ, ਵੱਡਾ ਧਨਵਾਨ, ਕਰੋੜਪਤੀ, ਸਰਦਾਰਾਂ ਦਾ ਸਰਦਾਰ

امیرانہ [ਅਮੀਰਾਨਾ : əmirana] *ਵਿ:* ਧਨਵਾਨ ਵਾਂਗ, ਧਨੀ ਜਿਹਾ, ਅਮੀਰ

اَمیری [ਅਮੀਰੀ : əmiri] *ਇ:* ਸਰਦਾਰੀ, ਮਾਲਦਾਰੀ, ਦੌਲਤਮੰਦੀ

اُن [ਉਨ : un] *ਵਿ:/ਪੜ:* اُس ਦਾ ਬਹੁਵਚਨ, ਉਹਨਾਂ

اِن [ਇਨ : ın] *ਵਿ:/ਪੜ:* اِس ਦਾ ਬਹੁਵਚਨ, ਇਹਨਾਂ

اَنا [ਅਨਾ : ənа] *ਪੜ:* ਮੈਂ

اَنّا [ਅੱਨਾ : ənna] *ਇ:* ਬੱਚੇ ਨੂੰ ਦੁੱਧ ਦੇਣ ਲਈ ਰੱਖੀ ਹੋਈ ਆਇਆ, ਦਾਈ, ਮਾਈ

اِناث [ਇਨਾਸ : ınas] *ਇ:* ਤੀਵੀਆਂ, ਇਸਤਰੀਆਂ, ਬੁੱਢੀਆਂ

انار [ਅਨਾਰ : ənar] *ਪੁ:* ਇੱਕ ਫਲ਼ ਦਾ ਨਾਂ; ਇੱਕ ਪ੍ਰਕਾਰ ਦੀ ਆਤਸ਼ਬਾਜ਼ੀ

انار دانہ [ਅਨਾਰ ਦਾਨਾ : ənar dana] *ਪੁ:* ਲਾਲ ਅਨਾਰ ਦੇ ਸੁਕਾਏ ਹੋਏ ਦਾਣੇ; ਇਕ ਪ੍ਰਕਾਰ ਦੇ ਚਾਰਖ਼ਾਨਾ ਕੱਪੜੇ ਦਾ ਨਾਂ

اَنام [ਅਨਾਮ : ənam] *ਪੁ:* ਲੋਕ, ਲੁਕਾਈ, ਖ਼ਲਕਤ, ਦੁਨੀਆਂ

انبار [ਅੰਬਾਰ : ənbar] *ਪੁ:* ਢੇਰ, ਤੋਦਾ, ਭੰਡਾਰ

انباری [ਅੰਬਾਰੀ : ənbari] *ਇ:* ਅਮਾਰੀ, ਹੌਦਾ, ਹਾਥੀ ਦੀ ਕਾਠੀ

انبساط [ਇਨਬਿਸਾੜ : ınəbısat] *ਇ:* ਖ਼ੁਸ਼ੀ, ਪ੍ਰਸੰਨਤਾ, ਮਨ ਦਾ ਖੇੜਾ, ਦਿਲ ਦੀ ਠੰਢ

اُنتالیس [ਉਨਤਾਲੀਸ : unətalis] *ਵਿ:* ਉਨਤਾਲੀ, ਤੀਹ ਜਮ੍ਹਾਂ ਨੌ

اِنتخاب [ਇਨਤਿਖ਼ਾਬ : ınətıxab] *ਪੁ:* ਚੋਣ, ਚੁਣਾਈ, ਲੋਕਮਤ, ਜਨਮਤ, ਇਲੈਕਸ਼ਨ, ਛਾਂਟੀ

اِنتساب [ਇਨਤਿਸਾਬ : ınətısab] *ਪੁ:* ਸੰਬੰਧ, ਵਾਸਤਾ, ਲਗਾ, ਰਿਸ਼ਤਾ

اِنتشار [ਇਨਤਿਸ਼ਾਰ : ınətışar] *ਪੁ:* ਗੜਬੜ, ਘਬਰਾਹਟ, ਪਰੇਸ਼ਾਨੀ, ਫ਼ਿਕਰ, ਭਾਜੜ, ਭੜਥੂ

اِنتظار [ਇਨਤਿਜ਼ਾਰ : ınətızar] *ਇ:* ਇੰਤਜ਼ਾਰ, ਉਡੀਕ, ਕਿਸੇ ਦੇ ਮਿਲਣ ਦੀ ਆਸ, ਤਾਂਘ

اِنتظام [ਇਨਤਿਜ਼ਾਮ : ınətızam] *ਪੁ:* ਇੰਤਜ਼ਾਮ, ਪ੍ਰਬੰਧ, ਦੇਖ-ਭਾਲ਼, ਬੰਦੋਬਸਤ

اِنتظامیہ [ਇਨਤਿਜ਼ਾਮਯਾ : ɪntəzaməya] *ਵਿ:* ਦੇਸ਼ ਦੇ ਵਿਧਾਨ ਨੂੰ ਲਾਗੂ ਕਰਾਉਣ ਵਾਲ਼ਾ ਸਰਕਾਰੀ ਮਹਿਕਮਾਂ

اِنتِفاع [ਇਨਤਿਫ਼ਾਅ : ɪntɪfa'ə] *ਪੁ:* ਲਾਭ, ਲਭਤ, ਫ਼ਾਇਦਾ, ਲਾਹਾ, ਖੱਟੀ

اِنتِقاد [ਇਨਤਿਕ਼ਾਦ : ɪntɪqad] *ਪੁ:* ਜਾਂਚ, ਪਰਖ, ਸਿਆਣ, ਪੜਚੋਲ, ਚੰਗ ਮੰਦ ਨਖੇੜਨੇ

اِنتِقال [ਇਨਤਿਕ਼ਾਲ : ɪntɪqal] *ਪੁ:* ਵਟਾਂਦਰਾ, ਟਿਕਾਣੇ ਦੀ ਬਦਲੀ, ਕੂਚ; ਮਰਗ, ਮਿਰਤੂ, ਮੌਤ

اِنتِقالِ اراضی [ਇਨਤਿਕ਼ਾਲ-ਏ-ਅਰਾਜ਼ੀ : ɪntɪqal-e-ərazi] *ਪੁ:* ਭੋਇੰ ਦੀ ਖਾਤਾ ਬਦਲੀ, ਮਲਕੀਅਤ ਬਦਲਨੀ

اِنتِقال نامہ [ਇਨਤਿਕ਼ਾਲ ਨਾਮਾ : ɪntɪqal nama] *ਪੁ:* ਖਾਤਾ ਬਦਲੀ ਦੀ ਲਿਖਤ

اِنتِقام [ਇਨਤਿਕ਼ਾਮ : ɪntɪqam] *ਪੁ:* ਬਦਲਾ, ਵੈਰ, ਵੱਟਾ, ਉਤਰ, ਤੋੜ

اِنتِقاماً [ਇਨਤਿਕ਼ਾਮਨ : ɪntɪqamən] *ਕਿਵਿ:* ਬਦਲੇ ਦੀ ਭਾਵਨਾ ਨਾਲ਼

اِنتِقامی [ਇਨਤਿਕ਼ਾਮੀ : ɪntəqamɪ] *ਵਿ:* ਵੈਰ ਵਿਰੋਧ ਨਾਲ਼ ਸੰਬੰਧਿਤ, ਬਦਲੇ ਬਾਰੇ

اِنتِہا [ਇਨਤਿਹਾ : ɪntɪha] *ਇ:* ਓੜਕ, ਅੰਤ, ਆਖ਼ਰ, ਛੇਕੜ, ਹੱਦ

اِنتِہا پسند [ਇਨਤਿਹਾ ਪਸੰਦ : ɪntɪha pəsə̃d] *ਵਿ:* ਅਤਿਵਾਦੀ, ਕਿਸੇ ਕੰਮ ਜਾਂ ਵਸਤੂ ਦਾ ਸਿਖਰ ਚਾਹੁਣ ਵਾਲ਼ਾ

اِنتِہا پسندی [ਇਨਤਿਹਾ ਪਸੰਦੀ : ɪntɪha pəsə̃di] *ਵਿ:* ਅਤਿਵਾਦ, ਮਾਰ ਮੁਕਾਉਣ ਦੀ ਸੋਚ

اِنتِہائی [ਇਨਤਿਹਾਈ : ɪntɪhaˆi] *ਵਿ:* ਆਖ਼ੀਰੀ, ਅੰਤਿਮ, ਸਿਖਰ ਦੀ

اُنتیس [ਉਨਤੀਸ : unətis] *ਵਿ:* ਉਨੱਤੀ, ਇਕ ਘੱਟ ਤੀਹ

اِنجاح [ਇੰਜਾਹ : ɪnəjah] *ਪੁ:* ਮਤਲਬ ਪੂਰਾ ਹੋਣ ਦਾ ਭਾਵ, ਮੁਰਾਦ ਪੂਰਤੀ

انجام [ਅਨਜਾਮ : ənjam] *ਪੁ:* ਅਖ਼ੀਰ, ਅੰਤ, ਸਿੱਟਾ, ਨਤੀਜਾ, ਓੜਕ, ਛੇਕੜ, ਪਿੱਛਾ, ਪਿਛਾੜੀ

اِنجذاب [ਇਨਜਿਜ਼ਾਬ : ɪnəjɪzab] *ਪੁ:* (ਪਾਣੀ ਦਾ) ਜਜ਼ਬ ਹੋਣ ਦਾ ਭਾਵ, ਖਿੱਚ, ਰੁਚੀ, ਪਿਆਰ

انجم [ਅੰਜੁਮ : ənjum] *ਪੁ:* ਤਾਰੇ

اِنجماد [ਇਨਜਮਾਦ : ɪnəjəmad] *ਪੁ:* ਠਾਰ, ਸੀਤ, ਜਮਾ, ਜੰਮ ਜਾਣ ਜਾਂ ਠੰਢਾ ਯਖ਼ ਹੋਣ ਦੀ ਹਾਲਤ

انجمن [ਅੰਜੁਮਨ : ənjuman] *ਇ:* ਮਹਿਫ਼ਲ, ਕਮੇਟੀ, ਜੁੜ ਬੈਠੇ ਲੋਕ, ਪੰਚਾਇਤ, ਇਕੱਠ; ਤਾਰਿਆਂ ਦਾ ਝੁੰਡ

اِنجیل [ਇੰਜੀਲ : ĩjil] *ਇ:* ਖ਼ੁਸ਼ਖ਼ਬਰੀ; ਈਸਾਈਆਂ ਦੀ ਪਵਿੱਤਰ ਧਾਰਮਿਕ ਪੁਸਤਕ ਦਾ ਨਾਮ

اُنچاس [ਉਨਚਾਸ : unəcas] *ਵਿ:* ਉਣੰਜਾ

اُنچائی [ਉਂਚਾਈ : ũcai] *ਇ:* ਉਚਾਈ, ਬੁਲੰਦੀ

اِنحراف [ਇਨਹਿਰਾਫ਼ : ɪnəḥɪraf] *ਪੁ:* ਮੁਖ਼ਾਲਫ਼ਤ, ਨਾਫ਼ੁਰਮਾਨੀ, ਵਿਰੋਧਤਾ, ਇਨਕਾਰ

اِنحصار [ਇਨਹਿਸਾਰ : ɪnəḥɪsar] *ਪੁ:* ਨਿਰਭਰਤਾ, ਬੰਦਸ਼, ਮਨਾਹੀ, ਘੇਰਾ

اِنحطاط [ਇਨਹਿਤਾਤ : ɪnəḥɪtat] *ਪੁ:* ਕਮੀ, ਘਾਟਾ, ਉਤਾਰ, ਪਤਨ

اِنخِلا [ਇਨਖ਼ਿਲਾ : ɪnəxɪla] *ਪੁ:* ਨਿਕਾਲ਼ਾ, ਖ਼ਾਲੀ, ਖਦੇੜਾ

انداز [ਅੰਦਾਜ਼ : ə̃daz] *ਪੁ:* ਢੰਗ, ਢਬ, ਅਟਕਲ, ਵੰਨਗੀ, ਨਮੂਨਾ, ਨਾਜ਼ ਨਖ਼ਰਾ, ਹਾੜਾ, ਭਾਰ, ਤੋਲ, ਲਿਖਣ ਦਾ ਢੰਗ, ਲੇਖ, ਉਸਾਰੀ

اندازہ [ਅੰਦਾਜ਼ਾ : ãdaza] *ਪੁ:* ਅੰਦਾਜ਼ਾ, ਹਾੜਾ, ਤੁਕ, ਟੇਵਾ, ਅਟਕਲ, ਜਾਚ, ਜੋਖ, ਅਟਾ- ਸਟਾ, ਕੱਚਾ-ਪੱਕਾ ਹਿਸਾਬ

اندام [ਅੰਦਾਮ : ãdam] *ਪੁ:* ਬਦਨ, ਜਿਸਮ, ਦੇਹ, ਜੁੱਸਾ, ਸਰੀਰ

اندامِ نہانی [ਅੰਦਾਮ-ਏ-ਨਿਹਾਨੀ : ãdam-ə-nihani] *ਪੁ:* ਗੁਪਤ ਅੰਗ

اندر [ਅੰਦਰ : ãdər] *ਕਿਵਿ:* ਵਿਚ, ਦਰਮਿਆਨ, ਵਿਚਾਲੇ

اِندراج [ਇੰਦਰਾਜ : ĩdəraj] *ਪੁ:* ਇੰਦਰਾਜ, ਐਂਟਰੀ, ਦਰਜ ਹੋਣਾ, ਖਾਤੇ ਚੜ੍ਹਨਾ

اندرز [ਅੰਦਰਜ਼ : ãdərəz] *ਪੁ:* ਮਤ, ਨਸੀਹਤ, ਚੰਗੀ ਸਲਾਹ, ਅੰਤਮ ਵਸੀਅਤ

اندرون [ਅੰਦਰੂਨ : ãdərun] *ਪੁ:/ਸੰਬੰ:* ਅੰਦਰ, ਵਿਚ, ਵਿਚਕਾਰ, ਵਿਚਾਲੇ, ਦਿਲ, ਢਿੱਡ

اندرونی [ਅੰਦਰੂਨੀ : ãdəruni] *ਵਿ:* ਅੰਦਰ ਦੀ, ਅੰਤ੍ਰੀਵੀ

اندک [ਅੰਦਕ : ãdək] *ਵਿ:* ਥੋੜ੍ਹਾ, ਜ਼ਰਾ, ਜ਼ਰਾ ਕੁ, ਰਤੀ ਭਰ

اِندِمال [ਇੰਦਿਮਾਲ : ĩdımal] *ਪੁ:* ਜ਼ਖ਼ਮ ਦਾ ਭਰਨਾ, ਫੱਟ ਦਾ ਮਿਲਣਾ, ਖਰੀਂਢ ਦਾ ਬੱਝਣਾ, ਜ਼ਖਮ ਦਾ ਅੰਗੂਰ, ਤੰਦਰੁਸਤੀ

اندوختہ [ਅੰਦੋਖ਼ਤਾ : ãdoxəta] *ਵਿ:* ਜਮ੍ਹਾਂ ਕੀਤਾ ਹੋਇਆ, ਜੋੜਿਆ ਹੋਇਆ

اندوہ [ਅੰਦੋਹ : ãdoh] *ਪੁ:* ਗ਼ਮ, ਰੰਜ, ਦੁੱਖ, ਹਰਖ, ਚਿੰਤਾ, ਝੋਰਾ

اندھا [ਅੰਧਾ : ãdha] *ਵਿ:* ਅੰਨ੍ਹਾ, ਜਿਸ ਨੂੰ ਕੁੱਝ ਨਾ ਦਿਸੇ

اندھا دُھند [ਅੰਧਾ ਧੁੰਦ : ãdha dhũd] *ਕਿਵਿ:* ਅੰਨ੍ਹੇ ਵਾਹ, ਬਿਨਾ ਸੋਚਿਆਂ ਸਮਝਿਆਂ

اندھا کُواں [ਅੰਧਾ ਕੂੰਆ : ãdha kũã] *ਪੁ:* ਅੰਨ੍ਹਾ ਖੂਹ, ਉੱਜੜਿਆ ਹੋਇਆ ਖੂਹ, ਢੱਠਾ ਖੂਹ

اندھیر [ਅੰਧੇਰ : ãdher] *ਪੁ:* ਨ੍ਹੇਰ, ਜ਼ੁਲਮ, ਅਨਿਆਂ, ਰੌਲ਼ਾ-ਰੱਪਾ, ਸ਼ੋਰ-ਸ਼ਰਾਬਾ

اندھیرا [ਅੰਧੇਰਾ : ãdhera] *ਪੁ:* ਅਨ੍ਹੇਰਾ, ਚਾਨਣ ਨਾ ਹੋਣ ਦੀ ਦਸ਼ਾ

اندھیر کھاتا [ਅੰਧੇਰ ਖਾਤਾ : ãdher khata] *ਪੁ:* ਅੰਨ੍ਹਾ ਖਾਤਾ, ਬੇਈਮਾਨੀ ਦਾ ਘਰ

اندھیری [ਅੰਧੇਰੀ : ãdheri] *ਇ:* ਹਨੇਰੀ, ਝੱਖੜ

اندھیری کوٹھڑی [ਅੰਧੇਰੀ ਕੋਠੜੀ : ãdheri koṭhəṛi] *ਇ:* ਅਨ੍ਹੇਰੀ ਕੋਠੜੀ, ਕਾਲ਼ ਕੋਠੜੀ; ਬੱਚਾਦਾਨੀ

اندھیرے مُنہ [ਅੰਧੇਰੇ ਮੂੰਹ : ãdhere mũh] *ਕਿਵਿ:* ਮੂੰਹ ਅਨ੍ਹੇਰੇ, ਸਵੇਰੇ ਸਵੇਰੇ

اندیشہ [ਅੰਦੇਸ਼ਾ : ãdeṣa] *ਪੁ:* ਫ਼ਿਕਰ, ਡਰ, ਚਿੰਤਾ, ਭਉ

انڈا [ਅੰਡਾ : ãda] *ਪੁ:* ਆਂਡਾ

اِنزِوا [ਇਨਜ਼ਿਵਾ : ınzıwa] *ਪੁ:* ਇਕੱਲਾਪਣ, ਇਕੱਲ, ਕਿਨਾਰਾਕਸ਼ੀ

اُنس [ਉਨਸ : unəs] *ਪੁ:* ਪ੍ਰੇਮ, ਪਿਆਰ, ਮੁਹੱਬਤ, ਹੁੱਬ, ਉਲਫਤ

اِنس [ਇਨਸ : ınəs] *ਪੁ:* ਇਨਸਾਨ, ਆਦਮੀ, ਮਨੁੱਖ, ਬੰਦਾ

انساب [ਅਨਸਾਬ : ənəsab] *ਪੁ:* ਨਸਲਾਂ, ਜ਼ਾਤਾਂ, ਗੋਤਾਂ, ਖ਼ਾਨਦਾਨ, ਕੋੜਮੇ, ਪੀੜ੍ਹੀਆਂ

اِنسان [ਇਨਸਾਨ : ınəsan] *ਪੁ:* ਇਨਸਾਨ, ਆਦਮੀ, ਮਨੁੱਖ, ਬੰਦਾ

اِنسانی [ਇਨਸਾਨੀ : ınəsani] *ਵਿ:* ਇਨਸਾਨੀ, ਮਨੁੱਖੀ, ਮਾਨਵੀ, ਸ਼ਹਿਰੀ

انسانیّت [ਇਨਸਾਨੀਯਤ : ənsaniyat] *ਇ:* ਸਾਊਪੁਣਾ, ਭਲਮਾਣਸੀ, ਸ਼ਰਾਫ਼ਤ

اَنسب [ਅਨਸਬ : ənəsəb] *ਵਿ:* ਬੜਾ ਬੇਹਤਰ, ਚੰਗੇ ਢਬ ਦਾ, ਬਹੁਤ ਠੀਕ

اُنسٹھ [ਉਨਸਠ : unəsəṭh] /ਵਿ: ਉਨਾਹਠ, ਇੱਕ ਘੱਟ ਸੱਠ

اِنسداد [ਇਨਸਦਾਦ : ınəsədad] ਪੁ: ਤੋੜ, ਰੱਦ, ਕਾਟ, ਬੰਦੋਬਸਤ, ਨਬੇੜਾ, ਰੋਕਥਾਮ

اِنشا [ਇਨਸ਼ਾ : ınəṣa] ਪੁ: ਮਨ ਵਿਚੋਂ ਨਿਕਲੇ ਉਬਾਲ ਲਿਖਣ ਦਾ ਭਾਵ, ਲਿਖਤ, ਲਿਖਾਈ, ਮਜ਼ਮੂਨ ਲਿਖਣ ਦਾ ਗੁਣ

اِنشراح [ਇਨਸ਼ਿਰਾਹ਼ : ınəṣıraḥ] ਪੁ: ਸ਼ਰਹ ਕਰਨੀ, ਖ਼ੁਸ਼ੀ, ਪ੍ਰਸੰਨਤਾ

انصاف [ਇਨਸਾਫ਼ : ınəsaf] ਪੁ: ਇਨਸਾਫ਼, ਨਿਆਂ, ਸੱਚ, ਨਿਬੇੜਾ, ਸਭ ਕਿਸੇ ਦਾ ਹੱਕ ਨਿਤਾਰਾ

انصاف پسند [ਇਨਸਾਫ਼ ਪਸੰਦ : ınəsaf pəsə̄d] /ਵਿ: ਇਨਸਾਫ਼ ਚਾਹੁਣ ਵਾਲ਼ਾ, ਦਇਆਲੂ, ਦਇਆਵਾਨ

اَنعام [ਅਨਅ਼ਾਮ : ənə'am] ਪੁ: ਮਾਲ-ਡੰਗਰ, ਚਾਰ ਪਾਏ, ਪਸ਼ੂ

اِنعام [ਇਨਅ਼ਾਮ : ınə'am] ਪੁ: ਇਨਾਮ, ਬਖ਼ਸ਼ੀਸ਼, ਭਲੇ ਕੰਮ ਦਾ ਫਲ਼

اِنعام واِکرام [ਇਨਅ਼ਾਮ-ਉ-ਇਕਰਾਮ : ınə'ạm-o-ıkəram] ਪੁ: ਤੋਹਫ਼ਾ, ਬਖ਼ਸ਼ਿਸ਼, ਬਦਲਾ, ਮੁਆਵਜ਼ਾ, ਕੀਤੇ ਕੰਮ ਦਾ ਸਿਲਾ

اِنعکاس [ਇਨਇ਼ਕਾਸ : ınə'ıkas] ਪੁ: ਅਕਸ, ਪਰਛਾਂਵਾਂ, ਪਲਟਾ, ਪ੍ਰਤਿਕਰਮ

اَنفاس [ਅਨਫ਼ਾਸ : ənəfas] ਪੁ: ਸਾਹ, ਦਮ

اِنفراد [ਇਨਫ਼ਿਰਾਦ : ınəfırad] ਪੁ: ਇਕੱਲ, ਇਕੱਲਾਪਣ

اِنفرادی [ਇਨਫ਼ਿਰਾਦੀ : ınəfıradi] /ਵਿ: ਇਕੱਲੇ ਜਣੇ ਦਾ, ਨਿੱਜੀ, ਜ਼ਾਤੀ

اِنفرادیت [ਇਨਫ਼ਰਾਦੀਯਤ : ınəfəradiyət] /ਇ: ਇਕੱਲ, ਇਕੱਲਵਾਂਝਪਣ, ਆਪਣੀ ਥਾਂ ਅੱਡ ਹੋਣ ਦਾ ਗੁਣ

اِنفصال [ਇਨਫ਼ਿਸਾਲ : ınəfısal] ਪੁ: ਜੁਦਾਈ, ਵੰਡ, ਸਮਝੌਤਾ, ਨਬੇੜਾ, ਨਿਪਟਾਰਾ

اِنفعال [ਇਨਫ਼ਿਆ਼ਲ : ınəfıal] ਪੁ: ਸ਼ਰਮ, ਸ਼ਰਮਿੰਦਗੀ, ਨਦਾਮਤ, ਨਮੋਸ਼ੀ

اِنفکاک [ਇਨਫ਼ਿਕਾਕ : ınəfikak] ਪੁ: ਵਖਰਤਾ, ਜੁਦਾਈ

اِنقباض [ਇਨਕ਼ਬਾਜ਼ : ınəqəbaz] ਪੁ: ਬੰਧੇਜ, ਰੋਕ, ਕਬਜ਼

اِنقسام [ਇਨਕ਼ਸਾਮ : ınəqəsam] ਪੁ: ਬਟਵਾਰਾ, ਵੰਡ

اِنقلاب [ਇਨਕ਼ਲਾਬ : ınəqəlab] ਪੁ: ਇਨਕਲਾਬ, ਪਲਟਾ, ਗੇੜ, ਅਦਲਾ-ਬਦਲੀ, ਉੱਥਲ਼-ਪੁਥਲ਼, ਕਰਾਂਤੀ

اِنقلابی [ਇਨਕ਼ਲਾਬੀ : ınəqəlabi] /ਵਿ: ਇਨਕਲਾਬੀ, ਇਨਕਲਾਬ ਨਾਲ਼ ਸੰਬੰਧਿਤ, ਪਰਿਵਰਤਨ ਚਾਹੁਣ ਵਾਲ਼ਾ, ਤਬਦੀਲੀ ਯੋਗ

ਕੁਝ ਦਿਸੇ ਹੀ ਨਾ

تُخم نیلی [ਤੁਤੁਕ਼ ਨੀਲੀ : tutuq nili] *ਪੁ:* ਅਕਾਸ਼, ਅਸਮਾਨ

تُختک/تُوتک [ਤੁਤਕ/ਤੂਤਕ : tutək/tutək] *ਪੁ:* ਜਹਾਜ਼ ਦਾ ਤਖ਼ਤਾ

تُتلا [ਤੁਤਲਾ : tutəla] *ਵਿ:* ਤੁਤਲਾ, ਉਹ ਜਿਹੜਾ ਸਾਫ਼ ਨਾ ਬੋਲ ਸਕੇ, ਹਕਲ਼ਾ ਕੇ ਗੱਲਾਂ ਕਰਨ ਵਾਲ਼ਾ

تتمبا [ਤਿਤੰਬਾ : titāba] *ਪੁ:* ਕਠਿਨਾਈ, ਔਕੜ, ਮੁਸ਼ਕਲ, ਦਿੱਕਤ, ਝਗੜਾ, ਬਖੇੜਾ, ਤਕਰਾਰ; ਰੋਕ; ਸਾਜ਼ਿਸ਼; ਬਗਾਵਤ; ਦੰਗਾ ਫਸਾਦ

تتمہ [ਤਤਿੰਮਾ : tətimma] *ਪੁ:* ਬਕਾਇਆ, ਹਰ ਚੀਜ਼ ਦਾ ਅਖ਼ੀਰੀ ਹਿੱਸਾ, ਅੰਤਿਕਾ, ਅਨੁਸੂਚੀ

تتمۂ وصیت نامہ [ਤਤਿੰਮਾ-ਏ-ਵਸੀਯਤ ਨਾਮਾ : tətimma-e-wəsiyət nama] *ਪੁ:* ਵਸੀਅਤਨਾਮੇ ਨਾਲ਼ ਸੰਬੰਧਿਤ ਕਾਗ਼ਜ਼ ਪੱਤਰ ਜਿਨ੍ਹਾਂ ਵਿਚ ਉਸ ਬਾਰੇ ਕੋਈ ਅਦਲਾ ਬਦਲੀ ਕੀਤੀ ਜਾਵੇ

تتاپا [ਤੁਟਾਪਾ : tutapa] *ਵਿ:* ਕਮਜ਼ੋਰੀ, ਨਿਰਬਲਤਾ, ਲਾਚਾਰੀ, ਬੇਬਸੀ

تٹے [ਤਟੇ : təṭe] *ਪੁ:* ਟੋਕਰੇ

ٹٹے [ਤੁਟੇ : tuṭe] *ਪੁ:* ਲੁਕਮੇ, ਗਰਾਹੀਆਂ, ਬੁਰਕੀਆਂ

تسلیث [ਤਸਲੀਸ : təsəlis] *ਇ:* ਤਿੰਨ ਭਾਗ ਵੰਡ, ਖ਼ੁਦਾ ਦੀ ਜ਼ਾਤ ਨੂੰ ਤਿੰਨ ਭਾਗਾਂ ਅਰਥਾਤ ਪਿਤਾ ਪੁੱਤਰ ਤੇ ਪਵਿੱਤਰ ਸਮੂਹ ਮੰਨਣਾ, ਨਜੂਮੀਆਂ ਅਨੁਸਾਰ ਤੀਜੇ ਘਰ ਦੇ ਸਤਾਰੇ ਦਾ ਪਹਿਲੇ ਘਰ ਨੂੰ ਵੇਖਣਾ

تثنیہ [ਤਸਨੀਯਾ : təsəniya] *ਪੁ:* ਦੁੱਗਣਾ, ਉਹ ਸ਼ਬਦ ਜਿਸਦੇ ਅਰਥ ਵਿਚ ਦੋ ਚੀਜ਼ਾਂ ਜ਼ਾਹਰ ਹੋਣ ਜਿਵੇਂ والدین

تجاذُب [ਤਜਾਜ਼ੁਬ : təjazub] *ਪੁ:* ਕਸ਼ਿਸ਼, ਖਿੱਚ

تُجار [ਤੁਜਾਰ : tujar] *ਪੁ:* ਬਹੁਤੇ ਵਪਾਰੀ, ਬਹੁਤੇ ਸੁਦਾਗਰ

تجارِب [ਤਜਾਰਿਬ : təjarıb] *ਪੁ:* ਤਜਰਬੇ; ਇਮਤਿਹਾਨ, ਪਰੀਖਿਆਵਾਂ

تجارت [ਤਜਾਰਤ : təjarət] *ਇ:* ਸੁਦਾਗਰੀ ਵਪਾਰ, ਦੁਕਾਨਦਾਰੀ

تجارت گاہ [ਤਜਾਰਤਗਾਹ : təjarətəgah] *ਪੁ:* ਮੰਡੀ, ਵਪਾਰ ਦੀ ਥਾਂ

تجارتی [ਤਜਾਰਤੀ : təjarəti] *ਵਿ:* ਵਪਾਰ ਸੰਬੰਧੀ, ਵਪਾਰਕ

تجارتی منڈی [ਤਜਾਰਤੀ ਮੰਡੀ : təjarəti mādi] *ਇ:* ਅਜਿਹੀ ਥਾਂ ਜਿਥੇ ਕਿਸੇ ਚੀਜ਼ ਦਾ ਵਿਸ਼ੇਸ਼ ਕਰ ਵਪਾਰ ਹੋਵੇ

تجاوُز [ਤਜਾਵੁਜ਼ : təjawuz] *ਪੁ:* ਹੱਦ ਤੋਂ ਅੱਗੇ ਵਧਣਾ, ਆਦੇਸ਼ਾਂ ਦੀ ਉਲੰਘਣਾ ਕਰਨੀ

تجاہُل [ਤਜਾਹੁਲ : təjahul] *ਪੁ:* ਅਣਜਾਣਪੁਣਾ, ਟਾਲ-ਮਟੋਲ, ਬੇਪ੍ਰਵਾਹੀ, ਵੇਖ ਕੇ ਅਣਡਿਠ ਕਰਨ ਦਾ ਭਾਵ

تجاہُلِ عارفانہ [ਤਜਾਹੁਲ-ਏ-ਆਰਫ਼ਾਨਾ : təjahul-e-arəfana] *ਪੁ:* ਜਾਣ-ਬੁੱਝ ਕੇ ਅਣਜਾਣ ਬਣਨ ਦੀ ਕਾਰਵਾਈ, ਇਕ ਅਲੰਕਾਰ ਜਿਸ ਦੁਆਰਾ ਕਵੀ ਜਾਣਦਾ ਹੋਇਆ ਵੀ ਅਣਜਾਣ ਬਣੇ

تجدُّد [ਤਜੱਦੁਦ : təjəddud] *ਪੁ:* ਕਾਢ, ਨਵੀਨਤਾ, ਆਧੁਨਿਕਤਾ

تجدید [ਤਜਦੀਦ : təjədid] *ਇ:* ਨਵੀਨੀਕਰਨ, ਨਵੇਂ ਸਿਰੇ ਤੋਂ ਕੰਮ ਸ਼ੁਰੂ ਕਰਨ ਦਾ ਭਾਵ, ਕਾਇਆਂ-ਪਲਟ, ਕਾਢ

تجربہ [ਤਜਰਬਾ : təjərəba] *ਪੁ:* ਤਜਰਬਾ,

ਪ੍ਰਯੋਗ, ਅਜ਼ਮਾਇਜ਼, ਪਰੀਖਿਆ, ਇਮਤਿਹਾਨ, ਦਲੀਲ, ਸਬੂਤ, ਜਾਂਚ, ਪਰਖ; ਵਿਗਿਆਨ ਦਾ ਕਾਰਜ

تجربہ کار [ਤਜਰਬਾਕਾਰ : təjərəbakar] *ਵਿ:* ਤਜਰਬੇਕਾਰ, ਨਿਪੁੰਨ, ਵਾਕਫ਼ਕਾਰ, ਹੁਸ਼ਿਆਰ, ਮਾਹਰ, ਹੰਢਿਆ ਹੋਇਆ, ਸਿਆਣਾ

تجربہ کاری [ਤਜਰਬਾਕਾਰੀ : təjərəbakari] *ਇ:* ਵਾਕਫ਼ੀਅਤ, ਨਿਪੁੰਨਤਾ, ਸਿਆਣਪ

تجربہ گاہ [ਤਜਰਬਾਗਾਹ : təjərəbagah] *ਪੁ:* ਉਹ ਸਥਾਨ ਜਿਥੇ ਵਿਗਿਆਨ ਦੇ ਤਜਰਬੇ ਕੀਤੇ ਜਾਂਦੇ ਹਨ; ਪ੍ਰਯੋਗਸ਼ਾਲਾ

تجرّد [ਤਜੱਰੁਦ : təjərrud] *ਇ:* ਇਕੱਲ, ਨੰਗਾ ਹੋਣਾ, ਛੜਾ ਹੋਣਾ, ਸੰਸਾਰ ਦਾ ਤਿਆਗ; ਸੁਤੰਤਰਤਾ

تجرید [ਤਜਰੀਦ : təjərid] *ਇ:* ਨੰਗੇਜ, ਨੰਗਾਪਣ, ਇਕੱਲ; ਇਕ ਚੀਜ਼ ਨੂੰ ਦੂਜੀ ਨਾਲੋਂ ਵੱਖ ਕਰਨ ਦਾ ਭਾਵ

تجزیہ [ਤਜਜ਼ੀਯਾ : təjəziya] *ਪੁ:* ਵੰਡ, ਅੰਗ ਅੰਗ ਕਰਨ ਦਾ ਵਿਸ਼ਲੇਸ਼ਣ

تجسّس [ਤਜੱਸੁਸ : təjəssus] *ਪੁ:* ਢੂੰਡ, ਭਾਲ਼, ਤਲਾਸ਼, ਖੋਜ

تجسّس کناں [ਤਜੱਸੁਸ ਕੁਨਾਂ : təjəssus kunã] *ਵਿ:* ਲਭਦਾ ਹੋਇਆ, ਭਾਲ਼ਦਾ ਹੋਇਆ, ਤਲਾਸ਼ ਕਰਦਾ ਹੋਇਆ

تجلّا [ਤਜੱਲਾ : təjəlla] *ਇ:* ਵਿਸ਼ਲੇਸ਼ਣ, ਰੱਬ ਦਾ ਨੂਰ, ਰੋਸ਼ਨੀ, ਚਮਕ, ਜੋਤ; ਠਾਠ-ਬਾਠ, ਝਲਕ

تجلّی [ਤਜੱਲੀ : təjəlli] *ਇ:* ਵਿਸ਼ਲੇਸ਼ਣ, ਰੱਬ ਦਾ ਨੂਰ, ਰੋਸ਼ਨੀ, ਚਮਕ, ਜੋਤ; ਠਾਠ-ਬਾਠ, ਝਲਕ

تجلّی بخش [ਤਜੱਲੀ ਬਖ਼ਸ਼ : təjəlli bəxəṣ] *ਵਿ:* ਰੋਸ਼ਨ ਕਰਨ ਵਾਲ਼ਾ

تجلّی خیز [ਤਜੱਲੀਖ਼ੇਜ਼ : təjəllixez] *ਵਿ:* ਰੋਸ਼ਨੀ ਦੇਣ ਵਾਲ਼ਾ

تجلّی ریز [ਤਜੱਲੀਰੇਜ਼ : təjəllirəz] *ਵਿ:* ਚਾਨਣ ਤੇ ਰੋਸ਼ਨੀ ਖਿਲਾਰਨ ਵਾਲ਼ੀ

تجلّی زار/تجلّی کدہ/تجلّی گاہ [ਤਜੱਲੀਜ਼ਾਰ/ਤਜੱਲੀ ਕਦਹ/ਤਜੱਲੀਗਾਹ : təjəllizar/təjəlli-kədəh/tejelligah] *ਪੁ:* ਉਹ ਥਾਂ ਜਿਥੇ ਬਹੁਤ ਚਾਨਣ ਹੋਵੇ

تجلّی طور [ਤਜੱਲੀ ਤੂਰ : təjəlli tur] *ਇ:* ਉਹ ਨੂਰ ਜਿਹੜਾ ਹਜ਼ਰਤ ਮੂਸਾ ਨੂੰ ਕੋਹ-ਏ-ਤੂਰ ਤੇ ਦਿਸਿਆ ਸੀ

تجمّل [ਤਜੱਮੁਲ : təjəmull] *ਪੁ:* ਸ਼ਾਨ-ਓ-ਸ਼ੌਕਤ, ਠਾਠ-ਬਾਠ, ਜਲਾਲ; ਧੂਮ-ਧਾਮ, ਸ਼ਿੰਗਾਰ, ਸਜਾਵਟ, ਹੁਸਨ ਦਾ ਦਿਖਾਵਾ

تجمّل شاہانہ [ਤਜੱਮੁਲ-ਏ-ਸ਼ਾਹਾਨਾ : təjəmull-e-ṣahana] *ਪੁ:* ਸ਼ਾਹੀ ਠਾਠ-ਬਾਠ, ਸ਼ਾਹੀ ਸ਼ਾਨ-ਓ-ਸ਼ੌਕਤ

تجنیس [ਤਜਨੀਸ : təjənis] *ਇ:* ਇਕੋ ਜਿਹਾ ਹੋਣਾ, ਮਿਲ਼ਦਾ ਜੁਲ਼ਦਾ, ਅਜਿਹਾ ਇਕ ਅਲੰਕਾਰ ਜਿਸ ਵਿਚ ਸ਼ਬਦ ਜਿਨ੍ਹਾਂ ਦਾ ਉਚਾਰਣ ਇਕੋ ਜਿਹਾ ਹੋਵੇ ਪਰ ਅਰਥ ਵੱਖਰੇ ਵੱਖਰੇ ਹੋਣ

تجوید [ਤਜਵੀਦ : təjəwid] *ਇ:* ਕੁਰਾਨ ਸ਼ਰੀਫ਼ ਪੜ੍ਹਨ ਦੀ ਕਲਾ ਜਾਂ ਫ਼ਨ

تجویز [ਤਜਵੀਜ਼ : təjəwiz] *ਇ:* ਰਾਏ, ਸਲਾਹ, ਵਿਓਂਤ; ਫ਼ੈਸਲਾ; ਪ੍ਰਬੰਧ, ਚਿੰਤਨ, ਸੋਚ-ਵਿਚਾਰ, ਮਨਸੂਬਾ, ਢੰਗ, ਜਤਨ, ਉਪਾਅ

تجویز جدید/تجویز ثانی [ਤਜਵੀਜ਼-ਏ-ਜਦੀਦ/ਤਜਵੀਜ਼-ਏ-ਸਾਨੀ : təjəwiz-e-jədid/təjəwiz-e-sani] *ਇ:* ਮੁਕੱਦਮਾ ਸੁਣਨਾ, ਨਵੇਂ ਸਿਰੇ ਤੋਂ ਫਿਰ ਮੁਕੱਦਮਾ ਸੁਣਨਾ

تجویز ضمنی [ਤਜਵੀਜ਼-ਏ-ਜ਼ਿਮਨੀ : təjəwiz-

e-zimani] ਇ: ਅਸਥਾਈ ਫੈਸਲਾ, ਦਰਮਿਆਨੀ ਫੈਸਲਾ

تجویزِ طلب [ਤਜਵੀਜ਼ ਤ਼ਲਬ : təjəwiz təlab] ਇ: ਜਿਸ ਦਾ ਨਿਰਨਾ ਵਿਚਾਰ ਅਧੀਨ ਹੋਵੇ

تجویزِ یک طرفہ [ਤਜਵੀਜ਼-ਏ-ਯਕ ਤ਼ਰਫ਼ਾ : təjəwiz-e-yək tərəfa] ਇ: ਇਕੋ ਪੱਖ ਦੇ ਵਿਚਾਰ ਸੁਣਕੇ ਇਕ ਪੱਖੀ ਫੈਸਲਾ

تجہیز [ਤਜਹੀਜ਼ : təjəhiz] ਇ: ਸਾਮਾਨ, ਦਾਜ-ਵਰੀ ਦੀ ਤਿਆਰੀ; ਜਨਾਜ਼ੇ ਦਾ ਸਾਮਾਨ

تجہیز و تکفین [ਤਜਹੀਜ਼-ਓ-ਤਕ਼ਫ਼ੀਨ : təjəhiz-o-təkəfin] ਇ: ਮੁਰਦੇ ਦੇ ਕਫ਼ਨ ਅਤੇ ਦਫ਼ਨ ਦੇ ਸਮਾਨ ਦਾ ਪ੍ਰਬੰਧ, ਮੁਰਦੇ ਦੀਆਂ ਅੰਤਿਮ ਰਸਮਾਂ ਦੀ ਅਦਾਇਗੀ

تجہیل [ਤਜਹੀਲ : təjəhil] ਇ: ਮੂਰਖ ਕਹਿਣ ਜਾਂ ਬਣਾਉਣ ਦੀ ਕਿਰਿਆ

تحائف [ਤਹ਼ਾਇਫ਼ : təhaif] ਪੁ: تحفہ ਦਾ ਬਹੁਵਚਨ, ਨਜ਼ਰਾਨੇ, ਸੁਗਾਤਾਂ; ਚੰਗੀਆਂ ਚੀਜ਼ਾਂ, ਦੁਰਲੱਭ ਵਸਤਾਂ

تحت [ਤਹ਼ਤ : təhət] ਪੁ:/ਵਿ: ਥੱਲੇ ਦਾ ਹਿੱਸਾ, ਡੂੰਘਾਈ; ਕਬਜ਼ਾ, ਕਾਬੂ, ਦਬਾ ਥੱਲੇ, ਹੇਠਾਂ

تحت الارض [ਤਹ਼ਤ-ਉਲ-ਅਰਜ਼ : təhət-ul-erəz] ਵਿ: ਧਰਤੀ ਥੱਲੇ

تحت اللفظ [ਤਹ਼ਤ-ਉਲ-ਲਫ਼ਜ਼ : təhət-ul-ləfəz] *ਕਿਵਿ:* ਸ਼ਾਬਦਿਕ ਅਨੁਵਾਦ, ਹਰਫ਼-ਬਾ-ਹਰਫ਼ ਬਿਨਾ ਕਿਸੇ ਸੋਧ ਦੇ ਸ਼ਿਅਰ ਨੂੰ ਪੜ੍ਹਨਾ, ਬਿਨਾ ਲੈ (ਸੁਰ) ਕਵਿਤਾ ਨੂੰ ਪੜ੍ਹਨਾ

تحت الثریٰ [ਤਹ਼ਤ-ਉਲ-ਸਰਾ : təhət-ul-sərа] ਪੁ:/ਇ: ਪਤਾਲ਼, ਧਰਤੀ ਦੀ ਸਭ ਤੋਂ ਥੱਲਵੀਂ ਤਹਿ

تحتانی [ਤਹ਼ਤਾਨੀ : təhətani] ਵਿ: ਥੱਲੇ ਵਾਲ਼ਾ ਜਾਂ ਵਾਲ਼ੀ, (ਉਹ ਹਰਫ਼) ਜਿਸ ਦੇ ਥੱਲੇ ਨੁਕਤੇ ਹੋਣ

تحت تصرف/تحتِ حکومت/تحتِ فرمان [ਤਹ਼ਤ-ਏ-ਤਸਰਫ਼/ਤਹ਼ਤ-ਏ-ਹ਼ਕੂਮਤ/ਤਹ਼ਤ-ਏ-ਫ਼ਰਮਾਨ : təhət-e-təsərəff/təhət-e-hakumət/təhət-e-fərəman] *ਕਿਵਿ:/ਪੁ:* ਹੁਕਮ ਅਧੀਨ, ਮਾਤਹਿਤ, ਅਧੀਨਗੀ, ਤਾਬੇਦਾਰੀ

تحجر [ਤਹ਼ੱਜੁਰ : təhəjjur] ਪੁ: ਪੱਥਰ ਵਾਂਗ ਸਖ਼ਤ, ਪੱਥਰ-ਦਿਲੀ

تحدّی [ਤਹ਼ੱਦੀ : təhəddi] ਇ: ਲੜਾਈ, ਲਲਕਾਰ

تحدیث [ਤਹ਼ਦੀਸ : təhədis] ਇ: ਗੱਲ ਕਹਿਣ ਦੀ ਕਿਰਿਆ, ਖ਼ਬਰਸਾਨੀ

تحدید [ਤਹ਼ਦੀਦ : təhədid] ਇ: ਹੱਦਬੰਦੀ, ਸੀਮਾਬੰਦੀ, ਮਜਬੂਰੀ, ਪਾਬੰਦੀ, ਰੁਕਾਵਟ

تحذیر [ਤਹ਼ਜ਼ੀਰ : təhəzir] ਇ: ਡਰਾਉਣਾ, ਡਰਾਵਾ, ਤਾੜਨਾ, ਖ਼ਬਰਦਾਰੀ

تحرّک [ਤਹ਼ੱਰੁਕ : təhərruk] ਪੁ: ਹਿੱਲ-ਜੁੱਲ, ਹਰਕਤ

تحرّی [ਤਹ਼ੱਰੀ : təhərri] ਇ: ਸਭ ਤੋਂ ਵਧੀਆ ਦੀ ਚੋਣ

تحریر [ਤਹ਼ਰੀਰ : təhərir] ਇ: ਲਿਖਤ, ਮਜ਼ਮੂਨ, ਖ਼ਤ, ਰੁੱਕਾ, ਦਸਤਾਵੇਜ਼; ਲਿਖਣ ਦਾ ਢੰਗ

تحریرِ ظہری [ਤਹ਼ਰੀਰ-ਏ-ਜ਼ਹਰੀ : təhərir-e-zəhəri] ਇ: ਉਹ ਇਬਾਰਤ ਜਿਹੜੀ ਕਿਸੇ ਦਸਤਾਵੇਜ਼ ਦੇ ਪਿਛਲੇ ਪਾਸੇ ਲਿਖੀ ਹੋਵੇ

تحریری [ਤਹ਼ਰੀਰੀ : təhəriri] ਵਿ: ਲਿਖਿਆ ਹੋਇਆ, ਲਿਖਤੀ

تحریص [ਤਹ਼ਰੀਸ : təhəris] ਇ: ਲਾਲਚ, ਲੋਭ; ਅਪਹਰਣ

تحریف [ਤਹ਼ਰੀਫ਼ : təhərif] ਇ: ਬਦਲਣ ਦੀ ਕਿਰਿਆ, ਲਿਖਤ ਵਿਚ ਮੂਲ ਸ਼ਬਦ ਬਦਲ ਕੇ

ਕੁਝ ਹੋਰ ਲਿਖ ਦੇਣ ਦਾ ਭਾਵ

تحریک [ਤਹ਼ਰੀਕ : təḥrik] *ਇ:* ਨਜ਼ਲੇ ਦੀ ਸ਼ਿਕਾਇਤ, ਹੈਭਲਾ, ਹਰਕਤ, ਜੁੰਬਸ਼; ਕਿਸੇ ਗੱਲ ਦੀ ਸ਼ੁਰੂਆਤ

تحریکِ اِعتماد [ਤਹ਼ਰੀਕ-ਏ-ਇਅ'ਤਿਮਾਦ : təḥərik-e-ı'ətımad] *ਇ:* ਵਿਸ਼ਵਾਸਮਤ

تحریکِ اِلتوا [ਤਹ਼ਰੀਕ-ਏ-ਇਲਤਵਾ : təḥərik-e-ılətəwa] *ਇ:* ਸਦਨ ਜਾਂ ਸਭਾ ਦੀ ਕਾਰਵਾਈ ਰੋਕਣ ਜਾਂ ਮੁਲਤਵੀ ਕਰਵਾਉਣ ਲਈ ਸੁਝਾ

تحریم [ਤਹ਼ਰੀਮ : təḥərim] *ਇ:* ਇੱਜ਼ਤ, ਸਤਿਕਾਰ, ਨਿਯਤ ਬੰਨ੍ਹ ਕੇ ਪਹਿਲੀ ਵਾਰੀ ਨਮਾਜ਼ ਵਿਚ 'ਅੱਲ੍ਹਾ ਹੁ ਅਕਬਰ' ਕਹਿਣਾ

تحسّر [ਤਹ਼ੱਸੁਰ : təḥəssur] *ਪੁ:* ਹਸਰਤ, ਗ਼ਮ, ਦੁੱਖ, ਰੰਜ, ਅਫ਼ਸੋਸ

تحس نحس [ਤਹ਼ਸ ਨਹ਼ਸ : təḥəs nəḥəs] *ਕਿ.ਵਿ:* ਤਬਾਹ, ਬਰਬਾਦ, ਉਜੜਿਆ ਪੁੱਜੜਿਆ, ਨਾਸ, ਖ਼ਰਾਬ

تحسین [ਤਹ਼ਸੀਨ : təḥəsin] *ਇ:* ਤਾਰੀਫ਼, ਆਫ਼ਰੀਨ

تحسینِ ناشناس [ਤਹ਼ਸੀਨ-ਏ-ਨਾਸ਼ਨਾਸ : təḥəsin-e-naṣənas] *ਇ:* ਕਿਸੇ ਅਣਜਾਣ ਦੀ ਵਾਹ ਵਾਹ, ਅਜਿਹੇ ਵਿਅਕਤੀ ਵੱਲੋਂ ਸ਼ਾਬਾਸ਼ ਜਿਸ ਵਿਅਕਤੀ ਨੂੰ ਕੋਈ ਜਾਣਕਾਰੀ ਨਾ ਹੋਵੇ

تحصیل [ਤਹ਼ਸੀਲ : təḥəsil] *ਇ:* ਉਗਰਾਹੀ, ਪ੍ਰਾਪਤੀ ਕਰਨਾ, ਵਸੂਲੀ ਕਰਨਾ, ਇਲਮ ਦੀ ਸਿਖਲਾਈ, ਮਸੂਲ, ਮਾਲਗੁਜ਼ਾਰੀ, ਲਾਭ, ਨਫ਼ਾ, ਤਸੀਲਦਾਰ ਦਾ ਇਲਾਕਾ, ਤਸੀਲਦਾਰ ਦੀ ਕਚਹਿਰੀ

تحصیل حاصل [ਤਹ਼ਸੀਲ ਹ਼ਾਸਿਲ : təḥəsil ḥasıl] *ਇ:* ਉਪਲਭਧ, ਚੀਜ਼ ਦੀ ਭਾਲ਼; ਵਿਅਰਥ ਗੱਲ

تحصیلدار [ਤਹ਼ਸੀਲਦਾਰ : təḥəsilədar] *ਪੁ:* ਤਸੀਲਦਾਰ, ਮਾਲ ਵਿਭਾਗ ਦਾ ਇਕ ਅਧਿਕਾਰੀ ਜਿਸ ਦਾ ਕੰਮ ਮਾਲਗੁਜ਼ਾਰੀ ਇੱਕਠੀ ਕਰਨਾ ਹੁੰਦਾ ਹੈ

تحصلداری [ਤਹ਼ਸੀਲਦਾਰੀ : təḥəsilədari] *ਇ:* ਤਸੀਲਦਾਰੀ, ਤਸੀਲਦਾਰ ਦਾ ਕੰਮ; ਤਸੀਲਦਾਰ ਦਾ ਅਹੁਦਾ

تحصیلِ علم [ਤਹ਼ਸੀਲ-ਏ-ਇ਼ਲਮ : təḥəsil-e-ılam] *ਇ:* ਸਿੱਖਿਆ ਪ੍ਰਾਪਤੀ

تحصیلنا [ਤਹ਼ਸੀਲਨਾ : təḥəsilənа] *ਕਿ:* ਪ੍ਰਾਪਤ ਕਰਨਾ, ਵਸੂਲ ਕਰਨਾ

تحفجات [ਤਹ਼ਫ਼ਜਾਤ : təḥəfejat] *ਪੁ:* تحفہ ਦਾ ਬਹੁਵਚਨ, ਤੋਹਫ਼ੇ

تحفّظ [ਤਹ਼ੱਫ਼ੁਜ਼ : təḥəffuz] *ਪੁ:* ਬਚਾ, ਰੱਖਿਆ; ਹੁਸ਼ਿਆਰੀ, ਜ਼ਬਾਨੀ ਯਾਦ ਕਰਨ ਦਾ ਭਾਵ

تحفگی [ਤੁਹ਼ਫ਼ਗੀ : tuḥəfəgi] *ਇ:* ਖ਼ੂਬੀ, ਚੰਗਿਆਈ

تحفہ [ਤੁਹ਼ਫ਼ਾ : tuḥəfa] *ਪੁ:* ਸੁਗਾਤ; ਪੇਸ਼ਕਸ਼, ਭੇਟਾ, ਨਜ਼ਰਾਨਾ

تحفۂ قلیل [ਤੁਹ਼ਫ਼ਾ-ਏ-ਮਹ਼ੱਕ਼ਰ : tuḥəfa-e-məḥəqqər] *ਪੁ:* ਨਿਗੂਣੀ ਜਿਹੀ ਭੇਟਾ, ਨਾਚੀਜ਼ ਤੋਹਫ਼ਾ

تحفۂ معجون [ਤੁਹ਼ਫ਼ਾ-ਏ-ਮਅ'ਜੂਨ : tuḥəfa-e-mə'əjun] *ਪੁ:* ਅਨੋਖਾ ਆਦਮੀ, ਮਸ਼ਖ਼ਰਾ

تحقیر [ਤਹ਼ਕ਼ੀਰ : təḥəqir] *ਇ:* ਹੇਠੀ, ਤੁੱਛਤਾ, ਨਫ਼ਰਤ, ਘਿਰਨਾ; ਬੇਦਰਦੀ, ਜ਼ਿੱਲਤ, ਬੇਹੁਰਮਤੀ

تحقیرِ عدالت [ਤਹ਼ਕ਼ੀਰ-ਏ-ਅ਼ਦਾਲਤ : təḥəqir-e-ədalət] *ਇ:* ਅਦਾਲਤ ਦੀ ਤੌਹੀਨ

تحقیق [ਤਹ਼ਕ਼ੀਕ਼ : təḥəqiq] *ਇ/ਵਿ:* ਅਸਲੀਅਤ, ਸਚਾਈ ਦੀ ਭਾਲ਼, ਜਾਂਚ ਪੜਤਾਲ, ਤਫ਼ਤੀਸ਼; ਸਚਾਈ, ਅਸਲੀਅਤ, ਸੱਚਾ, ਅਸਲੀ, ਸਹੀ, ਠੀਕ

تحقیقات [ਤਹ਼ਕ਼ੀਕ਼ਾਤ : təhəqiqat] *ਇ:* تحقیق ਦਾ ਬਹੁਵਚਨ, ਜਾਂਚ-ਪੜਤਾਲ, ਸੱਚ ਝੂਠ ਦੇ ਸਬੂਤ, ਕਾਨੂਨੀ ਤਫ਼ਤੀਸ਼ਾਂ

تحقیقاتِ ابتدائی [ਤਹ਼ਕ਼ੀਕ਼ਾਤ-ਏ-ਇਬਤਦਾਈ : təhəqiqat-e-ɪbətədai] *ਇ:* ਮੁਢਲੀ ਪੜਤਾਲ ਜਾਂ ਜਾਂਚ, ਮੁਢਲੀ ਤਫ਼ਤੀਸ਼

تحقیقاتِ مُقدمہ [ਤਹ਼ਕ਼ੀਕ਼ਾਤ-ਏ-ਮੁਕ਼ਦਮਾ : təhəqiqat-e-muqədəma] *ਇ:* ਮੁਕੱਦਮੇ ਦੀ ਤਫ਼ਤੀਸ਼, ਮੁਕੱਦਮੇ ਦੀ ਪੜਤਾਲ ਜਾਂ ਜਾਂਚ

تحقیقاتِ مَوقع [ਤਹ਼ਕ਼ੀਕ਼ਾਤ-ਏ-ਮੌਕ਼ਾ : təhəqiqat-e-məqa] *ਇ:* ਮੌਕੇ 'ਤੇ ਕੀਤੀ ਪੜਤਾਲ, ਮੌਕੇ ਦੀ ਤਫ਼ਤੀਸ਼

تحقیقی [ਤਹ਼ਕ਼ੀਕ਼ੀ : təhəqiqi] *ਵਿ:* ਯਕੀਨੀ, ਸੱਚਾ, ਠੀਕ, ਦਰੁਸਤ

تحکّم [ਤਹ਼ੱਕੁਮ : təhəkkum] *ਪੁ:* ਦਾਵਾ, ਹਕੂਮਤ, ਜ਼ਬਰਦਸਤੀ ਦੀ ਹਕੂਮਤ, ਤਾਕਤ, ਜ਼ੋਰਾਵਰੀ, ਜ਼ਬਰਦਸਤੀ

تحکیم [ਤਹ਼ਕੀਮ : təhəqim] *ਇ:* ਹੁਕਮ, ਤਾਕਤ; ਸਾਲਸੀ, ਪੰਚਾਇਤ, ਵਿਚੋਲਗੀ

تحلیل [ਤਹ਼ਲੀਲ : təhəlil] *ਇ:* ਖੁਲ੍ਹਣ ਜਾਂ ਵੱਖ ਵੱਖ ਹੋਣ ਦਾ ਭਾਵ, ਘੁਲ਼ ਜਾਣ ਜਾਂ ਹਜ਼ਮ ਹੋਣ ਦ ਕਿਰਿਆ

تحمّل [ਤਹ਼ੱਮੁਲ : təhəmmul] *ਪੁ:* ਸਥਰ, ਹਲੀਮੀ, ਬਰਦਾਸ਼ਤ ਦਾ ਮਾਦਾ, ਸਹਾਰਨ ਦੀ ਸ਼ਕਤੀ; ਨਰਮੀ, ਸਹਿਣਸ਼ੀਲਤਾ

تحمید [ਤਹ਼ਮੀਦ : təhəmid] *ਇ:* ਤਰੀਫ਼, ਸਿਫ਼ਤ, ਉਪਾਸਨਾ, ਪ੍ਰਾਰਥਨਾ

تحویل [ਤਹ਼ਵੀਲ : təhəwil] *ਇ:* ਬਦਲ, ਰਬਦੀਲੀ, ਸਪੁਰਦਗੀ, ਕਬਜ਼ਾ; ਮਾਲਗੁਜ਼ਾਰੀ ਦਾ ਧਨ, ਨਕਦੀ, ਮਾਲ, ਧਨ, ਪੂੰਜੀ

تحویلِ امانتی [ਤਹ਼ਵੀਲ-ਏ-ਅਮਾਨਤੀ : təhəwil-e-əmanəti] *ਇ:* ਉਹ ਮਾਲ ਜਿਹੜਾ ਅਮਾਨਤ ਵਜੋਂ ਰਖਵਾਇਆ ਜਾਵੇ

تحویل تصرّف [ਤਹ਼ਵੀਲ ਤੱਸਰਫ਼ : təhəwil təssərəf] *ਇ:* ਅਮਾਨਤ ਵਿਚ ਖ਼ਿਆਨਤ

تحویل دار [ਤਹ਼ਵੀਲਦਾਰ : təhəwiləḍar] *ਪੁ:* ਖ਼ਜ਼ਾਨਚੀ, ਮੁਨੀਮ, ਰੋਕੜੀਆ, ਨਕਦੀ ਰੱਖਣ ਵਾਲ਼ਾ

تحیّر [ਤਹ਼ੱਯੁਰ : təhəyyur] *ਪੁ:* ਹੈਰਾਨੀ, ਅਸਚਰਜਤਾ, ਅਚੰਭਾ

تخت [ਤਖ਼ਤ : təxət] *ਪੁ:* ਤਖ਼ਤ, ਬਾਦਸ਼ਾਹ ਦੇ ਬੈਠਣ ਦੀ ਚੌਕੀ, ਗੱਦੀ; ਸਿੰਘਾਸਣ; ਮਸਨਦ; ਲੱਕੜ ਦਾ ਤਖ਼ਤ, ਪਲੰਘ

تخت پوش [ਤਖ਼ਤਪੋਸ਼ : təxətəpoṣ] *ਪੁ:* ਤਖ਼ਤ 'ਤੇ ਪਾਉਣ ਵਾਲ਼ੀ ਚਾਦਰ, ਤਖ਼ਤ 'ਤੇ ਵਿਛਾਉਣ ਦਾ ਫ਼ਰਸ਼; ਮਸਨਦ

تختِ رواں [ਤਖ਼ਤ-ਏ-ਰਵਾਂ : təxət-e-rəwã] *ਪੁ:* ਉਹ ਤਖ਼ਤ ਜਿਸ 'ਤੇ ਬਾਦਸ਼ਾਹ ਸਵਾਰ ਹੋ ਕੇ ਨਿਕਲ਼ਦਾ ਸੀ, ਉੱਡਣ-ਖਟੋਲਾ; ਲੰਮੇ ਡੰਡਿਆਂ ਵਾਲ਼ੀ ਪਾਲਕੀ ਜਿਸ ਤੇ ਅਮੀਰ ਸਵਾਰ ਹੁੰਦੇ ਹਨ; ਮਟਕਚਾਲ ਘੋੜਾ; ਅਸਮਾਨ, ਸਤ ਸਤਾਰੇ, ਮੰਜੀ ਪੀੜ੍ਹਾ, ਹਜ਼ਰਤ ਸੁਲੇਮਾਨ ਦਾ ਤਖ਼ਤ

تختِ سُلیمانی [ਤਖ਼ਤ-ਏ-ਸੁਲੇਮਾਨੀ : təxət-e-sulemani] *ਪੁ:* ਉਹ ਤਖ਼ਤ ਜਿਸ 'ਤੇ ਹਜ਼ਰਤ ਸੁਲੇਮਾਲ ਬੈਠ ਕੇ ਹਵਾ ਵਿਚ ਉੱਡਿਆ ਕਰਦੇ ਸੀ

تختِ طاؤس [ਤਖ਼ਤ-ਏ-ਤ਼ਾਊਸ : təxət-e-taus] *ਪੁ:* ਸ਼ਾਹਜਾਨ ਬਾਦਸ਼ਾਹ ਦਾ ਛੇ ਕਰੋੜ ਰੁਪਏ ਦਾ ਮੋਰ ਦੀ ਸ਼ਕਲ ਦਾ ਤਖ਼ਤ

تخت گاہ [ਤਖ਼ਤਗਾਹ : təxətəgah] *ਇ:* ਰਾਜਧਾਨੀ, ਉਹ ਸਥਾਨ ਜਿਥੇ ਬਾਦਸ਼ਾਹ ਦਾ ਨਿਵਾਸ ਹੋਵੇ, ਇਸਫ਼ਹਾਨ ਵਿਚ ਸੈਰਗਾਹ

تخت نشین [ਤਖ਼ਤ ਨਸ਼ੀਨ : təxət-nəṣin] *ਵਿ:*

ਤਖ਼ਤ 'ਤੇ ਬੈਠਣ ਵਾਲ਼ਾ (ਬਾਦਸ਼ਾਹ)

تخت نشینی [ਤਖ਼ਤ ਨਸ਼ੀਨੀ : təxət nəşini] *ਇ:* ਰਾਜ ਗੱਦੀ 'ਤੇ ਬਹਾਉਣ ਦੀ ਕਿਰਿਆ, ਰਾਜ ਗੱਦੀ 'ਤੇ ਬਹਿਣ ਦਾ ਜਸ਼ਨ

تختہ [ਤਖ਼ਤਾ : təxəta] *ਪੁ:* ਪਟੜਾ, ਫੱਟਾ, ਕਾਗਜ਼ ਦਾ ਤਾ; ਚਮਨ, ਕਿਆਰੀ, ਖੇਤ; ਜਹਾਜ਼ ਦੀ ਲੱਕੜ ਦਾ ਟੋਟਾ; ਮੁਰਦੇ ਨੂੰ ਨੁਹਾਉਣ ਵਾਲ਼ਾ ਪਟੜਾ

تختۂ تابوت [ਤਖ਼ਤਾ-ਏ-ਤਾਬੂਤ : təxəta-e-tabut] *ਪੁ:* ਅਰਬੀ, ਉਹ ਤਖ਼ਤਾ ਜਿਸ 'ਤੇ ਮੁਰਦੇ ਨੂੰ ਲਿਜਾਂਦੇ ਹਨ

تختۂ مینا [ਤਖ਼ਤਾ-ਏ-ਮੀਨਾ : təxəta-e-mina] *ਪੁ:* ਅਸਮਾਨ, ਅਕਾਸ਼

تخدیع [ਤਖ਼ਦੀਅ : təxədi'ə] *ਇ:* ਫ਼ਰੇਬ, ਧੋਖਾ, ਦਗ਼ਾ

تخریب [ਤਖ਼ਰੀਬ : təxərib] *ਇ:* ਵੀਰਾਨੀ, ਉਜਾੜ, ਬਰਬਾਦੀ, ਤਬਾਹੀ, ਖ਼ਰਾਬੀ

تخریج [ਤਖ਼ਰੀਜ : təxərij] *ਇ:* ਬਾਹਰ ਕੱਢਣ ਜਾਂ ਖਾਰਜ ਕਰਨ ਦੀ ਕਿਰਿਆ

تخصیص [ਤਖ਼ਸੀਸ : təxəsis] *ਇ:* ਵਿਸ਼ੇਸ਼ਤਾ, ਗੁਣ; ਸੁਭਾ

تخطیہ [ਤਖ਼ਤ਼ੀਆ : təxəṭiya] *ਇ:* ਗ਼ਲਤੀ ਫੜਨ ਜਾਂ ਦੋਸ਼ ਕੱਢਣ ਦਾ ਭਾਵ

تخفیف [ਤਖ਼ਫ਼ੀਫ਼ : təxəfif] *ਇ:* ਕਮੀ, ਘਾਟਾ, ਅਖ਼ਤਿਆਰ; ਅਰਾਮ

تخلخل [ਤਖ਼ਲਖ਼ੁਲ : təxəlxul] *ਪੁ:* ਘੋਖ-ਲਾਪਨ

تخلص [ਤਖ़ੱਲੁਸ : təxəllus] *ਪੁ:* ਮੁਕਤੀ, ਰਿਹਾਈ, ਛੁਟਕਾਰਾ, ਬਚਾ; ਕਵੀ ਦਾ ਉਪਨਾਮ

تخلف [ਤਖ़ੱਲੁਫ਼ : təxəlluf] *ਪੁ:* ਵਾਇਦਾ ਖ਼ਿਲਾਫ਼ੀ, ਪਿੱਛੇ ਰਹਿ ਜਾਣ ਦਾ ਭਾਵ

تخلل [ਤਖ़ੱਲੁਲ : təxəllul] *ਪੁ:* ਝਗੜਾ, ਫ਼ਸਾਦ, ਤਕਰਾਰ; ਨਾਇਤਫ਼ਾਕੀ, ਅਸਹਿਮਤੀ; ਵਿਰੋਧ, ਰੋਕ

تخلیص [ਤਖ਼ਲੀਸ : təxəlis] *ਇ:* ਛੁਟਕਾਰਾ, ਖ਼ਲਾਸੀ, ਅਜ਼ਾਦੀ, ਸੁਤੰਤਰਤਾ

تخلیہ [ਤਖ਼ਲੀਯਾ : təxəliya] *ਪੁ:* ਇੱਕਲ, ਤਨਹਾਈ; ਇਕਾਂਤ

تخم [ਤੁਖ਼ਮ : tuxəm] *ਪੁ:* ਬੀਜ, ਦਾਣਾ, ਆਂਡਾ; ਗੁਠਲੀ, ਸੰਤਾਨ, ਨਸਲ; ਅਸਲ, ਗਿਰੀ, ਨੁਚੜਾ; ਇਕ ਬੀਮਾਰੀ

تخم بد [ਤੁਖ਼ਮ-ਏ-ਬਦ : tuxəm-e-bəd] *ਵਿ:* ਬਦਜ਼ਾਤ, ਕਮੀਨਾ, ਹਰਾਮੀ, ਹਰਾਮਜ਼ਾਦਾ

تخم پاشی [ਤੁਖ਼ਮ ਪਾਸ਼ੀ : tuxəm paşi] *ਇ:* ਬੀਜ ਪਾਉਣਾ, ਬੀਜਣਾ

تخم حرام [ਤੁਖ਼ਮ-ਏ-ਹ਼ਰਾਮ : tuxəm-e-ḥəram] *ਵਿ:* ਹਰਾਮਜ਼ਾਦਾ, ਕਮੀਨਾ, ਹਰਾਮੀ, ਬਦਜ਼ਾਤ

تخم ریز [ਤੁਖ਼ਮ ਰੇਜ਼ : tuxəm rəz] *ਵਿ:* ਕਿਰਸਾਣ, ਕਾਸ਼ਤਕਾਰ, ਬੀਜ ਪਾਉਣ ਵਾਲ਼ਾ, ਵਾਹੀ ਕਰਨ ਵਾਲ਼ਾ

تخم ریحاں [ਤੁਖ਼ਮ-ਏ-ਰੇਹ਼ਾਂ : tuxəm-e-reḥā] *ਪੁ:* ਨਾਜ਼ਬੋ ਦਾ ਬੀਜ, ਤੁਲਸੀ ਦਾ ਬੀਜ

تخم کتان [ਤੁਖ਼ਤ-ਏ-ਕਤਾਨ : tuxəm-e-kətan] *ਪੁ:* ਅਲ਼ਸੀ ਦਾ ਬੀਜ, ਸਣ ਦਾ ਬੀਜ

تخم مرغ [ਤੁਖ਼ਮ-ਏ-ਮੁਰਗ਼ਾ : tuxəm-e-murəġ] *ਪੁ:* ਮੁਰਗੀ ਦਾ ਆਂਡਾ

تخمی [ਤੁਖ਼ਮੀ : tuxəmi] *ਵਿ:* ਬੀਜ ਤੋਂ ਉਪਜਿਆ (ਬਿਰਛ ਜਾਂ ਫਲ਼ ਜਿਹੜਾ ਕਲਮੀ ਨਾ ਹੋਵੇ)

تخمیر [ਤਖ਼ਮੀਰ : təxəmir] *ਇ:* ਖ਼ਮੀਰ ਹੋਣ ਜਾਂ ਉਠਾਉਣ ਦਾ ਭਾਵ

تخمینا [ਤਖ਼ਮੀਨਨ : təxəminən] *ਕਿਵਿ:* ਅੰਦਾਜ਼ੇ ਨਾਲ਼, ਕਿਆਸ ਨਾਲ਼, ਅਟਕਲ ਪੱਚੂ

تخمینہ [ਤਖ਼ਮੀਨਾ : təxəmina] *ਪੁ:* ਅੰਦਾਜ਼ਾ,

ਅਟਕਲ, ਕਿਆਸ, ਸਰਸਰੀ ਹਿਸਾਬ

تخویف [ਤਖ਼ਵੀਫ਼ : təxəwif] *ਇ:* ਭੈ, ਧਮਕੀ

تخویفِ مجرمانہ [ਤਖ਼ਵੀਫ਼-ਏ-ਮੁਜਰਮਾਨਾ : təxəwif-e-mujərmana] *ਇ:* ਨਜਾਇਜ਼ ਧਮਕੀ, ਬਦਨੀਤੀ ਦਾ ਡਰਾਵਾ

تخیل [ਤਖ਼ੀਯੁਲ : təxiyul] *ਪੁ:* ਕਿਆਸ, ਕਲਪਨਾ, ਸੋਚ ਉਡਾਰੀ; ਸ਼ੱਕ ਕਰਨਾ

تخیل [ਤਖ਼ੈਯੁਲ : təxɛyul] *ਇ:* ਖ਼ਿਆਲ, ਚਿੰਤਨ

تدابیر [ਤਦਾਬੀਰ : tədabir] *ਇ:* **تدبیر** ਦਾ ਬਹੁਵਚਨ, ਤਦਬੀਰਾਂ, ਵਿਓਂਤਾਂ, ਤਰਕੀਬਾਂ, ਬੰਦੋਬਸਤ

تداخل [ਤਦਾਖ਼ਿਲ : tədaxɪl] *ਪੁ:* ਇਕ ਦੂਜੇ ਵਿਚ ਦਾਖ਼ਲ ਹੋਣ ਦਾ ਭਾਵ, ਮੁੜ ਮੁੜ ਖਾਣ ਕਰਕੇ ਬਦਹਜ਼ਮੀ ਦਾ ਹੋਣਾ

تداروک [ਤਦਾਰੁਕ : tədaruk] *ਪੁ:* ਗੁਆਚੀ ਸ਼ੈ ਦੀ ਪ੍ਰਾਪਤੀ, ਮੁਰੰਮਤ, ਉਪਾ, ਚਾਰਾ, ਇਲਾਜ, ਸਜ਼ਾ, ਦੰਡ, ਬਦਲਾ, ਸਾਜ਼-ਸਮਾਨ

تدافع [ਤਦਾਫ਼ਅ : tədafə'] *ਪੁ:* ਦਫ਼ਾ ਕਰਨ ਜਾਂ ਹਟਾਉਣ ਦਾ ਭਾਵ, ਰੋਕ

تداول [ਤਦਾਵਲ : tədawəl] *ਪੁ:* ਇਕ ਦੂਜੇ ਨੂੰ ਪਕੜਾਉਣ ਦਾ ਭਾਵ, ਰਵਾਇਤ, ਨਕਲ

تداوی [ਤਦਾਵੀ : tədawi] *ਇ:* ਇਲਾਜ, ਮੁਲਾਹਜ਼ਾ

تدبُّر [ਤਦੱਬੁਰ : tədəbbur] *ਪੁ:* ਕਿਸੇ ਕੰਮ ਦੇ ਸਿੱਟੇ 'ਤੇ ਵਿਚਾਰ ਕਰਨ ਦਾ ਭਾਵ, ਕਿਸੇ ਕੰਮ ਦਾ ਪ੍ਰਮਾਣ ਦੇਖਣ ਦੀ ਕਿਰਿਆ, ਦੂਰ ਅੰਦੇਸ਼ੀ, ਨੀਤੀ

تدبیر [ਤਦਬੀਰ : tədəbir] *ਇ:* ਕਿਸੇ ਕੰਮ ਦੇ ਆਰੰਭ ਤੇ ਅੰਤ ਬਾਰੇ ਵਿਚਾਰ, ਚਾਰਾ, ਉਪਾ, ਜਤਨ, ਖ਼ਿਆਲ, ਸੋਚ ਵਿਚਾਰ; ਗਾਏ, ਵਿਓਂਤ; ਪ੍ਰਬੰਧ

تدبیرِ سلطنت [ਤਦਬੀਰ-ਏ-ਸਲਤ਼ਨਤ : tədəbir-e-sələtənət] *ਇ:* ਰਾਜ ਦਾ ਪ੍ਰਬੰਧ, ਰਾਜ ਨੀਤੀ

تدبیرِ فاسد [ਤਦਬੀਰ-ਏ-ਫ਼ਾਸਦ : tədəbir-e-fasəd] *ਇ:* ਸ਼ਰਾਰਤ, ਫ਼ਰੇਬ, ਸਾਜ਼ਸ਼

تدریج [ਤਦਰੀਜ : tədrij] *ਇ:* ਹੌਲ਼ੀ ਹੌਲ਼ੀ ਹੋਣ ਦਾ ਭਾਵ, ਦਰਜਾ-ਬ-ਦਰਜਾ, ਸਿਲਸਿਲਾ

تدریس [ਤਦਰੀਸ : tədəris] *ਇ:* ਸਿੱਖਿਆ, ਪੜ੍ਹਾਈ

تدفین [ਤਦਫ਼ੀਨ : tədəfin] *ਇ:* ਦਫ਼ਨ ਕਰਨ ਦੀ ਕਿਰਿਆ, ਕਫ਼ਨ ਦਫ਼ਨ

تدقیق [ਤਦਕ਼ੀਕ਼ : tədəqiq] *ਇ:* ਸੋਚ-ਵਿਚਾਰ, ਸੂਖਮ ਤੋਂ ਸੂਖਮ ਗੱਲ ਨੂੰ ਸਮਝ ਸਕਣ ਦੀ ਸਮਰਥਾ, ਬਰੀਕਬੀਨੀ

تدویر [ਤਦਵੀਰ : tədəwir] *ਇ:* ਗੋਲ਼ ਬਣਾਉਣ ਦਾ ਭਾਵ; ਕੁਰਾਨ ਸ਼ਰੀਫ਼ ਨੂੰ ਨਾ ਬਹੁਤਾ ਹੌਲੀ ਤੇ ਨਾ ਬਹੁਤਾ ਤੇਜ਼ ਪੜ੍ਹਨ ਦਾ ਭਾਵ

تدوین [ਤਦਵੀਨ : tədəwin] *ਇ:* ਉਗਰਾਹੀ; ਸੰਪਾਦਨ, ਸੰਕਲਨ

تدہین [ਤਦਹੀਨ : tədəhin] *ਇ:* ਤੇਲ ਲਾਉਣਾ, ਤੇਲ ਦਾ ਲਾਇਆ ਜਾਣਾ ਜਾਂ ਮਲਣਾ

تدیُّن [ਤਦੀਯੁਨ : tədiyun] *ਪੁ:* ਦੀਨਦਾਰੀ, ਇਮਾਨਦਾਰੀ

تذبذُب [ਤਜ਼ਬਜ਼ੁਬ : təzəbəzub] *ਪੁ:* ਸ਼ੰਕਾ, ਸ਼ੱਕ; ਪਰੇਸ਼ਾਨੀ, ਦੁਚਿੱਤੀ, ਦੁਬਿਧਾ, ਪਕੜ-ਧਕੜ

تذکار [ਤਜ਼ਕਾਰ : təzəkar] *ਪੁ:* ਬਿਆਨ; ਜ਼ਿਕਰ, ਯਾਦ

تذکرتاً [ਤਜ਼ਕਿਰਤਨ : təzəkɪrətən] *ਕਿਵਿ:* ਜ਼ਿਕਰ ਦੇ ਤੌਰ 'ਤੇ, ਯਾਦਹਾਨੀ ਦੇ ਤੌਰ 'ਤੇ

تذکرہ [ਤਜ਼ਕਿਰਾ : təzəkıra] ਪੁ: ਜ਼ਿਕਰ, ਚਰਚਾ, ਯਾਦ-ਦਾਸ਼ਤ; ਅਫ਼ਵਾਹ, ਯਾਦਗਾਰ, ਬਿਆਨ; ਜੀਵਨੀ-ਪੁਸਤਕ; ਰਾਹਦਾਰੀ ਦਾ ਪਰਵਾਨਾ, ਨਿਸ਼ਾਨੀ, ਟਿਕਟ

تذکیر [ਤਜ਼ਕੀਰ : təzəkir] ਇ: ਮਰਦ ਹੋਣ ਦਾ ਭਾਵ, ਪੁਲਿੰਗ ਦੀ ਨਿਸ਼ਾਨੀ

تذلّل [ਤਜ਼ੱਲੁਲ : təzəllul] ਪੁ: ਨਿਮਰਤਾ, ਆਪਣੇ ਆਪ ਨੂੰ ਨੀਵਾਂ ਮੰਨਣ ਦਾ ਭਾਵ

تذلیل [ਤਜ਼ਲੀਲ : təzəlil] ਇ: ਬੇਇੱਜ਼ਤ, ਖਜਲ-ਖ਼ੁਆਰ, ਜ਼ਲੀਲ

تر [ਤਰ : tər] ਵਿ: ਗਿੱਲਾ, ਭਿੱਜਾ ਹੋਇਆ, ਤਾਜ਼ਾ, ਨਵਾਂ, ਸਾਵਾ, ਰਸਦਾਰ, ਚਮਕਦਾਰ; ਨਰਮ, ਮੁਲਾਇਮ, ਜ਼ਿਆਦਾ, ਵਧਿਆ ਹੋਇਆ; ਚੀਕਣਾ, ਵਧੀਆ; ਸ਼ਰਮਸਾਰ, ਦੋਸ਼ੀ

تراب [ਤੁਰਾਬ : turab] ਇ: ਮਿੱਟੀ, ਜ਼ਮੀਨ, ਪਰਤ, ਖਾਕ

ترجُم [ਤਰਾਜੁਮ : tərajum] ਪੁ: ترجمان ਦਾ ਬਹੁਵਚਨ, ਅਨੁਵਾਦ, ਉਲਥੇ

تراڈُف [ਤਰਾਦੁਫ਼ : təraduf] ਪੁ: ਇਕ ਤੋਂ ਇਕ, ਸਿਲਸਿਲਾ, ਨਿਰੰਤਰਤਾ

ترازُو [ਤਰਾਜ਼ੂ : tərazu] ਪੁ: ਤੱਕੜੀ, ਕੰਡਾ, ਤੋਲਣ ਵਾਲ਼ੇ ਪਲੜੇ; ਇਨਸਾਫ਼, ਨਿਆਂ; ਅਕਲ; ਅਨੁਮਾਨ, ਤੁਲਾ ਰਾਸ਼ੀ

تراش [ਤਰਾਸ਼ : təraş] ਇ: ਕਾਂਟ-ਛਾਂਟ; ਕੱਟਣ ਦਾ ਢੰਗ; ਸ਼ਿੰਗਾਰ, ਸਜਾਵਟ; ਕਿਸੇ ਫਲ ਦੀ ਫਾਂਕ; ਹਿਰਸ, ਕਾਢ; ਢੰਗ; ਤਰਜ਼

تراش خراش [ਤਰਾਸ਼ ਖ਼ਰਾਸ਼ : təraş-xəraş] ਇ: ਕਾਂਟ-ਛਾਂਟ, ਸ਼ਿੰਗਾਰ; ਸਜਾਵਟ

تراشنا [ਤਰਾਸ਼ਨਾ : təraşəna] ਕਿ: ਕੱਟਣਾ, ਵੱਢਣਾ, ਛਿੱਲਣਾ, ਕਤਰਨਾ, ਛਾਂਟਣਾ, ਮੁੰਨਣਾ, ਹਜਾਮਤ ਕਰਨਾ; ਗੱਲ ਬਣਾਉਣਾ

تراشہ [ਤਰਾਸ਼ਾ : təraşa] ਪੁ: ਛਿਲਕਾ, ਕਾਤਰਾਂ, (ਪੱਥਰ ਤਰਾਸ਼ਣ ਲਈ) ਛੈਲਾਦੀ ਸੰਦ ਭਾਵ ਛੈਣੀ

تراشیدہ [ਤਰਾਸ਼ੀਦਾ : təraşida] ਵਿ: ਛਿੱਲਿਆ ਹੋਇਆ, ਕੱਟਿਆ ਹੋਇਆ

تراضی [ਤਰਾਜ਼ੀ : tərazi] ਇ: ਰਾਜ਼ੀ ਜਾਂ ਖ਼ੁਸ਼ ਹੋਣ ਦਾ ਭਾਵ, ਰਜ਼ਾਮੰਦੀ

تراکم [ਤਰਾਕਮ : tərakəm] ਪੁ: ਢੇਰ, ਤੋਦਾ, ਅੰਬਾਰ

تراکیب [ਤਰਾਕੀਬ : tərakib] ਪੁ: ਤਰਕੀਬਾਂ, ਤਦਬੀਰਾਂ, ਵਿਉਂਤਾਂ

ترانہ [ਤਰਾਨਾ : tərana] ਪੁ: ਰੁਬਾਈ, ਨਗ਼ਮਾ, ਗੀਤ, ਰਾਗ, ਅਲਾਪ, ਸੁਰ; ਇਕ ਰਾਗ, ਅਲਾਪ ਦੀ ਇਕ ਵਿਸ਼ੇਸ਼ ਵਿਧੀ ਜਿਹੜੀ ਅਮੀਰ ਖ਼ੁਸਰੋ ਦੀ ਕਾਢ ਸੀ; ਪ੍ਰੇਮਕਾ, ਬਹਾਨੇ-ਬਾਜ਼ੀ

ترانہ پرداز [ਤਰਾਨਾ ਪਰਦਾਜ਼ : tərana pərədaz] ਪੁ: ਗਾਇਕ, ਤਰਾਨਾ ਗਾਉਣ ਵਾਲ਼ਾ

تراوِش [ਤਰਾਵਿਸ਼ : tərawiş] ਇ: ਟਪਕਣਾ, ਸਿਮਣਾ, ਵਗਣਾ, ਫੁੱਟਣਾ, ਛਿੜਕਣਾ

تراوِیح [ਤਰਾਵੀਹ : tərawih] ਇ: ਰਾਹਤ, ਅਰਾਮ ਦੇਣ ਦਾ ਭਾਵ, ਰਮਜ਼ਾਨ ਦੇ ਮਹੀਨੇ ਰਾਤ ਨੂੰ ਪੜ੍ਹੀ ਜਾਣ ਵਾਲ਼ੀ ਨਮਾਜ਼; ਬਹਿਕਾਵਾ

تُرب [ਤੁਰਬ : turəb] ਇ: ਮੁਲੀ

تُربت [ਤੁਰਬਤ : turəbət] ਇ: ਕਬਰ, ਗੋਰ, ਮਜ਼ਾਰ, ਮੜ੍ਹੀ; ਮਿੱਟੀ, ਜ਼ਮੀਨ

تربتر [ਤਰਬਤਰ : tər b tər] ਵਿ: ਬਿਲਕੁਲ ਗਿੱਲਾ, ਪਾਣੀ ਟਪਕਦਾ ਹੋਇਆ, ਘੀ ਚੋਂਦਾ ਹੋਇਆ; ਪਸੀਨਾ; ਖ਼ੂਨ ਵਿਚ ਲੱਥ-ਪੱਥ ਹੋਇਆ

تربُوز [ਤਰਬੂਜ਼ : tərbuz] ਪੁ: ਤਰਬੂਜ਼, ਹਦਵਾਣਾ, ਮਤੀਰਾ

تُربہ [ਤੁਰਬਾ : turəba] ਪੁ: ਕਬਰਸਤਾਨ,

ਗੋਰਸਤਾਨ, ਮੜ੍ਹੀਆਂ, ਸ਼ਮਸ਼ਾਨ ਘਾਟ

تربیت [ਤਰਬੀਯਤ : tərəbiyət] *ਇ:* ਪਰਵਰਿਸ਼, ਸਿਖਲਾਈ; ਪਾਲਣ-ਪੋਸ਼ਣ, ਧਾਰਮਿਕ ਸਿੱਖਿਆ, ਸਦਾਚਾਰਿਕ ਸਿੱਖਿਆ

تربیت پذیر [ਤਰਬੀਯਤ ਪਜ਼ੀਰ : tərəbiyət pəzir] *ਵਿ:* ਧਾਰਮਿਕ ਜਾਂ ਸਦਾਚਾਰਿਕ ਸਿੱਖਿਆ ਲੈਣ ਵਾਲ਼ਾ

تربیع [ਤਰਬੀਅ : tərbiə'] *ਇ:* ਵਰਗ ਜਾਂ ਆਇਤ, ਸਮਕੋਨ (90° ਦਾ ਕੋਨ)

ترتیب [ਤਰਤੀਬ : tərətib] *ਇ:* ਤਰਤੀਬ, ਕ੍ਰਮ, ਦਰਜਾ-ਬ-ਦਰਜਾ; ਸਜਾਵਟ, ਪ੍ਰਬੰਧ; ਤਰੀਕਾ, ਢੰਗ; ਵੰਡ

ترتیب وار [ਤਰਤੀਬਵਾਰ : tərətibəwar] *ਕਿਵਿ:* ਤਰਤੀਬਵਾਰ, ਕ੍ਰਮ ਅਨੁਸਾਰ, ਦਰਜੇ ਅਨੁਸਾਰ, ਸਿਲਸਿਲੇ ਵਾਰ

ترجمان [ਤਰਜਮਾਨ : tərjəman] *ਪੁ:* ਅਨੁਵਾਦਕ, ਵਿਆਖਿਆਕਾਰ, ਕਿਸੇ ਦੇ ਭਾਵਾਂ ਨੂੰ ਖੋਲ੍ਹ ਕੇ ਬਿਆਨ ਕਰਨ ਵਾਲ਼ਾ ਵਿਅਕਤੀ, ਇਕ ਨਿਪੁੰਨ ਭਾਸ਼ਣਕਾਰ, ਸ੍ਪਸ਼ਟ ਵਕਤਾ, ਇਕ ਭਾਸ਼ਾ ਨੂੰ ਦੂਜੀ ਭਾਸ਼ਾ ਵਿਚ ਸਮਝਾਉਣ ਵਾਲ਼ਾ ਵਿਦਵਾਨ

ترجمہ [ਤਰਜਮਾ : tərjəma] *ਪੁ:* ਤਰਜਮਾ, ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਉਲਥਾ, ਅਨੁਵਾਦ

ترجمہ نویس [ਤਰਜਮਾ ਨਵੀਸ : tərjəma nəwis] *ਪੁ:* ਅਨੁਵਾਦਕ, ਉਲਥਾ ਕਰਨ ਵਾਲ਼ਾ ਵਿਦਵਾਨ

ترجیح [ਤਰਜੀਹ : tərjih] *ਇ:* ਚੰਗਾ ਸਮਝਣ ਦਾ ਭਾਵ, ਪਹਿਲ; ਵਧੇਰੇ ਮੁੱਲਵਾਨ ਸਮਝਣ ਦਾ ਭਾਵ

ترچھا [ਤਿਰਛਾ : tirəcha] *ਵਿ:* ਟੇਢਾ, ਵਿੰਗਾ; ਵਿਰੋਧੀ; ਅਪ੍ਸੰਨ, ਮੂਰਖ; ਬਾਂਕਾ

ترحم [ਤਰੱਹੁਮ : tərəhhum] *ਪੁ:* ਰਹਿਮ, ਦਇਆ, ਤਰਸ; ਮਿਹਰਬਾਨੀ, ਕਿਰਪਾ

ترخیص [ਤਰਖ਼ੀਸ : tərəxis] *ਇ:* ਆਗਿਆ, ਵਿਦਾਇਗੀ

ترخیم [ਤਰਖ਼ੀਮ : tərəxim] *ਇ:* ਪੂਛ ਦਾ ਕੱਟਿਆ ਜਾਣਾ, ਕਿਸੇ ਸ਼ਬਦ ਦੇ ਅਖ਼ੀਰ ਤੋਂ ਕੋਈ ਅੱਖਰ ਛੇਗ ਦੇਣਾ ਜਿਵੇਂ 'ਗੋਜ਼ਨ' ਤੋਂ 'ਗੋਜ਼'

ترداماں [ਤਰਦਾਮਨ : tərədaman] *ਵਿ:* ਬਦਕਾਰ, ਗੁਨਾਹਗਾਰ, ਦੋਸ਼ੀ, ਪਾਜੀ, ਬੇਸ਼ਰਮ

تردد [ਤਰੱਦੁਦ : tərəddud] *ਇ:* ਸੋਚ, ਫ਼ਿਕਰ, ਚਿੰਤਾ; ਸ਼ਸ਼ੋਪੰਜ, ਮਾਨਸਿਕ ਉਲਝਣ, ਘਬਰਾਹਟ, ਪਰੇਸ਼ਾਨੀ; ਇਨਕਾਰ; ਮਿਹਨਤ, ਜਤਨ

تردد ناجائز [ਤਰੱਦੁਦ-ਏ-ਨਾਜਾਇਜ਼ : tərəddud-e-najaız] *ਪੁ:* ਨਾਜਾਇਜ਼ ਖੇਤੀ, ਕਾਨੂੰਨ ਦੇ ਵਿਰੁਧ ਖੇਤੀ

تردست [ਤਰਦਸਤ : tərədəsət] *ਵਿ:* ਚਲਾਕ, ਚੁਸਤ; ਵਧੀਆ, ਕਾਰੀਗਰ, ਹੱਥੀਂ ਕੰਮ ਕਰਨ ਵਾਲ਼ਾ, ਕਾਤਬ, ਕਲਾਕਾਰ

تردستی [ਤਰਦਸਤੀ : tərədəsəti] *ਇ:* ਚੁਸਤੀ, ਹੁਸ਼ਿਆਰੀ, ਮੁਹਾਰਤ, ਚਲਾਕੀ, ਕਾਰੀਗਰੀ

تردماغ [ਤਰਦਿਮਾਗ਼ : tərədımag] *ਵਿ:* ਸਿਆਣਾ, ਅਕਲਮੰਦ, ਹੁਸ਼ਿਆਰ, ਮਸਤ

تردماغی [ਤਰਦਿਮਾਗ਼ੀ : tərədımagi] *ਇ:* ਸਰੂਰ, ਮਸਤੀ, ਤਾਜ਼ਗੀ, ਅਕਲ, ਸਿਆਣਪ, ਸਮਝ

تردید [ਤਰਦੀਦ : tərədid] *ਇ:* ਰੱਦ ਕਰਨ ਦੀ ਕਿਰਿਆ

ترس [ਤਰਸ : tərəs] *ਪੁ:* ਰਹਿਮ, ਦਇਆ; ਦਰਦ, ਰੱਬ ਦਾ ਡਰ, ਭੈ

ترسا [ਤਰਸਾ : tərəsa] *ਵਿ:* ਡਰਾਉਣ ਵਾਲ਼ਾ,

ਡੇ ਖਾਣ ਵਾਲ਼ਾ

ترساں [ਤਰਸਾਂ : tərəsã] *ਵਿ:* ਡਰਿਆ ਹੋਇਆ, ਭੈਭੀਤ, ਡਰਾਕਲ਼

ترسیل [ਤਰਸੀਲ : tərəsil] *ਇ:* ਭੇਜਣ ਜਾਂ ਰਵਾਨਾ ਕਰਨ ਦੀ ਕਿਰਿਆ

ترش [ਤੁਰਸ਼ : turəṣ] *ਵਿ:* ਤੁਰਸ਼, ਖੱਟਾ; ਅਪ੍ਸੰਨ, ਬਦਦਿਮਾਗ਼, ਬਦਮਿਜ਼ਾਜ

ترشح [ਤਰਸ਼ਹ਼ : tərəṣəḥ] *ਪੁ:* ਜ਼ਾਹਰ, ਪ੍ਰਗਟ, ਬੂੰਦਾ-ਬੂੰਦੀ, ਕਿਣ-ਮਿਣ ਕਾਣੀ

ترش رُو [ਤੁਰਸ਼ ਰੂ : turəṣ ru] *ਵਿ:* ਅਪ੍ਸੰਨ, ਚਿੜਚਿੜਾ, ਬਦਦਿਮਾਗ, ਭੈੜੇ ਸੁਭਾ ਵਾਲ਼ਾ

ترصُّد [ਤਰੱਸੁਦ : tərəssud] *ਪੁ:* ਉਡੀਕ, ਆਸ, ਉਮੀਦ

ترغیب [ਤਰਗ਼ੀਬ : tərəġib] *ਇ:* ਉਕਸਾਹਟ, ਭੜਕਾਹਟ, ਸ਼ੌਕ, ਚਾਅ, ਖ਼ਾਹਸ਼

ترفّع [ਤਰੱਫ਼ਅ : tərəffə'ə] *ਪੁ:* ਵਡਿਆਈ; ਸਰੂਰ, ਹੰਕਾਰ

ترفُّہ [ਤਰੱਫ਼ੁਹ : tərəffuh] *ਪੁ:* ਖ਼ੁਸ਼ਹਾਲੀ, ਅਮੀਰੀ, ਦੌਲਤਮੰਦੀ

ترقّب [ਤਰੱਕ਼ਬ : tərəqqəb] *ਪੁ:* ਉਮੀਦ, ਆਸ

ترقّی [ਤਰੱਕ਼ੀ : tərəqqi] *ਇ:* ਤਰੱਕੀ, ਉੱਨਤੀ, ਪ੍ਰਗਤੀ, ਵਾਧਾ, ਜ਼ਿਆਦਤੀ, ਉਚਾਈ

ترقّی پذیر [ਤਰੱਕ਼ੀ ਪਜ਼ੀਰ : tərəqqi pəzir] *ਵਿ:* ਵਧਣ ਵਾਲ਼ਾ, ਉੱਨਤੀ ਕਬੂਲ ਕਰਨ ਵਾਲ਼ਾ

ترقّی پسند [ਤਰੱਕ਼ੀ ਪਸੰਦ : tərəqqi pəsə̃d] *ਵਿ:* ਅਗਾਂਹ ਵਧੂ, ਅੱਗੇ ਵਧਣ ਵਾਲ਼ਾ

ترقیق [ਤਰਕ਼ੀਕ਼ : tərəqiq] *ਇ:* ਪਤਲਾਪਣ, ਹੌਲਾਪਣ, ਤਰਲਤਾ

ترقیم [ਤਰਕ਼ੀਮ : tərəqim] *ਇ:* ਲਿਖ-ਲਿਖਾ, ਲਿਖਤ-ਪੜ੍ਹਤ, ਲਿਖਾ-ਪੜ੍ਹੀ

ترک [ਤਰਕ : tərək] *ਪੁ:* ਤਿਆਗ, ਦਰਗੁਜ਼ਰ, ਸ਼ਕਤੀ, ਉਕਾਈ, ਚੁੱਲ-ਚੁੱਕ, ਟੋਪ, ਟੋਪੀ, ਉਹ ਲਿਖਤ ਜਿਹੜੀ ਅਗਲੇ ਪੰਨੇ 'ਤੇ ਜਾ ਮੁਕੇ

ترکاری [ਤਰਕਾਰੀ : tərəkari] *ਇ:* ਭਾਜੀ, ਸਾਗ-ਪਾਤ, ਸਬਜ਼ੀ, ਮਾਸ

ترکِ ادب [ਤਰਕ-ਏ-ਅਦਬ : tərək-e-ədəb] *ਪੁ:* ਬੇਅਦਬੀ, ਗ਼ੁਸਤਾਖ਼ੀ, ਬਦਤਮੀਜ਼ੀ

ترکِ سلطنت [ਤਰਕ-ਏ-ਸਲਤ਼ਨਤ : tərək-e-sələtənət] *ਪੁ:* ਰਾਜ ਭਾਗ ਦਾ ਤਿਆਗ, ਸ਼ਾਹੀ ਤਖ਼ਤ ਛੱਡਣ ਦੀ ਕਿਰਿਆ

ترکش [ਤਰਕਸ਼ : tərəkəṣ] *ਪੁ:* تیرکش ਦਾ ਵਿਗੜਿਆ ਰੂਪ, ਤੀਰ ਰੱਖਣ ਦਾ ਭੱਥਾ, ਤੀਰਦਾਨ

ترکِ وطن [ਤਰਕ-ਏ-ਵਤ਼ਨ : tərək-e-wətən] *ਪੁ:* ਦੇਸ਼ ਨਿਕਾਲ਼ਾ, ਦੇਸ਼ ਦਾ ਤਿਆਗ

ترکہ [ਤਰਕਾ : tərəka] *ਪੁ:* ਮੁਰਦੇ ਦੀ ਸੰਪੱਤੀ, ਮਰਨ ਉਪਰੰਤ ਛੱਡਿਆ ਹੋਇਆ ਮਾਲ ਤੇ ਜਾਇਦਾਦ

ترکہ پدری [ਤਰਕਾ-ਏ-ਪਿਦਰੀ : tərəka-e-pidəri] *ਪੁ:* ਬਾਪ ਦਾ ਛੱਡਿਆ ਹੋਇਆ ਮਾਲ-ਮੱਤਾ

ترکی [ਤੁਰਕੀ : turəki] *ਪੁ:* ਤੁਰਕਾਂ ਦੀ ਬੋਲੀ, ਤੁਰਕਿਸਤਾਨ ਦਾ ਘੋੜਾ, ਤੁਰਕਿਸਤਾਨ ਵਾਲ਼ੀ ਮਰਦਾਨਗੀ, ਬਹਾਦਰੀ

ترکیب [ਤਰਕੀਬ : tərəkib] *ਇ:* ਕਈ ਚੀਜ਼ਾਂ ਨੂੰ ਰਲ਼ਾ ਕੇ ਇਕ ਚੀਜ਼ ਦਾ ਬਣਾਉਣਾ, ਬਣਾਵਟ, ਮਿਲਾਵਟ; ਢੰਗ, ਤਰੀਕਾ, ਜੁਗਤੀ, ਜੜਾਈ, ਤਦਬੀਰ, ਇਲਾਜ

ترمیم [ਤਰਮੀਮ : tərəmim] *ਇ:* ਤਬਦੀਲੀ, ਦਰੁਸਤੀ, ਸੁੱਧੀ

ترنج [ਤੁਰੰਜ : turə̃j] *ਪੁ:* ਚਕੋਤਰਾ, ਨਿੰਬੂ; ਵੱਟ, ਭੰਨ; ਚਾਦਰ ਜਾਂ ਸ਼ਾਲ ਉਤੇ ਕੱਢਿਆ ਹੋਇਆ ਵੱਡਾ ਬੂਟਾ

ترنگ [ਤਰੰਗ : tərəŋg] *ਇ:* ਤੀਰ ਦੇ ਛੁੱਟਣ ਦੀ ਅਵਾਜ਼, ਲਹਿਰ, ਮੌਜ, ਉਮੰਗ, ਜੋਸ਼; ਵਹਿਮ, ਜ਼ਖ਼ਮ, ਫੱਟ

ترنم [ਤਰੱਨਮ : tərənnəm] *ਪੁ:* ਗੀਤ ਦਾ ਅਲਾਪ, ਲੈ ਨਾਲ਼ ਗਾਉਣ ਦਾ ਭਾਵ, ਰਾਗ, ਗੀਤ, ਲੈ

تر و تازہ [ਤਰ-ਓ-ਤਾਜ਼ਾ : tər-o-taza] *ਵਿ:* ਤਾਜ਼ਾ (ਫਲ਼) ਜਾਂ ਤਾਜ਼ੀ (ਸਬਜ਼ੀ); ਰੌਣਕ ਵਾਲ਼ਾ, ਲਾਲ ਤੇ ਚਿੱਟਾ; ਹਰਿਆ ਭਰਿਆ

ترویج [ਤਰਵੀਜ : tərəwij] *ਇ:* ਰਿਵਾਜ ਦੇਣਾ; ਪ੍ਰਕਾਸ਼ਿਤ ਕਰਨਾ, ਜਾਰੀ ਕਰਨਾ

ترہ [ਤਰਾ : tərə] *ਪੁ:* ਸਾਗ, ਸਬਜ਼ੀ, ਭਾਜੀ, ਪੱਤਾ

تُرہی/تُرئی/تُری [ਤੁਰਹੀ/ਤੁਰਈ/ਤੁਰੀ : turəhi/turəi/turi] *ਇ:* ਬਿਗਲ, ਤਬਰਮ

تری [ਤਰੀ : təri] *ਇ:* ਤਰਾਵਤ, ਨਮੀ; ਸਮੁੰਦਰ, ਸਾਗਰ; ਨਰਾਜ਼ਗੀ, ਸਖ਼ਤੀ; ਹਾਸ ਰਸ, ਠੱਠਾ; ਮਖੌਲ; ਸਫ਼ਾਈ

تریاق/ترياک [ਤਿਰਯਾਕ/ਤਿਰਯਾਕ : tirəyaq/tirəyak] *ਪੁ:* ਜ਼ਹਿਰ ਮੋਹਰਾ, ਜ਼ਹਿਰ ਦੀ ਦਵਾਈ

تریاقی [ਤਿਰਯਾਕੀ : tirəyaqi] *ਵਿ:* ਅਫ਼ੀਮੀ

تڑاق [ਤੜਾਕ਼ : təraqa] *ਪੁ:* ਤੜਾਕਾ, ਕਿਸੇ ਸਖ਼ਤ ਚੀਜ਼ ਦੇ ਟੁੱਟਣ ਦੀ ਆਵਾਜ਼; ਚਟਾਖ਼ਾ; ਬੰਦੂਕ ਚਲਣ ਦੀ ਆਵਾਜ਼, ਚਟਖ਼ਾਰਾ; ਹੁੱਕੇ ਦੇ ਦਮ ਲਾਉਣ ਦੀ ਆਵਾਜ਼; ਬਿਜਲੀ ਦਾ ਕੜਾਕਾ; ਗਰਮੀ ਜਾਂ ਪਿਆਸ, ਕਿਸੇ ਚੀਜ਼ ਦਾ ਕਾਲ

تڑاق پڑاق [ਤੜਾਕ਼ ਪੜਾਕ਼ : təraq pəraq] *ਕਿਵਿ:* ਜਲਦੀ ਜਲਦੀ, ਛੇਤੀ ਛੇਤੀ, ਬਰਾਬਰ; ਟੁੱਟਣ ਦੀ ਆਵਾਜ਼; ਤੜਾ-ਤੜ, ਸੜਾ-ਸੜ, ਚੁਲਬੁਲਾ

تڑانا [ਤੁੜਾਨਾ : turana] *ਕਿ:* ਤੁੜਾਉਣਾ, ਛਡਾਉਣਾ, ਵੱਖਰਾ ਕਰਨਾ; ਤੋੜ ਦੇਣਾ, ਮੁਲ ਘਟਾਉਣਾ

تڑپ [ਤੜਪ : tərəp] *ਇ:* ਬੇਕਰਾਰੀ, ਖਿੱਚ, ਫੁਰਤੀ, ਚਲਾਕੀ; ਜੋਸ਼, ਜਜ਼ਬਾ, ਖੇਡਣ-ਕੁੱਦਣ, ਛੇਤੀ, ਤੇਜ਼ੀ, ਚਮਕ-ਦਮਕ, ਬਿਜਲੀ ਦਾ ਚਮਕਣਾ, ਦਿਲ ਦਾ ਫੜਕਣਾ, ਪੰਛੀਆਂ ਦਾ ਫੜਫੜਾਉਣਾ, ਤੀਬਰ ਇੱਛਾ

تڑپانا [ਤੜਪਾਨਾ : tərəpana] *ਕਿ:* ਤੜਫਾਉਣਾ, ਬੇਚੈਨ ਕਰਨਾ, ਫੜਕਾਉਣਾ; ਤਰਸਾਉਣਾ, ਘੋੜੇ ਨੂੰ ਕੁਦਾਉਣਾ

تڑپنا [ਤੜਪਨਾ : tərəpəna] *ਕਿ:* ਤੜਫਣਾ, ਤਰਲੋ-ਮੱਛੀ ਹੋਣਾ, ਫੜਕਣਾ, ਫਾਂਦ ਜਾਣਾ, ਟੱਪ ਜਾਣਾ; ਧੜਕਣਾ; ਫੜਫੜਾਉਣਾ

تڑایُد [ਤੜਾਯੁਦ : təzayud] *ਪੁ:* ਵਧੀਕੀ, ਵਾਧਾ, ਜ਼ਿਆਦਤੀ

تُڑک [ਤੁੜੁਕ : tuzuk] *ਇ:* ਪ੍ਰਬੰਧ, ਤਰਕੀਬ, ਕਾਇਦਾ, ਵਿਧਾਨ, ਕਾਨੂੰਨ; ਸ਼ਾਨੋ-ਸ਼ੌਕਤ; ਲਸ਼ਕਰ; ਸ਼ਾਹੀ ਰੋਜ਼ਨਾਮਚਾ, ਜੀਵਨੀ, ਬਾਦਸ਼ਾਹ ਦੀ ਸਵੈ-ਲਿਖਤ; ਤਰਕਸ਼

تزکیہ [ਤਜ਼ਕਿਯਾ : təzəkiya] *ਪੁ:* ਪਾਕੀ, ਸਫ਼ਾਈ, ਪਵਿੱਤਰਤਾ; ਖ਼ੈਰਾਤ ਜਾਂ ਜ਼ਕਾਤ, ਸਿਰਵਾਰਨਾ

تزلزل [ਤਜ਼ਲਜ਼ੁਲ : təzələzul] *ਇ:* ਭੂਚਾਲ; ਕਾਂਬਾ; ਹਲਚਲ, ਗੜਬੜ, ਡਗਮਗ

تزوج [ਤਜ਼ੱਵੁਜ : təzəwwuj] *ਪੁ:* ਨਿਕਾਹ, ਸ਼ਾਦੀ, ਵਿਆਹ

تزویج [ਤਜ਼ਵੀਜ : təzəwij] *ਇ:* ਨਿਕਾਹ, ਵਿਆਹ, ਸ਼ਾਦੀ

تزویر [ਤਜ਼ਵੀਰ : təzəwir] *ਇ:* ਮਕਰ, ਫ਼ਰੇਬ, ਧੋਖਾ, ਝੂਠ

تزئین [ਤਜ਼ਈਨ : təzə'in] *ਇ:* ਸਜਾਵਟ,

ਸ਼ਿੰਗਾਰ

تساوی [ਤਸਾਵੀ : təsawi] *ਇ:* ਬਰਾਬਰੀ

تساہل [ਤਸਾਹੁਲ : təsahul] *ਪੁ:* ਸੁਸਤੀ, ਆਲਸ, ਘੋਲ

تسبیح [ਤਸਬੀਹ : təsəbih] *ਇ:* ਸੌ ਮਣਕਿਆਂ ਦੀ ਮਾਲਾ, ਅਲ੍ਹਾ ਅਲ੍ਹਾ ਕਹਿਣਾ, ਖ਼ੁਦਾ ਦੀ ਪਵਿੱਤਰਤਾ ਵਰਣਨ ਕਰਨਾ, 'ਅਲ੍ਹਾ ਪਾਕ ਹੈ' ਕਹਿਣਾ

تسخیر [ਤਸਖ਼ੀਰ : təsəxir] *ਇ:* ਆਗਿਆਕਾਰੀ ਬਣਾਉਣਾ, ਅਧੀਨ ਕਰਨਾ, ਕਾਬੂ ਕਰਨਾ, ਘੇਰਨਾ, ਘੇਰਾ ਘੱਤਣਾ, ਆਪਣੇ ਵੱਸ ਵਿਚ ਕਰਨਾ, ਵਗਾਰ ਵਿਚ ਕੰਮ ਕਰਵਾਉਣਾ

تسدیس [ਤਸਦੀਸ : təsədis] *ਇ:* ਛੇ ਬਣਾਉਣਾ, ਛੇ ਭਾਗਾਂ ਵਿਚ ਵੰਡਣਾ, ਨਜੂਮੀਆਂ ਅਨੁਸਾਰ ਦੋ ਸਿਤਾਰਿਆਂ ਵਿਚ ਤਿੰਨ ਜਾਂ ਗਿਆਰਾਂ ਬੁਰਜਾਂ ਦੀ ਵਿਥ ਹੋਣੀ ਚਾਹੀਦੀ ਹੈ

تسکین [ਤਸਕੀਨ : təsəkin] *ਪੁ:* ਤਸੱਲੀ, ਦਿਲਾਸਾ, ਅਰਾਮ, ਢਾਰਸ, ਧੀਰਜ

تسلسل [ਤਸਲਸੁਲ : təsələsul] *ਪੁ:* ਸਿਲ-ਸਿਲਾਬੰਦੀ, ਲੜੀਵਾਰ ਹੋਣ ਦਾ ਭਾਵ, ਇਕ ਚੀਜ਼ ਦਾ ਦੂਜੀ ਤੇ ਦੂਜੀ ਦਾ ਤੀਜੀ ਉਤੇ ਲਗਾਤਾਰ ਹੋਣਾ, ਰਵਾਨੀ

تسلط [ਤਸੱਲੁਤ : təsəllut] *ਪੁ:* ਹਕੂਮਤ, ਗ਼ਲਬਾ, ਕਾਬੂ; ਕਬਜ਼ਾ; ਹਾਕਮ, ਬਾਦਸ਼ਾਹ

تسلی [ਤਸੱਲੀ : təsəlli] *ਇ:* ਤਸੱਲੀ, ਦਿਲਾਸਾ, ਖਾਤਰਜੁਮਾ, ਧੀਰਜ, ਢਾਰਸ

تسلیم [ਤਸਲੀਮ : təsəlim] *ਇ:* ਸਲਾਮ ਕਰਨ ਜਾਂ ਨਮਸਕਾਰ ਕਰਨ ਦਾ ਭਾਵ, ਸਪੁਰਦਗੀ, ਸੌਂਪਣਾ, ਮੰਨਣਾ, ਬੰਦਗੀ

تسلیمات [ਤਸਲੀਮਾਤ : təsəlimat] *ਇ:* تسلیم ਦਾ ਬਹੁਵਚਨ; ਆਦਾਬ, ਬੰਦਗੀ, ਸਲਾਮ; ਅਧੀਨਗੀ

تسمہ [ਤਸਮਾ : təsəma] *ਪੁ:* ਚਮੜੇ ਦਾ ਪਤਲਾ ਘਟ ਚੌੜਾ ਅਤੇ ਲੰਮਾ ਟੋਟਾ; ਬੂਟਾਂ ਦਾ ਫੀਤਾ; ਮੱਥੇ ਦੇ ਕੱਪੀ ਕੀਤੇ ਵਾਲ

تسمہ کش [ਤਸਮਾ ਕਸ਼ : təsəma kəş] *ਪੁ:* ਠੱਗ, ਉਹ ਵਿਅਕਤੀ ਜਿਹੜਾ ਲੋਕਾਂ ਨੂੰ ਗਲ਼ਾ ਘੁਟ ਕੇ ਮਾਰ ਦੇਵੇ

تسوید [ਤਸਵੀਦ : təsəwid] *ਇ:* ਲਿਖਣ ਦੀ ਕਿਰਿਆ, ਖਰੜਾ ਤਿਆਰ ਕਰਨਾ, ਖ਼ਾਕਾ ਤਿਆਰ ਕਰਨਾ; ਮੂਲ ਖਰੜਾ, ਬੰਸਾਵਲੀ

تسہیل [ਤਸਹੀਲ : təsəhil] *ਇ:* ਸਹੂਲਤ, ਆਸਾਨੀ

تشابہ [ਤਸ਼ਾਬਾ : təşaba] *ਪੁ:* ਸਮਾਨਤਾ, ਪਰਸਪਰ, ਇਕੋ ਜਿਹਾ ਹੋਣਾ

تشاریف [ਤਸ਼ਾਰੀਫ : təşaif] *ਇ:* تشریف ਦਾ ਬਹੁਵਚਨ, ਭਲੇਮਾਣਸ ਲੋਕ

تشاکل [ਤਸ਼ਾਕੁਲ : təşakul] *ਪੁ:* ਇਕੋ ਜਿਹਾ ਹੋਣਾ, ਹਮਸ਼ਕਲ ਹੋਣਾ

تشبیب [ਤਸ਼ਬੀਬ : təşəbib] *ਇ:* ਜਵਾਨੀ ਵੇਲ਼ੇ ਦਾ ਜ਼ਿਕਰ ਕਰਨਾ, ਇਸ਼ਕੀਆ ਮਜ਼ਮੂਨ ਲਿਖਣਾ, ਕਸੀਦੇ ਦੀ ਭੂਮਿਕਾ

تشبیہ [ਤਸ਼ਬੀਹ : təşəbih] *ਇ:* ਉਪਮਾ, ਤਮਸੀਲ, ਇਕ ਚੀਜ਼ ਨੂੰ ਦੂਜੀ ਚੀਜ਼ ਨਾਲ਼ ਦਿੱਤੀ ਉਪਮਾ

تشت [ਤਸ਼ਤ : təşət] *ਪੁ:* ਬੱਠਲ਼, ਤਸਲਾ, ਪਰਾਤ, ਚਿਲਮਚੀ, ਥਾਲ, ਥਾਲੀ

تشتت [ਤਸ਼ੱਤੁਤ : təşətut] *ਪੁ:* ਪਰੇਸ਼ਾਨੀ, ਘਬਰਾਹਟ

تشتری [ਤਸ਼ਤਰੀ : təşəteri] *ਇ:* ਛੋਟੀ ਰਕਾਬੀ

تشتِ زرّیں [ਤਸ਼ਤ-ए-ज़र/ज़रीं : təşət-e-zər/zərrī] *ਪੁ:* ਸੂਰਜ; ਅਕਾਸ਼

تشخیص [ਤਸ਼ਖ਼ੀਸ : təşəxis] *ਇ:* ਥਾਪਣਾ,

ਨਿਖੁਕਤੀ, ਜਾਂਚਣਾ, ਜਾਣਨਾ-ਪਛਾਣਨਾ; ਅਦਾਕਾਰੀ, ਪਛਾਣ, ਸ਼ਨਾਖਤ

تشدد [ਤਸ਼ੱਦੁਦ : təşədud] ਪੁ: ਜ਼ਿਆਦਤੀ, ਸਖ਼ਤੀ, ਜਬਰ, ਕਠੋਰਤਾ; ਕਿਸੇ ਅੱਖਰ ਨੂੰ ਸ਼ਬਦ ਵਿਚ ਇਸ ਤਰ੍ਹਾਂ ਉਚਾਰਨਾ ਕਿ ਉਸ ਦੀ ਆਵਾਜ਼ ਦੋਹਰੀ ਲਿਕਲੇ, ਤਸ਼ਦੀਦ ਦਾ ਚਿੰਨ੍ਹ

تشدید [ਤਸ਼ਦੀਦ : təşədid] ਇ: ਤਸ਼ਦੀਦ (ّ) ਦਾ ਚਿੰਨ੍ਹ (ਪੰਜਾਬੀ ਵਿਚ ਅੱਧਕ ਦਾ ਚਿੰਨ੍ਹ) ਸ਼ਬਦ ਦੇ ਜਿਸ ਅੱਖਰ ਉਤੇ ਤਸ਼ਦੀਦ ਦਾ ਚਿੰਨ੍ਹ ਹੋਵੇ ਉਸ ਦਾ ਉਚਾਰਨ ਦੋਹਰਾ ਹੋ ਜਾਂਦਾ ਹੈ

تشریح [ਤਸ਼ਰੀਹ : təşərih] ਇ: ਵਿਸਤਾਰ ਸਹਿਤ ਬਿਆਨ ਕਰਨਾ; ਗੋਸ਼ਤ ਦੇ ਟੋਟੇ ਕਰਨਾ, ਸ਼ਰੀਰ ਦੇ ਅੰਗ ਦੀ ਪੂਰੀ ਪੂਰੀ ਵਿਆਖਿਆ ਕਰਨਾ

تشریف [ਤਸ਼ਰੀਫ਼ : təşərif] ਇ: ਬਜ਼ੁਰਗੀ, ਵਡਿਆਈ, ਇੱਜ਼ਤ, ਸ਼ਾਹੀ ਸਿਰੋਪਾ

تشریف آوری [ਤਸ਼ਰੀਫ਼ ਆਵਰੀ : təşərifawəri] ਇ: ਪਧਾਰਨਾ, ਆਉਣਾ (ਕਿਸੇ ਸਤਿਕਾਰਿਤ ਵਿਅਕਤੀ ਦਾ), ਕਿਸੇ ਦੀ ਆਓ-ਭਗਤ ਲਈ ਵਰਤਿਆ ਜਾਂਦਾ ਸ਼ਬਦ, ਇੱਜ਼ਤ ਮਾਣ ਦੇਣਾ

تشریک [ਤਸ਼ਰੀਕ : təşərik] ਇ: ਸ਼ਿਰਕਤ, ਹਿੱਸੇਦਾਰੀ, ਭਾਈਵਾਲੀ

تشفی [ਤਸ਼ਫ਼ੀ : təşəfi] ਇ: ਤਸੱਲੀ, ਢਾਰਸ, ਤਸਕੀਨ; ਕਿਸੇ ਤੋਂ ਖ਼ੁਸ਼ ਹੋਣਾ, ਤੰਦਰੁਸਤੀ

تشکک [ਤਸ਼ਕਕ : təşəkək] ਪੁ: ਸ਼ੱਕ, ਸ਼ੰਕਾ

تشکیک [ਤਸ਼ਕੀਕ : təşəkik] ਇ: ਸ਼ੱਕ, ਸ਼ੰਕਾ, ਸੰਦੇਹ

تشکیل [ਤਸ਼ਕੀਲ : təşəkil] ਇ: ਤਰਕੀਬ, ਬਣਾਵਟ; ਜਾਨਵਰ ਨੂੰ ਪੈਖੜ ਪਾਉਣਾ

تشنگی [ਤਿਸ਼ਨਗੀ : tişənəgi] ਇ: ਪਿਆਸ, ਤਰੇਹ; ਤੀਬਰ ਇੱਛਾ

تشنہ [ਤਿਸ਼ਨਾ : tişəna] ਵਿ: ਤਿਹਾਇਆ, ਪਿਆਸਾ; ਮਾਰਸ਼ਮੰਦ, ਇੱਛਕ

تشنیع [ਤਸ਼ਨੀਅ : təşəni'ə] ਇ: ਤਾਹਨਾ, ਮਲਾਮਤ, ਬੁਰਾ-ਭਲਾ, ਲਾਹਨ-ਤਾਹਨ

تشویش [ਤਸ਼ਵੀਸ਼ : təşəwiş] ਇ: ਪਰੇਸ਼ਾਨੀ, ਘਬਰਾਹਟ, ਬੇਕਰਾਰੀ, ਬੇਚੈਨੀ; ਸੋਚ, ਚਿੰਤਾ, ਫ਼ਿਕਰ

تشویق [ਤਸ਼ਵੀਕ : təşəwiq] ਇ: ਸ਼ੌਕ, ਚਾਅ, ਉਕਸਾਹਟ

تشویہ [ਤਸ਼ਵਿਯਾ : təşəwiya] ਪੁ: ਭੁੰਨਣ ਦੀ ਕਿਰਿਆ

تشہیر [ਤਸ਼ਹੀਰ : təşəhir] ਇ: ਪ੍ਰਸਿਧ ਕਰਨ ਜਾਂ ਮਾਣ ਦੇਣ ਦਾ ਭਾਵ, ਢੰਢੋਰਾ ਪਿੱਟਣ ਦੀ ਕਿਰਿਆ; ਬਦਨਾਮ ਕਰਨ ਜਾਂ ਖ਼ਵਾਰ ਕਰਨ ਦਾ ਭਾਵ

تصادم [ਤਸਾਦੁਮ : təsadum] ਪੁ: ਇਕ ਦੂਜੇ ਨਾਲ਼ ਟਕਰਾਉਣਾ; ਧੱਕਾ, ਸਦਮਾ

تصاویر [ਤਸਾਵੀਰ : təsawir] ਇ: تصویر ਦਾ ਬਹੁਵਚਨ, ਤਸਵੀਰਾਂ, ਮੂਰਤਾਂ

تصدق [ਤਸੱਦੁਕ : təsədduq] ਪੁ: ਵਾਰਨਾ, ਕੋਈ ਚੀਜ਼ ਵਾਰ ਕੇ ਖ਼ੈਰਾਤ ਕਰਨਾ, ਕੁਰਬਾਨੀ, ਸਦਕਾ, ਬਲੀਦਾਨ

تصدیع [ਤਸਦੀਅ : təsədi'ə] ਇ: ਸਿਰ ਦਰਦ; ਦੁੱਖ, ਤਕਲੀਫ਼, ਕਸ਼ਟ

تصدیق [ਤਸਦੀਕ : təsədiq] ਇ: ਸਚਾਈ, ਪੁਸ਼ਟੀ, ਸਹੀ; ਗਵਾਹੀ, ਸਬੂਤ; ਕਿਸੇ ਗੱਲ 'ਤੇ ਪੱਕਾ ਹੁਕਮ ਲਾਉਣਾ

تصدیق نامہ [ਤਸਦੀਕ ਨਾਮਾ : təsədiq nama] ਪੁ: ਸਨਦ, ਸਰਟੀਫਿਕੇਟ

تصرف [ਤਸੱਰੁਫ਼ : təsəruff] ਪੁ: ਕੁੱਝ ਦਾ ਕੁੱਝ ਕਰ ਦੇਣਾ; ਕਬਜ਼ਾ, ਤਹਿਤ, ਸਰਫ਼, ਖਰਚ; ਵਰਤੋਂ; ਗ਼ਬਨ

تصریف [ਤਸਰੀਫ਼ : təsərif] ਇ: ਮਸਦਰ ਤੋਂ

کिरिआ जां विशेशण बणाउण दी गरदान

تصعید [ਤਸਏ਼ੀਦ : təsə'id] *ਇ:* ਉਚਾ ਹੋਣਾ, ਉੱਚੀ ਥਾਂ 'ਤੇ ਚੜ੍ਹਾਈ

تصغیر [ਤਸਗ਼ੀਰ : təsəġir] *ਇ:* ਛੋਟਾਪਣ

تصفیہ [ਤਸਫ਼ੀਯਾ : təsəfiya] *ਪੁ:* ਸਫ਼ਾਈ, ਸਪਸ਼ਟਤਾ, ਸੁਲ੍ਹਾ, ਫੈਸਲਾ, ਨਿਆਂ

تصلیب [ਤਸਲੀਬ : təsəlib] *ਇ:* ਸੂਲ਼ੀ ਤੇ ਚਾੜ੍ਹਨ ਦਾ ਕਾਰਜ, ਸਲੀਬ ਦਾ ਨਿਸ਼ਾਨ ਬਣਾਉਣਾ

تصمیم [ਤਸਮੀਮ : təsəmim] *ਇ:* ਮਜ਼ਬੂਤੀ, ਪਕਿਆਈ

تصنیف [ਤਸਨੀਫ਼ : təsənif] *ਇ:* ਕਿਤਾਬ ਦੀ ਲਿਖਤ; ਕਾਢ; ਰਾਗ, ਗੀਤ, ਸ਼ਿਅਰ ਪੜ੍ਹਨ ਦਾ ਭਾਵ

تصریح [ਤਸਰੀਹ़ : təsəriḥ] *ਇ:* ਸਪਸ਼ਟਤਾ, ਵਿਸਤਾਰ ਸਹਿਤ ਕੀਤਾ ਬਿਆਨ; ਵਿਸਤਾਰ

تصوُّر [ਤਸੱਵੁਰ : təsəwwur] *ਪੁ:* ਸੂਰਤ ਸ਼ਕਲ ਦਾ ਬੰਨ੍ਹਣਾ, ਦਿਲ ਵਿਚ ਤਸਵੀਰ ਬਣਾਉਣਾ, ਕਲਪਨਾ; ਖਿਆਲ, ਧਿਆਨ, ਮਨਸੂਬਾ, ਸੂਝ

تصوُّف [ਤਸੱਵੁਫ਼ : təsəwwuf] *ਪੁ:* ਸੂਫ਼ੀਆਂ ਦਾ ਅਕੀਦਾ, ਸੂਫ਼ੀਆਂ ਦੀ ਧਾਰਮਿਕ ਨਿਸ਼ਠਾ, ਖ਼ਾਹਸ਼ਾਂ ਦਾ ਮਾਰਨਾ; ਗਿਆਨ, ਧਿਆਨ, ਪਸ਼ਮੀਨਾ ਬਣਾਉਣ ਦਾ ਕਾਰਜ, ਸੂਫ਼ੀ ਬਣਨਾ

تصوِیب [ਤਸਵੀਬ : təsəwib] *ਇ:* ਠੀਕ ਰੱਖਣ ਜਾਂ ਸੱਚ ਕਹਿਣ ਦਾ ਭਾਵ, ਮਨਜ਼ੂਰੀ

تصویر [ਤਸਵੀਰ : təsəwir] *ਇ:* ਤਸਵੀਰ, ਸੂਰਤ, ਮੂਰਤ, ਰੂਪ, ਸ਼ਕਲ, ਬੁੱਤ, ਫ਼ੋਟੋ

تصیح [ਤਸੀਹ़ : təsiḥ] *ਇ:* ਅਰੋਗਤਾ, ਦਰੁਸਤੀ

تضاد [ਤਜ਼ਾਦ : təzad] *ਪੁ:* ਵਿਰੋਧ, ਮੁਖਾਲਫ਼ਤ

تضاعُف [ਤਜ਼ਾਉਫ਼ : təza'uf] *ਪੁ:* ਦੁੱਗਣਾ ਹੋਣ ਦਾ ਭਾਵ

تضحیک [ਤਜ਼ਹ़ੀਕ : təzəḥik] *ਇ:* ਮਖੌਲ ਉਡਾਉਣ ਜਾਂ ਮੌਜੂ ਬਣਾਉਣ ਦਾ ਭਾਵ, ਹਾਸੀ, ਠੱਠਾ, ਮਜ਼ਾਕ; ਜ਼ਿੱਲਤ

تضمین [ਤਜ਼ਮੀਨ : təzəmin] *ਇ:* ਜ਼ਾਮਨੀ ਲੈਣ ਜਾਂ ਜ਼ਮਾਨਤ ਦੇਣ ਦਾ ਭਾਵ, ਕਵੀ ਦੀ ਪ੍ਰਸਿੱਧ ਤੁਕ ਨੂੰ ਆਪਣੀਆਂ ਤੁਕਾਂ ਵਿਚ ਵਰਤਣ ਦੀ ਕਿਰਿਆ

تطابُق [ਤਤ਼ਾਬੁਕ਼ : tətabuq] *ਪੁ:* ਮੇਲ਼, ਲਗਾ; ਪਰਸਪਰਤਾ, ਸਮਾਨਤਾ, ਸਹਿਮਤੀ

تطاوُل [ਤਤ਼ਾਵੁਲ : tətawul] *ਪੁ:* ਜ਼ੁਲਮ; ਘੁਮੰਢ, ਹੰਕਾਰ

تطبیق [ਤਤ਼ਬੀਕ਼ : tətəbiq] *ਇ:* ਚੀਜ਼ਾਂ ਨੂੰ ਬਰਾਬਰ ਕਰਨ ਜਾਂ ਮੇਲਣ ਦਾ ਭਾਵ

تطویل [ਤਤ਼ਵੀਲ : tətwil] *ਇ:* ਲੰਮਾਈ, ਦੇਰੀ

تظلُّم [ਤਜ਼ੱਲੁਮ : təzəllum] *ਪੁ:* ਜ਼ੁਲਮ ਸਿਤਮ ਦੀ ਫਰਿਆਦ, ਜ਼ੁਲਮ

تعارُض [ਤਆ਼ਰੁਜ਼ : tə'aruz] *ਪੁ:* ਇਕ ਦੂਜੇ ਦੇ ਟਾਕਰੇ 'ਤੇ ਹੋਣਾ, ਆਪਸ ਵਿਚ ਝਗੜਾ; ਬਰਾਬਰੀ, ਸਾਮ੍ਹਣੇ ਆਉਣ ਦਾ ਭਾਵ

تعارُف [ਤਆ਼ਰੁਫ਼ : tə'aruf] *ਪੁ:* ਪਰਸਪਰ ਪਛਾਣ; ਵਾਕਫ਼ੀਅਤ, ਜਾਣ-ਪਛਾਣ, ਆਓ ਭਗਤ, ਇਕ ਦੂਜੇ ਨੂੰ ਭੇਜੀ ਹੋਈ ਸੁਗਾਤ

تعاقُب [ਤਆ਼ਕੁਬ : tə'aqub] *ਪੁ:* ਪੈਰਵੀ, ਪਿੱਛਾ

تعال [ਤਆ਼ਲ : tə'al] *ਵਿ:* ਉੱਚਾ, ਵੱਡਾ, ਮਾਨ ਸਨਮਾਨ ਵਾਲ਼ੇ ਬਜ਼ੁਰਗ

تعالیٰ [ਤਆ਼ਲਾ : tə'ala] *ਵਿ:* ਵੱਡਾ, ਉੱਚਾ, ਵਧੀਆ; (ਰੱਬ ਦੀ ਸਿਫ਼ਤ ਲਈ) ਉਹ ਸਰਬੋਤਮ ਅਤੇ ਸਰਵੁਚ ਹੈ

تعاون [ਤਆ਼ਵੁਨ : tə'awun] *ਪੁ:* ਇਕ ਦੂਜੇ ਦੀ ਸਹਾਇਤਾ; ਆਪਸੀ ਸਹਾਇਤਾ; ਪਰਸਪਰ ਮਦਦ

تعب [ਤਅ਼ਬ : tə'əb] *ਪੁ:* ਰੰਜ, ਦੁੱਖ, ਕਸ਼ਟ; ਮਿਹਨਤ, ਸਖਤੀ, ਤਕਲੀਫ਼; ਥਕਾਵਟ

تعبّد [ਤਅੱਬੁਦ : tə'əbbud] *ਪੁ:* ਬੰਦਗੀ, ਪੂਜਾ, ਭਗਤੀ

تعبير [ਤਅ਼ਬੀਰ : tə'bir] *ਇ:* ਸੁਫ਼ਨੇ ਦੀ ਹਕੀਕਤ ਦਾ ਬਿਆਨ, ਦਿਲ ਦੀ ਗੱਲ ਦਾ ਪ੍ਰਗਟਾ, ਤਸ਼ਰੀਹ, ਵਿਸ਼ਲੇਸ਼ਣ

تعجّب [ਤਅੱਜੁਬ : tə'əjjub] *ਪੁ:* ਅਚੰਭਾ, ਹੈਰਾਨੀ, ਅਨੋਖਾਪਣ; ਉਸਤਤੀ, ਪਰਸ਼ੰਸਾ

تعجيل [ਤਅ਼ਜੀਲ : tə'əjil] *ਇ:* ਛੇਤੀ, ਜਲਦੀ, ਸ਼ਤਾਬੀ

تعداد [ਤਅ਼ਦਾਦ : tə'ədad] *ਇ:* ਗਿਣਤੀ, ਸੰਖਿਆ; ਅੰਦਾਜ਼ਾ, ਅਨੁਮਾਨ, ਮਿਕਦਾਰ

تعدّد [ਤਅੱਦੁਦ : tə'əddud] *ਪੁ:* ਗਿਣਤੀ ਵਿਚ ਜ਼ਿਆਦਾ ਹੋਣਾ, ਗਿਣਤੀ; ਜ਼ਰਬ ਦੇਣ ਜਾਂ ਗੁਣਾ ਕਰਨ ਦਾ ਭਾਵ, ਵਾਧਾ

تعديل [ਤਅ਼ਦੀਲ : tə'ədil] *ਇ:* ਬਰਾਬਰ ਕਰਨ ਜਾਂ ਇਕ ਪੱਧਰ ਤੇ ਲਿਆਉਣ ਦੀ ਕਿਰਿਆ

تعذّر [ਤਅੱਜ਼ੁਰ : tə'əzur] *ਪੁ:* ਹੁੱਜਤ, ਉਜ਼ਰ; ਕਿਸੇ ਕੰਮ ਦਾ ਔਖਾ ਹੋਣ ਦਾ ਭਾਵ

تعذيب [ਤਅ਼ਜ਼ੀਬ : tə'əzib] *ਇ:* ਦੁੱਖ, ਕਸ਼ਟ, ਸਜ਼ਾ, ਸਖ਼ਤੀ

تعذير [ਤਅ਼ਜ਼ੀਰ : tə'əzir] *ਇ:* ਉਜ਼ਰ ਪੇਸ਼ ਕਰਨ ਦਾ ਭਾਵ, ਹੁੱਜਤ, ਬਹਾਨਾ, ਕੰਮ ਵਿਚ ਕਸੂਰ ਹੋਣਾ; ਖ਼ਤਨਾ (ਸੁੰਨਤਾਂ) ਕਰਾਉਣ ਵਾਲ਼ਿਆਂ ਦੀ ਖ਼ਾਤਰਦਾਰੀ ਕਰਨਾ

تعرّض [ਤਅੱਰੁਜ਼ : tə'ərruz] *ਪੁ:* ਸਾਮ੍ਹਣੇ ਆਉਣਾ ਜਾਂ ਪੇਸ਼ ਹੋਣਾ, ਰੋਕ, ਵਿਰੋਧ, ਰੁਕਾਵਟ

تعريض [ਤਅ਼ਰੀਜ਼ : tə'əriz] *ਇ:* ਕਿੰਤੂ-ਪ੍ਰੰਤੂ, ਇਤਰਾਜ਼

تعريف [ਤਅ਼ਰੀਫ਼ : tə'ərif] *ਇ:* ਤਾਰੀਫ਼, ਜਾਣ-ਪਛਾਣ, ਸਿਫ਼ਤ, ਵਾਕਫ਼ੀਅਤ

تعزيت [ਤਅ਼ਜ਼ੀਯਤ : tə'əzyiət] *ਇ:* ਮਾਤਮ ਪੁਰਸੀ, ਪਰਚੌਣੀ; ਸ਼ੋਕਵਾਨ ਨਾਲ਼ ਹਮਦਰਦੀ ਜਤਾਉਣ ਦੀ ਕਿਰਿਆ

تعزير [ਤਅ਼ਜ਼ੀਰ : tə'əzir] *ਇ:* ਸਿਆਸਤ, ਸਜ਼ਾ, ਜੁਰਮਾਨਾ

تعزيرات [ਤਅ਼ਜ਼ੀਰਾਤ : tə'əzirat] *ਇ:* ਸਜ਼ਾਵਾਂ, ਦੰਡ, ਜੁਰਮਾਨੇ

تعزيل [ਤਅ਼ਜ਼ੀਲ : tə'əzil] *ਇ:* ਸੇਵਾ ਮੁਕਤੀ, ਅਹੁਦੇ ਤੋਂ ਹਟਾ ਦੇਣ ਦੀ ਕਿਰਿਆ

تعزيہ [ਤਅ਼ਜ਼ੀਯਾ : tə'ziya] *ਪੁ:* ਮਾਤਮ-ਪੁਰਸੀ, ਕਿਸੇ ਦੇ ਸੋਗ ਵਿਚ ਹਮਦਰਦੀ ਦਰਸਾਉਣ ਦਾ ਭਾਵ, ਇਮਾਮ ਹੁਸੈਨ ਦੀ ਤੁਰਬਤ (ਕਬਰ) ਦੀ ਨਕਲ ਜੋ ਸ਼ੀਆ ਦਸਵੀਂ ਮੁਹੱਰਮ ਦੇ ਅਵਸਰ 'ਤੇ ਬਤੌਰ ਯਾਦਗਾਰ ਬਣਾ ਕੇ ਕੱਢਦੇ ਹਨ

تعسّر [ਤਅੱਸੁਰ : tə'əssur] *ਪੁ:* ਮੁਸ਼ਕਲ, ਕਠਨਾਈ, ਦੁਸ਼ਵਾਰੀ

تعشّق [ਤਅੱਸ਼ੁਕ਼ : tə'əṣṣuq] *ਪੁ:* ਚਾਹ, ਇਸ਼ਕ, ਪ੍ਰੇਮ, ਮੁਹੱਬਤ; ਇੱਛਾ; ਇਸ਼ਕ ਦਾ ਪ੍ਰਗਟਾ, ਮੋਹਤ ਹੋਣ ਦਾ ਭਾਵ

تعصّب [ਤਅੱਸੁਬ : tə'əssub] *ਪੁ:* ਹਿਮਾਇਤ, ਤਰਫ਼ਦਾਰੀ, ਪੱਖ-ਪਾਤ; ਲੋੜ ਤੋਂ ਵੱਧ ਹਿਮਾਇਤ; ਕਟੱੜਪੁਣਾ

تعصّب داری [ਤਅੱਸੁਬਦਾਰੀ : tə'əssubdari] *ਇ:* ਤਰਫ਼ਦਾਰੀ, ਹਿਮਾਇਤ; ਹੱਦੋਂ ਵੱਧ ਹਿਮਾਇਤ

تعطّف [ਤਅੱਤੁਫ਼ : tə'ətuf] *ਪੁ:* ਮਿਹਰਬਾਨੀ, ਕਿਰਪਾ

تعطّل [ਤਅੱਤੁਲ : tə'ətul] *ਪੁ:/ਵਿ:* ਵਿਅਰਥ ਹੋਣ ਜਾਂ ਵਿਹਲਾ ਹੋਣ ਦਾ ਭਾਵ, ਸੇਵਾ-ਮੁਕਤੀ ਹੋਣਾ; ਇਸਤਰੀ ਦਾ ਗਹਿਣਿਆਂ ਤੋਂ ਵੰਚਿਤ

ਹੋਣਾ

تعطیل [ਤਅ਼ਤੀਲ : tə'ətil] *ਇ:* ਕੰਮ ਤੋਂ ਵਿਹਲ, ਛੁੱਟੀ, ਬੇਕਾਰੀ ਦਾ ਦਿਨ

تعظیم [ਤਅ਼ਜ਼ੀਮ : tə'əzim] *ਇ:* ਕਿਸੇ ਨੂੰ ਵੱਡਾ ਜਾਣਨਾ, ਇੱਜ਼ਤ ਮਾਣ ਦੇਣਾ; ਸਤਿਕਾਰ, ਇੱਜ਼ਤ, ਅਦਬ, ਲਿਹਾਜ਼

تعفُّن [ਤਅੱਫ਼ੁਨ : tə'əfun] *ਪੁ:* ਸੜ੍ਹਾਂਦ, ਦੁਰਗੰਦ, ਬਦਬੂ

تعقُّب [ਤਅੱਕੁਬ : tə'əqqub] *ਪੁ:* ਪਿੱਛਾ ਕਰਨ ਦੀ ਕਿਰਿਆ

تعقُّل [ਤਅੱਕੁਲ : tə'əqqul] *ਪੁ:* ਸਮਝ, ਸੋਚ ਵਿਚਾਰ

تعقید [ਤਅ਼ਕੀਦ : tə'əqid] *ਇ:* ਤਾਕੀਦ, ਉਲਝਣ, ਗੁੰਝਲ, ਗੁੱਝੀ ਗੱਲ

تعلُّق [ਤਅੱਲੁਕ਼ : tə'əlluq] *ਪੁ:* ਇਲਾਕਾ, ਮੇਲ-ਮਿਲਾਪ; ਸਾਕਾਦਾਰੀ, ਮੇਲਾਨ, ਪ੍ਰੇਮ, ਪਿਆਰ; ਵਾਸਤਾ, ਸੰਬੰਧ

تعلُّقات [ਤਅੱਲੁਕ਼ਾਤ : tə'əlluqat] *ਪੁ:* تعلق ਦਾ ਬਹੁਵਚਨ, ਸੰਬੰਧ, ਰਿਸ਼ਤੇ, ਜਗੀਰਾਂ, ਅਜ਼ੀਜ਼ਦਾਰੀਆਂ

تعلُّقہ [ਤਅੱਲੁਕ਼ਾ : tə'əluqqa] *ਪੁ:* ਮਲਕੀਅਤ, ਜਾਇਦਾਦ; ਸੂਬੇ ਦਾ ਇਕ ਭਾਗ, ਜ਼ਿਲਾ; ਜ਼ਿਮੀਂਦਾਰੀ ਇਲਾਕਾ, ਜਗੀਰ; ਲਗਾ, ਸੰਬੰਧ, ਰਿਸ਼ਤਾ

تعلُّقہ داری [ਤਅੱਲੁਕ਼ਾਦਾਰੀ : tə'əlluqadari] *ਇ:* ਜ਼ਿਮੇਂਦਾਰੀ ਵਿਚ ਸਭ ਤੋਂ ਉੱਚਾ ਹੱਕ, ਜਗੀਰਦਾਰੀ, ਬਿਸਵੇਦਾਰੀ

تعلُّل [ਤਅੱਲੁਲ : tə'əlul] *ਪੁ:* ਦਿਲ ਲਾਉਣ ਲਈ ਕਿਸੇ ਕੰਮ ਵਿਚ ਰੁੱਝਿਆ ਰਹਿਣਾ, ਵਕਤ ਦਾ ਗੁਜ਼ਾਰਨਾ; ਬਹਾਨਾ, ਹੀਲਾ

تعلُّم [ਤਅੱਲੁਮ : tə'əllum] *ਪੁ:* ਸਿੱਖਿਆ ਲੈਣਾ, ਸਿੱਖਣਾ

تعلّی [ਤਅੱਲੀ : tə'əlli] *ਇ:* ਉਚਾਈ, ਉੱਨਤੀ, ਤਰੱਕੀ, ਬਜ਼ੁਰਗੀ, ਸ਼ੇਖ਼ੀ, ਡੀਂਗ

تعلیل [ਤਅ਼ਲੀਲ : tə'əlil] *ਇ:* ਕਾਰਨ ਦੱਸਣ ਜਾਂ ਧਿਆਨ ਦਿਵਾਉਣ ਦਾ ਭਾਵ

تعلیم [ਤਅ਼ਲੀਮ : tə'əlim] *ਇ:* ਸਿੱਖਿਆ, ਵਿੱਦਿਆ, ਪੜ੍ਹਾਈ, ਹਿਦਾਇਤ, ਸਿਖਲਾਈ, ਸਿੱਖਿਆ ਪਰਦਾਨ ਕਰਨ ਦਾ ਕਾਰਜ

تعلیمِ ابتدائی [ਤਅ਼ਲੀਮ-ਏ-ਇਬਤਦਾਈ : tə'əlim-e-ibetədai] *ਇ:* ਮੁਢਲੀ ਸਿੱਖਿਆ, ਪ੍ਰਾਇਮਰੀ ਦੀ ਪੜ੍ਹਾਈ

تعلیمِ اعلیٰ [ਤਅ਼ਲੀਮ-ਏ-ਆ਼ਲਾ : tə'əlim-e-ala] *ਇ:* ਉਚੇਰੀ ਸਿੱਖਿਆ, ਕਾਲਜ ਜਾਂ ਯੂਨੀਵਰਸਿਟੀ ਦੀ ਸਿੱਖਿਆ

تعلیم گاہ [ਤਅ਼ਲੀਮ ਗਾਹ : tə'əlim gah] *ਪੁ:* ਸਕੂਲ, ਕਾਲਜ, ਸਿੱਖਿਆ ਦੇਣ ਦਾ ਸਥਾਨ

تعلیم یافتہ [ਤਅ਼ਲੀਮ ਯਾਫ਼ਤਾ : tə'əlim yafəta] *ਵਿ:* ਪੜ੍ਹਿਆ-ਲਿਖਿਆ, ਵਿਦਵਾਨ, ਸਿੱਖਿਅਕ

تعلیمی ادارہ [ਤਅ਼ਲੀਮੀ ਅਦਾਰਾ : tə'əlimi ədara] *ਪੁ:* ਸਿੱਖਿਆ ਸੰਸਥਾ

تعمُّق [ਤਅੱਮੁਕ਼ : tə'əmmuq] *ਪੁ:* ਧਿਆਨ ਦੇਣ ਜਾਂ ਕਿਸੇ ਗੱਲ ਦੀ ਤਹਿ ਤੱਕ ਪਹੁੰਚਣ ਦਾ ਕਾਰਜ; ਡੂੰਘਾਈ, ਬਰੀਕੀ

تعمیر [ਤਅ਼ਮੀਰ : tə'əmir] *ਇ:* ਲੰਮੀ ਉਮਰ ਲਈ ਕੀਤੀ ਪ੍ਰਾਰਥਨਾ; ਮਕਾਨ, ਘਰ; ਬਣਾਵਟ, ਇਮਾਰਤ

تعمیم [ਤਅ਼ਮੀਮ : tə'əmim] *ਇ:* ਆਮ ਖਾਸ ਨੂੰ ਸ਼ਾਮਲ ਕਰਨ ਦਾ ਭਾਵ

تعمیق [ਤਅ਼ਮੀਕ਼ : tə'əmiq] *ਇ:* ਅਮਲ, ਆਦੇਸ਼ਾਂ ਦੀ ਪਾਲਣਾ, ਮਜ਼ਦੂਰੀ, ਆਯਾਤ

تعمیل [ਤਅ਼ਮੀਲ : tə'əmil] *ਇ:* ਅਮਲ, ਆਦੇਸ਼ਾਂ ਦੀ ਪਾਲਣਾ, ਮਨਜ਼ੂਰੀ ਦੇਣਾ, ਅਮਲ ਦਰ-ਆਮਦ

تعنُّت [ਤਅੱਨੁਤ : tə'ənnut] ਪੁ: ਐਬ, ਠੁਕਤਾਚੀਨੀ, ਬਦਗੋਈ

تعویذ [ਤਅ਼ਵੀਜ਼ : tə'əwiz] ਪੁ: ਤਵੀਤ, ਪਨਾਹ, ਬਚਾ; ਕਸ਼ਟ ਜਾਂ ਭੈੜੀ ਨਜ਼ਰ ਤੋਂ ਬਚਣ ਲਈ ਗਲ਼ ਵਿਚ ਪਾਉਣ ਲਈ ਜਾਂ ਡੌਲੇ ਨਾਲ਼ ਬੰਨ੍ਹਣ ਲਈ ਇਕ ਤਵੀਜ਼

تعہُّد [ਤਅੱਹੁਦ : tə'əhhud] ਪੁ: ਵਾਇਦਾ, ਅਹਿਦ; ਅਹਿਦਨਾਮਾ, ਪਟਾ, ਇਕਰਾਰਨਾਮਾ

تعیُّش [ਤਅ਼ੱਯੁਸ਼ : tə'əyuṣ] ਪੁ: ਰੰਗ-ਰਲੀਆਂ, ਐਸ਼; ਐਸ਼ ਦਾ ਸਾਮਾਨ

تعیُّن [ਤਈ਼ਯੁਨ : tə'iyun] ਪੁ: ਨਿਯੁਕਤੀ, ਤੈਨਾਤੀ, ਰੋਕ, ਕੈਦ

تعیُّنات [ਤਅ਼ੈਯੁਨਾਤ : tə'eyyunat] ਪੁ: تعیُّن ਦਾ ਬਹੁਵਚਨ; ਨਿਯੁਕਤੀਆਂ, ਨੌਕਰੀਆਂ; ਫ਼ਰਸ਼

تغابُن [ਤਗ਼ਾਬੁਨ : təgabun] ਇ: ਖ਼ਸਾਰਾ, ਘਾਟਾ, ਨੁਕਸਾਨ; ਇਕ ਦੂਜੇ ਨੂੰ ਧੋਖਾ ਦੇਣ ਦਾ ਭਾਵ, ਗਬਨ

تغار/تغارا [ਤਗ਼ਾਰ/ਤਗ਼ਾਰਾ : təġar/təġara] ਪੁ: ਮਿੱਟੀ ਦਾ ਕੁੰਡਾ, ਤਸਲਾ; ਗਾਰਾ ਤਿਆਰ ਕਰਨ ਲਈ ਬਣਾਇਆ ਗਿਆ ਟੋਆ, ਘੋੜੇ ਦੀ ਖ਼ੁਰਜੀ; ਦਿਹਾੜੀ ਦੀ ਖ਼ੁਰਾਕ

تغاری [ਤਗ਼ਾਰੀ : təġari] ਇ: ਆਟਾ ਗੁੰਨ੍ਹਣ ਦਾ ਭਾਂਡਾ, ਪਰਾਤ, ਕੁੰਡਾ

تغافُل [ਤਗ਼ਾਫ਼ੁਲ : təġaful] ਪੁ: ਜਾਣ-ਬੁੱਝ ਕੇ ਅਣਗਿਹਲੀ ਜਾਂ ਅਣਠਿੱਡ ਕਰਨ ਦਾ ਭਾਵ, ਅਣਗਿਹਲੀ, ਲਾਪਰਵਾਹੀ

تغایُر [ਤਗ਼ਾਯੁਰ : təġayur] ਪੁ: ਫ਼ਰਕ, ਅੰਤਰ, ਫੇਰ

تغذِیہ [ਤਗ਼ਜ਼ਿਯਾ : təġəziya] ਪੁ: ਪਰਵਰਿਸ਼, ਖ਼ੁਰਾਕ ਦੇਣ ਦੀ ਕਿਰਿਆ, ਖ਼ੁਰਾਕ

تغزُّل [ਤਗ਼ੱਜ਼ੁਲ : təġəzzul] ਪੁ: ਗਜ਼ਲਗੋਈ, ਪ੍ਰੇਮਾਖਿਆਨ

تغلُّب [ਤਗ਼ੱਲੁਬ : təġ'llub] ਪੁ: ਗ਼ਬਨ, ਖ਼ਿਆਨਤ, ਦਗ਼ਾ

تغلیط [ਤਗ਼ਲੀਤ਼ : təġəlit] ਇ: ਗ਼ਲਤੀ ਵਿਚ ਪਾਉਣ ਦਾ ਕਾਰਜ, ਗ਼ਲਤੀ ਕਰਨ ਲਈ ਪ੍ਰੇਰਨਾ

تغیُّر [ਤਗ਼ੱਯੁਰ : təġəyur] ਪੁ: ਤਬਦੀਲੀ, ਬਦਲੀ ਹੋਈ ਹਾਲਤ; ਇਨਕਲਾਬ, ਪਰਿਵਰਤਨ

تغیُّر و تبدُّل [ਤਗ਼ੱਯੁਰ-ਓ-ਤਬੱਦੁਲ : təġəyyur-o-təbəddul] ਪੁ: ਤਬਦੀਲੀਆਂ, ਬਦਲੀਆਂ; ਫ਼ਰਕ, ਅੰਤਰ

تف [ਤਫ਼ : təf] ਪੁ: ਭਾਫ਼, ਧੂਆਂ; ਗਰਮੀ, ਤਾਪ; ਰੋਸ਼ਨੀ, ਚਾਨਣ; ਬਦਬੂ, ਦੁਰਗੰਧ

تفاخُر [ਤਫ਼ਾਖ਼ੁਰ : təfaxur] ਪੁ: ਡੀਂਗ, ਮਾਣ, ਆਪਣੇ ਆਪ ਨੂੰ ਵੱਡਾ ਸਮਝਣ ਦਾ ਭਾਵ, ਫ਼ਖ਼ਰ, ਘਮੰਡ, ਸ਼ੇਖ਼ੀ, ਫੜ੍ਹ

تفاریق [ਤਫ਼ਾਰੀਕ਼ : təfariq] ਇ: تفریق ਦਾ ਬਹੁਵਚਨ, ਜੁਦਾਈਆਂ, ਵਿਛੋੜੇ, ਅੰਤਰ, ਵਖਰੇ, ਕਿਸ਼ਤੀਆਂ, ਵਾਰੀਆਂ

تفاس [ਤਫ਼ਾਸ : təfas] ਇ: ਭਾਲ਼, ਤਲਾਸ਼, ਪੜਤਾਲ

تفاصیل [ਤਫ਼ਾਸੀਲ : təfasil] ਇ: تفصیل ਦਾ ਬਹੁਵਚਨ, ਵੇਰਵੇ, ਵਿਸਤਾਰ, ਸਪਸ਼ਟੀਕਰਣ, ਵਿਆਖਿਆਵਾਂ; ਟੀਕੇ

تفاوُت [ਤਫ਼ਾਵੁਤ : təfawut] ਪੁ: ਫ਼ਾਸਲਾ, ਦੂਰੀ, ਅੰਤਰ, ਫ਼ਰਕ; ਜੁਦਾਈ, ਵਿਛੋੜਾ

تفتہ [ਤਫ਼ਤਾ : təfəta] ਵਿ: ਬਹੁਤ ਗਰਮ, ਸੜਿਆ ਭੁੱਜਿਆ, ਬੇਕਰਾਰ, ਮਰੋੜਿਆ ਹੋਇਆ, ਮੁੜਿਆ ਹੋਇਆ; ਪ੍ਰੇਮੀ, ਆਸ਼ਕ

تفتہ جاں/تفتہ جگر/تفتہ دِل [ਤਫ਼ਤਾ ਜਾਂ/ਤਫ਼ਤਾ ਜਿਗਰ/ਤਫ਼ਤਾ ਦਿਲ : təfəta jā̃/təfəta jɪgər/təfəta dɪl] ਵਿ: ਸੜਿਆ ਭੁੱਜਿਆ,

ਇਸ਼ਕ ਦੀ ਅੱਗ ਦਾ ਸੜਿਆ ਹੋਇਆ

تفتیش [ਤਫ਼ਤੀਸ਼ : təfətiṣ] *ਇ:* ਤਫ਼ਤੀਸ਼, ਛਾਣ-ਬੀਣ, ਖੋਜ, ਪੁੱਛ-ਪੜਤਾਲ, ਤਲਾਸ਼, ਭਾਲ, ਖ਼ੁਰਚਣ

تفرّج [ਤਫ਼ੱਰੁਜ : təfərruj] *ਪੁ:* ਖ਼ੁਸ਼ਹਾਲੀ; ਸੈਰ, ਤਮਾਸ਼ਾ, ਮੌਜ-ਮੇਲਾ, ਦਿਲ-ਲਗੀ; ਖ਼ੁਸ਼ਹਾਲੀ

تفرقہ [ਤਫ਼ਰਿਕ਼ਾ : təfərɪqa] *ਪੁ:* ਦੋ ਚੀਜ਼ਾਂ ਵਿਚ ਅੰਤਰ ਹੋਣਾ, ਫ਼ਰਕ, ਅੰਤਰ, ਫ਼ਾਸਲਾ, ਵਿੱਥ, ਵਿਤਕਰਾ

تفریح [ਤਫ਼ਰੀਹ़ : təfərih̩] *ਇ:* ਦਿਲਲਗੀ, ਮੌਜ-ਮੇਲਾ, ਸੈਰ-ਸਪਾਟਾ, ਤਾਜ਼ਗੀ, ਸਜਰਾਪਣ, ਅਨੰਦ

تفرید [ਤਫ਼ਰੀਦ : təfərid] *ਇ:* ਇਕੱਲ, ਇਕੱਲਾ ਰਹਿ ਜਾਣ ਦਾ ਭਾਵ

تفریط [ਤਫ਼ਰੀਤ਼ : təfərit] *ਇ:* ਕੁਤਾਹੀ, ਅਣਗਹਿਲੀ, ਕਿਸੇ ਕੰਮ ਵਿਚ ਘਾਟ ਕਰਨਾ

تفریق [ਤਫ਼ਰੀਕ਼ : təfərɪq] *ਇ:* ਵਖਰੇਵਾਂ, ਜੁਦਾਈ; ਘਟਾਓ; ਤਮੀਜ਼; ਵਟਾਈ, ਵੰਡ; ਵਿਸ਼ਲੇਸ਼ਣ, ਵਰਗੀਕਰਨ, ਭਾਗ, ਵਿਭਾਗ, ਘਟਾ, ਵੱਡੇ ਅੰਕੜੇ 'ਚੋਂ ਛੋਟੇ ਅੰਕੜੇ ਨੂੰ ਘਟਾਉਣ ਦੀ ਕਿਰਿਆ

تفسیدہ [ਤਫ਼ਸੀਦਾ : təfəsida] *ਵਿ:* ਗਰਮ, ਤੱਤਾ, ਸੜਿਆ ਹੋਇਆ

تفسیر [ਤਫ਼ਸੀਰ : təfəsir] *ਇ:* ਤਸ਼ਰੀਹ, ਕਲਾਮ ਦੇ ਭਾਗਾਂ ਨੂੰ ਸਪੱਸ਼ਟ ਕਰਨ ਦਾ ਭਾਵ, ਸਪਸ਼ਟਤਾ, ਵਿਸਥਾਰ, ਵਿਆਖਿਆ, ਟੀਕਾ

تفصیل [ਤਫ਼ਸੀਲ : təfəsil] *ਇ:* ਖੋਲ੍ਹ ਕੇ ਦੱਸਣ ਜਾਂ ਵੱਖ ਵੱਖ ਕਰਕੇ ਵਰਣਨ ਕਰਨ ਦੀ ਕ੍ਰਿਆ, ਸਪਸ਼ਟੀਕਰਨ, ਵਿਸਤਾਰ

تفضیح [ਤਫ਼ਜ਼ੀਹ़ : təfəzih̩] *ਇ:* ਬਦਨਾਮੀ, ਬੇਇੱਜ਼ਤੀ

تفکّر [ਤਫ਼ੱਕੁਰ : təfəkkur] *ਪੁ:* ਸੋਚ ਵਿਚਾਰ, ਚਿੰਤਨ

تفنگ [ਤੁਫ਼ੰਗ : tufəŋg] *ਇ:* ਬੰਦੂਕ, ਇਕ ਲੰਮੀ ਨਾਲ਼ੀ ਜਿਸ ਵਿਚੋਂ ਫੂਕ ਰਾਹੀਂ ਤੀਰ ਜਾਂ ਕੰਕਰ ਸੁੱਟਦੇ ਹਨ

تفنگچی [ਤੁਫ਼ੰਗਚੀ : tufəŋgəci] *ਪੁ:* ਬੰਦੂਕਚੀ, ਬੰਦੂਕ ਚਲਾਉਣ ਵਾਲ਼ਾ ਵਿਅਕਤੀ

تفویض [ਤਫ਼ਵੀਜ਼ : təfəwiz] *ਇ:* ਸਪੁਰਦਗੀ, ਹਵਾਲਗੀ, ਸੌਂਪਣੀ

تفہّم [ਤਫ਼ੱਹੁਮ : təfəhhum] *ਪੁ:* ਸਮਝ, ਅਕਲ, ਸੂਝ

تفہیم [ਤਫ਼ਹੀਮ : təfəhim] *ਇ:* ਸਮਝਾਉਣ ਦੀ ਕਿਰਿਆ

تقابُل [ਤਕ਼ਾਬੁਲ : təqabul] *ਪੁ:* ਟਾਕਰਾ, ਮੁਕਾਬਲਾ, ਆਮ੍ਹਣਾ ਸਾਮ੍ਹਣਾ, ਮੁਕਾਬਲੇ 'ਤੇ, ਸਾਮ੍ਹਣੇ ਹੋਣ ਦੀ ਕਿਰਿਆ

تقارُب [ਤਕ਼ਾਰੁਬ : təqarub] *ਪੁ:* ਇਕ ਦੂਜੇ ਦੇ ਨੇੜੇ ਹੋਣ ਦਾ ਭਾਵ, ਅਰਬੀ ਛੰਦ ਸ਼ਾਸਤਰ ਦੀ ਇਕ ਬਹਿਰ ਦਾ ਨਾਂ

تقاریب [ਤਕ਼ਾਰੀਬ : təqarib] *ਇ:* تقریب ਦਾ ਬਹੁਵਚਨ, ਮੌਕੇ, ਸਮਾਰੋਹ, ਰਸਮਾਂ

تقاریر [ਤਕ਼ਾਰੀਰ : təqarir] *ਇ:* تقریر ਦਾ ਬਹੁਵਚਨ, ਤਕਰੀਰਾਂ, ਭਾਸ਼ਣ, ਬਿਆਨ, ਸੰਵਾਦ

تقاضا [ਤਕ਼ਾਜ਼ਾ : təqaza] *ਪੁ:* ਇੱਛਾ, ਖ਼ਾਹਿਸ਼, ਤਲਬ, ਮੰਗ

تقاطُر [ਤਕ਼ਾਤੁਰ : təqatur] *ਪੁ:* ਬੂੰਦਾ-ਬਾਂਦੀ, ਕਿਣ-ਮਿਣ ਕਾਣੀ

تقاوی [ਤਕ਼ਾਵੀ : təqawi] *ਇ:* ਤਕਾਵੀ, ਉਹ ਰਕਮ ਜਿਹੜੀ ਖੇਤੀ ਕਰਨ ਵਾਲ਼ਿਆਂ ਨੂੰ ਸਰਕਾਰ ਵੱਲੋਂ ਬੀਜ ਬਲਦ ਜਾਂ ਹੋਰ ਸਮਾਨ ਖ਼ਰੀਦਣ ਲਈ ਸਹਾਇਤਾ ਵਜੋਂ ਦਿੱਤੀ ਜਾਂਦੀ

ਹੈ

تقبیل [ਤਕ਼ਬੀਲ : təqəbil] *ਇ:* ਚੁੰਮੀ, ਬੋਸਾ

تقدس [ਤਕ਼ੱਦੁਸ : təqəddus] *ਪੁ:* ਪਵਿੱਤਰਤਾ, ਪਾਕੀਜ਼ਗੀ

تقدم [ਤਕ਼ੱਦੁਮ : təqəddum] *ਪੁ:* ਅੱਗੇ ਵਧਣ ਦੀ ਕਿਰਿਆ, ਪੇਸ਼ਕਦਮੀ, ਪਹਿਲ

تقدیر [ਤਕ਼ਦੀਰ : təqədir] *ਇ:* ਤਕਦੀਰ, ਨਸੀਬ, ਕਿਸਮਤ, ਭਾਗ, ਅੰਦਾਜ਼ਾ; ਅਨੁਮਾਨ

تقدیری [ਤਕ਼ਦੀਰੀ : təqədiri] *ਵਿ:* ਤਕਦੀਰੀ, ਤਕਦੀਰ ਨਾਲ਼ ਸੰਬੰਧਿਤ, ਕਿਸਮਤ ਦਾ; ਅਸਲ

تقدیس [ਤਕ਼ਦੀਸ : təqədis] *ਇ:* ਪਾਕੀਜ਼ਗੀ, ਪਵਿੱਤਰਤਾ; ਪਵਿੱਤਰ ਬਣਾਉਣ ਦਾ ਭਾਵ

تقدیم [ਤਕ਼ਦੀਮ : təqədim] *ਇ:* ਪੇਸ਼ ਕਰਨ ਦੀ ਕਿਰਿਆ, ਪ੍ਰਥਮਤਾ, ਪਹਿਲ

تقرب [ਤਕ਼ੱਰੁਬ : təqərrub] *ਪੁ:* ਨਜ਼ਦੀਕੀ, ਨੇੜਤਾ, ਅੰਦਰ ਆਉਣ ਅਰਥਾਤ ਨੇੜੇ ਹੋਣ ਦੀ ਆਗਿਆ ਮੰਗਣਾ

تقرر [ਤਕ਼ੱਰੁਰ : təqərrur] *ਪੁ:* ਠਹਿਰਨਾ, ਨਿਯੁਕਤ ਹੋਣਾ; ਨਿਯੁਕਤੀ, ਨੌਕਰੀ, ਪਕਿਆਈ

تقریراً [ਤਕ਼ਰੀਰਨ : təqərirən] *ਕਿਵਿ:* ਜ਼ਬਾਨੀ ਤੌਰ ਤੇ, ਮੌਖਿਕ ਰੂਪ ਵਿਚ

تقریری [ਤਕ਼ਰੀਰੀ : təqəriri] *ਵਿ:* ਮੌਲਿਕ, ਜ਼ਬਾਨੀ, ਭਾਸ਼ਨ ਨਾਲ਼ ਸੰਬੰਧਿਤ

تقسیم [ਤਕ਼ਸੀਮ : təqəsim] *ਇ:* ਵੰਡ, ਬਟਵਾਰਾ, ਗਣਿਤ ਵਿੱਦਿਆ ਦਾ ਚੌਥਾ ਕਾਇਦਾ

تقشف [ਤਕ਼ੱਸ਼ੁਫ਼ : təqəṣṣuff] *ਪੁ:* ਦਰਵੇਸ਼ੀ, ਗ਼ਰੀਬੀ; ਕਠੋਰ ਜੀਵਨ ਬਤੀਤ ਕਰਨ ਦਾ ਭਾਵ

تقصیر [ਤਕ਼ਸੀਰ : təqəsir] *ਇ:* ਕੁਤਾਹੀ, ਘਾਟ, ਗ਼ਲਤੀ, ਕਸੂਰ, ਦੋਸ਼, ਗੁਨਾਹ, ਪਾਪ, ਭੁੱਲ-ਚੁੱਕ, ਕਮੀ, ਕੰਮ ਵਿਚ ਕੁਤਾਹੀ ਤੇ ਸੁਸਤੀ ਕਰਨ ਦੀ ਕਿਰਿਆ, ਗੁੱਸੇ ਤੇ ਦਰਦ ਦਾ ਜਾਂਦੇ ਰਹਿਣਾ

تقطیر [ਤਕ਼ਤੀਰ : təqətir] *ਇ:* ਕਤਰਾ ਕਤਰਾ ਟਪਕਣ ਦਾ ਭਾਵ, ਪਿਸ਼ਾਬ ਦਾ ਲਗਾਤਾਰ ਆਈ ਜਾਣਾ, ਊਠਾਂ ਦੀ ਕਤਾਰ

تقلب [ਤਕ਼ੱਲੁਬ : təqəlubb] *ਪੁ:* ਉਲਟ ਫੇਰ, ਬਦਲੀ, ਸੋਧ

تقلید [ਤਕ਼ਲੀਦ : təqəlid] *ਇ:* ਨਕਲ, ਪੈਰਵੀ

تقلیل [ਤਕ਼ਲੀਲ : təqəlil] *ਇ:* ਘਾਟ, ਥੁੜ, ਕਮੀ

تقوا [ਤਕ਼ਵਾ : təqəwa] *ਪੁ:* ਸਹਾਰਾ, ਭਰੋਸਾ, ਹਿੰਮਤ, ਤਸੱਲੀ

تقویت [ਤਕ਼ਵੀਯਤ : təqəwiyət] *ਇ:* ਤਾਕਤ, ਸ਼ਕਤੀ; ਤਸੱਲੀ, ਵਿਸ਼ਵਾਸ, ਭਰੋਸਾ; ਇਤਬਾਰ, ਢਾਰਸ

تقویم [ਤਕ਼ਵੀਮ : təqəwim] *ਇ:* ਸਿੱਧਾ ਕਰਨ ਜਾਂ ਠੀਕ ਕਰਨ ਦਾ ਭਾਵ; ਅੰਦਾਜ਼ਾ, ਅੰਦਾਜ਼; ਜੰਤਰੀ, ਪੱਤਰੀ, ਕਲੰਡਰ

تقویمی [ਤਕ਼ਵੀਮੀ : təqəwimi] *ਵਿ:* ਜੰਤਰੀ ਸੰਬੰਧੀ

تقی [ਤਕ਼ੀ : təqi] *ਵਿ:* ਖ਼ੁਦਾ ਤੋਂ ਡਰਨ ਵਾਲ਼ਾ, ਪਰਹੇਜ਼ਗਾਰ, ਪਾਰਸਾ

تقیّد [ਤਕ਼ੀਯੁੱਦ : təqəyyud] *ਪੁ:* ਤਾਕੀਦ, ਕੈਦ, ਧਮਕੀ

تک [ਤੁਕ : tuk] *ਪੁ:* ਕਵਿਤਾ ਜਾਂ ਗ਼ਜ਼ਲ ਦਾ ਇਕ ਸ਼ਿਅਰ; ਉਹ ਗੱਲ ਜਿਹੜੀ ਆਪਣੇ ਵੱਲੋਂ ਬਣਾਈ ਜਾਵੇ; ਪੰਛੀਆਂ ਦੀ ਚੁੰਝ, ਸਿਰਾ, ਨੋਕ, ਮੱਧਮ

تکاسل [ਤਕ਼ਾਸੁਲ : təkasul] *ਪੁ:* ਸੁਸਤੀ, ਆਲਸ, ਅਰਾਮ-ਤਲਬੀ

تکالیف [ਤਕਾਲੀਫ਼ : təkalif] *ਇ:* تکلیف ਦਾ ਬਹੁਵਚਨ, ਤਕਲੀਫ਼ਾਂ, ਕਸ਼ਟ, ਮੁਸੀਬਤਾਂ, ਔਕੜਾਂ; ਫ਼ਰਜ਼, ਕਰਤੱਵ

تکان [ਤਕਾਨ : təkan] *ਇ:* ਥਕਾਵਟ, ਮਾਂਦਗੀ,

ਧੱਕਾ, ਝਟਕਾ, ਟੱਕਰ

تکبر [ਤਕੱਬਰ : təkəbbər] *ਪੁ:* ਘੁਮੰਡ, ਗਰੂਰ, ਹੰਕਾਰ, ਅਭਿਮਾਨ, ਆਪਣੇ ਆਪ ਨੂੰ ਵੱਡਾ ਸਮਝਣ ਦਾ ਭਾਵ

تکبکی [ਤਕਬਕੀ : təkəbəki] *ਇ:* ਜਲਦੀ, ਸ਼ਤਾਬੀ, ਬੇਤਾਬੀ, ਬੇਚੈਨੀ

تک بندی [ਤੁਕਬੰਦੀ : tukəbəndi] *ਇ:* ਤੁਕਬੰਦੀ, ਅਜਿਹੇ ਸ਼ਿਅਰ ਜਿਨ੍ਹਾਂ ਦਾ ਵਜ਼ਨ ਰਦੀਫ਼ ਕਾਫ਼ੀਆ ਦਰੁਸਤ ਨਾ ਹੋਵੇ, ਕਵਿਤਾ ਦੀ ਤੁਕਾਂਤ ਮਿਲਾਉਣ ਦੀ ਕਿਰਿਆ

تکبیر [ਤਕਬੀਰ : təkəbir] *ਇ:* 'ਅੱਲ੍ਹਾ ਹੁ ਅਕਬਰ' ਕਹਿਣਾ, ਖ਼ੁਦਾ ਦੀ ਵਡਿਆਈ ਕਰਨ ਦਾ ਭਾਵ

تکثیر [ਤਕਸੀਰ : təkəsir] *ਇ:* ਜ਼ਿਆਦਤੀ, ਬਹੁਤਾਤ

تکدّر [ਤਕੱਦੁਰ : təkəddur] *ਪੁ:* ਗੰਧਲਾਪਣ, ਮੈਲ਼ਾਪਣ, ਦਿਲ ਦੀ ਪਰੇਸ਼ਾਨੀ

تکدِمہ [ਤਕਦਿਮਾ : təkədıma] *ਪੁ:* ਉਹ ਰਕਮ ਜਿਹੜੀ ਕਾਰੀਗਰਾਂ ਨੂੰ ਪੇਸ਼ਗੀ ਵਜੋਂ ਦਿੱਤੀ ਜਾਵੇ, ਹਿਸਾਬ ਦਾ ਅੰਦਾਜ਼ਾ, ਬਜਟ

تکذیب [ਤਕਜ਼ੀਬ : takəzib] *ਇ:* ਝੂਠ ਬੋਲਣ ਦਾ ਦੂਸ਼ਣ

تکرار [ਤਕਰਾਰ : təkərar] *ਇ:* ਮੁੜ ਮੁੜ ਕਹਿਣ ਜਾਂ ਦੁਹਰਾਉਣ ਦੀ ਕਿਰਿਆ, ਜ਼ੁਬਾਨੀ ਝਗੜਾ; ਉਜ਼ਰ, ਬਹਿਸ, ਸਵਾਲ ਜਵਾਬ

تکرُر [ਤਕੱਰੁਰ : təkərrur] *ਪੁ:* ਦੁਹਰਾਉਣ ਜਾਂ ਮੁੜ ਮੁੜ ਕਹਿਣ ਦਾ ਭਾਵ

تکریم [ਤਕਰੀਮ : təkərim] *ਇ:* ਆਉ-ਭਗਤ, ਸੁਆਗਤ, ਇੱਜ਼ਤ, ਮਾਣ, ਸਤਿਕਾਰ, ਵਡਿਆਈ

تکسّل [ਤਕੱਸੁਲ : təkəssul] *ਪੁ:* ਸੁਸਤੀ, ਆਲਸ, ਬਿਮਾਰੀ

تکفّل [ਤਕੱਫ਼ੁਲ : təkəfful] *ਪੁ:* ਜ਼ਿੰਮੇਦਾਰੀ, ਸ਼ਾਹਦੀ, ਜ਼ਾਮਨੀ, ਜ਼ਮਾਨਤ

تکفیر [ਤਕਫ਼ੀਰ : təkəfir] *ਇ:* ਕੁਫ਼ਰ ਦਾ ਫ਼ਤਵਾ ਦੇਣ ਦੀ ਕਿਰਿਆ, ਕਾਫ਼ਰ

تکفیل [ਤਕਫ਼ੀਲ : təkəfil] *ਇ:* ਜ਼ਮਾਨਤ ਦੇਣ ਜਾਂ ਜ਼ਮਾਨਤੀ ਬਣਨ ਦਾ ਭਾਵ, ਜ਼ਿੰਮੇਦਾਰੀ

تکفین [ਤਕਫ਼ੀਨ : təkəfin] *ਇ:* ਮੁਰਦੇ 'ਤੇ ਕਫ਼ਨ ਪਾਉਣ ਦਾ ਭਾਵ

تکلّف [ਤਕੱਲੁਫ਼ : təkəlluf] *ਪੁ:* ਕਸ਼ਟ ਉਠਾ ਕੇ ਕੋਈ ਕੰਮ ਕਰਨ ਦਾ ਭਾਵ, ਟੀਪ-ਟਾਪ, ਵਿਖਾਵਾ, ਖੇਚਲ

تکلّم [ਤਕੱਲੁਮ : təkəllum] *ਪੁ:* ਗੱਲ-ਕਥ, ਬੋਲ ਚਾਲ, ਗੱਲ-ਬਾਤ, ਗੁਫ਼ਤਗੂ

تکلیف [ਤਕਲੀਫ਼ : təkəlif] *ਇ:* ਤਕਲੀਫ਼, ਦੁੱਖ, ਰੰਜ, ਕਸ਼ਟ; ਦਰਦ; ਮੁਸੀਬਤ, ਤੰਗੀ, ਦੁਸ਼ਵਾਰੀ, ਦਿੱਕਤ

تکملہ [ਤਕਮਿਲਾ : təkəmıla] *ਪੁ:* ਜ਼ਮੀਮਾ, ਪਰਿਸ਼ਿਸ਼ਟ ਜੋ ਮੂਲ ਵਿਚਾਰਾਂ ਨੂੰ ਸੰਪੂਰਨ ਕਰ ਦੇਣ

تکمیل [ਤਕਮੀਲ : təkəmil] *ਇ:* ਪੂਰਾ ਕਰਨ ਜਾਂ ਮੁਕੰਮਲ ਕਰਨ ਦਾ ਭਾਵ, ਅੰਤ, ਫਲ਼

تکوین [ਤਕਵੀਨ : təkəwin] *ਇ:* ਪੈਦਾ ਕਰਨ ਜਾਂ ਉਤਪਤੀ ਕਰਨ ਦਾ ਭਾਵ

تکیہ [ਤਕਯਾ : təkəya] *ਪੁ:* ਸਰ੍ਹਾਣਾ, ਅਰਾਮ ਦੀ ਜਗ੍ਹਾ, ਸਰ੍ਹਾਣੇ ਰੱਖਣ ਦੀ ਚੀਜ਼; ਭਰੋਸਾ, ਫ਼ਕੀਰਾਂ ਦੇ ਰਹਿਣ ਦੀ ਥਾਂ, ਇਮਾਮਬਾੜਾ, ਕਬਰਿਸਤਾਨ, ਵਿਸ਼ਰਾਮ

تکیہ کلام [ਤਕਯਾ ਕਲਾਮ : təkəya kəlam] *ਪੁ:* ਉਹ ਸ਼ਬਦ ਜਿਹੜਾ ਸੁਭਾ ਅਨੁਸਾਰ ਗੱਲਬਾਤ ਕਰਦਿਆਂ ਮੁੜ ਮੁੜ ਬੋਲਿਆ ਜਾਵੇ

تگ [ਤਗ : təg] *ਇ:* ਭੱਜ-ਨੱਠ, ਦੌੜ-ਭੱਜ; ਜਤਨ; ਭਾਲ਼

تگاپو [ਤਗਾਪੂ : təgapu] *ਇ:* ਤਾਵਲ; ਦੌੜ-ਭੱਜ, ਤਲਾਸ਼, ਭਾਲ਼

تگرگ [ਤਗਰਗ : təgərəg] *ਪੁ:* ਔਲ਼ਾ, ਗੜਾ

تل [ਤੱਲ : təll] *ਪੁ:* ਟੀਸੀ, ਟਿੱਲਾ; ਪਹਾੜੀ, ਢੇਰ, ਤੋਦਾ; ਖੰਡਰਾਂ ਦਾ ਢੇਰ

تلازم [ਤਲਾਜ਼ੁਮ : təlazum] *ਪੁ:* ਇਕੋ ਜਿਹੇ ਲਾਗੂ ਹੋਣ ਦਾ ਭਾਵ

تلاش [ਤਲਾਸ਼ : təlaṣ] *ਇ:* ਤਲਾਸ਼, ਢੂੰਡ-ਭਾਲ਼, ਪੜਤਾਲ; ਜਤਨ, ਕੋਸ਼ਿਸ਼

تلاشی [ਤਲਾਸ਼ੀ : təlaṣi] *ਇ:/ਪੁ:* ਤਲਾਸ਼ੀ, ਢੂੰਡਣ ਵਾਲ਼ਾ ਵਿਅਕਤੀ, ਗੁੰਮੀ ਹੋਈ ਚੀਜ਼ ਲੱਭਣ ਲਈ ਕੱਪੜਿਆਂ ਤੇ ਬਾਕੀ ਸਾਮਾਨ ਦੀ ਪੜਤਾਲ

تلاطم [ਤਲਾਤੁਮ : təlatum] *ਪੁ:* ਮੌਜਾਂ ਦਾ ਜ਼ੋਰ, ਲਹਿਰਾਂ ਦੇ ਥਪੇੜੇ; ਮੌਜ, ਲਹਿਰ; ਜੋਸ਼, ਵਲਵਲਾ

تلافی [ਤਲਾਫ਼ੀ : təlafi] *ਇ:* ਨੁਕਸਾਨ ਦਾ ਇਵਜ਼, ਨੁਕਸਾਨ ਦਾ ਬਦਲਾ

تلام [ਤਲਾਮ : təlam] *ਪੁ:* ਬਹੁਤੇ ਖ਼ਾਦਮ ਨੌਕਰ ਜਾਂ ਸੇਵਾਦਾਰ

تلاوت [ਤਿਲਾਵਤ : tilawət] *ਇ:* ਕੁਰਾਨ ਸ਼ਰੀਫ਼ ਨੂੰ ਲੈਅ ਨਾਲ਼ ਪੜ੍ਹਨ ਦੀ ਕਿਰਿਆ

تلبیس [ਤਲਬੀਸ : təlabis] *ਇ:* ਫ਼ਰੇਬ, ਛੱਲ, ਮਕਰ, ਦਗ਼ਾ, ਧੋਖਾ, ਭੇਖ, ਪਖੰਡ

تلبیسِ لباس [ਤਲਬੀਸ-ਏ-ਲਿਬਾਸ : təlabis-e-libas] *ਇ:* ਧੋਖਾ ਦੇਣ ਲਈ ਸਰਕਾਰੀ ਵਰਦੀ ਜਾਂ ਕੋਈ ਹੋਰ ਖਾਸ ਲਿਬਾਸ, ਬਹੁਰੂਪ ਧਾਰਨ ਦਾ ਲਿਬਾਸ

تلخ [ਤਲਖ਼ : təlax] *ਵਿ:* ਤੇਜ਼, ਕੌੜਾ, ਖਰ੍ਹਵਾ, ਰੁਰਸ਼, ਬੇਸੁਆਦ, ਚੰਗਾ ਨਾ ਲੱਗਣ ਵਾਲ਼ਾ; ਸਖ਼ਤ, ਕਰੜਾ

تلخی [ਤਲਖ਼ੀ : təlaxi] *ਇ:* ਕੁੜੱਤਣ, ਕੌੜ, ਸਖ਼ਤੀ, ਤੇਜ਼ੀ, ਵਿਰੋਧਤਾ, ਦੁਸ਼ਮਣੀ

تلخیص [ਤਲਖ਼ੀਸ : təlaxis] *ਇ:* ਪਵਿੱਤਰ ਤੇ ਸਾਫ਼ ਕਰਨ ਦਾ ਭਾਵ, ਖ਼ੁਲਾਸਾ ਕਰਨ ਦੀ ਕਿਰਿਆ, ਖ਼ੁਲਾਸਾ, ਸਾਰ

تلذذ [ਤਲੱਜ਼ੁਜ਼ : təlazuz] *ਪੁ:* ਸੁਆਦ, ਮਜ਼ਾ, ਅਨੰਦ

تلطف [ਤਲੱਤੁਫ਼ : təlattuf] *ਪੁ:* ਮਿਹਰਬਾਨੀ, ਕਿਰਪਾ, ਕਰਮ, ਬਖ਼ਸ਼ਿਸ਼, ਦਇਆ

تلف [ਤਲਫ਼ : təlaf] *ਵਿ:* ਬਰਬਾਦ, ਤਬਾਹ, ਗੁੰਮ

تلقین [ਤਲਕ਼ੀਨ : təlaqin] *ਇ:* ਸਿੱਖਿਆ, ਵਿੱਦਿਆ, ਸਿਖਲਾਈ, ਨਸੀਹਤ

تلملانا [ਤਲਮਲਾਨਾ : təlaməlana] *ਕਿ:* ਬੇਚੈਨ ਹੋਣਾ, ਘਬਰਾਉਣਾ

تلمذ [ਤਲਮੁਜ਼ : təlamuz] *ਪੁ:* ਚੇਲਾ ਬਣਨ ਦਾ ਭਾਵ, ਸ਼ਾਗਿਰਦੀ

تلمیح [ਤਲਮੀਹ़ : təlamiḥ] *ਇ:* ਕਲਾਮ/ਕਵਿਤਾ ਵਿਚ ਕਿਸੇ ਘਟਨਾ ਵੱਲ ਕੀਤਾ ਇਸ਼ਾਰਾ, ਕੁਰਾਨ ਸ਼ਰੀਫ਼ ਦੀ ਕੋਈ ਆਯਤ ਜਾਂ ਟੁਕ ਆਪਣੇ ਕਲਾਮ ਵਿਚ ਲਿਆਉਣਾ; ਇਤਿਹਾਸਿਕ ਜਾਂ ਮਿਥਹਾਸਿਕ ਹਵਾਲਾ

تلمیذ [ਤਲਮੀਜ਼ : təlamiz] *ਪੁ:* ਚੇਲਾ, ਸ਼ਗਿਰਦ, ਮੁਰੀਦ

تلنا [ਤੁਲਨਾ : tulana] *ਕਿ:* ਤੋਲ ਕੀਤਾ ਜਾਣਾ, ਕਿਸੇ ਕੰਮ ਨੂੰ ਕਰਨ ਲਈ ਦ੍ਰਿੜ੍ਹ ਹੋਣਾ

تلوا [ਤਲਵਾ : təlawa] *ਪੁ:* ਅੱਡੀ ਤੇ ਪੰਜੇ ਦੇ ਵਿਚਕਾਰ ਦਾ ਹਿੱਸਾ, ਪੈਰ ਦੇ ਥੱਲੇ ਦਾ ਹਿੱਸਾ

تلوار [ਤਲਵਾਰ : təlawar] *ਇ:* ਤੇਗ, ਕਿਰਪਾਨ

تلوّن [ਤਲੱਵੁਨ : təlawwun] *ਪੁ:* ਰੰਗ ਬਦਲਣ ਜਾਂ ਕਿਸੇ ਗੱਲ ਤੇ ਨਾ ਟਿਕਣ ਦਾ ਭਾਵ, ਹੋਛਾਪਣ, ਚੰਚਲਪੁਣਾ

تلے [ਤਲੇ : təle] *ਕਿਵਿ:* ਨੀਚੇ, ਥਲੇ, ਅਧੀਨ, ਜ਼ਮੀਨ 'ਤੇ

تم [ਤੁਮ : tum] *ਪੜ:* ਤੂੰ, ਤੁਸੀਂ

تماشل [ਤਮਾਸ਼ੁਲ : təmasul] *ਪੁ:* ਬਰਾਬਰੀ, ਕਿਸੇ ਵਰਗਾ ਹੋਣ ਦਾ ਭਾਵ, ਸਮਾਨਤਾ, ਬੀਮਾਰੀ ਤੋਂ ਮਿਲਿਆ ਆਰਾਮ

تماثیل [ਤਮਾਸੀਲ : təmasil] *ਪੁ:* تمثال ਦਾ ਬਹੁਵਚਨ, ਤਸਵੀਰਾਂ, ਮੂਰਤਾਂ; ਸ਼ਾਹੀ ਫ਼ੁਰਮਾਨ

تماچہ/تماچا [ਤਮਾਚਾ : təmaca] *ਪੁ:* ਤਮਾਂਚਾ; ਥੱਪੜ, ਚਪੇੜ, ਚਾਂਟਾ

تمادی [ਤਮਾਦੀ : təmadi] *ਇ:* ਮੁੱਦਤ, ਸਮਾਂ; ਬਹੁਤ ਲੰਮਾ ਸਮਾਂ

تمارض [ਤਮਾਰੁज़ : təmaruz] *ਪੁ:* ਬੀਮਾਰੀ ਦਾ ਬਹਾਨਾ

تمازت [ਤਮਾज़ਤ : təmazət] *ਇ:* ਬਹੁਤ ਜ਼ਿਆਦਾ ਗਰਮੀ

تماشا [ਤਮਾਸ਼ਾ : təmaṣa] *ਪੁ:* ਪੈਦਲ ਚੱਲਣ ਦਾ ਭਾਵ, ਸੈਰ, ਨਜ਼ਾਰਾ; ਖੇਡ; ਭੀੜ, ਲੜਾਈ-ਝਗੜਾ, ਠੱਠਾ, ਅਜੀਬ ਗੱਲ, ਦਿਖਾਵਾ, ਸਵਾਂਗ, ਨਾਟਕ

تماش بین [ਤਮਾਸ਼ਬੀਨ : təmaṣəbin] *ਵਿ:* ਤਮਾਸ਼ਾ ਵੇਖਣ ਵਾਲ਼ਾ, ਤਮਾਸ਼ਾਈ, ਰੰਡੀਬਾਜ਼, ਬਦਚਲਨ, ਬਦਕਾਰ, ਵੈਲੀ

تماش بینی [ਤਮਾਸ਼ਬੀਨੀ : təmaṣəbini] *ਇ:* ਤਮਾਸ਼ਾ ਦੇਖਣ ਦੀ ਕਿਰਿਆ; ਰੰਗ ਰਲ਼ੀਆਂ, ਬਦਕਾਰੀ, ਰੰਡੀਬਾਜ਼ੀ, ਠਰਕ, ਵੈਲ

تماش گیر [ਤਮਾਸ਼ਗੀਰ : təmaṣəgir] *ਵਿ:* ਤਮਾਸ਼ਾ ਵੇਖਣ ਵਾਲ਼ਾ

تمام [ਤਮਾਮ : təmam] *ਵਿ:* ਤਮਾਮ, ਕੁਲ, ਸਭ, ਸਾਰੇ; ਮੁਕੰਮਲ, ਸੰਪੂਰਨ, ਖ਼ਾਲਸ, ਅਖ਼ੀਰ, ਕਾਫ਼ੀ, ਸਹੀ, ਠੀਕ; ਅੰਤ

تمام تر [ਤਮਾਮ ਤਰ : təmam tər] *ਕਿਵਿ:* ਮੁਕੰਮਲ ਤੌਰ ਤੇ, ਸੰਪੂਰਨ; ਸਾਰੇ ਦਾ ਸਾਰੇ, ਬਿਲਕੁਲ

تمامی [ਤਮਾਮੀ : təmami] *ਇ:* ਕਮਾਲ; ਸਿੱਟਾ, ਫੱਲ਼, ਅੰਤ; ਅਖ਼ੀਰ; ਪੂਰਨ, ਤਮਸਾਲ, ਤੁਲਨਾ

تمباکو [ਤਮਬਾਕੂ : təməbaku] *ਪੁ:* ਤਮਾਕੂ, ਪ੍ਰਸਿਧ ਪੌਦਾ ਜਿਸ ਦੇ ਪੱਤੇ ਹੁੱਕੇ ਵਿਚ ਪੀਣ ਅਤੇ ਪਾਨ ਨਾਲ਼ ਖਾਣ ਵਿਚ ਕੰਮ ਆਉਂਦੇ ਹਨ

تمت [ਤੱਮਤ : təmmət] *ਕਿ:* ਪੂਰਨ ਹੋਈ, ਖਤਮ ਹੋਈ

تمتع [ਤਮੱਤੁਅ : təmattu'] *ਪੁ:* ਲਾਭ ਪ੍ਰਾਪਤ ਕਰਨ ਜਾਂ ਫਲ਼ ਪਾਉਣ ਪਾ ਭਾਵ, ਲਾਭ

تمثال [ਤਿਮਸਾਲ : timəsal] *ਇ:* ਸੂਰਤ, ਮੂਰਤ, ਪੁਤਲਾ, ਸ਼ਾਹੀ ਫ਼ੁਰਮਾਨ

تمثل [ਤਮੱਸੁਲ : təməssul] *ਪੁ:* ਤਸ਼ਬੀਹ ਦੇਣ ਜਾਂ ਉਦਾਹਰਣ ਦੇਣ ਦਾ ਭਾਵ

تمثیل [ਤਮਸੀਲ : təməsil] *ਇ:* ਤਸ਼ਬੀਹ, ਉਦਾਹਰਨ, ਦ੍ਰਿਸ਼ਟਾਂਤ, ਨਾਟਕ

تمثیلاً [ਤਮਸੀਲਨ : təməsilən] *ਕਿਵਿ:* ਉਦਾਹਰਨ ਵਜੋਂ, ਮਿਸਾਲ ਤੇ ਤੌਰ ਤੇ

تمدد [ਤਮੱਦੁਦ : təməddud] *ਪੁ:* ਖਿਚਾ, ਰੰਜਸ਼, ਰੜਕ

تمدن [ਤਮੱਦੁਨ : təməddun] *ਪੁ:* ਮਿਲ ਕੇ ਰਹਿਣ ਦਾ ਢੰਗ, ਸ਼ਹਿਰ ਵਿਚ ਨਿਵਾਸ, ਸ਼ਹਿਰ ਦਾ ਪ੍ਰਬੰਧ, ਤਹਿਜ਼ੀਬ, ਸਭਿਅਤਾ

تمر [ਤਮਰ : təmər] *ਪੁ:* ਖਜੂਰ, ਸੁੱਕੀ ਖਜੂਰ; ਅੱਖ ਦੀ ਇਕ ਬੀਮਾਰੀ ਦਾ ਨਾਂ

تمرہندی [ਤਮਰ ਹਿੰਦੀ : təmər hīdi] *ਪੁ:* ਇਮਲੀ, ਇਮਲੀ ਦਾ ਬਿਰਛ

تمرّد [ਤਮੱਰੁद : təmərrud] *ਪੁ:* ਗੁਸਤਾਖ਼ੀ, ਨਾ-ਫ਼ਰਮਾਨੀ, ਬਗ਼ਾਵਤ

تمرین [ਤਮਰੀਨ : təmərin] *ਇ:* ਆਦਤ, ਅਭਿਆਸ

تمسخر [ਤਮਸਖ਼ਰ : təməsəxur] *ਪੁ:* ਮਸਖ਼ਰਾ-ਪਣ, ਹਾਸਾ, ਮਜ਼ਾਕ, ਠੱਠਾ

تمسک [ਤਮੱਸੁਕ : təməssuk] *ਪੁ:* ਪਕੜ, ਇਕਰਾਰਨਾਮਾ, ਦਸਤਾਵੇਜ਼, ਲਿਖਤ; ਕਿਸੇ ਗੱਲ ਨਾਲ਼ ਬੱਝਣਾ

تمغا [ਤਮਗ਼ਾ : təməġa] *ਪੁ:* ਸ਼ਾਹੀ ਮੋਹਰ, ਨਿਸ਼ਾਨ; ਸਨਦ; ਸੋਨੇ ਚਾਂਦੀ ਦਾ ਬਣਿਆ ਹੋਇਆ ਨਿਸ਼ਾਨ ਜਿਹੜਾ ਇਨਾਮ ਵਜੋਂ ਦਿੱਤਾ ਜਾਂਦਾ ਹੈ, ਸਿੱਕਾ

تمکن [ਤਮੱਕੁਨ : təməkkun] *ਪੁ:* ਤਾਕਤ, ਅਧਿਕਾਰ, ਕਾਬੂ

تمکنت [ਤਮੱਕਿਨਤ : təmə'kınət] *ਇ:* ਇਖ਼ਤਿਆਰ, ਹਕੂਮਤ, ਜ਼ੋਰ; ਗ਼ਰੂਰ, ਘੁਮੰਡ, ਸ਼ਾਨ-ਸ਼ੌਕਤ, ਰੋਹਬ, ਸ਼ਾਨ-ਬਾਨ

تمکین [ਤਮਕੀਨ : təməkin] *ਇ:* ਤਾਕਤ, ਜ਼ੋਰ, ਸ਼ਕਤੀ, ਮਰਤਬਾ, ਰੁਤਬਾ; ਇੱਜ਼ਤ, ਸਤਿਕਾਰ

تملق [ਤਮੱਲੁਕ਼ : təmælluq] *ਪੁ:* ਨਰਮੀ, ਖ਼ੁਸ਼ਾਮਦ, ਚਾਪਲੂਸੀ

تملیک [ਤਮਲੀਕ : təmælik] *ਇ:* ਕਿਸੇ ਨੂੰ ਕਿਸੇ ਚੀਜ਼ ਦਾ ਮਾਲਕ ਬਣਾ ਦੇਣ ਦਾ ਭਾਵ

ثمن [ਤੁਮਨ : tumən] *ਪੁ:* ਵੀਹ ਰੁਪਏ ਦਾ ਨੋਟ; ਤੁਮਾਨ; ਦਸ ਹਜ਼ਾਰ; ਰਸਾਲਾ; ਪਲਟਨ, ਸੌ ਸਵਾਰਾਂ ਦਾ ਦਸਤਾ, ਫ਼ੌਜੀ ਜਵਾਨ; ਉਪਲਬਧ ਕਰਨ ਵਾਲ਼ਾ ਵਿਅਕਤੀ

تمنا [ਤਮੱਨਾ : təmənna] *ਇ:* ਖ਼ਾਹਸ਼, ਸ਼ੌਕ; ਦਰਖ਼ਾਸਤ; ਲੋਚਾ, ਲਾਲਸਾ, ਇੱਛਾ

ثمن دار [ਤੁਮਨਦਾਰ : tumənəndar] *ਵਿ:* ਰਸਾਲੇ ਦਾ ਕਮਾਂਡਰ

تموج [ਤਮੱਵੁਜ : təməwwuj] *ਪੁ:* ਪਾਣੀ ਦੀਆਂ ਠਾਠਾਂ, ਲਹਿਰਾਂ ਦਾ ਉੱਠਣਾ, ਉਤਰਾ-ਚੜ੍ਹਾ

تموز [ਤਮੂਜ਼ : təmuz] *ਪੁ:* ਸ਼ਾਮੀਆਂ ਦੇ ਇਕ ਮਹੀਨੇ ਦਾ ਨਾਮ ਜੋ ਜੁਲਾਈ ਜਾਂ ਸਾਵਣ ਮਹੀਨੇ ਅਨੁਸਾਰ ਹੁੰਦਾ ਹੈ, ਸਖ਼ਤ ਗਰਮੀ

تموّل [ਤਮੱਵੁਲ : təməwwul] *ਪੁ:* ਦੌਲਤਮੰਦੀ, ਮਾਲਦਾਰੀ, ਅਮੀਰੀ

تمہارا [ਤੁਮਹਾਰਾ : tumɔhara] *ਪੜ:* ਤੁਹਾਡਾ, ਆਪ ਦਾ

تمہاری [ਤੁਮਹਾਰੀ : tumɔhari] *ਪੜ:* ਤੁਹਾਡੀ, ਆਪ ਸਭ ਦੀ

تمہید [ਤਮਹੀਦ : təmɔhid] *ਇ:* ਕਿਸੇ ਗੱਲ ਦਾ ਅਰੰਭ, ਕਿਸੇ ਵਿਸ਼ੇ ਦੀ-ਭੂਮਿਕਾ, ਕਿਸੇ ਮਜ਼ਮੂਨ ਦਾ ਸਿਰਲੇਖ, ਅਰੰਭ ਕਾਰਜ

تمہیدی [ਤਮਹੀਦੀ : təmɔhidi] *ਵਿ:* ਆਰੰਭਿਕ, ਸ਼ੁਰੂ ਦਾ

تمیز [ਤਮੀਜ਼ : təmiz] *ਇ:* ਸ਼ਨਾਖਤ, ਪਛਾਣ, ਜਾਂਚ, ਅਕਲ, ਅਦਬ; ਝੂਠ ਸੱਚ ਦਾ ਨਿਤਾਰਾ ਕਰਨ ਦੀ ਸ਼ਕਤੀ

تمیزدار [ਤਮੀਜ਼ਦਾਰ : təmizədar] *ਵਿ:* ਅਦਬ ਵਾਲ਼ਾ, ਸਤਿਕਾਰ ਕਰਨ ਵਾਲ਼ਾ, ਲਾਇਕ, ਹੁਸ਼ਿਆਰ, ਸਿਆਣਾ

تن [ਤਨ : tən] *ਪੁ:* ਜਿਸਮ, ਸਰੀਰ, ਪਿੰਡਾ; ਸ਼ਖਸ; ਆਦਮੀ, ਵਿਅਕਤੀ; ਚੁਪ

تنازع [ਤਨਾਜ਼ੁਅ : tənazu'ə] *ਪੁ:* ਫ਼ਸਾਦ, ਝਗੜਾ, ਬਖੇੜਾ, ਤਕਰਾਰ; ਰੰਜਸ਼, ਦੁਸ਼ਮਣੀ

تنازعہ [ਤਨਾਜ਼ਿਆ : tənazi'ə] *ਪੁ:* ਫ਼ਸਾਦ, ਝਗੜਾ, ਤਕਰਾਰ

تن آساں [ਤਨ-ਏ-ਆਸਾਂ : tən-e-asã] *ਵਿ:* ਸੁਖ-ਰਹਿਣਾ, ਆਰਾਮ-ਤਲਬ, ਤਨ-ਪਰਵਰ

تناسب [ਤਨਾਸੁਬ : tənasub] *ਪੁ:* ਸਮਾਨਤਾ, ਬਰਾਬਰੀ, ਪਰਸਪਰ ਸਬੰਧਿਤ ਹੋਣ ਦਾ ਭਾਵ

تناسخ [ਤਨਾਸੁਖ਼ : tənasux] *ਪੁ:* ਇਕ ਸ਼ਕਲ

ਤੋਂ ਦੂਜੀ ਸ਼ਕਲ ਵਿਚ ਜਾਣਾ, ਰੂਹ ਦਾ ਇਕ ਸਰੀਰ 'ਚੋਂ ਦੂਜੇ ਵਿਚ ਜਾਣਾ, ਜ਼ਮਾਨੇ ਦਾ ਆਵਾ-ਗਵਣ ਸਮੇਂ ਗਰਦਸ਼ ਕਰਨਾ; ਪਹਿਲੇ ਵਾਰਸ ਪਿੱਛੋਂ ਦੂਜੇ ਵਾਰਸ ਦਾ ਸੰਪਤੀ ਦੀ ਵੰਡ ਤੋਂ ਪਹਿਲਾਂ ਮਰ ਜਾਣਾ

تناسُل [ਤਨਾਸੁਲ : tənasul] *ਪੁ:* ਸੰਤਾਨ ਦੀ ਉਤਪਤੀ, ਪਰਿਵਾਰ ਦਾ ਵਾਧਾ, ਨਸਲ ਦਾ ਜਾਰੀ ਹੋਣਾ

تنافُر [ਤਨਾਫ਼ੁਰ : tənafur] *ਪੁ:* ਘਿਰਨਾ ਕਰਨ ਦਾ ਭਾਵ, ਕੁੱਝ ਅਜਿਹੇ ਸ਼ਬਦ ਜਿਹੜੇ ਇਕ ਥਾਂ ਇਕੱਠੇ ਹੋਣ ਅਤੇ ਜਿਨ੍ਹਾਂ ਦਾ ਉਚਾਰਨ ਜ਼ਬਾਨ 'ਤੇ ਭਾਰੂ ਹੋਵੇ ਅਤੇ ਜਿਨ੍ਹਾਂ ਦੇ ਨਾਲ਼ ਜ਼ਬਾਨ ਨੂੰ ਨਫ਼ਰਤ ਹੋਵੇ

تناقُض [ਤਨਾਕੁਜ਼ : tənaquz] *ਪੁ:* ਇਕ ਦੂਜੇ ਦੀ ਵਿਪਰੀਤਤਾ, ਵਿਰੋਧ

تناؤ [ਤਨਾਓ : tənao] *ਪੁ:* ਤਣਾਓ, ਅਣਬਣ, ਖਿੱਚ, ਖਿੱਚੋ-ਤਾਣ, ਕਿਸੇ ਚੀਜ਼ ਨੂੰ ਖਿੱਚਣ ਦੀ ਤਾਕਤ

تناور [ਤਨਾਵਰ : tənawər] *ਵਿ:* ਮੋਟਾ, ਤਾਕਤਵਰ, ਵਡ-ਅਕਾਰੀ (ਚੀਜ਼)

تن بدن [ਤਨ ਬਦਨ : ten bədən] *ਪੁ:* ਸਾਰਾ ਸ਼ਰੀਰ, ਪੂਰਾ ਸ਼ਰੀਰ

تنبورا [ਤੰਬੂਰਾ : tãbura] *ਪੁ:* ਇਕ ਪ੍ਰਕਾਰ ਦਾ ਵਾਜਾ; ਇਕ ਪ੍ਰਕਾਰ ਦਾ ਛੋਟਾ ਢੋਲ

تنبورچی [ਤੰਬੂਰਚੀ : tãburəci] *ਪੁ:* ਤੰਬੂਰ ਵਜਾਉਣ ਵਾਲ਼ਾ ਕਲਾਕਾਰ

تنبیہ [ਤੰਬੀਹ : tãbih] *ਇ:* ਝਿੜਕ, ਮਲਾਮਤ, ਨਸੀਹਤ, ਸਜ਼ਾ; ਖ਼ਬਰਦਾਰੀ, ਆਗਾਹੀ, ਚੇਤਾਵਨੀ

تنخواہ [ਤਨਖ਼ਵਾਹ : tənəxəwah] *ਇ:* ਤਨਖ਼ਾਹ, ਸੇਵਾ ਫਲ, ਵਜ਼ੀਫ਼ਾ; ਵੇਤਨ, ਉਜਰਤ ਦੀ ਰਕਮ; ਵਪਾਰ ਦਾ ਸਮਾਨ; ਮਾਲ

تنخواہدار [ਤਨਖ਼ਵਾਹਦਾਰ : tənəxəwahədar] *ਵਿ:* ਨੌਕਰ, ਕਰਮਚਾਰੀ; ਵੇਤਨ ਪਾਉਣ ਵਾਲ਼ਾ ਵਿਅਕਤੀ

تند [ਤੁੰਦ : tūd] *ਵਿ:* ਤੇਜ਼; ਸਖ਼ਤ, ਤਕੜਾ, ਮੋਟਾ, ਜ਼ੋਰਦਾਰ, ਤਲਖ਼, ਕੌੜਾ

تندرست [ਤੰਦਰੁਸਤ : tãdərusət] *ਵਿ:* ਤੰਦਰੁਸਤ, ਚੰਗਾ ਭਲਾ, ਸਹੀ ਸਲਾਮਤ, ਸ਼ਰੀਰਕ ਤੌਰ ਤੇ ਠੀਕ, ਅਰੋਗ

تندرستی [ਤੰਦਰੁਸਤੀ : tãdərusəti] *ਇ:* ਤੰਦਰੁਸਤੀ, ਸਿਹਤ ਸਲਾਮਤੀ, ਅਰਾਮ, ਦੇਹ ਅਰੋਗਤਾ

تن دہی [ਤਨ ਦਹੀ : tən dəhi] *ਇ:* ਤਨਦਿਹੀ, ਯਤਨ, ਕੋਸ਼ਿਸ਼; ਮਿਹਨਤ, ਘਾਲ

تنزُّل [ਤਨੱਜ਼ੁਲ : tənəzzul] *ਪੁ:* ਉਤਰਾ, ਜ਼ਵਾਲ, ਘਟਾ, ਘਾਟਾ, ਕਮੀ, ਗਿਰਾਵਟ; ਹੌਲੀ ਹੌਲੀ ਹੇਠਾਂ ਉਤਰਨ ਦਾ ਭਾਵ

تنزیل [ਤਨਜ਼ੀਲ : tənəzil] *ਇ:* ਨਾਜ਼ਲ ਕਰਨ ਜਾਂ ਹੇਠਾਂ ਉਤਾਰਨ ਦਾ ਭਾਵ, ਤਰਤੀਬ ਦੇਣ ਦੀ ਕਿਰਿਆ, ਇਲਹਾਮ, ਅਕਾਸ਼ਵਾਣੀ, ਕੁਰਾਨ ਮਜੀਦ; ਇਲਮ-ਏ-ਮਲੂਕ ਦੀ ਇਕ ਪੁਸਤਕ ਦਾ ਨਾਂ

تنسیخ [ਤਨਸੀਖ਼ : tənəsix] *ਇ:* ਮਨਸੂਖ਼, ਰੱਦ, ਰੱਦ ਕਰਨ ਜਾਂ ਕੱਟ ਦੇਣ ਦੀ ਕਿਰਿਆ

تنصیف [ਤਨਸੀਫ਼ : tənəsif] *ਇ:* ਦੋ ਬਰਾਬਰ ਭਾਗਾਂ ਵਿਚ ਵੰਡ

تنظیم [ਤਨਜ਼ੀਮ : tənəzim] *ਇ:* ਕਵਿਤਾ ਰਚਣ ਦੀ ਕਿਰਿਆ, ਮੋਤੀ ਪਰੋਣ ਦਾ ਭਾਵ, ਪ੍ਰਬੰਧ, ਬੰਦੋਬਸਤ; ਤਰਤੀਬ

تنعیم [ਤਨਈਮ : tənəi'm] *ਇ:* ਐਸ਼ ਅਰਾਮ ਵਿਚ ਰੱਖਣਾ, ਨਾਜ਼ ਨਖਰਿਆਂ ਨਾਲ਼ ਪਾਲਣਾ

تنفُّر [ਤਨੱਫ਼ੁਰ : tənəffur] *ਪੁ:* ਘਿਰਨਾ, ਨਫ਼ਰਤ, ਕਰਾਹਤ

تنفُّس [ਤਨੱਫ਼ੁਸ : tənəffus] *ਪੁ:* ਸਾਹ ਲੈਣ

ਦਾ ਕਾਰਜ, ਪਹੁ-ਫੁੱਟਣਾ ਜਾਂ ਸਵੇਰਾ ਹੋਣਾ, ਤਿੰਨ ਵਾਰੀ ਦਮ ਲੈ ਕੇ ਪਾਣੀ ਨੂੰ ਪੀਣਾ, ਠੰਢੇ ਹੌਕੇ ਭਰਨਾ, ਆਪਣੇ ਆਪ ਨੂੰ ਵਧੀਆ ਸਮਝਣ ਦਾ ਭਾਵ

تنفسی [ਤਨੱਫ਼ੁਸੀ : tənəffusi] *ਵਿ:* ਸਾਹ ਨਾਲ਼ ਸੰਬੰਧਿਤ

تنقیح [ਤਨਕ਼ੀਹ਼ : tənəqiḥ] *ਇ:/ਪੁ:* ਹੱਡੀ ਵਿਚੋਂ ਗੁੱਦਾ ਕੱਢਣਾ; ਖ਼ਾਲਸ ਕਰਨਾ, ਪਵਿੱਤਰ ਕਰਨਾ, ਝਗੜੇ ਦਾ ਫ਼ੈਸਲਾ ਕਰਨਾ; ਰੁੱਖਾਂ ਦੀਆਂ ਟਾਹਣੀਆਂ ਛਾਂਗਣਾ; ਫ਼ੈਸਲਾ ਕਰਨਾ, ਨਿਰੀਖਣ; ਭਾਲ਼; ਨਿਰਣਾ, ਫ਼ੈਸਲਾ

تنقید [ਤਨਕ਼ੀਦ : tənəqid] *ਇ:* ਜਾਂਚ, ਪਰਖ, ਨੁਕਤਾਚੀਨੀ, ਪੜਤਾਲ, ਖੋਜ, ਆਲੋਚਨਾ

تنقیص [ਤਨਕ਼ੀਸ : tənəqis] *ਇ:* ਘੱਟ ਕਰਨ ਦਾ ਭਾਵ, ਘਾਟਾ, ਕਮੀ, ਨੁਕਸਾਨ, ਇਤਰਾਜ਼, ਨੁਕਸ ਕੱਢਣਾ

تنقیہ [ਤਨਕ਼ੀਯਾ : tənəqiya] *ਪੁ:* ਸਾਫ ਕਰਨਾ, ਪਵਿੱਤਰ ਕਰਨਾ, ਫ਼ੈਸਲਾ, ਅਨਾਜ ਦਾ ਤੂੜੀ (ਭੂਸੇ) ਨਾਲ਼ੋਂ ਵੱਖ ਕਰਨਾ, ਪੇਟ ਸਾਫ ਕਰਨਾ, ਜਲਾਬ ਲੈਣਾ

تنک [ਤੁਨਕ : tunek] *ਵਿ:* ਥੋੜਾ, ਘਟ, ਛੋਟਾ, ਨਿੱਕਾ, ਜ਼ਰਾ ਜਿੰਨਾ, ਕਮਜ਼ੋਰ; ਨਾਜ਼ੁਕ, ਸੂਖਮ

تنکا [ਤਿਨਕਾ : tınəka] *ਪੁ:/ਵਿ:* ਤੀਲਾ; ਜ਼ਰਾ ਜਿਹੀ ਚੀਜ਼; ਹੌਲ਼ਾ, ਕਮਜ਼ੋਰ, ਨਾਜ਼ੁਕ

تنک مزاج [ਤਨੁਕ ਮਿਜ਼ਾਜ : tənuk mızaj] *ਵਿ:* ਵਹਿਮੀ; ਨਾਜ਼ਕ ਸੁਭਾ, ਚਿੜਚਿੜਾ; ਤੇਜ਼ ਸੁਭਾ ਵਾਲ਼ਾ; ਗ਼ਸੈਲਾ

تنکیر [ਤਨਕੀਰ : tənəkir] *ਇ:* ਬੁਰੀ ਹਾਲਤ ਕਰਨਾ, ਹਾਲਤ ਬਦਲ ਦੇਣਾ, ਅਣਜਾਣ ਬਣਾਉਣਾ, ਕਿਸੇ ਨਾਂਵ ਨੂੰ ਸਧਾਰਨ ਬਣਾਉਣਾ

تنگ [ਤੰਗ : tə̃g] *ਵਿ:/ਪੁ:* ਤੰਗ, ਸੁੰਗੜਿਆ ਹੋਇਆ; ਚੁਸਤ, ਫਸਿਆ ਹੋਇਆ; ਘੱਟ, ਥੋੜਾ, ਮੁਥਾਜ, ਲਾਚਾਰ, ਮੁਸ਼ਕਲ, ਦੁਸ਼ਵਾਰ, ਗ਼ਮਗੀਨ; ਥੈਲਾ, ਬੋਰੀ; ਘੋੜੇ ਆਦਿ ਦਾ ਤੰਗ; ਚਿੱਤਰਕਾਰ ਦਾ ਚਿੱਤਰ-ਪਟ, ਅਦੁੱਤੀ

تنگ [ਤੁੰਗ : tũg] *ਪੁ:* ਛੋਟੇ ਮੂੰਹ ਦਾ ਭਾਂਡਾ; ਫ਼ੌਜ ਦਾ ਇਕ ਦਸਤਾ; ਮੀਨਾ

تنگ دست [ਤੰਗ ਦਸਤ : tə̃g dəsət] *ਵਿ:* ਮੁਥਾਜ, ਗਰੀਬੜਾ, ਕੰਗਾਲ

تنگ دستی [ਤੰਗ ਦਸਤੀ : tə̃g dəsəti] *ਇ:* ਗ਼ੁਰਬਤ, ਕੰਗਾਲੀ, ਗ਼ਰੀਬੀ, ਮੁਥਾਜੀ, ਕੰਜੂਸੀ

تنگ دِل [ਤੰਗ ਦਿਲ : tə̃g dıl] *ਵਿ:* ਕਮੀਨਾ, ਹੋਛਾ, ਲੀਚੜ, ਕੰਜੂਸ, ਬਖ਼ੀਲ; ਥੋੜ੍ਹਦਿਲਾ

تنگ دِلی [ਤੰਗ ਦਿਲੀ : tə̃g dili] *ਇ:* ਕਮੀਨਗੀ, ਹੋਛਾਪਣ, ਬਖ਼ੀਲੀ; ਥੋੜ੍ਹਦਿਲੀ

تنگی [ਤੰਗੀ : tə̃gi] *ਇ:* ਕੁਤਾਹੀ, ਕਮੀ, ਘਾਟ, ਗੁਰਬਤ, ਕਠਨਾਈ, ਦੁਸ਼ਵਾਰੀ, ਦਿੱਕਤ, ਕੰਜੂਸੀ, ਥੈਲਾ, ਬੋਰੀ

تنگیانا [ਤੰਗਯਾਨਾ : tə̃gəyana] *ਕਿ:* ਤੰਗ ਕਸਣਾ, ਘੋੜਾ ਸਰਪਟ ਦੁੜਾਉਣਾ

تنگی ترشی [ਤੰਗੀ ਤੁਰਸ਼ੀ : tə̃gi turəṣi] *ਇ:* ਥੋੜ੍ਹ, ਕਠਨਾਈ, ਔਖੇ ਦਿਨ, ਗ਼ਰੀਬੀ

تنور [ਤਨੂਰ : tənur] *ਪੁ:* ਤੰਦੂਰ

تنوع [ਤਨੱਵੁਅ਼ : tənəwwu'ə] *ਪੁ:* ਕਿਸਮ ਕਿਸਮ ਜਾਂ ਕਈ ਰੰਗ ਦਾ ਹੋਣ ਦਾ ਭਾਵ

تنومند [ਤਨੂਮੰਦ : tənumə̃d] *ਵਿ:* ਤਕੜਾ, ਹੱਟਾ-ਕੱਟਾ, ਮਜ਼ਬੂਤ

تنومندی [ਤਨੂਮੰਦੀ : tənumə̃di] *ਇ:* ਤਾਕਤ, ਮੁਟਾਪਾ

تنویر [ਤਨਵੀਰ : tənəwir] *ਇ:* ਰੋਸ਼ਨੀ, ਰਮਕ, ਨੂਰ, ਪਹੁ-ਫੁਟਾਲਾ, ਚਾਨਣ

تنہ [ਤਨਾ : təna] *ਪੁ:* ਤਣਾ, ਧੜ, ਸਰੀਰ, ਜਿਸਮ; ਰੁੱਖ ਦਾ ਜੜ ਤੋਂ ਉਪਰਲਾ ਟਾਹਣੀਆਂ ਤੋਂ ਹੇਠਲਾ ਹਿੱਸਾ

تہا [ਤਨਹਾ : tənəha] *ਵਿ:* ਇਕੱਲਾ, ਲਾਸਾਨੀ, ਬੇਨਜ਼ੀਰ; ਕੇਵਲ; ਵੱਖਰਾ

تہاخوری [ਤਨਹਾਖ਼ੋਰੀ : tənəhaxori] *ਇ:* ਇਕਲਿਆਂ ਖਾ ਲੈਣ ਦੀ ਕਿਰਿਆ

تہائی [ਤਨਹਾਈ : tənəhai] *ਇ:* ਇਕੱਲਪੁਣਾ, ਵੱਖਰਾਪਣ, ਕਿਨਾਰਾਕਸ਼ੀ

تُو [ਤੂ : tu] *ਪੜ:* ਤੂੰ, ਸੰਬੋਧਨੀ ਸ਼ਬਦ (ਪਰਮਾਤਮਾ ਨੂੰ ਸੰਬੋਧਨ ਕਰਨ ਲਈ ਵੀ ਵਰਤਿਆ ਜਾਂਦਾ ਹੈ)

سرد مزاج [ਸਰਦ ਮਿਜ਼ਾਜ : sərəd mızaj] *ਵਿ:* ਠੰਢੀ ਤਬੀਅਤ ਵਾਲ਼ਾ, ਸ਼ਾਂਤ ਸੁਭਾ; ਮੁਰਦਾ ਦਿਲ; ਨਿਤਾਣਾ

سرد مہر [ਸਰਦ ਮਹਰ : sərəd məhər] *ਵਿ:* ਬੇਵਫ਼ਾ, ਦਗ਼ਾ ਦੇਣ ਵਾਲ਼ਾ; ਜ਼ਾਲਮ, ਪੱਥਰ ਦਿਲ

سرد مہری [ਸਰਦ ਮਹਰੀ : sərəd məhəri] *ਇ:* ਪੱਥਰ ਦਿਲੀ; ਨਿਪੁਸੰਕਤਾ; ਬੇਵਿਸ਼ਵਾਸੀ

سردی [ਸਰਦੀ : sərədi] *ਇ:* ਸਰਦੀ, ਠੰਢੀ ਰੁੱਤ, ਸਿਆਲ, ਠੰਢ, ਪਾਲ਼ਾ; ਬੇਪਰਵਾਹੀ

سرِ راہ [ਸਰ-ਏ-ਰਾਹ : sər-e-rah] *ਕਿਵਿ:* ਰਾਹ ਵਿਚ, ਸੜਕ ਤੇ

سرزمین [ਸਰ ਜ਼ਮੀਨ : sərə zəmin] *ਇ:* ਧਰਤ, ਖਿੱਤਾ, ਮੁਲਕ, ਜ਼ਮੀਨ ਦੀ ਤਹਿ

سرسبز [ਸਰ ਸਬਜ਼ : sər səbəz] *ਵਿ:* ਹਰਿਆ ਭਰਿਆ, ਖ਼ੁਸ਼ਹਾਲ; ਸਫ਼ਲ, ਕਾਮਯਾਬ; ਜੀਵਤ, ਪ੍ਰਸੰਨ; ਯੁਵਕ

سرسری [ਸਰਸਰੀ : sərəsəri] *ਵਿ:* ਸਰਸਰੀ, ਅਸਾਨ, ਸੌਖਾ, ਮਾਮੂਲੀ, ਬੇਪ੍ਰਵਾਹ, ਜਲਦੀ ਦਾ; ਬਿਨਾ ਸੋਚੇ ਸਮਝੇ ਕੀਤਾ ਕੰਮ

سرسوں [ਸਰਸੋਂ : sərəsõ] *ਇ:* ਸਰ੍ਹੋਂ

سرشار [ਸਰਸ਼ਾਰ : sərəṣar] *ਵਿ:* ਮਸਤ, ਮਖ਼ਮੂਰ, ਨਸ਼ੇ ਵਿਚ ਚੂਰ

سرِ شام [ਸਰ-ਏ-ਸ਼ਾਮ : sər-e-ṣam] *ਕਿਵਿ:* ਸ਼ਾਮ ਹੁੰਦੇ ਹੀ, ਸੂਰਜ ਛੁਪਦੇ ਹੀ, ਦੋਵੇਂ ਵਕਤ

ਮਿਲਣ ਸਮੇਂ

سرشت [ਸਿਰਿਸ਼ਤ : sirişət] *ਇ:* ਆਦਤ, ਖ਼ਸਲਤ, ਮਜ਼ਾਜ, ਸੁਭਾ, ਗੁਣ, ਖ਼ਾਸਾ, ਖ਼ਾਸੀਅਤ

سرشتہ [ਸਿਰਿਸ਼ਤਾ : sirişəta] *ਪੁ:/ਵਿ:* ਵਿਭਾਗ, ਕਚਹਿਰੀ; ਦਸਤੂਰ, ਰਿਵਾਜ; ਮਿਲਾਇਆ ਹੋਇਆ, ਮਿਲਿਆ ਜੁਲਿਆ; ਗੁਨ੍ਹਿਆ ਹੋਇਆ

سرشتہ دار [ਸਿਰਿਸ਼ਤਾਦਾਰ : sərişətadar] *ਪੁ:* ਹੈੱਡ ਕਲਰਕ, ਵੱਡਾ ਮੁਨਸ਼ੀ, ਮੀਰ ਮੁਨਸ਼ੀ

سرشک [ਸਰਿਸ਼ਕ : sərişək] *ਪੁ:* ਅੱਥਰੂ, ਹੰਝੂ, ਆਂਸੂ; ਬੂੰਦ; ਚਸ਼ਮੇ ਦਾ ਟੁੱਟਣਾ, ਚੰਗਿਆੜੀਆਂ ਦਾ ਉਤਾਂਹ ਨੂੰ ਉੱਛਣਾ

سُرعت [ਸੁਰਅ਼ਤ : surə'ət] *ਇ:* ਜਲਦੀ, ਤੇਜ਼ੀ, ਫੁਰਤੀ

سرف [ਸਰਫ਼ : sərəf] *ਪੁ:* ਫ਼ਜ਼ੂਲ ਖ਼ਰਚਾ, ਜ਼ਿਆਦਾ ਖਰਚਾ

سرفراز [ਸਰਫ਼ਰਾਜ਼ : sərəfəraz] *ਵਿ:* ਇੱਜ਼ਤਦਾਰ, ਉੱਚੇ ਮਰਤਬੇ ਵਾਲ਼ਾ, ਸਤਿਕਾਰਿਤ; ਪ੍ਰਤਿਸ਼ਟ; ਹੌਂਕੜਬਾਜ਼, ਘਮੰਡੀ

سرفروش [ਸਰਫ਼ਰੋਸ਼ : sərəfəroş] *ਵਿ:* ਦਲੇਰ, ਸਿਰ ਤਲੀ 'ਤੇ ਰੱਖਣ ਵਾਲ਼ਾ

سرفروشی [ਸਰ ਫ਼ਰੋਸ਼ੀ : sərəfəroşi] *ਇ:* ਦਲੇਰੀ, ਬਹਾਦਰੀ, ਕੁਰਬਾਨੀ

سرکار [ਸਰਕਾਰ : sərəkar] *ਇ:* ਸਰਕਾਰ, ਬਾਦਸ਼ਾਹੀ, ਹਕੂਮਤ; ਆਕਾ, ਮਾਲਕ, ਸਰਦਾਰ; ਸ਼ਾਹੀ ਦਰਬਾਰ ਜਾਂ ਅਦਾਲਤ; ਕੱਪੜੇ ਦਾ ਕਾਰਖ਼ਾਨਾ; ਕਿਸੇ ਪ੍ਰਬੰਧਕ ਵਿਭਾਗ ਦਾ ਉੱਚ ਅਧਿਕਾਰੀ

سرکاری [ਸਰਕਾਰੀ : sərəkari] *ਵਿ:* ਸਰਕਾਰੀ, ਸਰਕਾਰ ਨਾਲ਼ ਸੰਬੰਧਿਤ, ਹਕੂਮਤ ਦੀ ਕੋਈ ਚੀਜ਼ ਜਾਂ ਹੁਕਮ, ਹਾਕਮਾਨਾ; ਮੁਖ਼ਤਾਰੀ

سرکردگی [ਸਰ ਕਰਦਗੀ : sərəkərədəgi] *ਇ:* ਸਰਦਾਰੀ, ਅਗਵਾਈ

سرکردہ [ਸਰਕਰਦਾ : sər kərəda] *ਵਿ:/ਪੁ:* ਮੁਅਜ਼ਜ਼, ਵਿਸ਼ੇਸ਼ (ਵਿਅਕਤੀ), ਹਾਕਮ, ਅਫ਼ਸਰ

سرکش [ਸਰਕਸ਼ : sərəkəş] *ਵਿ:* ਬਾਗ਼ੀ; ਮਗਰੂਰ, ਹੰਕਾਰੀ; ਬੇਵਫ਼ਾ; ਨਾਫ਼ਰਮਾਨ

سرکشی [ਸਰਕਸ਼ੀ : sərəkəşi] *ਇ:* ਨਾਫ਼ਰਮਾਨੀ, ਬਗ਼ਾਵਤ, ਬੇਵਫ਼ਾਈ

سرکوبی [ਸਰਕੂਬੀ : sərəkubi] *ਇ:* ਸਿਰ ਕੁਚਲਣ ਜਾਂ ਸਜ਼ਾ ਦੇਣ ਦਾ ਭਾਵ, ਸਜ਼ਾ, ਦੰਡ

سرکوہ [ਸਰ-ਏ-ਕੋਹ : sərə-e-koh] *ਪੁ:* ਪਹਾੜ ਦੀ ਚੋਟੀ, ਕਿਲ੍ਹਾ

سرگزشت [ਸਰਗੁਜ਼ਸ਼ਤ : sərəguzəşət] *ਇ:* ਮਾਮਲਾ, ਵਾਰਦਾਤ, ਵਾਕਾ; ਹਾਲ, ਕਿੱਸਾ, ਦਾਸਤਾਨ, ਘਟਨਾ, ਹਿਕਾਇਤ, ਜੀਵਨੀ

سرگراں [ਸਰਗਿਰਾਂ : sərəgirã] *ਵਿ:* ਖ਼ਫ਼ਾ, ਨਰਾਜ਼, ਖਿਝਿਆ ਹੋਇਆ, ਨਸ਼ੇ ਵਿਚ ਖ਼ੁਮਾਰ; ਗ਼ਜ਼ਬਨਾਕ, ਘਮੰਡੀ, ਮਗਰੂਰ; ਸੁਸਤ, ਆਲਸੀ

سرگرانی [ਸਰਗਿਰਾਨੀ : sərəgirani] *ਇ:* ਨਰਾਜ਼ਗੀ, ਖ਼ਫ਼ਗੀ, ਮਲਾਮਤ; ਖਿਚਾ, ਖ਼ੁਮਾਰ

سرگرداں [ਸਰਗਰਦਾਂ : sərəgərədã] *ਵਿ:* ਹੈਰਾਨ, ਪਰੇਸ਼ਾਨ, ਅਵਾਰਾ

سرگردانی [ਸਰਗਰਦਾਨੀ : sərəgərədani] *ਇ:* ਹੈਰਾਨੀ, ਪਰੇਸ਼ਾਨੀ, ਅਵਾਰਗੀ, ਫ਼ਿਕਰ, ਚਿੰਤਾ

سرگردہ [ਸਰਗਰਦਾ : sərəgərəda] *ਪੁ:* ਸਰਦਾਰ, ਆਗੂ, ਜੱਥੇਦਾਰ, ਮੁਖੀ

سرگرم [ਸਰਗਰਮ : sərəgərəm] *ਵਿ:* ਸਰਗਰਮ, ਮਿਹਨਤੀ, ਕੋਸ਼ਸ਼ ਕਰਨ ਵਾਲ਼ਾ, ਜੋਸ਼ੀਲਾ, ਤਿਆਰ-ਬਰ-ਤਿਆਰ, ਕਿਰਿਆਸ਼ੀਲ; ਚਲਾਕ

سرگرمی [ਸਰਗਰਮੀ : sərəgərəmi] *ਇ:* ਸਰਗਰਮੀ, ਜਤਨ, ਦੌੜ-ਭੱਜ, ਮਿਹਨਤ

سرگوار [ਸਰਗੁਜ਼ਾਰ : sərguzar] *ਵਿ:* ਜਾਨ

دेण वाल़ा, कुरबानी लई तिआर

سرگشتہ [सरगश़सता : sərəgəşəsəta] *वि:* हैरान, परेश़ान; अवारा, भटकिआ होंइआ; ज़िंदगी तों तंग आइआ होंइआ

سرلشکر [सर-ए-लश़कर : sər-e-ləşəkər] *पु:* जरनैल, अमीर, फ़ौज दा सरदार, सैनापती

سرما [सरमा : sərəma] *पु:* सरदी रुत, सिआल़, सीत रुत

سرمایہ [सरमाया : sərəmaya] *पु:* सरमाइआ, दौलत, पूंजी, धन, संपती

سرمایہ دار [सरमायादार : sərəmayadar] *पु:/वि:* सरमाएदार, अमीर, धनी, दौलतमंद, मालदार, श़ाहूकार

سرمایہ دارانہ [सरमायादारना : sərəmaya-darana] *वि:* धनवानां नाल़ संबंधित

سرمایہ داری [सरमायादारी : sərəmayadari] *इ:* सरमाएदारी, दौलतमंदी, अमीरी, सरमाइआदारना प्रबंध

سرمد [सरमद : sərəməd] *वि:/पु:* सदीवी, सदा रहिण वाल़ा, जिस दा अंत ना होवे, अनंत; अल्लाह; बाकी; मसत; इक फ़कीर जिस नूं औरंगज़ेब ने कतल करवा दिंता सी

سرمست [सरमसत : sərəməsət] *वि:* मतवाला, नशे विच चूर

سرِمنزل [सर-ए-मंज़िल : sər-e-mãzıl] *पु:* ठहिरन दी थां, सरां, किसे थां दी चंगी जलवायू करके उथे बणाई गई इमारत

سُرمہ [सुरमा : surəma] *पु:* सुरमा, अंजन, कज्जल; बहुत बारीक

سُرمہ دانی [सुरमादानी : surəmadani] *इ:* सुरमेदानी

سُرمئی [सुरमई : surəməi] *वि:* सुरमे रंगा, सलेटी रंगा

سرِمیدان [सर-ए-मैदान : sər-e-medan] *क्रिवि:* लड़ाई विच, मुकाबले विच, खुल्ह-खुल्हा, मैदाने जंग विच

سرنام [सरनाम : sərənam] *वि:* प्रसिंध, नामवर, विश़ेश़ विअकती

سرنامہ [सरनामा : sərənama] *पु:* सरनांवां, पता; उनवान, श़ीरश़क

سرنگوں [सरंगूं : sərãgũ] *वि:* सिर भार, मुधा; श़रमिंदा, खजल

سرِنو [सर-ए-नौ : sər-e-nɔ] *क्रिवि:* नवें सिरे तों, दुबारा

سرو [सरव : sərəw] *पु:* सरु, इक उंचा ते सिंधा बिरछ

سروِبالا [सरव-ए-बाला : sərəw-e-bala] *वि:* सिंधे कद वाल़ा (आम करके मश़ूक लई वरतिआ जांदा है)

سروپا [सर-ओ-पा : sər-o-pa] *पु:/वि:* सिर तों पैरां तक, सरोपा जिहड़ा सनमान जां सतिकार वजों दिंता जांदा है, ख़िलअत; सारा, पूरा

سُرود [सुरुद : surud] *पु:* नग़मा, गीत, राग; गल्ल, श़िअर, कविता, नज़म; इक प्रकार दा वाजा

سرور [सरवर : sərəwər] *पु:* बज़ुरग, सरदार, बादश़ाह, अमीर; इक मुसलमान दरवेश़

سُرور [सुरुर : surur] *पु:* मसती, श़ादी, ख़ुशी; हलका हलका नश़ा, ख़ुमार

سرورق [सरवरक़ : sərwərəq] *पु:* पुसतक दा पहिला पंना, टाइटल पंना

سروری [ਸਰਵਰੀ : sərəwəri] *ਇ:* ਸਰਦਾਰੀ, ਅਫ਼ਸਰੀ

سروسامان [ਸਰ-ਉ-ਸਾਮਾਨ : sər-o-saman] *ਪੁ:* ਜ਼ਰੂਰੀ ਸਮਾਨ, ਲੁੜੀਂਦੀਆਂ ਵਸਤਾਂ, ਮਾਲ ਅਸਬਾਬ; ਸਮਾਨ ਦੀ ਤਰਤੀਬ

سروقد [ਸਰਵਕ਼ਦ : sərəwəqəd] *ਵਿ:* ਸਰੂ ਜਿਹੇ ਕੱਦ ਵਾਲ਼ਾ, ਉੱਚਾ ਲੰਮਾ

سروکار [ਸਰੋਕਾਰ : sərokar] *ਪੁ:* ਵਾਸਤਾ, ਸੰਬੰਧ; ਮਤਲਬ; ਝੁਕਾ, ਖ਼ਾਹਸ਼; ਮੇਲ

سرہنگ [ਸਰਹੰਗ : sərəhɔ̃g] *ਪੁ:* ਫ਼ੌਜ ਦਾ ਸਰਦਾਰ, ਸੈਨਾਪਤੀ, ਪੈਦਲ ਸਿਪਾਹੀ, ਪਿਆਦਾ; ਪਹਿਲਵਾਨ; ਮਨਚਲਾ, ਹਰਾਵਲ ਦਸਤਾ, ਕੋਤਵਾਲ, ਚੋਬਦਾਰ

سریش [ਸਰੀਸ਼ : səriṣ] *ਪੁ:* ਸਰੇਸ਼, ਚਮੜੇ ਤੇ ਲੱਕੜ ਆਦਿ ਨੂੰ ਜੋੜਨ ਵਾਲ਼ੀ ਲੇਟੀ, ਲੇਸ ਜਿਹੜੀ ਚਮੜੇ 'ਚੋਂ ਕੱਢਦੇ ਹਨ

سڑک [ਸੜਕ : səṛək] *ਇ:* ਸੜਕ, ਆਮ ਅਤੇ ਖ਼ਾਸ ਲੋਕਾਂ ਲਈ ਰਾਹ

سزا [ਸਜ਼ਾ : səza] *ਇ:/ਕਿਵਿ:* ਦੰਡ, ਕੀਤੇ ਭੈੜੇ ਕੰਮਾਂ ਦਾ ਫਲ; ਬਦੀ ਦਾ ਬਦਲਾ; ਮੁਨਾਸਬ, ਮੁਤਾਬਕ, ਯੋਗ

سزاوار [ਸਜ਼ਾਵਾਰ : səzawar] *ਵਿ:* ਮੁਨਾਸਬ, ਵਾਜਬ, ਯੋਗ, ਲਾਇਕ

سزایافتہ [ਸਜ਼ਾ ਯਾਫ਼ਤਾ : səza yafəta] *ਵਿ:/ਪੁ:* ਜਿਸ ਨੂੰ ਸਜ਼ਾ ਮਿਲੀ ਹੋਵੇ, ਦੰਡ ਪ੍ਰਾਪਤ

سزائے بامشقت [ਸਜ਼ਾ-ਏ-ਬਾ-ਮੁਸ਼ੱਕ਼ਤ : səza-e-bə-muṣəqqət] *ਇ:* ਅਜਿਹਾ ਦੰਡ ਜਾਂ ਸਜ਼ਾ ਜਿਸ ਦੌਰਾਨ ਮੁਸ਼ੱਕਤ ਜਾਂ ਸਖ਼ਤ ਮਿਹਨਤ ਕਰਨੀ ਪਵੇ

سزائے موت [ਸਜ਼ਾ-ਏ-ਮੌਤ : səza-e-mot] *ਇ:* ਮਿਰਤੂ ਦੰਡ

سست [ਸੁਸਤ : susət] *ਵਿ:* ਸੁਸਤ, ਕੰਮ ਕਰਨ ਵਿਚ ਢਿੱਲਾ, ਨਰਮ, ਕੰਮਜ਼ੋਰ; ਮਾੜਾ, ਨਿਕੰਮਾ

سستا [ਸਸਤਾ : səsəta] *ਵਿ:* ਸਸਤਾ, ਘੱਟ ਕੀਮਤ ਦਾ; ਘਟੀਆ, ਘਟੀਆ ਦਰਜੇ ਦਾ

سستی [ਸੁਸਤੀ : susəti] *ਇ:* ਸੁਸਤੀ, ਨੇਸਤੀ, ਆਲਸ, ਢਿੱਲਾਪਣ, ਗ਼ਫ਼ਲਤ, ਬੇਪਰਵਾਹੀ; ਨਿਪੁੰਸਕਤਾ; ਨਿਕੰਮਾਪਣ

سسرال [ਸੁਸਰਾਲ : susəral] *ਪੁ:* ਸਹੁਰਾ ਘਰ

سطح [ਸਤ੍ਹ : sətəḥ] *ਇ:* ਤਲ, ਕਿਸੇ ਚੀਜ਼ ਦਾ ਉੱਪਰਲਾ ਹਿੱਸਾ; ਕੋਠਾ, ਛੱਤ; ਮੈਦਾਨ, ਪੱਧਰ ਥਾਂ

سطر [ਸਤ਼ਰ : sətər] *ਇ:* ਸਤਰ, ਲਕੀਰ, ਲਾਈਨ; ਰੇਖਾ, ਕਤਾਰ, ਸਫ਼, ਸਿਲਸਿਲਾ; ਰਾਹ, ਮਾਰਗ

سطور [ਸੁਤੂਰ : sutur] *ਇ:* سطر ਦਾ ਬਹੁਵਚਨ, ਸਤਰਾਂ, ਲਾਈਨਾਂ, ਕਤਾਰਾਂ

سعادت [ਸਅ਼ਾਦਤ : sə'adət] *ਇ:* ਇਕਬਾਲਮੰਦੀ, ਖ਼ੁਸ਼ਨਸੀਬੀ, ਨੇਕੀ, ਭਲਾਈ; ਖ਼ੁਸ਼ੀ, ਚੰਗੇ ਭਾਗ

سعادت مند [ਸਅ਼ਾਦਤ ਮੰਦ : sə'adət mənd] *ਵਿ:* ਨੇਕ ਬਖ਼ਤ, ਵਫ਼ਾਦਾਰ, ਖ਼ਿਦਮਤ ਗੁਜ਼ਾਰ

سعید [ਸਈਦ : sə'id] *ਵਿ:* ਨੇਕ, ਭਲਾ ਲੋਕ, ਭਾਗਵਾਨ, ਖ਼ੁਸ਼ਨਸੀਬ

سفارت [ਸਿਫ਼ਾਰਤ : sifarət] *ਇ:* ਦੂਤ ਜਾਂ ਸਫ਼ੀਰ ਦਾ ਅਹੁਦਾ, ਏਲਚੀ ਦਾ ਕਾਰਜ, ਦੂਤਪੁਣਾ

سفارت خانہ [ਸਿਫ਼ਾਰਤਖ਼ਾਨਾ : sifarətəxana] *ਪੁ:* ਅਜਿਹੀ ਇਮਾਰਤ ਜਿਸ ਵਿਚ ਸਫ਼ੀਰ ਤੇ ਅਮਲੇ ਦਾ ਦਫ਼ਤਰ ਹੋਵੇ, ਦੂਤਾਵਾਸ

سفارش [ਸਿਫ਼ਾਰਿਸ਼ : sifariṣ] *ਇ:* ਸਿਫ਼ਾਰਿਸ਼, ਵਸੀਲਾ, ਸਹਾਇਤਾ, ਮੱਦਦ, ਸਹਾਰਾ; ਸਪੁਰਦਗੀ, ਹਵਾਲਗੀ; ਕਿਸੇ ਲਈ ਸ਼ੁਭ ਬਚਨ ਕਹਿਣਾ

سفارش نامہ [ਸਿਫਾਰਿਸ਼ ਨਾਮਾ : sıfarış nama] ਪੁ: ਸਿਫਾਰਸ਼ ਦੀ ਚਿੱਠੀ

سفاہت [ਸਫ਼ਾਹਤ : səfəhət] ਇ: ਕਮੀਨਾਪਨ, ਮੂਰਖਤਾ, ਹਿਮਾਕਤ

سِفت [ਸਿਫ਼ਤ : sıfət] ਵਿ: ਮੋਟਾ, ਗਾੜ੍ਹਾ; ਗੰਦਾ

سُفت [ਸੁਫ਼ਤ : sufət] ਪੁ: ਸੁਰਾਖ਼, ਮੋਰੀ, ਛੇਦ, ਸੂਈ ਦਾ ਨੱਕਾ

سُفتہ [ਸੁਫ਼ਤਾ : sufəta] ਵਿ: ਵਿੰਨ੍ਹਿਆ ਹੋਇਆ, ਪਰੋਇਆ ਹੋਇਆ, ਸੁਰਾਖ਼ ਕੀਤਾ ਹੋਇਆ, ਛੇਦਿਆ ਹੋਇਆ

سفر [ਸਫ਼ਰ : səfər] ਪੁ: ਕੂਚ, ਰਵਾਨਗੀ, ਯਾਤਰਾ; ਇਕ ਥਾਂ ਤੋਂ ਦੂਜੀ ਥਾਂ ਜਾਣ ਦਾ ਕਾਰਜ

سُفرا [ਸੁਫ਼ਰਾ : sufəra] ਪੁ: سفیر ਦਾ ਬਹੁਵਚਨ, ਏਲਚੀ ਲੋਕ, ਦੂਤ (ਬਹੁਤੇ)

سفرِ آخرت [ਸਫ਼ਰ-ਏ-ਆਖ਼ਰਤ : səfər-e-axərət] ਪੁ: ਦੁਨੀਆ ਤੋਂ ਕੂਚ, ਮੌਤ ਦਾ ਆਉਣਾ, ਦੁਨੀਆ ਤੋਂ ਅੰਤਿਮ ਯਾਤਰਾ

سفرنامہ [ਸਫ਼ਰਨਾਮਾ : səfərənama] ਪੁ: ਸਫ਼ਰਨਾਮਾ, ਯਾਤਰਾਵਾਂ ਦੇ ਵਰਣਨ ਤੇ ਅਧਾਰਿਤ ਪੁਸਤਕ, ਯਾਤਰਾ ਦਾ ਹਾਲ

سِفلہ [ਸਿਫ਼ਲਾ : sıfəla] ਵਿ: ਕਮੀਨਾ, ਹੋਛਾ, ਨਾਲਾਇਕ

سفید [ਸਫ਼ੇਦ : səfed] ਵਿ: ਸਪੇਦ, ਚਿੱਟਾ, ਕੋਰਾ, ਉਜਲਾ, ਚਮਕੀਲਾ, ਸਾਦਾ; ਡਰਿਆ ਹੋਇਆ

سفید پوش [ਸਫ਼ੇਦ ਪੋਸ਼ : səfəd poş] ਵਿ: ਚਿੱਟੇ ਕੱਪੜੇ ਪਾਉਣ ਵਾਲ਼ਾ, ਉੱਜਲਾ ਰਹਿਣ ਵਾਲ਼ਾ; ਭਲਾਮਾਣਸ

سفید و سیاہ [ਸਫ਼ੇਦ-ਉ-ਸਿਯਾਹ : səfed-o-sıyah] ਵਿ: ਚੰਗਾ ਮਾੜਾ, ਚੰਗਿਆਈ ਬੁਰਾਈ; ਨੇਕੀ ਬਦੀ

سفیدی [ਸਫ਼ੇਦੀ : səfedi] ਇ: ਸਫ਼ੇਦੀ, ਗੋਰਾਪਨ, ਚਿੱਟਾਪਨ; ਆਂਡੇ ਦੀ ਚਿਟਿਆਈ; ਕਲੀ, ਕੰਧਾਂ ਤੇ ਕਰਨ ਵਾਲ਼ਾ ਚੂਨਾ; ਸਫੇਰ ਦੀ ਰੋਸ਼ਨੀ, ਉਜਾਲਾ

سفیر [ਸਫ਼ੀਰ : səfir] ਪੁ: ਸਫ਼ੀਰ, ਏਲਚੀ, ਕਾਸਿਦ, ਦੂਤ, ਨੁਮਾਇੰਦਾ, ਵਿਚੋਲਾ

سفینہ [ਸਫ਼ੀਨਾ : səfina] ਪੁ: ਕਿਸ਼ਤੀ, ਬੇੜੀ, ਜਹਾਜ਼; ਸ਼ਿਅਰਾਂ ਦੀ ਸੈਂਚੀ

سقّا [ਸੱਕਾ : səqqa] ਪੁ: ਬਹਿਸ਼ਤੀ, ਪਾਣੀ ਲਿਆਉਣ ਜਾਂ ਪਿਆਉਣ ਵਾਲ਼ਾ ਵਿਅਕਤੀ, ਮਾਸ਼ਕੀ

سِقایہ [ਸਿਕਾਯਾ : sıqaya] ਪੁ: ਪਾਣੀ ਦਾ ਪਿਆਲਾ, ਪਾਣੀ ਪਿਲਾਉਣ ਦੀ ਕਿਰਿਆ

سقر [ਸਕ਼ਰ : səqər] ਪੁ: ਦੋਜ਼ਕ, ਨਰਕ

سقف [ਸਕ਼ਫ਼ : səqəf] ਇ: ਛੱਤ, ਸ਼ਾਮਿਆਨਾ

سُقم [ਸੁਕ਼ਮ : suqum] ਪੁ/ਇ: ਖਰਾਬੀ, ਅੰਬ, ਨੁਕਸ, ਊਣਤਾਈ; ਬਿਮਾਰੀ, ਦੁੱਖ, ਰੋਗ

سقیفہ [ਸਕ਼ੀਫ਼ਾ : səqifa] ਪੁ: ਡਿਓਢੀ ਵਿਚ ਬੈਠਣ ਦਾ ਤਖ਼ਤ; ਚੌੜਾ ਤਖ਼ਤਾ, ਚਬੂਤਰਾ

سکونا [ਸੁਕੜਨਾ : sukərəna] ਕਿ: ਸਿਮਟਣਾ, ਤੰਗ ਹੋਣਾ

سِکندر [ਸਿਕੰਦਰ : sıkə̃dər] ਪੁ: ਪ੍ਰਸਿੱਧ ਜੇਤੂ ਬਾਦਸ਼ਾਹ ਸਿਕੰਦਰ (ਇਹ ਸ਼ਬਦ ਆਮ ਕਰਕੇ ਮੁਸ਼ਨਸੀਬ ਲਈ ਵਰਤਿਆ ਜਾਂਦਾ ਹੈ)

سکنہ [ਸਕਨਾ : səkəna] ਪੁ: ساکن ਦਾ ਬਹੁਵਚਨ, ਵਾਸੀ; ਬਾਸ਼ਿੰਦੇ

سکنی [ਸਕਨੀ : səkəni] ਵਿ: ਰਿਹਾਇਸ਼ ਯੋਗ

سُکون [ਸੁਕੂਨ : sukun] ਪੁ: ਠਹਿਰਾ, ਅਮਨ, ਸ਼ਾਂਤੀ, ਚੈਨ, ਚੁੱਪ-ਚਾਪ; ਖ਼ਮੋਸ਼ੀ, ਦਿਲ ਦੀ ਢਾਰਸ

سِکّہ [ਸਿੱਕਾ : sıkka] ਪੁ: ਠੱਪਾ, ਛਾਪ, ਢਲ਼ਿਆ ਹੋਇਆ; ਦਾਬ; ਤਰੀਕਾ, ਕਾਨੂੰਨ; ਗਲੀ,

ਕੂਚਾ, ਬਜ਼ਾਰ, ਰਾਹ, ਪੱਧਰਾ ਰਸਤਾ

سِکھانا/سِکھلانا [ਸਿਖਾਨਾ/ਸਿਖਲਾਨਾ : sɪkhana/sɪkhəlana] *ਕਿ:* ਸਿਖਾਉਣਾ, ਸਿੱਖਿਆ ਦੇਣਾ, ਪੜ੍ਹਾਉਣਾ, ਲਿਖਾਉਣਾ, ਦੱਸਣਾ; ਸਿਖਲਾਈ ਦੇਣਾ, ਕਿਸੇ ਢਬ ਜਾਂ ਰਾਹੇ ਪਾਉਣਾ

سگ [ਸਗ : səg] *ਪੁ:* ਕੁੱਤਾ

سگائی [ਸਗਾਈ : səgaɪ] *ਇ:* ਮੰਗਣੀ, ਸੰਬੰਧ ਜੋੜਨਾ, ਰਿਸ਼ਤੇਦਾਰੀ, ਨਾਤੇਦਾਰੀ

سِلاح [ਸਿਲਾਹ਼ : sɪlaḥ] *ਪੁ:* ਲੜਾਈ ਦੇ ਹਥਿਆਰ, ਸੰਦ, ਤੇਜ਼ ਕੱਟਣ ਵਾਲ਼ੀ ਚੀਜ਼

سلاست [ਸਲਾਸਤ : səlasət] *ਇ:* ਨਰਮੀ, ਸੌਖ, ਰਵਾਨੀ, ਸਫ਼ਾਈ, ਪੱਧਰਾਪਣ; ਸੌਖੀ ਇਬਾਰਤ

سلاسِل [ਸਲਾਸਿਲ : səlasɪl] *ਇ:* سِلسِلہ ਦਾ ਬਹੁਵਚਨ, ਜ਼ੰਜੀਰਾਂ, ਕੜੀਆਂ, ਬੇੜੀਆਂ

سلاطِین [ਸਲਾਤ਼ੀਨ : səlatɪn] *ਪੁ:* سُلطان ਦਾ ਬਹੁਵਚਨ, ਬਹੁਤ ਸਾਰੇ ਬਾਦਸ਼ਾਹ, ਸਮਰਾਟ, ਹਾਕਮ

سلام [ਸਲਾਮ : səlam] *ਪੁ:* ਸਲਾਮ, ਸਲਾਮਤੀ, ਅਦਬ ਸਤਿਕਾਰ ਵਜੋਂ ਕਿਹਾ ਜਾਂਦਾ ਸ਼ਬਦ, ਵਿਦਾਈ, ਤੰਦਰੁਸਤੀ ਲਈ ਦੁਆ, ਅਸ਼ੀਰਵਾਦ, ਐਬ ਤੋਂ ਬਚਣਾ; ਅੱਲਾਹ ਤਅਲਾ ਦਾ ਇਕ ਨਾਮ

سلامت [ਸਲਾਮਤ : səlaməṭ] *ਵਿ:/ਇ:* ਸੁਰੱਖਿਅਤ, ਹਰ ਬਲਾ ਤੋਂ ਬਚਿਆ ਹੋਇਆ, ਠੀਕ, ਅਰੋਗ; ਜੀਵਨ; ਮੁਬਾਰਕਬਾਦ ਦਾ ਜਵਾਬ; ਕਿਸੇ ਨੂੰ ਕਸ਼ਟ ਨਾ ਦੇਣਾ

سلامتی [ਸਲਾਮਤੀ : səlaməṭi] *ਇ:* ਸੁੱਖ-ਸਾਂਦ, ਖ਼ੈਰੀਅਤ, ਸੁਰੱਖਿਆ, ਬਚਾ; ਸਿਹਤ, ਦੇਹ ਅਰੋਗਤਾ; ਜੀਵਨ

سلامی [ਸਲਾਮੀ : səamɪ] *ਇ:* ਸਲਾਮੀ, ਸਿਪਾਹੀ ਦਾ ਹਥਿਆਰ ਚੁੱਕੇ ਸਤਿਕਾਰ ਦੇਣਾ; ਤੋਪਾਂ ਬੰਦੂਕਾਂ ਤੇ ਗੋਲੇ ਆਦਿ ਚਲਾ ਕੇ ਸਤਿਕਾਰ ਦੇਣਾ; ਨਜ਼ਰਾਨਾ; ਢਾਲ, ਢਲਵਾਨ; ਸਹੁਰਿਆਂ ਵਲੋਂ ਜਵਾਈ ਨੂੰ ਤੁਰਨ ਲੱਗਿਆਂ ਦਿੱਤੀ ਰਕਮ

سِلانا/سِلوانا [ਸਿਲਾਨਾ/ਸਿਲਵਾਨਾ : sɪlana/sɪləwana] *ਕਿ:* ਸਿਵਾਉਣਾ, ਟਾਂਕੇ ਲਗਵਾਉਣਾ, ਬਖ਼ੀਆ ਕਰਵਾਉਣਾ

سِلائی [ਸਿਲਾਈ : sɪlaɪ] *ਇ:* ਸਿਲਾਈ, ਕੱਪੜੇ ਆਦਿ ਸਿਲਵਾਉਣ ਦੀ ਉਜਰਤ

سُلجھانا [ਸੁਲਝਾਨਾ : sʊləjhana] *ਕਿ:* ਸੁਲ਼ਝਾਉਣਾ, ਗੰਢ ਅਤੇ ਪੇਚ ਖੋਲ੍ਹਣਾ; ਉਲਝਣਾਂ ਦੂਰ ਕਰਨਾ; ਉਲ਼ਝੇ ਹੋਏ ਮਾਮਲਿਆਂ ਦਾ ਹੱਲ ਲੱਭਣਾ

سُلجھنا [ਸੁਲਝਨਾ : sʊləjhəna] *ਕਿ:* ਸੁਲ਼ਝਣਾ, ਸੌਖਾ ਹੋਣਾ, ਹੱਲ ਹੋਣਾ, ਸਹਿਲ ਹੋਣਾ, ਖੁੱਲ੍ਹਣਾ

سِلح [ਸਿਲਹ਼ : sɪləḥ] *ਪੁ:* ਹਥਿਆਰ, ਸੰਦ; ਪੁਸ਼ਾਕ, ਲਿਬਾਸ

سِلسِلہ [ਸਿਲਸਿਲਾ : sɪləsɪla] *ਪੁ:* ਜ਼ੰਜੀਰ, ਬੇੜੀ; ਕਤਾਰ, ਲੜੀ; ਖ਼ਾਨਦਾਨ, ਨਸਲ; ਸੂਫ਼ੀਆਂ ਦੀ ਬੰਸਾਵਲੀ, ਤਰਤੀਬ; ਵਾਸਤਾ

سِلسِلہ بندی [ਸਿਲਸਿਲਾ ਬੰਦੀ : sɪləsɪla bə̃di] *ਇ:* ਕਤਾਰਬੰਦੀ, ਤਰਤੀਬ; ਗਰੁਪਬੰਦੀ

سِلسِلہ وار [ਸਿਲਸਿਲਾਵਾਰ : sɪləsɪlawar] *ਵਿ:* ਤਰਤੀਬਵਾਰ, ਦਰਜੇ ਅਨੁਸਾਰ, ਨੰਬਰ ਅਨੁਸਾਰ

سُلطان [ਸੁਲਤ਼ਾਨ : sʊlətan] *ਪੁ:* ਰਾਜਾ, ਬਾਦਸ਼ਾਹ, ਹਾਕਮ, ਮੁਲਕ ਦਾ ਵਾਲ਼ੀ; ਸ਼ਕਤੀ, ਦਲੀਲ, ਹੁੱਜਤ

سُلطانہ [ਸੁਲਤ਼ਾਨਾ : sʊlətana] *ਇ:* ਰਾਣੀ, ਮਲਕਾ, ਬਾਦਸ਼ਾਹ ਦੀ ਬੇਗਮ

سُلطانی [ਸੁਲਤ਼ਾਨੀ : sʊlətanɪ] *ਇ:* ਬਾਦਸ਼ਾਹਤ, ਹਕੂਮਤ, ਰਾਜ

سلطنت [ਸਲਤ਼ਨਤ : sələtənət] *ਇ:* ਹਕੂਮਤ,

ਰਾਜ-ਭਾਗ, ਬਾਦਸ਼ਾਹਤ

سُلفا [ਸੁਲਫ਼ਾ : sulafa] *ਪੁ:* ਸੁਲਫ਼ਾ, ਇਕੋ ਵਾਰੀ ਚਿਲਮ ਵਿਚ ਭਰਨਯੋਗ ਤੰਬਾਕੂ ਜਾਂ ਚਰਸ

سِلک [ਸਿਲਕ : silək] *ਪੁ:* ਧਾਗਾ, ਡੋਰਾ; ਲੜੀ, ਹਾਰ; ਇਕ ਚੀਜ਼ ਨੂੰ ਦੂਜੀ ਨਾਲ਼ ਪਰੋਣਾ, ਕਤਾਰ; ਨਜ਼ਮ

سِلوائی [ਸਿਲਵਾਈ : silәwai] *ਇ:* ਸਿਲਵਾਈ, ਸਿਊਣ ਦੀ ਉਜਰਤ

سُلُوک [ਸੁਲੂਕ : suluk] *ਪੁ:* ਸਲੂਕ, ਰਾਹ ਚੱਲਣ ਜਾਂ ਪੰਧ ਮੁਕਾ ਲੈਣ ਦਾ ਭਾਵ, ਵਰਤਾ; ਦੋਸਤੀ, ਮਿੱਤਰਤਾ; ਸਹਾਇਤਾ, ਭਲਾਈ, ਨੇਕੀ; ਸੂਫ਼ੀਆਂ ਦੀ ਪਰਿਭਾਸ਼ਾ ਵਿਚ ਅੱਲਾਹ ਦੀ ਨਿਕਟਤਾ ਚਾਹੁਣਾ

سلیقہ [ਸਲੀਕ਼ਾ : səliqa] *ਪੁ:* ਤਮੀਜ਼, ਲਿਆਕਤ; ਸੁਘੜਪੁਣਾ, ਹੁਨਰ, ਦਸਤਕਾਰੀ

سلیقہ مند [ਸਲੀਕ਼ਾਮੰਦ : səliqamənd] *ਵਿ:* ਸੁਘੜ, ਤਮੀਜ਼ਵਾਰ; ਹੁਨਰਮੰਦ, ਸੁਚੱਜੇ ਵਿਹਾਰ ਵਾਲ਼ਾ

سلیم [ਸਲੀਮ : səlim] *ਵਿ:* ਠੀਕ, ਕਾਮਲ, ਪੂਰਨ; ਸਾਫ਼ ਦਿਲ, ਸਾਦਾ ਦਿਲ; ਅਰੋਗ, ਚੰਗਾ; ਹਲੀਮ, ਚੁੱਪ, ਸ਼ਾਂਤ

سلیمانی ٹوپی [ਸੁਲੇਮਾਨੀ ਟੋਪੀ : sulemani ṭopi] *ਇ:* ਅਜਿਹੀ ਫਰਜ਼ੀ ਟੋਪੀ ਜਿਸ ਨੂੰ ਪਹਿਨ ਕੇ ਦੂਜਿਆਂ ਨੂੰ ਵੇਖ ਸਕਦਾ ਹੈ ਪਰ ਉਸ ਨੂੰ ਕੋਈ ਨਹੀਂ ਵੇਖ ਸਕਦਾ

سُم [ਸੁਮ : sum] *ਪੁ:* ਸੁਮ, ਖੁਰ, ਘੋੜੇ ਜਾਂ ਖੋਤੇ ਦੇ ਪੈਰ; ਨਹੁੰ

سما [ਸਮਾ : səma] *ਪੁ:* ਆਸਮਾਨ, ਅਕਾਸ਼, ਗਗਨ, ਛੱਤ; ਸ਼ਾਮਿਆਨਾ, ਸਾਏਬਾਨ, ਘੋੜੇ ਦੀ ਪਿੱਠ; ਬੱਦਲ

سماجت [ਸਮਾਜਤ : səmajət] *ਇ:* ਸ਼ਰਮਿੰਦਗੀ, ਤੁਰਸ਼ੀ; ਮਿੰਨਤ, ਚਾਪਲੂਸੀ, ਖ਼ੁਸ਼ਾਮਦ; ਤਰਲਾ, ਭੱਦਾਪਣ, ਕਰੂਪਤਾ, ਮੁਰਾਧੀ

سماع [ਸਮਾਅ : səma'ə] *ਪੁ:* ਸੁਣਨ ਦਾ ਭਾਵ, ਨਾਚ ਗਾਣਾ, ਵਜਦ, ਮਸਤੀ

سماعت [ਸਮਾਅਤ : səma'ət] *ਇ:* ਸੁਣਨ ਦੀ ਸ਼ਕਤੀ, ਮੁਕੱਦਮਾ ਆਦਿ ਸੁਣਨ ਦੀ ਪੇਸ਼ੀ ਜਾਂ ਕਾਰਵਾਈ, ਸੁਣਵਾਈ

سمجھ [ਸਮਝ : səməjh] *ਇ:* ਸਮਝ, ਅਕਲ, ਸਿਆਣਪ, ਗੁਮਾਨ

سمجھانا [ਸਮਝਾਨਾ : səməjhana] *ਕਿ:* ਸਮਝਾਉਣਾ, ਦੱਸਣਾ; ਨਸੀਹਤ ਕਰਨਾ; ਹਿਸਾਬ ਦੇਣਾ; ਠੀਕ ਬਣਾਉਣਾ; ਇਕਰਾਰ ਕਰਾਉਣਾ; ਤਾੜਨਾ ਕਰਨਾ

سمجھ بوجھ [ਸਮਝ ਬੂਝ : səməjh bujh] *ਇ:* ਸੋਚ-ਵਿਚਾਰ, ਅਕਲ ਤੇ ਤਿਖੀ ਸੋਚ ਸਮਝ

سمجھ دار [ਸਮਝਦਾਰ : səməjhədar] *ਵਿ:* ਸਮਝਦਾਰ, ਅਕਲਮੰਦ, ਸਿਆਣਾ, ਹੁਸ਼ਿਆਰ, ਨਿਪੁੰਨ

سمجھنا [ਸਮਝਨਾ : səməjhəna] *ਕਿ:* ਸਮਝਣਾ, ਜਾਣਨਾ, ਵਾਕਫ਼ ਹੋਣਾ; ਸਿੱਖਣਾ; ਦਿਲ ਵਿਚ ਠਾਣਨਾ; ਹਿਸਾਬ ਲਗਾਉਣਾ; ਬਦਲਾ ਲੈਣਾ; ਮਾਰਨਾ ਪਿੱਟਣਾ; ਮੰਨਣਾ; ਅਕਲ ਵਿਚ ਲਿਆਉਣਾ

سمع [ਸਮਅ : səmə'ə] *ਪੁ:* ਸੁਣਨ ਸ਼ਕਤੀ, ਕੰਨ

سمندر [ਸਮੁੰਦਰ : səmũdər] *ਪੁ:* ਸਮੁੰਦਰ, ਸਾਗਰ

سمندری [ਸਮੁੰਦਰੀ : səmũdəri] *ਵਿ:* ਸਮੁੰਦਰੀ, ਸਮੁੰਦਰ ਨਾਲ਼ ਸੰਬੰਧਿਤ, ਸਾਗਰ ਨਾਲ਼ ਸੰਬੰਧਿਤ

سموم [ਸਮੂਮ : səmum] *ਇ:* ਜ਼ਹਿਰੀਲੀ ਹਵਾ, ਲੂ, ਗਰਮ ਹਵਾ

سمیع [ਸਮੀਅ : səmi'ə] *ਵਿ:* ਸੁਣਨ ਵਾਲ਼ਾ (ਆਮ ਕਰਕੇ ਇਹ ਸ਼ਬਦ ਪਰਮਾਤਮਾ ਲਈ

ਵਰਤਿਆ ਜਾਂਦਾ ਹੈ)

سن [ਸਿਨ : sin] *ਪੁ:* ਉਮਰ, ਆਯੂ, ਉਮਰ ਦੇ ਸਾਲਾਂ ਦੀ ਸੰਖਿਆ, ਸਾਲ

سُنا سُنایا [ਸੁਨਾ ਸੁਨਾਯਾ : suna sunaya] *ਵਿ:* ਸੁਣਿਆ ਸੁਣਾਇਆ, ਦੂਜਿਆ ਤੋਂ ਸੁਣਿਆ ਹੋਇਆ, ਕੰਨੋਂ ਕੰਨ ਪਈ (ਗੱਲ)

سُنانا [ਸੁਨਾਨਾ : sunana] *ਕਿ:* ਸੁਣਾਉਣਾ, ਕਹਿਣਾ, ਕੰਨ ਵਿਚ ਪਾਉਣਾ; ਬੁਰਾ ਭਲਾ ਕਹਿਣਾ, ਤਾਅਨਾ ਮਾਰਨਾ; ਗਾਲ਼ਾਂ ਕੱਢਣਾ; ਕਿਸੇ ਦੇ ਸਾਮ੍ਹਣੇ ਪੜ੍ਹਨਾ ਜਾਂ ਗੀਤ ਆਦਿ ਗਾਉਣਾ; ਖ਼ਬਰਦਾਰ ਕਰਨਾ

سیجاف [ਸਿੰਜਾਫ਼ : sijaf] *ਇ:* ਝਾਲਰ, ਕਿਨਾਰਾ, ਹਾਸ਼ੀਆ

سیجدگی [ਸੰਜੀਦਗੀ : sijidagi] *ਇ:* ਸੰਜੀਦਗੀ, ਤਜੱਰਬਾ; ਗੰਭੀਰਤਾ, ਪਕਿਆਈ, ਭਾਰੀਪਣ

سیجیدہ [ਸੰਜੀਦਾ : sijida] *ਵਿ:* ਤਜਰਬਾਕਾਰ, ਨਿਪੁੰਨ, ਸਮਝਦਾਰ, ਹੁਸ਼ਿਆਰ, ਸੂਝਵਾਨ; ਜਚਿਆ ਹੋਇਆ; ਗੰਭੀਰ, ਪੱਕਾ, ਤੋਲਿਆ ਹੋਇਆ, ਯੋਗ, ਭਰੋਸੇ ਯੋਗ

سند [ਸਨਦ : sənəd] *ਇ:* ਸਨਦ, ਸਰਟੀਫ਼ਿਕੇਟ, ਸਬੂਤ, ਦਸਤਾਵੇਜ਼, ਪਰਮਾਣਕ, ਲਿਖਤ, ਸਰਕਾਰੀ ਰਜਿਸਟਰੀ, ਤਸਦੀਕਨਾਮਾ, ਭਰੋਸੇ ਦੀ ਗੱਲ; ਸਹਾਰਾ

سنگ [ਸੰਗ : sag] *ਪੁ:* ਪੱਥਰ; ਭਾਰ, ਬੋਝ, ਵਟਾ; ਮਾਤਰਾ, ਮਿਕਦਾਰ; ਮਰਤਬਾ, ਰੁਤਬਾ, ਭਰੋਸਾ, ਕੀਮਤ; ਇਕ ਪ੍ਰਕਾਰ ਦਾ ਸੰਗੀਤ ਸਾਜ਼

سنگ باری [ਸੰਗ ਬਾਰੀ : sag bari] *ਇ:* ਪੱਥਰਾਂ ਦਾ ਵਰ੍ਹਨਾ, ਪੱਥਰ ਮਾਰਨ ਦਾ ਕਾਰਜ, ਪੱਥਰਾਂ ਦੀ ਬੁਛਾੜ

سنگِ پا [ਸੰਗ-ਏ-ਪਾ : sag-e-pa] *ਪੁ:* ਪੈਰ ਰਗੜਨ ਦਾ ਪੱਥਰ, ਝਾਂਵਾਂ

سنگ پشت [ਸੰਗ ਪੁਸ਼ਤ : sag pusat] *ਪੁ:* ਕਛੂਆ, ਕਛੂਕੁੰਮਾ

سنگ تراش [ਸੰਗ ਤਰਾਸ਼ : sag taraş] *ਵਿ:* ਪੱਥਰ ਘਾੜਾ

سنگ دل [ਸੰਗ ਦਿਨ : sag dil] *ਵਿ:* ਪੱਥਰ ਦਿਲ, ਬੇਰਹਿਮ, ਜ਼ਾਲਮ, ਨਿਰਦਈ, ਅਤਿਆਚਾਰੀ

سنگ ریزہ [ਸੰਗ ਰੇਜ਼ਾ : sag reza] *ਪੁ:* ਕੰਕਰ, ਰੋੜੀ, ਬਜਰੀ

سنگِ مرمر [ਸੰਗੇ ਮਰਮਰ : sage mər mər] *ਪੁ:* ਸੰਗ ਮਰਮਰ, ਇਕ ਪ੍ਰਕਾਰ ਦਾ ਬੜਾ ਉੱਤਮ ਚਿੱਟਾ ਪੱਥਰ

سنگین [ਸੰਗੀਨ : sagin] *ਵਿ:* ਪੱਥਰ ਦਾ; ਸਖ਼ਤ, ਭਾਰੀ, ਵਜ਼ਨੀ; ਮਜ਼ਬੂਤ, ਹੰਢਣਸਾਰ

سنگین جُرم [ਸੰਗੀਨ ਜੁਰਮ : sagin jurəm] *ਪੁ:* ਭਾਰੀ ਕਸੂਰ, ਅਜਿਹਾ ਗੁਨਾਹ ਜਿਸ ਦੀ ਕੋਈ ਸਖ਼ਤ ਸਜ਼ਾ ਹੋਵੇ

سنہ [ਸਨਾ : sana] *ਪੁ:* ਵਰ੍ਹਾ, ਸੰਮਤ, ਸਾਲ

سنین [ਸਿਨੀਨ : sinin] *ਪੁ:* سنہ ਦਾ ਬਹੁਵਚਨ, ਬਹੁਤੇ ਸਾਲ

سُو [ਸੁ : su] *ਕਿਵਿ:* ਵਲ, ਤਰਫ਼, ਪਾਸਾ; ਰੋਸ਼ਨੀ, ਲਾਭ, ਮਿਸਾਲ

سواحِل [ਸਵਾਹਿਲ : sawahil] *ਪੁ:* ساحل ਦਾ ਬਹੁਵਚਨ, ਪਾਣੀ ਦੇ ਕਿਨਾਰੇ, ਦਰਿਆ, ਝੀਲ ਜਾਂ ਸਾਗਰ ਦੇ ਕੰਢੇ

سُوار [ਸੁਵਾਰ : suwar] *ਪੁ:* ਸਵਾਰ, ਰਸਾਲੇ ਦਾ ਕਰਮਚਾਰੀ; ਸਵਾਰੀ 'ਤੇ ਬੈਠਾ ਹੋਇਆ

سُواری [ਸੁਵਾਰੀ : suwari] *ਇ:* ਸਵਾਰੀ, ਘੋੜੇ ਆਦਿ 'ਤੇ ਚੜ੍ਹਨ ਦੀ ਕਿਰਿਆ; ਉਹ ਜਾਨਵਰ ਜਾਂ ਚੀਜ਼ ਜਿਸ 'ਤੇ ਸਵਾਰ ਹੋਇਆ ਜਾਵੇ, ਜਲੂਸ; ਸਵਾਰ ਵਿਅਕਤੀ

سُوال [ਸੁਵਾਲ਼ : suwal] *ਪੁ:* ਸਵਾਲ, ਪੁੱਛ-ਗਿਛ, ਦਰਖ਼ਾਸਤ, ਅਰਜ਼ੀ, ਭਿਖ ਮੰਗਣ ਦਾ

ਭਾਵ; ਮਸਲਾ

سُوال جواب [ਸੁਵਾਲ ਜਵਾਬ : suwal jəwab] *ਪੁ:* ਸਵਾਲ ਜਵਾਬ, ਗੱਲ-ਬਾਤ, ਬਹਿਸ

سُوال خوانی [ਸੁਵਾਲ ਖ਼ਾਨੀ : suwal xani] *ਇ:* ਅਦਾਲਤ ਵਿਚ ਦਾਅਵੇ ਦਾ ਪੜ੍ਹਿਆ ਜਾਣਾ

سُوال درسُوال [ਸੁਵਾਲ ਦਰ ਸੁਵਾਲ : suwal dər suwal] *ਪੁ:* ਪ੍ਰਸ਼ਨ ਦਾ ਉੱਤਰ ਦੇਣ ਦੀ ਬਜਾਏ ਉਸੇ ਸਵਾਲ ਤੇ ਇਕ ਹੋਰ ਸਵਾਲ ਕਰ ਦੇਣ ਦੀ ਕਿਰਿਆ

سُوالی [ਸੁਵਾਲੀ : suwali] *ਵਿ:* ਪ੍ਰਸ਼ਨ ਕਰਨ ਵਾਲ਼ਾ, ਮੰਗਣ ਵਾਲ਼ਾ

سوانح عُمری [ਸਵਾਨਿਹ ਉਮਰੀ : səwaniḥ umərі] *ਇ:* ਕਿਸੇ ਵਿਅਕਤੀ ਦੀ ਜੀਵਨੀ, ਜੀਵਨ ਘਟਨਾਵਾਂ 'ਤੇ ਅਧਾਰਿਤ ਪੁਸਤਕ

سوانح نِگار [ਸਵਾਨਿਹ ਨਿਗਾਰ : səwaniḥ nıgar] *ਵਿ:* ਅਖ਼ਬਾਰ ਨਵੀਸ, ਪੱਤਰਕਾਰ, ਨਾਮਾਨਗਾਰ; ਕਿਸੇ ਵਿਅਕਤੀ ਦੀ ਜੀਵਨੀ ਲਿਖਣ ਵਾਲ਼ਾ

سِوائی [ਸਿਵਾਈ : sıwai] *ਵਿ:* ਫ਼ਾਲਤੂ, ਸਧਾਰਨ ਨਾਲ਼ੋਂ ਵੱਧ

سِوائے [ਸਿਵਾਏ : sıwae] *ਕਿਵਿ:* ਅੱਡ, ਇਲਾਵਾ; ਜ਼ਿਆਦਾ, ਫ਼ਾਲਤੂ, ਵਾਧੂ, ਬਿਨਾ, ਅਲੱਗ

سوچنا [ਸੋਚਨਾ : socəna] *ਕਿ:* ਸੋਚਣਾ, ਧਿਆਨ ਕਰਨਾ; ਸਮਝਣਾ, ਬੁੱਝਣਾ, ਗੱਲ ਦੀ ਡੂੰਘਾਈ ਤਕ ਜਾਣਾ; ਸੋਚ ਵਿਚਾਰ ਕਰਨਾ

سوخت/سوختگی [ਸੋਖ਼ਤ/ਸੋਖ਼ਤਗੀ : soxət/ soxətəgi] *ਇ:* ਜਲਨ, ਸੋਜ਼ਸ਼, ਤਕਲੀਫ਼, ਕਸ਼ਟ; ਰੰਜ, ਸਦਮਾ, ਗ਼ਮ

سوختہ [ਸੋਖ਼ਤਾ : soxəta] *ਵਿ:* ਸੜਿਆ ਹੋਇਆ, ਬੁਝਿਆ ਹੋਇਆ, ਝੁਲਸਿਆ ਹੋਇਆ, ਗੰਭੀਰ, ਯੋਗ

سوختہ ہال [ਸੋਖ਼ਤਾ ਖ਼ਾਲ : soxəta bal] *ਵਿ:* ਬੇਬਸ, ਜਿਸ ਦੇ ਪੈਰ ਸੜ ਗਏ ਹੋਣ

سوختہ بخت [ਸੋਖ਼ਤਾ ਬਖ਼ਤ : soxəta bəxət] *ਵਿ:* ਬਦਨਸੀਬ, ਬਦਕਿਸਮਤ, ਅਭਾਗਾ

سُود [ਸੁਦ : sud] *ਪੁ:* ਵਿਆਜ, ਲਾਭ; ਭਲਾਈ, ਬੇਹਤਰੀ

سوداگر [ਸੌਦਾਗਰ : sɔdagər] *ਪੁ:* ਵਪਾਰੀ

سوداگری [ਸੌਦਾਗਰੀ : sɔdagəri] *ਇ:* ਵਪਾਰ, ਵੇਚ-ਵੱਟ

سودائی [ਸੌਦਾਈ : sɔdai] *ਵਿ:* ਸ਼ੁਦਾਈ, ਪਾਗਲ, ਦੀਵਾਨਾ, ਜਨੂਨੀ; ਮੂਰਖ; ਆਸ਼ਕ

سُوراخ [ਸੁਰਾਖ਼ : surax] *ਪੁ:* ਸੁਰਾਖ਼, ਛੇਦ, ਮੋਰੀ, ਮਘੋਰਾ; ਦਰਾੜ, ਝਿਰੀ; ਮੂੰਹ

سُورج [ਸੁਰਜ : surəj] *ਪੁ:* ਸੂਰਜ, ਸੂਰਯ

سوز [ਸੋਜ਼ : soz] *ਪੁ:* ਜਲ਼ਨ, ਸਾੜ, ਸੋਜ਼ਸ਼; ਦੁੱਖ, ਦਰਦ

سوزش [ਸੋਜ਼ਿਸ਼ : sozıṣ] *ਇ:* ਜਲ਼ਨ, ਦਰਦ, ਤਕਲੀਫ਼, ਕਸ਼ਟ

سوغات [ਸੌਗ਼ਾਤ : sɔgat] *ਇ:* ਸੁਗ਼ਾਤ, ਤੋਹਫ਼ਾ, ਵਧੀਆ ਚੀਜ਼, ਅਜੀਬ ਚੀਜ਼

سُوکھا [ਸੁਖਾ : sukha] *ਵਿ:* ਸੁੱਕਾ, ਖ਼ੁਸ਼ਕ, ਝੁਰੀਆਂ ਪਈਆਂ ਹੋਈਆਂ, ਦੁਬਲਾ, ਪਤਲਾ; ਰੁੱਖਾ, ਫਿੱਕਾ

سُوکھنا [ਸੁਖਨਾ : sukhəna] *ਕਿ:* ਸੁੱਕਣਾ; ਖ਼ੁਸ਼ਕ ਹੋਣਾ, ਸੁੰਗੜਨਾ

سُولی [ਸੂਲੀ : suli] *ਇ:* ਫਾਂਸੀ ਦਾ ਖੰਭਾ; ਇਕ ਅਜਿਹਾ ਆਲਾ ਜਿਸ ਵਿਚ ਦੋਸ਼ੀਆਂ ਨੂੰ ਹੱਥਾਂ-ਪੈਰਾਂ ਵਿਚ ਮੇਖਾਂ ਠੋਕ ਕੇ ਲਟਕਾ ਦਿੰਦੇ ਹਨ; ਮੁਸੀਬਤ, ਸਖ਼ਤ ਤਕਲੀਫ਼, ਹਰ ਸਮੇਂ ਡਰ

سونا [ਸੋਨਾ : sona] *ਪੁ:* ਸੋਨਾ, ਜ਼ਰ

سونا [ਸੋਨਾ : sona] *ਕਿ:* ਸੌਣਾ, ਨੀਂਦ ਕਰਨੀ, ਮਰਨਾ, ਸਦਾ ਲਈ ਅੱਖਾਂ ਬੰਦ ਕਰ ਲੈਣਾ

سُوہان [ਸੁਹਾਨ : suhan] ਪੁ: ਲੋਹਾ ਰਗੜਨ ਵਾਲ਼ੀ ਰੇਤੀ

سُوہانِ روح [ਸੁਹਾਨ-ਏ-ਰੂਹ : suhan-e-ruḥ] ਵਿ: ਦੁਖਦਾਈ, ਜਾਨ ਨੂੰ ਤਕਲੀਫ਼ ਦੇਣ ਵਾਲ਼ਾ, ਦਿਲ ਨੂੰ ਬੁਰਾ ਲੱਗਣ ਵਾਲ਼ਾ

سُوئی [ਸੂਈ : sui] ਇ: ਸੂਈ, ਕੱਪੜੇ ਸੀਣ ਲਈ ਨਿੱਕਾ ਜਿਹਾ ਬਰੀਕ ਔਜ਼ਾਰ; ਤੱਕੜੀ ਦਾ ਕਾਂਟਾ; ਘੜੀ ਦਾ ਕਾਂਟਾ

سِہ [ਸਿਹ : sih] ਵਿ: ਤਿੰਨ, ਤ੍ਰੈ

سِہرا [ਸਿਹਰਾ : sihəra] ਪੁ: ਸਿਹਰਾ, ਲਾੜੇ ਦੇ ਸਿਰ 'ਤੇ ਲਟਕਾਈਆਂ ਜਾਂਦੀਆਂ ਫੁੱਲਾਂ ਜਾਂ ਮੋਤੀਆਂ ਦੀਆਂ ਲੜੀਆਂ; ਸਿਹਰਾ ਬੰਨ੍ਹਣ ਵੇਲ਼ੇ ਗਾਈ ਜਾਣ ਵਾਲ਼ੀ ਸ਼ਗਨਾਂ ਭਰੀ ਕਾਵਿ-ਰਚਨਾ

سہل [ਸਹਲ : səhəl] ਵਿ: ਅਸਾਨ, ਸਹਿਜ, ਨਰਮ

سہل الحصول [ਸਹਲ-ਉਲ-ਹ਼ਸੂਲ : səhəl-ul-ḥəsul] ਵਿ: ਸੌਖਿਆਂ ਪ੍ਰਾਪਤ ਹੋਣ ਵਾਲ਼ਾ

سہل انگار [ਸਹਲ ਅੰਗਾਰ : səhəl ãgar] ਵਿ: ਸੁਸਤ, ਅਰਾਮ-ਪਸੰਦ

سہم [ਸਹਮ : səhəm] ਪੁ: ਸਹਿਮ, ਡਰ; ਤੀਰ; ਹਿੱਸਾ

سہمگین [ਸਹਮਗੀਨ : səhəməgin] ਵਿ: ਡਰਾਉਣਾ, ਭੈਭੀਤ

سہمنا [ਸਹਮਨਾ : səhəməna] ਕਿ: ਸਹਿਮਣਾ, ਡਰਨਾ, ਭੈ ਖਾਣਾ

سہولت [ਸਹੂਲਤ : səhulət] ਇ: ਸਹੂਲਤ, ਨਰਮੀ, ਅਸਾਨੀ, ਸੌਖ

سیّاح [ਸੈੱਯਾਹ਼ : səyyaḥ] ਵਿ:/ਪੁ: ਦੇਸ਼ ਦੀ ਸੈਰ ਕਰਨ ਵਾਲ਼ਾ, ਬਹੁਤ ਸੈਰ ਕਰਨ ਵਾਲ਼ਾ, ਯਾਤਰੀ, ਸੈਲਾਨੀ

سیّاحت [ਸਿੱਯਾਹ਼ਤ : sɪyyəḥət] ਇ: ਸਫ਼ਰ, ਯਾਤਰਾ, ਸੈਰ, ਗਸ਼ਤ

سیادت [ਸਿਯਾਦਤ : sɪyadət] ਇ: ਸਰਦਾਰੀ, ਬਜ਼ੁਰਗੀ; ਹਕੂਮਤ, ਬਾਦਸ਼ਾਹੀ

سیّارہ [ਸੈੱਯਾਰਾ : səyyara] ਪੁ: ਗਰਦਸ਼ ਕਰਨ ਵਾਲ਼ਾ ਸਿਤਾਰਾ, ਸੈਲਾਨੀ, ਸੈਰ ਕਰਨ ਵਾਲ਼ਾ ਬੰਦਾ, ਕਾਫ਼ਲਾ

سیاست [ਸਿਯਾਸਤ : sɪyasət] ਇ: ਸਿਆਸਤ, ਹਕੂਮਤ, ਪ੍ਰਬੰਧ; ਰੋਹਬ-ਦਾਬ; ਧਮਕੀ, ਸਜ਼ਾ; ਵਿਧਾਨ, ਬਾਦਸ਼ਾਹਤ ਕਰਨ ਦਾ ਤਰੀਕਾ; ਨਿਗਾਹਬਾਨੀ

سیاسی [ਸਿਯਾਸੀ : sɪyasi] ਵਿ: ਸਿਆਸੀ, ਦੇਸ਼ ਦਾ ਪ੍ਰਬੰਧਕ; ਸਿਆਸਤ ਨਾਲ਼ ਸੰਬੰਧ ਰੱਖਣ ਵਾਲ਼ਾ

سیاہ [ਸਿਯਾਹ : sɪyah] ਵਿ: ਕਾਲ਼ਾ; ਜ਼ੁਮ, ਮਨਹੂਸ; ਉਲਟਾ, ਮੂਧਾ; ਖ਼ਰਾਬ

سیاہ خانہ [ਸਿਯਾਹ ਖ਼ਾਨਾ : sɪyah xana] ਪੁ: ਵੀਰਾਨ ਘਰ, ਹਨੇਰਾ ਘਰ

سیاہ رُو [ਸਿਯਾਹ ਰੂ : sɪyah ru] ਵਿ: ਕਾਲ਼ੇ ਮੂੰਹ ਵਾਲ਼ਾ, ਜ਼ਲੀਲ, ਖ਼ੁਆਰ

سیاہ فام [ਸਿਯਾਹ ਫ਼ਾਮ : sɪyah fam] ਵਿ: ਕਾਲ਼ਾ ਕਲੂਟਾ

سیاہ کار [ਸਿਯਾਹਕਾਰ : sɪyahəkar] ਵਿ: ਬਦਕਾਰ, ਪਾਪੀ; ਗੁਨਾਹਗਾਰ, ਜ਼ਾਲਮ

سیاہی [ਸਿਯਾਹੀ : sɪyahi] ਇ: ਸਿਆਹੀ, ਕਾਲਖ, ਰੁਸ਼ਨਾਈ ਜਿਸ ਨਾਲ਼ ਲਿਖਿਆ ਜਾਂਦਾ ਹੈ; ਹਨੇਰਾ, ਕਾਜਲ, ਧੱਬਾ, ਦਾਗ, ਕਲੰਕ ਦਾ ਟਿੱਕਾ

سیاہی چٹ/سیاہی چُوس [ਸਿਆਹੀ ਚਟ/ਸਿਆਹੀ ਚੂਸ : sɪahi cəṭ/sɪahi cus] ਪੁ: ਸਿਆਹੀ ਚੂਸ, ਬਲਾਟਿੰਗ ਪੇਪਰ, ਕਾਗਜ਼ ਤੇ ਲੱਗੀ ਸਿਆਹੀ ਆਦਿ ਜਜ਼ਬ ਕਰਨ ਵਾਲ਼ਾ ਮੋਟਾ ਕਾਗਜ਼

سیب [ਸੇਬ : seb] ਪੁ: ਸੇਬ, ਸਿਓ

سینچنا/سیچنا [ਸੀਚਨਾ/ਸੀਂਚਨਾ : sɪcəna/sĩcəna] ਕਿ: ਸਿੰਜਣਾ, ਸੇਜੀ ਕਰਨੀ, ਖੇਤੀ ਜਾਂ ਬਾਗ ਨੂੰ ਪਾਣੀ ਦੇਣਾ

سیدھا [ਸੀਧਾ : sidha] ਵਿ:/ਪੁ: ਸਿੱਧਾ, ਖਲੋਤਾ; ਸੌਖਾ, ਸਹਿਲ; ਸਾਮ੍ਹਣੇ, ਠੀਕ, ਬਕਾਇਦਾ; ਮਾਡਕ; ਭੋਲਾ, ਸੱਚਾ, ਨੇਕ, ਈਮਾਨਦਾਰ; ਕੱਚੀ ਖ਼ੁਰਾਕ, ਆਟਾ ਦਾਲ ਘਿਉ; ਸੱਜਾ; ਨਿਰਥਲ

سیدھا سادہ [ਸੀਧਾ ਸਾਦਾ : sidha sada] ਵਿ: ਸਿੱਧਾ ਸਾਦਾ, ਸਾਦਾ ਸੁਭਾ; ਭੋਲ਼ਾ-ਭਾਲ਼ਾ

سیر [ਸੈਰ : ser] ਇ: ਸੈਰ, ਹਵਾ ਖ਼ੋਰੀ, ਚਹਿਲ-ਕਦਮੀ, ਘੁੰਮਣ ਫਿਰਨ ਦੀ ਕਿਰਿਆ, ਤਮਾਸ਼ਾ, ਨਜ਼ਾਰਾ, ਹਾਸੀ, ਮਜ਼ਾਕ, ਚਮੜੇ ਦਾ ਤਸਮਾ

سیر [ਸੇਰ : ser] ਵਿ: ਪੇਟ ਭਰਿਆ, ਬੇਪਰਵਾਹ, ਸੌਖਾ; ਬਹੁਤ ਤੰਗ, ਬੇਜ਼ਾਰ

سیراب [ਸੇਰਾਬ : serab] ਵਿ: ਪਾਣੀ ਨਾਲ਼ ਭਰਿਆ ·ਹੋਇਆ, ਤਰੋ-ਤਾਜ਼ਾ; ਰੱਜਿਆ ਹੋਇਆ

سیرت [ਸੀਰਤ : sirət] ਇ: ਸੁਭਾ, ਆਦਤ, ਖ਼ਸਲਤ, ਗੁਣ, ਵਸਫ਼, ਹੁਨਰ; ਸੁਭਾ, ਜੀਵਨੀ

سیڑھی [ਸੀੜ੍ਹੀ : siṛhi] ਇ: ਪੌੜੀ; ਵਸੀਲਾ; ਦਰਜਾ, ਮਰਤਬਾ, ਡਿਗਰੀ, ਗਰੇਡ

سیف [ਸੈਫ਼ : sɛf] ਇ: ਤਲਵਾਰ, ਸ਼ਮਸ਼ੀਰ, ਤੇਗ਼; ਘੋੜੇ ਦੀ ਪੂਛ ਦੇ ਵਾਲ਼

سیل [ਸੈਲ : sɛl] ਪੁ:/ਇ: ਪਾਣੀ ਦਾ ਰੌ, ਬਹਾ, ਲਹਿਰ, ਹੜ੍ਹ

سیلاب [ਸੈਲਾਬ : selab] ਪੁ: ਪਾਣੀ ਦਾ ਰੌ, ਪਾਣੀ ਦਾ ਚੜ੍ਹਾ

سیلانی [ਸੈਲਾਨੀ : sɛlani] ਪੁ: ਯਾਤਰੀ, ਪਾਂਧੀ, ਜ਼ਿਆਦਾ ਘੁੰਮਣ ਫਿਰਨ ਵਾਲ਼ਾ ਵਿਅਕਤੀ

سیم [ਸੀਮ : sim] ਇ: ਚਾਂਦੀ, ਦੌਲਤ, ਧਨ

سیما [ਸੀਮਾ : sima] ਪੁ: ਮੱਥਾ, ਮਸਤਕ; ਚਿਹਰਾ, ਮੂੰਹ

سینہ [ਸੀਨਾ : sina] ਪੁ: ਛਾਤੀ

سینہ بسینہ [ਸੀਨਾ-ਬ-ਸੀਨਾ : sina-bə-sina] ਕਿਵਿ: ਆਹਮੋ ਸਾਹਮਣੇ, ਪੀੜ੍ਹੀ ਦਰ ਪੀੜ੍ਹੀ

سینہ زوری [ਸੀਨਾ ਜ਼ੋਰੀ : sina zori] ਇ: ਧੱਕਾ, ਜ਼ਬਰਦਸਤੀ

سینہ کوبی [ਸੀਨਾ ਕੂਬੀ : sɪna kubi] ਇ: ਸਿਆਪਾ, ਮਾਤਮ ਕਰਨ ਜਾਂ ਸੋਗ ਕਰਨ ਦੀ ਕਿਰਿਆ

ش ਸ਼ੀਨ

ش [ਸ਼ੀਨ : ṣin] *ਪੁ:* ਉਰਦੂ ਵਰਨਮਾਲਾ ਦਾ ਉੱਨ੍ਹੀਵਾਂ, ਫ਼ਾਰਸੀ ਦਾ ਸੋਲ੍ਹਵਾਂ ਅਤੇ ਅਰਬੀ ਦਾ ਤੇਰ੍ਹਵਾਂ ਅੱਖਰ

شاباش/شادباش [ਸ਼ਾਬਾਸ਼/ਸ਼ਾਦਬਾਸ਼ : ṣabaṣ/ṣadəbaṣ] *ਵਿਸ:/ਪੁ:* ਸ਼ਾਬਾਸ਼, ਖ਼ੂਬ ਰਹੋ, ਵਾਹਵਾਹ, ਕੀ ਕਹਿਣੇ? ਬਹੁਤ ਖ਼ੂਬ, ਕਮਾਲ; ਲਾੜੀ ਲਾੜੇ ਤੋਂ ਕੀਤੀ ਸਿਰਵਾਰਨੇ ਦੀ ਰਸਮ

شاتم [ਸ਼ਾਤਿਮ : ṣatım] *ਵਿ:* ਗਾਲ੍ਹਾਂ ਦੇਣ ਵਾਲ੍ਹਾ, ਬੁਰਾ-ਭਲਾ ਕਹਿਣ ਵਾਲ੍ਹਾ

شاخ [ਸ਼ਾਖ਼ : ṣax] *ਇ:* ਟਾਹਣੀ, ਡਾਲੀ; ਜਾਨਵਰਾਂ ਦਾ ਸਿੰਗ; ਐਬ, ਨੁਕਸ; ਹੁਨਰ, ਖ਼ੂਬੀ; ਛੋਟੀ ਨਹਿਰ ਜਾਂ ਸੂਆ; ਸ਼ਰਾਬ ਦਾ ਪਿਆਲਾ

شاخ آہو [ਸ਼ਾਖ਼-ਏ-ਆਹੂ : ṣax-e-ahu] *ਪੁ:* ਹਿਰਨ ਦੇ ਸਿੰਗ, ਅਨੋਖੀ ਗੱਲ

شاخ دار [ਸ਼ਾਖ਼ਦਾਰ : ṣaxədar] *ਵਿ:* ਟਹਿਣੀ ਵਾਲ੍ਹਾ; ਸਿੰਗਾਂ ਵਾਲ੍ਹਾ

شاد [ਸ਼ਾਦ : ṣad] *ਵਿ:* ਖ਼ੁਸ਼, ਪ੍ਰਸੰਨ, ਮਸਰੂਰ

شاداب [ਸ਼ਾਦਾਬ : ṣadab] *ਵਿ:* ਸਿੰਜਿਆ ਹੋਇਆ, ਹਰਿਆ ਭਰਿਆ, ਪਾਣੀ ਨਾਲ਼ ਭਰਿਆ ਹੋਇਆ

شادابی [ਸ਼ਾਦਾਬੀ : ṣadabi] *ਇ:* ਹਰਿਆਵਲ, ਤਰੋ-ਤਾਜ਼ਗੀ

شاداں [ਸ਼ਾਦਾਂ : ṣadā] *ਵਿ:* ਖ਼ੁਸ਼ਹਾਲ, ਖ਼ੁਸ਼, ਪ੍ਰਸੰਨ

شادی [ਸ਼ਾਦੀ : ṣadi] *ਇ:* ਖ਼ੁਸ਼ੀ; ਈਦ, ਤਿਓਹਾਰ, ਜਸ਼ਨ; ਵਿਆਹ

شادیانہ [ਸ਼ਾਦਯਾਨਾ : ṣadəyana] *ਪੁ:* ਖ਼ੁਸ਼ੀ ਦਾ ਵਾਜਾ-ਗਾਜਾ, ਮੁਬਾਰਕਬਾਦ, ਅਨੰਦਦਾਇਕ ਵਾਜਾ

شار [ਸ਼ਾਰ : ṣar] *ਪੁ:* ਸ਼ਹਿਰ, ਕਸਬਾ, ਬਸਤੀ, ਉੱਚੀ ਇਮਾਰਤ; ਰਸਤਾ; ਨਾਚ; ਮਿਲਾਵਟ; ਗਿੱਦੜ, ਮੈਨਾ; ਵੱਡਾ ਸੱਪ

شارب [ਸ਼ਾਰਿਬ : ṣarıb] *ਵਿ:* ਪੀਣ ਵਾਲ੍ਹਾ, ਪਿਆਕ

شارع [ਸ਼ਾਰਿਅ : ṣarı'ə] *ਪੁ:/ਵਿ:* ਵੱਡਾ ਰਸਤਾ, ਸੜਕ; ਮਾਰਗ, ਸ਼ਰੀਅਤ ਦੱਸਣ ਵਾਲ੍ਹਾ; ਬੁਰੂ ਕਰਨ ਵਾਲ੍ਹਾ; ਕਥਨੀ ਕਰਨੀ ਦਾ ਸੂਰਾ; ਸਿੱਧਾ ਰਾਹ

شارع عام [ਸ਼ਾਰਿਅ ਆਮ : ṣarı'ə'am] *ਪੁ:* ਸ਼ਾਹਰਾਹ, ਆਮ ਰਾਹ, ਉਹ ਰਾਹ ਜਿਸ ਤੇ ਹਰ ਕਿਸੇ ਨੂੰ ਚੱਲਣ ਦਾ ਹੱਕ ਹੋਵੇ

شاش/شاشہ [ਸ਼ਾਸ਼/ਸ਼ਾਸ਼ਾ : ṣaṣ/ṣaṣa] *ਪੁ:* ਬੋਲ, ਪਿਸ਼ਾਬ, ਮੂਤਰ

شاعر [ਸ਼ਾਇ਼ਰ : ṣa'ır] *ਪੁ:* ਸ਼ਾਇਰ, ਕਵੀ, ਸ਼ਿਅਰ ਕਹਿਣ ਵਾਲ੍ਹਾ

شاعرانہ [ਸ਼ਾਇ਼ਰਾਨਾ : ṣa'ırana] *ਵਿ:* ਕਵੀ ਨਾਲ਼ ਸੰਬੰਧਿਤ; ਸ਼ਾਇਰ ਦੇ ਤਰੀਕੇ ਅਨੁਸਾਰ

شاعرہ [ਸ਼ਾਇ਼ਰਾ : ṣa'ıra] *ਇ:* ਇਸਤਰੀ ਸ਼ਾਇਰ, ਕਵਿਤਰੀ

شاعری [شाइरी : ṣa'ıri] *ਇ:* ਸ਼ਾਇਰੀ, ਸ਼ਿਅਰਗੋਈ, ਕਵਿਤਵ; ਸ਼ਿਅਰ ਦਾ ਕਹਿਣਾ, ਕਵਿਤਾ ਲਿਖਣਾ ਜਾਂ ਬੋਲਣਾ; ਵਧਾ ਚੜ੍ਹਾ ਕੇ ਗੱਲ ਕਰਨੀ

شاق [ਸ਼ਾਕ਼ : ṣaq] *ਵਿ:* ਮੁਸ਼ਕਲ, ਕਠਨ, ਦੁਸ਼ਵਾਰ, ਦੁੱਭਰ

شاقّہ [ਸ਼ੱਾਕ਼ਾ : ṣaqqa] *ਵਿ:* ਸਖ਼ਤ, ਮੁਸ਼ਕਲ, ਕਠਨ, ਦੁਸ਼ਵਾਰ

شاکر [ਸ਼ਾਕਿਰ : ṣakır] *ਵਿ:* ਸ਼ੁਕਰਗੁਜ਼ਾਰ, ਸ਼ੁਕਰ ਕਰਨ ਵਾਲ਼ਾ, ਸੰਤੋਖੀ

شاکی [ਸ਼ਾਕੀ : ṣaki] *ਵਿ:* ਸ਼ਿਕਾਇਤ ਕਰਨ ਵਾਲ਼ਾ, ਗਿਲਾ ਕਰਨ ਵਾਲ਼ਾ, ਸ਼ਿਕਵਾ ਕਰਨ ਵਾਲ਼ਾ

شاگرد [ਸ਼ਾਗਿਰਦ : ṣagırəd] *ਪੁ:* ਸ਼ਗਿਰਦ, ਚੇਲਾ; ਨੌਕਰ, ਚਾਕਰ, ਸੇਵਕ; ਵਿਦਿਆਰਥੀ, ਸਿਖਿਆਰਥੀ; ਉਮੀਦਵਾਰ

شاگردی [ਸ਼ਾਗਿਰਦੀ : ṣagırədi] *ਇ:* ਸ਼ਗਿਰਦੀ, ਕਿਸੇ ਤੋਂ ਸਿੱਖਿਆ ਪ੍ਰਾਪਤ ਕਰਨ ਦੀ ਕਿਰਿਆ

شال [ਸ਼ਾਲ : ṣal] *ਇ:* ਸ਼ਾਲ, ਉਨ ਜਾਂ ਪਸ਼ਮ ਦੀ ਚਾਦਰ, ਗੋਦੜੀ, ਪਸ਼ਮੀਨੇ ਦੀ ਚਾਦਰ; ਤਾਹਰੂ (ਘੋੜੇ ਦਾ)

شال باف [ਸ਼ਾਲ ਬਾਫ਼ : ṣal baf] *ਵਿ:* ਸ਼ਾਲ ਬੁਣਨ ਵਾਲ਼ਾ

شام [ਸ਼ਾਮ : ṣam] *ਇ:* ਸ਼ਾਮ, ਸੂਰਜ ਡੁੱਬਣ ਦਾ ਸਮਾਂ, ਸੰਝ, ਦੋ ਵਕਤਾਂ ਦੇ ਮਿਲਣ ਦਾ ਸਮਾਂ; ਸ਼ਾਮ ਵੇਲ਼ੇ ਦਾ ਖਾਣਾ

شامت [ਸ਼ਾਮਤ : ṣamət] *ਇ:* ਸ਼ਾਮਤ, ਬਦਨਸੀਬੀ, ਬਦਸ਼ਗਨੀ, ਬੁਰਾਈ, ਆਫ਼ਤ

شامتِ اعمال [ਸ਼ਾਮਤ-ਏ-ਅਅ਼ਮਾਲ : ṣamət-e-ə'əmal] *ਇ:* ਕੀਤੇ ਗੁਨਾਹਾਂ ਦੀ ਸਜ਼ਾ, ਕਰਨੀ ਦਾ ਫਲ, ਕਰਤੂਤ ਦਾ ਬਦਲਾ

شامت زدہ [ਸ਼ਾਮਤ ਜ਼ਦਾ : ṣamət zəda] *ਵਿ:* ਮੁਸੀਬਤ ਦਾ ਮਾਰਿਆ ਹੋਇਆ, ਭੈੜੇ ਹਾਲ

شامل [ਸ਼ਾਮਿਲ : ṣamıl] *ਵਿ:* ਸ਼ਾਮਿਲ, ਸਾਥ, ਇਕੱਠਾ, ਮਿਲ਼ਿਆ ਹੋਇਆ, ਰਲ਼ਿਆ ਹੋਇਆ, ਸ਼ਰੀਕ, ਭਾਈਵਾਲ

شاملات [ਸ਼ਾਮਿਲਾਤ : ṣamılat] *ਪੁ:* ਸ਼ਾਮਲਾਟ, ਕਈ ਵਿਅਕਤੀਆਂ ਦੀ ਸਾਂਝੀ ਜਾਇਦਾਦ, ਹਿੱਸੇਦਾਰੀ

شام وسحر [ਸ਼ਾਮ-ਉ-ਸਹ਼ਰ : ṣam-o-səḥər] *ਇ:* ਹਰ ਵਕਤ, ਦੋਵੇਂ ਵਕਤ

شامیانہ [ਸ਼ਾਮੀਆਨਾ : ṣamiana] *ਪੁ:* ਸ਼ਾਮਿਆਨਾ, ਕੱਪੜੇ ਦਾ ਸਾਇਬਾਨ, ਛਤਰੀ

شان [ਸ਼ਾਨ : ṣan] *ਇ:* ਸ਼ਾਨ, ਇੱਜ਼ਤ, ਵਡਿਆਈ, ਠਾਠ; ਤਾਕਤ; ਤਰਜ਼, ਖ਼ੂਬੀ, ਹੱਕ, ਕੰਮ-ਕਾਜ; ਸ਼ਹਿਦ ਦੀਆਂ ਮੱਖੀਆਂ ਦਾ ਛੱਤਾ

شاندار [ਸ਼ਾਨਦਾਰ : ṣanədar] *ਵਿ:* ਸ਼ਾਨਦਾਰ, ਆਲੀਸ਼ਾਨ, ਉੱਚਾ; ਧੂਮ-ਧਾਮ ਦਾ, ਸ਼ਾਨੋ-ਸ਼ੌਕਤ ਵਾਲ਼ਾ

شان وشوکت [ਸ਼ਾਨ-ਉ-ਸ਼ੌਕਤ : ṣan-o-ṣokət] *ਪੁ:* ਸ਼ਾਨੋ-ਸ਼ੌਕਤ, ਰੋਹਬ-ਦਾਬ, ਠਾਠ-ਬਾਠ

شانہ [ਸ਼ਾਨਾ : ṣana] *ਪੁ:* ਜੁਲਾਹਿਆਂ ਦੀ ਕੰਘੀ, ਕੰਘੀ; ਕੰਧਾ, ਮੋਢਾ; ਕੁੱਚ, ਸ਼ਹਿਦ ਦਾ ਛੱਤਾ; ਦੰਦਿਆਂ ਵਾਲ਼ਾ ਇਕ ਸੰਦ

شاہ [ਸ਼ਾਹ : ṣah] *ਪੁ:* ਮਾਲਕ, ਬਾਦਸ਼ਾਹ, ਸੁਲਤਾਨ; ਲਾੜਾ, ਜਵਾਈ; ਸ਼ਤਰੰਜ ਦਾ ਸਭ ਤੋਂ ਵੱਡਾ ਮੋਹਰਾ

شاہانہ [ਸ਼ਾਹਾਨਾ : ṣahana] *ਵਿ:* ਸ਼ਾਹੀ, ਬਾਦਸ਼ਾਹਾਂ ਦੇ ਯੋਗ, ਬਾਦਸ਼ਾਹਾਂ ਵਰਗਾ, ਸੁਲਤਾਨੀ

شاہبالا/شہبالا [ਸ਼ਾਹਬਾਲਾ/ਸ਼ਹਬਾਲਾ : ṣahəbala/ṣəhəbala] *ਪੁ:* ਸਰਬਾਲਾ, ਲਾੜੇ ਦੇ ਪਿੱਛੇ ਘੋੜੀ ਤੇ ਬੈਠਣ ਵਾਲ਼ਾ ਲਾੜੇ ਦਾ ਸਾਥੀ

شاہ خانم [ਸ਼ਾਹ ਖ਼ਾਨਮ : ṣah xanəm] *ਇ:* ਵੱਡੇ ਘਰ ਦੀ ਇਸਤਰੀ, ਸਤਿਕਾਰਿਤ ਇਸਤਰੀ

شاہد [ਸ਼ਾਹਦ : ṣahəd] *ਪੁ:* ਗਵਾਹ; ਹਸੀਨ, ਮਾਸ਼ੂਕ, ਮਹਿਬੂਬ

شاہد حال [ਸ਼ਾਹਦ ਹ਼ਾਲ : ṣahəd ḥal] *ਪੁ:* ਘਟਨਾ ਦਾ ਅਖੀਂ ਡਿੱਠਾ ਗਵਾਹ

شاہد عادل [ਸ਼ਾਹਦ ਆ਼ਦਲ : ṣahəd a'dəl] *ਪੁ:* ਸੱਚਾ ਗਵਾਹ

شاہدی [ਸ਼ਾਹਦੀ : ṣahədi] *ਇ:* ਗਵਾਹੀ, ਸ਼ਹਾਦਤ

شاہ راہ [ਸ਼ਾਹ ਰਾਹ : ṣah rah] *ਪੁ:* ਵੱਡਾ, ਰਸਤਾ, ਜਰਨੈਲੀ ਸੜਕ, ਬਾਦਸ਼ਾਹਾਂ ਦੇ ਲੰਘਣ ਲਈ ਰਾਹ

شاہزادہ/شہزادہ [ਸ਼ਾਹਜ਼ਾਦਾ/ਸ਼ਹਜ਼ਾਦਾ : ṣahəzada/ṣəhəzada] *ਪੁ:* ਸ਼ਹਿਜ਼ਾਦਾ, ਬਾਦਸ਼ਾਹ ਦਾ ਪੁੱਤਰ, ਹਾਕਮ ਦਾ ਬੇਟਾ, ਸ਼ਾਹੀ ਖ਼ਾਨਦਾਨ ਦਾ ਇਕ ਲੜਕਾ

شاہسوار/شہسوار [ਸ਼ਾਹ ਸਵਾਰ/ਸ਼ਹਸਵਾਰ : ṣahə ṣəwar/ṣəhə səwar] *ਪੁ:* ਘੋੜੇ ਦੀ ਸਵਾਰੀ ਵਿਚ ਨਿਪੁੰਨ

شاہنشاہ [ਸ਼ਾਹਨਸ਼ਾਹ : ṣahənṣah] *ਪੁ:* ਸ਼ਹਿਨਸ਼ਾਹ, ਬਾਦਸ਼ਾਹਾਂ ਦਾ ਬਾਦਸ਼ਾਹ, ਸਭ ਤੋਂ ਵੱਡਾ ਬਾਦਸ਼ਾਹ

شاہ نشین [ਸ਼ਾਹ ਨਸ਼ੀਨ : ṣah nəṣin] *ਪੁ:* ਬਾਦਸ਼ਾਹ ਦੇ ਬੈਠਣ ਦੀ ਥਾਂ, ਮਕਾਨ ਦੀ ਕਿਸੇ ਖਿੜਕੀ ਅੱਗੇ ਬਣਾਈ ਹੋਈ ਜਗ੍ਹਾ, ਉੱਚੀ ਥਾਂ

شاہی [ਸ਼ਾਹੀ : ṣahi] *ਵਿ:/ਪੁ:* ਸ਼ਾਹੀ, ਬਾਦਸ਼ਾਹੀ, ਸੁਲਤਾਨੀ, ਸਰਦਾਰੀ, ਸਮਰਾਟਤਾ, ਈਰਾਨ ਦੇ ਇਕ ਸਿੱਕੇ ਦਾ ਨਾਮ ਜਿਹੜਾ ਪੰਜਾਹ ਦੀਨਾਰ ਦੇ ਬਰਾਬਰ ਹੈ

شائستگی [ਸ਼ਾਇਸਤਗੀ : ṣaisətəgi] *ਇ:* ਤਹਿਜ਼ੀਬ, ਆਦਮੀਅਤ, ਯੋਗਤਾ, ਸ਼ਿਸ਼ਟਤਾ

شائستہ [ਸ਼ਾਇਸਤਾ : ṣaisəta] *ਕਿਵਿ:* ਸਲੀਕੇ ਸਹਿਤ, ਤਮੀਜ਼ ਨਾਲ਼, ਉਚਿਤ, ਯੋਗ, ਸਤਿਕਾਰ ਸਹਿਤ

شائع [ਸ਼ਾਇਅ਼ : ṣai'ə] *ਵਿ:* ਛਾਪ ਕੇ ਪ੍ਰਕਾਸ਼ਿਤ ਕੀਤਾ ਹੋਇਆ, ਛਾਪ ਕੇ ਪ੍ਰਚਾਰਿਆ ਗਿਆ; ਪ੍ਰਗਟ, ਆਮ

شایاں [ਸ਼ਾਯਾਂ : ṣayã] *ਵਿ:* ਲਾਇਕ, ਮੁਨਾਸਬ, ਯੋਗ

شاید [ਸ਼ਾਯਦ : ṣayəd] *ਕਿਵਿ:* ਸ਼ਾਇਦ, ਹੋ ਸਕਦਾ ਹੈ, ਸੰਭਾਵਿਤ

شب [ਸ਼ਬ : ṣəb] *ਇ:* ਰਾਤ, ਰੈਣ

شباب [ਸ਼ਬਾਬ : ṣəbab] *ਪੁ:* ਜਵਾਨੀ, ਆਦਿ, ਅਰੰਭ, ਸ਼੍ਰੀ ਗਣੇਸ਼; ਚੜ੍ਹਤ; ਰਾਗ ਦੀ ਇਕ ਸੁਰ

شبابیات [ਸ਼ਬਾਬਯਾਤ : ṣəbabəyat] *ਇ:* ਜਵਾਨੀ ਨਾਲ਼ ਸੰਬੰਧਿਤ ਗੱਲਾਂ

شبانہ [ਸ਼ਬਾਨਾ : ṣəbana] *ਵਿ:* ਰਾਤ ਦਾ

شب بخیر [ਸ਼ਬ-ਬਖ਼ੈਰ : ṣəb-bəxɛr] *ਇ:* ਰਾਤ ਸੁੱਖੀਂ ਸਾਂਦੀ ਲੰਘੇ, ਰਾਤ ਨੂੰ ਵਿਛੜਨ ਵੇਲ਼ੇ ਦੀਆਂ ਸ਼ੁਭ ਇੱਛਾਵਾਂ

شب بیدار [ਸ਼ਬ ਬੇਦਾਰ : ṣəb bədar] *ਵਿ:* ਰਾਤ ਨੂੰ ਜਾਗ ਕੇ ਇਬਾਦਤ ਕਰਨ ਵਾਲ਼ਾ, ਰਾਤ ਭਰ ਜਾਗਣ ਵਾਲ਼ਾ

شب تاب [ਸ਼ਬ ਤਾਬ : ṣəb tab] *ਵਿ:/ਪੁ:* ਰਾਤ ਨੂੰ ਚਮਕਣ ਵਾਲ਼ਾ, ਚੰਨ; ਦੀਵਾ, ਜੁਗਨੂੰ

شب خوابی [ਸ਼ਬ ਖ਼ਾਬੀ : ṣəb xabi] *ਇ:* ਰਾਤ ਦੀ ਪੁਸ਼ਾਕ, ਰਾਤ ਨੂੰ ਸੌਣ ਲੱਗਿਆਂ ਪਾਉਣ ਵਾਲ਼ੇ ਕੱਪੜੇ

شب خون [ਸ਼ਬ ਖ਼ੂਨ : ṣəb xun] *ਪੁ:* ਰਾਤ ਦਾ ਫ਼ੌਜੀ ਛਾਪਾ, ਰਾਤ ਨੂੰ ਖ਼ੁਫ਼ੀਆ ਤੌਰ ਤੇ ਅਵੇਸਲੇ ਦੁਸ਼ਮਣ ਤੇ ਹਮਲਾ ਕਰਨ ਅਤੇ ਦੁਸ਼ਮਣ ਦੀ ਫ਼ੌਜ ਨੂੰ ਕਤਲ ਕਰਨ ਦੀ ਕਾਰਵਾਈ

شب رنگ [ਸ਼ਬ ਰੰਗ : ṣəb rãg] *ਪੁ:* ਸਿਯਾਵੁਸ਼

ਦੇ ਘੋੜੇ ਦਾ ਨਾਮ, ਕਾਲ਼ੇ ਰੰਗ ਦਾ ਘੋੜਾ; ਕਾਲ਼ਾ, ਰਾਤ ਦੇ ਰੰਗ ਵਰਗਾ

شبستان [ਸ਼ਬਸਤਾਨ : ṣəbəsətan] *ਇ:* ਬਾਦਸ਼ਾਹਾਂ ਦੇ ਸੌਣ ਦੀ ਥਾਂ, ਮਸੀਤ ਵਿਚ ਰਾਤ ਨੂੰ ਇਬਾਦਤ ਕਰਨ ਦੀ ਥਾਂ; ਹਰਮ, ਸਰਾਂ; ਰਾਤ ਦੇ ਰਹਿਣ ਦਾ ਮਕਾਨ

شب کور [ਸ਼ਬ ਕੁਰ : ṣəb kur] *ਪੁ:* ਉਹ ਜਿਸ ਨੂੰ ਰਾਤੀ ਕੁਝ ਨਾ ਦਿਸੇ

شب کوری [ਸ਼ਬ ਕੁਰੀ : ṣəb kuri] *ਪੁ:* ਅੰਧ-ਰਾਤਾ, ਰਾਤ ਨੂੰ ਦਿਖਾਈ ਨਾ ਦੇਣ ਦਾ ਰੋਗ

شب گر [ਸ਼ਬਗਰ : ṣəbəgər] *ਵਿ:/ਪੁ:* ਰਾਤ ਨੂੰ ਫਿਰਨ ਵਾਲ਼ਾ, ਕੋਤਵਾਲ, ਸਿਪਾਹੀ, ਚੌਕੀਦਾਰ

شبنم [ਸ਼ਬਨਮ : ṣəbənəm] *ਇ:* ਰਾਤ ਦੀ ਨਮੀ, ਓਸ, ਤਰੇਲ

شب و روز [ਸ਼ਬ-ਉ-ਰੋਜ਼ : ṣəb-o-roz] *ਪੁ:* ਦਿਨ ਰਾਤ

شبہ [ਸ਼ੁਬਹਾ : ṣubəha] *ਪੁ:* ਸ਼ੱਕ, ਗੁਮਾਨ, ਵਹਿਮ, ਭੁੱਖਲਾ

شِتا [ਸ਼ਿਤਾ : ṣɪta] *ਪੁ:* ਠੰਢ ਦੀ ਰੁੱਤ, ਸਰਦੀਆਂ, ਸਿਆਲ

شِتاب [ਸ਼ਿਤਾਬ : ṣɪtab] *ਵਿ:* ਜਲਦੀ, ਛੇਤੀ, ਝਟਪਟ, ਇਕ ਦਮ

شِتابی [ਸ਼ਿਤਾਬੀ : ṣɪtabi] *ਇ:* ਛੇਤੀ, ਜਲਦੀ, ਘਬਰਾਹਟ

شُتر [ਸ਼ੁਤਰ : ṣutər] *ਪੁ:* ਊਠ, ਬੋਤਾ

شُتر بان [ਸ਼ੁਤਰਬਾਨ : ṣutərəban] *ਵਿ:* ਊਠ ਹੱਕਣ ਵਾਲ਼ਾ, ਹੋਤ, ਸਾਰਬਾਨ

شُتر مُرغ [ਸ਼ੁਤਰ ਮੁਰਗ਼ : ṣutər murəġ] *ਪੁ:* ਅਫ਼ਰੀਕਾ ਦਾ ਇਕ ਉੱਚਾ-ਲੰਮਾ ਪੰਛੀ ਜਿਸ ਦੀ ਗਰਦਨ ਊਠ ਦੀ ਗਰਦਨ ਵਾਂਗ ਲੰਮੀ ਹੁੰਦੀ ਹੈ

شُجاع [ਸ਼ੁਜਾਅ : ṣuja'ə] *ਵਿ:* ਦਲੇਰ, ਬਹਾਦਰ, ਜੋਧਾ

شُجاعت [ਸ਼ੁਜਾਅਤ : ṣuja'ət] *ਇ:* ਬਹਾਦਰੀ, ਦਲੇਰੀ, ਬਹਾਦਰੀ ਦਾ ਵਿਖਾਵਾ

شجر [ਸ਼ਜਰ : ṣəjər] *ਪੁ:* ਰੁੱਖ, ਦਰੱਖ਼ਤ, ਬਿਰਛ

شجرہ [ਸ਼ਜਰਾ : ṣəjəra] *ਪੁ:* ਨਸਬਨਾਮਾ, ਬੰਸਾਵਲੀ, ਜੱਦੀ-ਪੁਸ਼ਤੀ, ਵਡੇਰਿਆਂ ਦੀ ਸੂਚੀ; ਰੁੱਖ, ਪਿੰਡਾਂ ਦੇ ਖੇਤਾਂ ਦਾ ਨਕਸ਼ਾ

شجرہ نسب [ਸ਼ਜਰਾ ਨਸਬ : ṣəjəra nəsəb] *ਪੁ:* ਖ਼ਾਨਦਾਨ ਦੇ ਵੱਡੇ ਵਡੇਰਿਆਂ ਦੀ ਲੜੀ ਬਾਰੇ ਸੂਚੀ, ਤਰਤੀਬਵਾਰ ਨਾਂ

شجیع [ਸ਼ਜੀਅ : ṣəji'ə] *ਵਿ:* ਦਲੇਰ, ਬਹਾਦਰ, ਵੀਰ, ਜੋਧਾ

شحم [ਸ਼ਹ਼ਮ : ṣəḥəm] *ਪੁ:* ਚਰਬੀ, ਮੁਟਾਪਾ

شخص [ਸ਼ਖ਼ਸ : ṣəxəs] *ਪੁ:* ਆਦਮੀ, ਇਨਸਾਨ; ਸਰੀਰ; ਜਾਨਦਾਰ ਲੋਕ, ਜ਼ਾਤ, ਨਿੱਜ

شخصِ ثالث [ਸ਼ਖ਼ਸ-ਏ-ਸਾਲਿਸ : ṣəxəs-e-salis] *ਪੁ:* ਉਹ ਵਿਅਕਤੀ ਜੋ ਦੋ ਧਿਰਾਂ ਵਿਚ ਫੈਸਲਾ ਕਰਵਾਏ

شخصِ غیر [ਸ਼ਖ਼ਸ-ਏ-ਗ਼ੈਰ : ṣəxəs-e-ġer] *ਪੁ:* ਅਜਨਬੀ ਆਦਮੀ, ਓਪਰਾ ਬੰਦਾ

شخصی [ਸ਼ਖ਼ਸੀ : ṣəxəsi] *ਵਿ:* ਨਿੱਜੀ, ਇਕ ਆਦਮੀ ਨਾਲ਼ ਸੰਬੰਧਿਤ, ਜ਼ਾਤੀ

شخصیت [ਸ਼ਖ਼ਸੀਯਤ : ṣəxəsiyət] *ਇ:* ਸ਼ਖ਼ਸੀਅਤ, ਵਿਅਕਤਿਤਵ, ਜ਼ਾਤ; ਬੋਖੀ, ਗਰੂਰ

شخصی حکومت [ਸ਼ਖ਼ਸੀ ਹ਼ਕੂਮਤ : ṣəxəsi ḥəkumət] *ਪੁ:* ਇਕ ਪੁਰਖੀ ਰਾਜ

شدائد [ਸ਼ਦਾਇਦ : ṣədaid] *ਇ:/ਪੁ:* ਸਖ਼ਤੀਆਂ, ਤਕਲੀਫ਼ਾਂ, ਕਠਨਾਈਆਂ

شِدّت [ਸ਼ਿੱਦਤ : ṣɪddət] *ਇ:* ਸਖ਼ਤੀ, ਤਕਲੀਫ਼, ਜ਼ੋਰ, ਜਬਰ; ਸ਼ਕਤੀ; ਜ਼ਿਆਦਤੀ, ਵਧੀਕੀ

شدید [ਸ਼ਦੀਦ : ṣədid] *ਵਿ:* ਮਜ਼ਬੂਤ, ਪੱਕਾ, ਸਖ਼ਤ, ਕਠਨ, ਮੁਸ਼ਕਲ, ਦੁਸ਼ਵਾਰ; ਵੱਡਾ, ਮਹਾਨ; ਤੇਜ਼; ਦਲੇਰ; ਸ਼ੇਰ; ਕੰਜੂਸ

شدید العداوت [ਸ਼ਦੀਦ-ਉਲ-ਅ਼ਦਾਵਤ : ṣədid-ul-ədawət] *ਵਿ:* ਕੱਟੜ ਵੈਰੀ, ਸਖ਼ਤ ਦੁਸ਼ਮਣੀ ਰੱਖਣ ਵਾਲ਼ਾ

شر [ਸ਼ੱਰ : ṣərr] *ਇ:* ਬੁਰਾਈ, ਬਦੀ; ਝਗੜਾ, ਫ਼ਸਾਦ, ਖ਼ਰਾਬੀ; ਬੁਰਾ, ਭੈੜਾ; ਤਕਲੀਫ਼, ਦੁੱਖ

شراب [ਸ਼ਰਾਬ : ṣərab] *ਇ:* ਸ਼ਰਾਬ, ਨਸ਼ੀਲਾ, ਦਾਰੂ; ਮਦਿਰਾ; ਹਰ ਪੀਣ ਵਾਲ਼ੀ ਸ਼ੈ

شراب خانہ [ਸ਼ਰਾਬ ਖ਼ਾਨਾ : ṣərab xana] *ਪੁ:* ਠੇਕਾ (ਸ਼ਰਾਬ ਦਾ), ਉਹ ਥਾਂ ਜਿਥੇ ਸ਼ਰਾਬ ਵੇਚੀ ਜਾਂਦੀ ਹੈ

شراب خوری [ਸ਼ਰਾਬ ਖ਼ੋਰੀ : ṣərab xori] *ਇ:* ਸ਼ਰਾਬ ਖੋਰੀ, ਮੈ ਨੋਸ਼ੀ, ਸ਼ਰਾਬ ਪੀਣੀ

شراب ناب [ਸ਼ਰਾਬ-ਏ-ਨਾਬ : ṣərab-e-nab] *ਇ:* ਖ਼ਾਲਸ ਸ਼ਰਾਬ

شرابی [ਸ਼ਰਾਬੀ : ṣərabi] *ਵਿ:* ਸ਼ਰਾਬ ਪੀਣ ਵਾਲ਼ਾ, ਪਿਆਕਲ਼

شرار [ਸ਼ਰਾਰ : ṣərar] *ਪੁ:* ਅੱਗ ਦਾ ਪਤੰਗਾ, ਅੱਗ ਦੀਆਂ ਲਾਟਾਂ, ਅੱਗ ਦੀਆਂ ਚੰਗਿਆੜੀਆਂ

شرارت [ਸ਼ਰਾਰਤ : ṣərarət] *ਇ:* ਸ਼ਰਾਰਤ, ਬੁਰਾਈ, ਖ਼ਰਾਬੀ, ਬਦਨੀਤੀ; ਸ਼ੋਖ਼ੀ; ਬਦ-ਜ਼ਬਾਨੀ; ਸ਼ੈਤਾਨੀ

شرارتی [ਸ਼ਰਾਰਤੀ : ṣərarəti] *ਵਿ:* ਸ਼ਰਾਰਤੀ, ਭੈੜਾ, ਸ਼ੋਖ਼, ਬਦਜ਼ਾਤ

شرافت [ਸ਼ਰਾਫ਼ਤ : ṣərafət] *ਇ:* ਸ਼ਰਾਫ਼ਤ, ਭਲਮਾਣਸੀ, ਸਾਊਪੁਣਾ

شرانگیز [ਸ਼ਰਅੰਗੇਜ਼ : ṣərãgez] *ਵਿ:* ਸ਼ਰਾਰਤੀ, ਝਗੜਾ ਖੜ੍ਹਾ ਕਰਨ ਵਾਲ਼ਾ

شرائط [ਸ਼ਰਾਇਤ਼ : ṣəraɪt] *ਇ:* ਸ਼ਰਤਾਂ, ਜ਼ਿੰਮੇ-ਦਾਰੀਆਂ

شربت [ਸ਼ਰਬਤ : ṣərəbət] *ਪੁ:* ਸ਼ਰਬਤ, ਇਕ ਵਾਰ ਪੀਣ ਦੀ ਮਾਤਰਾ; ਚੀਨੀ ਵਿਚ ਪੱਕਿਆ ਹੋਇਆ ਕਿਸੇ ਫਲ ਫੁੱਲ ਜਾਂ ਦਵਾਈ ਦਾ ਅਰਕ; ਪਾਣੀ ਵਿਚ ਖੰਡ ਜਾਂ ਮਿਸਰੀ ਘੁਲੀ ਹੋਈ

شرح [ਸ਼ਰਹ਼ : ṣərəḥ] *ਇ:* ਵਿਸਤਾਰ, ਵਿਆ-ਖਿਆ, ਖੋਲ੍ਹ ਕੇ ਕੀਤਾ ਬਿਆਨ; ਭਾ, ਦਰ

شرر [ਸ਼ਰਰ : ṣərər] *ਪੁ:* شرارہ ਦਾ ਬਹੁਵਚਨ, ਅੱਗ ਦੀਆਂ ਚੰਗਿਆੜੀਆਂ, ਸ਼ੋਅਲੇ

شرط [ਸ਼ਰਤ਼ : ṣərət] *ਇ:* ਸ਼ਰਤ, ਇਕਰਾਰ, ਅਹਿਦ, ਕੌਲ, ਕਰਾਰ; ਕੈਦ, ਪਾਬੰਧੀ; ਵੇਚਣ ਵਿਚ ਜ਼ਰੂਰੀ ਹੋਣਾ; ਇਕ ਕੰਮ ਦਾ ਦੂਜੇ ਕੰਮ ਨਾਲ਼ ਸੰਬੰਧਿਤ ਹੋਣਾ

شرطیہ [ਸ਼ਰਤ਼ੀਯਾ : ṣərətiya] *ਵਿ:* ਸ਼ਰਤੀਆ, ਇਕਰਾਰੀ, ਅਵੱਸ਼ਕ

شرع [ਸ਼ਰਅ਼ : ṣər'ə] *ਇ:* ਸਿੱਧਾ ਰਾਹ; ਕਾਨੂੰਨ, ਸੰਵਿਧਾਨ; ਸ਼ਰੀਅਤ, ਇਸਲਾਮ ਅਨੁਸਾਰ ਧਾਰਮਿਕ ਵਿਧੀ-ਵਿਧਾਨ; ਰੱਬ ਤੱਕ ਪੁੱਜਣ ਦਾ ਰਾਹ

شرعی [ਸ਼ਰਈ : ṣərə'i] *ਵਿ:* ਸ਼ਰ੍ਹਾ ਅਨੁਸਾਰ, ਇਸਲਾਮ ਦੇ ਕਾਨੂੰਨ ਮੁਤਾਬਕ

شرف [ਸ਼ਰਫ਼ : ṣərəf] *ਪ:* ਬਜ਼ੁਰਗੀ, ਉਚਾਈ, ਬੁਲੰਦੀ; ਵਡਿਆਈ, ਇੱਜ਼ਤ, ਮਾਣ, ਫ਼ਖ਼ਰ

شرفا [ਸ਼ਰਫ਼ਾ : ṣurəfa] *ਪੁ:* شریف ਦਾ ਬਹੁ-ਵਚਨ, ਬਜ਼ੁਰਗ ਤੇ ਸ਼ਰੀਫ਼ ਲੋਕ; ਸਤਿਕ੍ਰਿਤ ਵਿਅਕਤੀ

شرکت [ਸ਼ਿਰਕਤ : ṣɪrəkət] *ਇ:* ਸ਼ਮੂਲੀਅਤ, ਸਾਂਝ, ਭਾਈਵਾਲੀ

شرم [ਸ਼ਰਮ : ṣərəm] *ਇ:* ਸ਼ਰਮ, ਲਾਜ, ਝੇਪ; ਹਯਾ; ਸ਼ਰਮਿੰਦਗੀ; ਗ਼ੈਰਤ, ਇੱਜ਼ਤ; ਗੁਪਤ ਅੰਗ

شرمانا [ਸ਼ਰਮਾਨਾ : ṣərəmana] *ਕਿ:* ਸ਼ਰਮਾ-

ਉਣਾ, ਸ਼ਰਮਿੰਦਾ ਹੋਣਾ; ਲੱਜਤ ਹੋਣਾ; ਸ਼ਰਮਿੰਦਾ ਕਰਨਾ, ਜ਼ਲੀਲ ਕਰਨਾ

شرمسار [ਸ਼ਰਮਸਾਰ : ṣərəməsar] *ਵਿ:* ਸ਼ਰਮਸਾਰ, ਸ਼ਰਮਿੰਦਾ, ਸ਼ਰਮ ਹਯਾ ਮਹਿਸੂਸ ਕਰਨ ਵਾਲ਼ਾ

شرمگیں [ਸ਼ਰਮਗੀਂ : ṣərəməgĩ] *ਵਿ:* ਸ਼ਰਮਿੰਦਾ, ਖੱਜਲ

شرمناک [ਸ਼ਰਮਨਾਕ : ṣərəmnak] *ਵਿ:* ਸ਼ਰਮਨਾਕ, ਘਟੀਆ, ਬੇਹਯਾਈ ਵਾਲ਼ੀ, ਸ਼ਰਮ ਵਾਲ਼ੀ, ਸ਼ਰਮ ਦੇ ਯੋਗ

شرمندگی [ਸ਼ਰਮਿੰਦਗੀ : ṣərəmĩdəgi] *ਇ:* ਸ਼ਰਮਿੰਦਗੀ, ਸ਼ਰਮ, ਖਜਾਲਤ

شرمندہ [ਸ਼ਰਮਿੰਦਾ : ṣərəmĩda] *ਵਿ:* ਸ਼ਰਮਿੰਦਾ, ਸ਼ਰਮਸਾਰ, ਬਦਨਾਮ

شرمیلا [ਸ਼ਰਮੀਲਾ : ṣərəmila] *ਵਿ:* ਸ਼ਰਮੀਲਾ, ਸ਼ਰਮ ਕਰਨ ਵਾਲ਼ਾ, ਹਯਾ ਵਾਲ਼ਾ

شرور [ਸ਼ਰੂਰ : ṣərur] *ਪੁ:* شرّ ਦਾ ਬਹੁਵਚਨ, ਬੁਰਿਆਈਆਂ, ਸ਼ਰਾਰਤਾਂ

شروط [ਸ਼ਰੂਤ਼ : ṣərut] *ਇ:* شرط ਦਾ ਬਹੁਵਚਨ, ਅਹਿਦ, ਇਕਰਾਰ, ਸ਼ਰਤਾਂ

شروع [ਸ਼ੁਰੂਅ : ṣuru'ə] *ਪੁ:* ਸ਼ੁਰੂ, ਆਰੰਭ

شروعات [ਸ਼ੁਰੂਆਤ : ṣuru'at] *ਪੁ:* شروع ਦਾ ਬਹੁਵਚਨ, ਸ਼ੁਰੂਆਤ, ਅਰੰਭ

شری [ਸ਼ੱਰੀ : ṣərri] *ਵਿ:* ਫ਼ਸਾਦੀ, ਸ਼ਰਾਰਤੀ, ਬੁਰਾ, ਭੈੜਾ

شریر [ਸ਼ਰੀਰ : ṣərir] *ਵਿ:* ਸ਼ਰਾਰਤੀ, ਭੈੜਾ, ਬੁਰਾ, ਬਦਜ਼ਾਤ

شریعت [ਸ਼ਰਈਅ਼ਤ : ṣəri'ət] *ਇ:* ਮਜ਼ਹਬੀ ਕਾਨੂੰਨ; ਇਸਲਾਮੀ ਕਾਨੂੰਨ; ਖ਼ੁਦਾ ਤੱਕ ਪਹੁੰਚਣ ਦਾ ਰਾਹ, ਵੱਡੀ ਨਹਿਰ; ਵਗਦੀ ਨਹਿਰ; ਪਾਣੀ ਦਾ ਕੰਢਾ

شریف [ਸ਼ਰੀਫ਼ : ṣərif] *ਵਿ:/ਪੁ:* ਸ਼ਰੀਫ਼, ਬਜ਼ੁਰਗ, ਕੁਲੀਨ; ਭਲਾਮਾਣਸ; ਉੱਚਾ ਮਾਨਦਾਨ; ਮੱਕਾ ਸ਼ਰੀਫ਼ ਦੇ ਸ਼ਾਸਕ ਦੀ ਉਪਾਧੀ

شریفہ [ਸ਼ਰੀਫ਼ਾ : ṣərifa] *ਪੁ:/ਵਿ:* ਸ਼ਰੀਫ਼ ਇਸਤਰੀ, ਭਲੀਮਾਣਸ ਤੀਵੀਂ

شریک [ਸ਼ਰੀਕ : ṣərik] *ਵਿ:* ਸ਼ਰੀਕ, ਸ਼ਾਮਲ, ਮਿਲ਼ਿਆ ਹੋਇਆ; ਹਿੱਸੇਦਾਰ, ਸਾਂਝੀ; ਸਾਥੀ, ਰਿਸ਼ਤੇਦਾਰ

شریکِ حال [ਸ਼ਰੀਕ-ਏ-ਹਾਲ : ṣərək-e-ḥal] *ਪੁ:* ਦੁੱਖ ਸੁੱਖ ਦਾ ਸਾਥੀ

شریکِ حیات [ਸ਼ਰੀਕ-ਏ-ਹ਼ਯਾਤ : ṣərik-e-ḥəyat] *ਵਿ:* ਜ਼ਿੰਦਗੀ ਵਿਚ ਦੁੱਖ ਸੁੱਖ ਦਾ ਭਾਈਵਾਲ, ਜੀਵਨ ਸਾਥੀ ਜਿਵੇਂ ਪਤੀ ਪਤਨੀ

شست [ਸ਼ਿਸਤ : ṣɪsət] *ਇ:* ਨਿਸ਼ਾਨਾ; ਮੱਛੀ ਫੜਨ ਦੀ ਕੁੰਡੀ

شستگی [ਸ਼ੁਸਤਗੀ : ṣusətəgi] *ਇ:* ਸਫ਼ਾਈ, ਧੋਤਾ ਹੋਇਆ ਹੋਣਾ

ششم [ਸ਼ਸ਼ੁਮ : ṣəṣum] *ਵਿ:* ਛੇਵਾਂ

شش و پنج [ਸ਼ਸ਼-ਉ-ਪੰਜ : ṣəṣ-o-pə̃j] *ਪੁ:* ਸ਼ਸ਼ੋਪੰਜ, ਸੋਚ-ਵਿਚਾਰ, ਘਬਰਾਹਟ, ਜੱਕੋ-ਤੱਕੀ

شطرنج [ਸ਼ਤਰੰਜ : ṣətərə̃j] *ਪੁ:* ਸ਼ਤਰੰਜ, ਇਕ ਖੇਡ ਜਿਹੜੀ 32 ਮੋਹਰਿਆਂ ਅਤੇ 64 ਖ਼ਾਨਿਆਂ ਨਾਲ਼ ਖੇਡੀ ਜਾਂਦੀ ਹੈ

شطرنج باز [ਸ਼ਤਰੰਜਬਾਜ਼ : ṣətərə̃jəbaz] *ਵਿ:* ਸ਼ਤਰੰਜ ਦਾ ਖਿਡਾਰੀ

شطرنج بازی [ਸ਼ਤਰੰਜਬਾਜ਼ੀ : ṣətərə̃jəbazi] *ਇ:* ਸ਼ਤਰੰਜ ਦੀ ਖੇਡ

شعار [ਸ਼ਿਆ਼ਰ : ṣɪ'ar] *ਪੁ:* ਚਲਨ, ਤੌਰ-ਤਰੀਕਾ; ਭਾਰੇ ਤੇ ਮੋਟੇ ਦਰੱਖ਼ਤ

شعاع [ਸ਼ੁਆ਼ਅ : ṣua'ə] *ਇ:* ਸੂਰਜ ਦੀ ਕਿਰਨ, ਰੋਸ਼ਨੀ, ਚਮਕ

شعبان [ਸ਼ੁਆ਼ਬਾਨ : ṣu'əban] *ਪੁ:* ਮੁਸਲਮਾਨਾਂ

ਦਾ ਅੱਠਵਾਂ ਕਮਰੀ ਮਹੀਨਾ; ਸ਼ਬ-ਏ-ਬਰਾਤ ਦਾ ਮਹੀਨਾ

شعبدہ [ਸ਼ੁਅ਼ਬਦਾ : ṣu'əbəda] *ਪੁ:* ਜਾਦੂ ਨਾਲ਼ ਸੰਬੰਧਿਤ ਹੁਨਰ ਜਾਂ ਖੇਡ; ਧੋਖਾ; ਫ਼ਰੇਬ

شعبہ [ਸ਼ੁਅ਼ਬਾ : ṣu'əba] *ਪੁ:* ਟੋਟਾ, ਸ਼ਾਖ਼; ਟੋਲਾ; ਵੰਡੀ ਨਹਿਰ 'ਚੋਂ ਨਿਕਲੀ ਹੋਈ ਛੋਟੀ ਨਹਿਰ ਜਾਂ ਸੂਆ; ਮਹਿਕਮਾ, ਵਿਭਾਗ

شعر [ਸ਼ਿਅ਼ਰ : ṣɪ'ər] *ਪੁ:* ਸ਼ਿਅਰ; ਕਿਸੇ ਬਰੀਕ ਚੀਜ਼ ਬਾਰੇ ਜਾਣਨ ਦਾ ਭਾਵ; ਕਵਿਤਾ, ਗੀਤ; ਵਾਲ਼

شعرا [ਸ਼ੁਅ਼ਰਾ : ṣu'ərа] *ਪੁ:/ਵਿ:* شاعر ਦਾ ਬਹੁ-ਵਚਨ, ਕਵੀ ਲੋਕ; ਸ਼ਿਅਰ ਕਹਿਣ ਵਾਲ਼ੇ; ਕਵਿਤਾ ਰਚਣ ਵਾਲ਼ੇ; ਪੁੱਛ ਪੜਤਾਲ ਕਰਨ ਵਾਲ਼ੇ

شعر خوانی [ਸ਼ਿਅ਼ਰ ਖ਼ਾਨੀ : ṣɪ'ər xwani] *ਇ:* ਸ਼ਿਅਰ ਦਾ ਪੜ੍ਹਨਾ

شعر گوئی [ਸ਼ਿਅ਼ਰ ਗੋਈ : ṣɪ'ər goi] *ਇ:* ਸ਼ਾਇਰੀ, ਕਵਿਤਾ ਰਚਣਾ

شعلہ [ਸ਼ੁਅ਼ਲਾ : ṣu'əla] *ਪੁ:* ਰੋਸ਼ਨੀ, ਚਮਕ; ਅੱਗ ਦੀ ਲਪੇਟ, ਲੂ, ਲਾਟ

شعور [ਸ਼ੁਊਰ : ṣu'ur] *ਪੁ:* ਅਕਲ, ਸਲੀਕਾ; ਤਮੀਜ਼, ਪਛਾਣ; ਸਮਝ

شغل [ਸ਼ੁਗ਼ਲ : ṣuġəl] *ਪੁ:* ਕੰਮ ਧੰਦਾ, ਪੇਸ਼ਾ, ਕਾਰ-ਵਿਹਾਰ, ਕੰਮ-ਕਾਜ; ਮਸ਼ਗ਼ੂਲ ਹੋਣਾ, ਰੁਝੇਵਾਂ; ਮਨੋਰੰਜਨ

شغفا [ਸ਼ਗ਼ਫ਼ਾ : ṣəġfa] *ਪੁ:* ਕੰਢਾ, ਕਿਨਾਰਾ

شفا [ਸ਼ਿਫ਼ਾ : ṣɪfa] *ਇ:* ਸਿਹਤ, ਦੇਹ ਅਰੋਗਤਾ, ਬੀਮਾਰੀ ਤੋਂ ਮੁਕਤੀ

شفاخانہ [ਸ਼ਿਫ਼ਾਖ਼ਾਨਾ : ṣɪfaxana] *ਪੁ:* ਹਸਪਤਾਲ

شفاعت [ਸ਼ਫ਼ਾਅ਼ਤ : ṣəfa'ət] *ਇ:* ਗੁਨਾਹਾਂ ਦੀ ਮਾਫ਼ੀ ਦੀ ਸਿਫ਼ਾਰਸ਼; ਸਿਫ਼ਾਰਸ਼; ਕਿਸੇ ਦੀ ਮੁਕਤੀ ਜਾਂ ਨਜਾਤ ਲਈ ਭਲਾਈ ਦਾ ਵਾਕ; ਇੱਛਾ

شغل [ਸ਼ਗ਼ਲ : ṣəġəl] *ਵਿ:* ਬਦਚਲਨ ਇਸਤਰੀ, ਬਦਕਾਰ ਤੀਵੀਂ

شفقت [ਸ਼ਫ਼ਕ਼ਤ : ṣəfəqət] *ਇ:* ਮਿਹਰਬਾਨੀ, ਦਇਆ; ਪਿਆਰ, ਮੁਹੱਬਤ

شفیق [ਸ਼ਫ਼ੀਕ਼ : ṣəfiq] *ਵਿ:* ਮਿਹਰਬਾਨ, ਹਮਦਰਦ; ਪਿਆਰਾ, ਦੁੱਖ ਵੰਡਣ ਵਾਲ਼ਾ; ਸਿਫ਼ਾਰਿਸ਼ ਕਰਨ ਵਾਲ਼ਾ

شق [ਸ਼ਕ़ : ṣəq] *ਵਿ:/ਪੁ:* ਫਟਿਆ ਹੋਇਆ, ਮਘੋਰਾ ਪਿਆ ਹੋਇਆ; ਦਰਾੜ, ਤੇੜ, ਕਿਸੇ ਨੂੰ ਦੁੱਖ ਵਿਚ ਪਾਉਣਾ; ਦੰਦੀਆਂ ਕੱਢਣਾ; ਕੌਮ ਤੋਂ ਅੱਡ ਹੋਣਾ

شقاوت [ਸ਼ਕ़ਾਵਤ : ṣəqawət] *ਇ:* ਬਦਬਖ਼ਤੀ, ਬਦਨਸੀਬੀ; ਬਦਕਿਸਮਤੀ; ਬਦਮਾਸ਼ੀ; ਪੱਥਰ-ਦਿਲੀ

شقیق [ਸ਼ਕ़ੀਕ਼ : ṣəqiq] *ਵਿ:/ਪੁ:* ਅੱਧਾ, ਅੱਧਾ ਟੋਟਾ; ਸਕਾ ਭਰਾ

شک [ਸ਼ਕ : ṣək] *ਪੁ:* ਸ਼ੱਕ, ਸ਼ੁਬ੍ਹਾ, ਸੰਦੇਹ, ਸ਼ੰਕਾ, ਗੁਮਾਨ; ਸੰਖੀਆ

شکار [ਸ਼ਿਕਾਰ : ṣɪkar] *ਪੁ:* ਸ਼ਿਕਾਰ, ਜੰਗਲੀ ਜਾਨਵਰਾਂ ਨੂੰ ਮਾਰਨ ਦੀ ਕਿਰਿਆ; ਮਾਰਿਆ ਹੋਇਆ ਜਾਨਵਰ; ਲੁੱਟ, ਮੁਫ਼ਤ ਦਾ ਮਾਲ

شکارگاہ [ਸ਼ਿਕਾਰਗਾਹ : ṣɪkarəgah] *ਪੁ:* ਸ਼ਿਕਾਰ ਖੇਡਣ ਦਾ ਥਾਂ

شکاری [ਸ਼ਿਕਾਰੀ : ṣɪkari] *ਪੁ:/ਵਿ:* ਸ਼ਿਕਾਰੀ, ਸ਼ਿਕਾਰ ਕਰਨ ਵਾਲ਼ਾ ਸ਼ਖ਼ਸ; ਸ਼ਿਕਾਰ ਨਾਲ਼ ਸੰਬੰਧ ਰੱਖਣ ਵਾਲ਼ਾ; ਹਿਰਨ ਦੇ ਰੰਗ ਦਾ

شکایت [ਸ਼ਿਕਾਯਤ : ṣɪkayət] *ਇ:* ਸ਼ਿਕਾਇਤ, ਗਿਲਾ; ਸ਼ਿਕਵਾ, ਰੋਸ; ਮਰਜ਼, ਬੀਮਾਰੀ; ਫ਼ਰਿਆਦ; ਬੁਰਾਈ

شکایت آمیز [ਸ਼ਿਕਾਯਤ ਆਮੇਜ਼ : ṣɪkayət aməz] *ਵਿ:* ਸ਼ਿਕਾਇਤ ਨਾਲ਼ ਭਰਿਆ

ਹੋਇਆ; ਜਿਸ ਵਿਚ ਸ਼ਿਕਾਇਤ ਮਿਲੇ

شِکایت مند [ਸ਼ਿਕਾਯਤਮੰਦ : şikayətmənd] *ਵਿ:* ਸ਼ਿਕਾਇਤ ਕਰਨ ਵਾਲ਼ਾ, ਗਿਲਾ ਕਰਨ ਵਾਲ਼ਾ

شِکایتی [ਸ਼ਿਕਾਯਤੀ : şikayəti] *ਵਿ:* ਸ਼ਿਕਾਇਤੀ, ਸ਼ਿਕਾਇਤ ਨਾਲ਼ ਸੰਬੰਧਿਤ, ਸ਼ਿਕਾਇਤ ਕਰਨ ਵਾਲ਼ਾ

شکر [ਸ਼ਕਰ : şəkər] *ਇ:* ਖੰਡ, ਚੀਨੀ, ਸ਼ੂਗਰ; ਗੁੜ; ਮਸ਼ੂਕ ਦੇ ਹੋਂਠ

شُکر [ਸ਼ੁਕਰ : şukər] *ਪੁ:* ਸ਼ੁਕਰ, ਇਹਸਾਨ ਮੰਨਣ ਦਾ ਭਾਵ

شُکرانہ [ਸ਼ੁਕਰਾਨਾ : şukərana] *ਪੁ:* ਸ਼ੁਕਰਾਨਾ, ਧੰਨਵਾਦ; ਉਹ ਰਕਮ ਜਿਹੜੀ ਕਿਸੇ ਸਫ਼ਲਤਾ ਉਪਰੰਤ ਸੇਵਾਫਲ ਤੋਂ ਅਤਿਰਿਕਤ ਦਿੱਤੀ ਜਾਵੇ

شکرزباں [ਸ਼ਕਰ ਜ਼ਬਾਂ : səkər zəbã] *ਵਿ:* ਮਿਠ-ਬੋਲੜਾ; ਮਿੱਠੀ ਜ਼ਬਾਨ ਵਾਲ਼ਾ

شکرقند [ਸ਼ਕਰ ਕੰਦ : şəkər qənd] *ਇ:* ਸ਼ਕਰ-ਕੰਦੀ, ਇਕ ਪ੍ਰਕਾਰ ਦੀ ਮਿੱਠੀ ਸਬਜੀ ਜਿਸ ਨੂੰ ਉਬਾਲ ਕੇ ਜਾਂ ਭੁੰਨ ਕੇ ਖਾਂਦੇ ਹਨ

شُکرگُزار [ਸ਼ੁਕਰ ਗੁਜ਼ਾਰ : şukər guzar] *ਵਿ:* ਸ਼ੁਕਰ ਕਰਨ ਵਾਲ਼ਾ, ਇਹਸਾਨ ਮੰਨਣ ਵਾਲ਼ਾ, ਉਪਕਾਰ ਮੰਨਣ ਵਾਲ਼ਾ

شُکریہ [ਸ਼ੁਕਰੀਯਾ : şukəriya] *ਪੁ:* ਸ਼ੁਕਰੀਆ, ਉਪਕਾਰ, ਧੰਨਵਾਦ; ਕਿਸੇ ਦੇ ਉਪਕਾਰ ਦਾ ਪ੍ਰਸ਼ੰਸਾ ਵਜੋਂ ਪ੍ਰਗਟਾਵਾ, ਸ਼ੁਕਰਾਨਾ

شِکست [ਸ਼ਿਕਸਤ : şikəsət] *ਇ:* ਹਾਰ, ਮਾਤ; ਭਾਂਜ; ਟੁੱਟ ਭੱਜ

شِکست خوردہ [ਸ਼ਿਕਸਤ ਖ਼ੁਰਦਾ : şikəsət xurəda] *ਵਿ:* ਹਾਰਿਆ ਹੋਇਆ

شِکستگی [ਸ਼ਿਕਸਤਗੀ : şikəsətəgi] *ਇ:* ਟੁੱਟ-ਫੁੱਟ

شِکستہ [ਸ਼ਿਕਸਤਾ : şikəsəta] *ਵਿ:* ਟੁੱਟਿਆ ਹੋਇਆ, ਭਿੱਗਾ ਹੋਇਆ; ਮਰਾਥ, ਖੰਡਿਤ, ਉਜਾੜ

شِکستہ حال [ਸ਼ਿਕਸਤਾ ਹਾਲ : şikəsəta hal] *ਵਿ:* ਮਸਤਾ ਹਾਲ, ਮੰਦਾ ਹਾਲ, ਮੁਸੀਬਤਾਂ ਦਾ ਮਾਰਿਆ, ਮੁਥਾਜ

شکل [ਸ਼ਕਲ : şəkəl] *ਇ:* ਸ਼ਕਲ, ਸੂਰਤ, ਰੂਪ; ਚਿਹਰਾ, ਅੰਦਾਜ਼; ਕਿਸਮ, ਪ੍ਰਕਾਰ; ਨਕਸ਼ਾ, ਢਾਂਚਾ

شِکم [ਸ਼ਿਕਮ : şikəm] *ਪੁ:* ਪੇਟ, ਢਿੱਡ

شِکن [ਸ਼ਿਕਨ : şikən] *ਪੁ:/ਇ:* ਤਿਉੜੀ, ਵੱਟ, ਸਿਲਵਟ, ਨਰਮੀ, ਮੁਲਾਇਮੀ; ਮਕਰ, ਫ਼ਰੇਬ; ਹੀਲਾ; ਮਸ਼ੂਕ ਦੀ ਜ਼ੁਲਫ਼ ਦਾ ਪੇਚ

شکنجہ [ਸ਼ਕੰਜਾ : şəkɔ̃ja] *ਪੁ:* ਦੋਸ਼ੀਆਂ ਨੂੰ ਦੰਡ ਦੇਣ ਲਈ ਇਕ ਸੰਦ; ਜਿਲਦਸਾਜ਼ੀ ਦਾ ਇਕ ਸੰਦ, ਦੁੱਖ, ਤਕਲੀਫ਼

شِکن در شِکن [ਸ਼ਿਕਨ ਦਰ ਸ਼ਿਕਨ : şikən dər şikən] *ਵਿ:* ਪੇਚਦਾਰ, ਵਲ਼ਦਾਰ

شکور [ਸ਼ਕੂਰ : şəkur] *ਵਿ:/ਪੁ:* ਬਹੁਤ ਸ਼ੁਕਰ ਕਰਨ ਵਾਲ਼ਾ; ਖ਼ੁਦਾ ਲਈ ਵਰਤਿਆ ਜਾਣ ਵਾਲ਼ਾ ਸ਼ਬਦ

شکوک [ਸ਼ਕੂਕ : şəkuk] *ਪੁ:* ਸ਼ੱਕ ਦਾ ਬਹੁ-ਵਚਨ, ਸ਼ੰਕੇ, ਬਹੁਤੇ ਸ਼ਕ

شِکوہ [ਸ਼ਿਕਵਾ : şikəwa] *ਪੁ:* ਸ਼ਿਕਾਇਤ, ਗਿਲਾ, ਉਲਾਂਭਾ

شکی [ਸ਼ਕੀ : şəki] *ਵਿ:* ਸ਼ੱਕੀ, ਵਹਿਮੀ, ਸ਼ੱਕ ਕਰਨ ਵਾਲ਼ਾ, ਗ਼ੈਰਯਕੀਨੀ

شکیل [ਸ਼ਕੀਲ : şəkil] *ਵਿ:* ਹਸੀਨ, ਸੁੰਦਰ, ਖ਼ੂਬਸੂਰਤ, ਸੁਡੌਲ

شکیلہ [ਸ਼ਕੀਲਾ : şəkila] *ਵਿ:* ਸੁੰਦਰ (ਇਸਤਰੀ), ਖ਼ੂਬਸੂਰਤ (ਇਸਤਰੀ)

شِگاف [ਸ਼ਿਗਾਫ਼ : şigaf] *ਪੁ:* ਦਰਜ, ਦਰਾੜ, ਝਿਰੀ, ਦਰਾੜ

شِگفت [ਸ਼ਿਗਿਫ਼ਤ : ṣigifət] ਪੁ: ਹੈਰਾਨੀ, ਅਚੰਭਾ

شِگُفت [ਸ਼ਿਗੁਫ਼ਤ : ṣigufət] ਪੁ: ਖ਼ੁਸ਼, ਖਿੜਿਆ ਹੋਇਆ, ਖੇੜਾ

شِگُفتگی [ਸ਼ਿਗੁਫ਼ਤਗੀ : ṣigufətəgi] ਇ: ਫੁੱਲਾਂ ਦੀ ਖਿਲਾਵਟ, ਖ਼ੁਸ਼ੀ, ਹਰਿਆਵਲ, ਖੇੜਾ

شِگُفتہ [ਸ਼ਿਗੁਫ਼ਤਾ : ṣigufəta] ਵਿ: ਖਿੜਿਆ ਹੋਇਆ; ਖ਼ੁਸ਼, ਪ੍ਰਸੰਨ; ਹਸਮੁੱਖ

شِگُفتہ دِل [ਸ਼ਿਗੁਫ਼ਤਾ ਦਿਲ : ṣigufəta dil] ਵਿ: ਹਸਮੁਖ, ਪ੍ਰਸੰਨ ਚਿਤ

شِگُفتہ رُو [ਸ਼ਿਗੁਫ਼ਤਾ ਰੂ : ṣigufəta ru] ਵਿ: ਹਸਮੁੱਖ, ਖਿੜੇ ਮੱਥੇ ਵਾਲ਼ਾ, ਹਸਦੇ ਚਿਹਰੇ ਵਾਲ਼ਾ

شِگُفہ [ਸ਼ਿਗੁਫ਼ਾ : ṣigufa] ਪੁ: ਕਲੀ; ਅਜੀਬ ਜਾਂ ਅਨੋਖੀ ਗੱਲ; ਕੈ, ਉਲਟੀ

شگُون [ਸ਼ਗੁਨ : ṣəgun] ਪੁ: ਸ਼ਗਨ

شلوار [ਸ਼ਲਵਾਰ : ṣələwar] ਇ: ਸਲਵਾਰ, ਭਾਰੀ ਗਾਊਨ, ਪਜਾਮਾ

شُمار [ਸ਼ੁਮਾਰ : ṣumar] ਪੁ: ਗਿਣਤੀ, ਹਿਸਾਬ, ਤਖ਼ਮੀਨਾ; ਫੋਟ; ਦੋਸਤੀ, ਮਿੱਤਰਤਾ

شِمال [ਸ਼ਿਮਾਲ : ṣimal] ਪੁ: ਉੱਤਰ, ਉੱਤਰੀ ਧਰੁ ਵਾਲ਼ਾ ਪਾਸਾ; ਖੱਬਾ ਹੱਥ; ਸੁਭਾ, ਖ਼ਸਲਤ, ਆਦਤ, ਤਬੀਅਤ; ਬੱਕਰੀ ਦੇ ਥਣਾਂ ਤੇ ਜਾਂ ਫਲ਼ਾਂ ਉੱਪਰ ਚੜ੍ਹਾਈ ਜਾਣ ਵਾਲ਼ੀ ਥੈਲੀ

شِمالی [ਸ਼ਿਮਾਲੀ : ṣimali] ਵਿ: ਉੱਤਰ ਨਾਲ਼ ਸੰਬੰਧਿਤ, ਉੱਤਰੀ

شمائل [ਸ਼ਮਾਇਲ : ṣəmail] ਪੁ: شمیلہ ਦਾ ਬਹੁ-ਵਚਨ, ਆਦਤਾਂ, ਖ਼ਸਲਤਾਂ; ਸ਼ਕਲਾਂ, ਖੱਬੇ ਹੱਥ; ਰੁੱਖ ਦੀਆਂ ਕਰੂੰਬਲਾਂ

شُمُردگی [ਸ਼ੁਮੁਰਦਗੀ : ṣəmurədəgi] ਇ: ਗਿਣਤੀ

شُمردہ [ਸ਼ੁਮੁਰਦਾ : ṣəmurəda] ਵਿ: ਗਿਣਿਆ ਹੋਇਆ

شمس [ਸ਼ਮਸ : ṣəməs] ਪੁ: ਸੂਰਜ; ਸੋਨੇ ਦੀ ਡਲੀ

شمسی [ਸ਼ਮਸੀ : ṣəməsi] ਵਿ: ਸੂਰਜ ਨਾਲ਼ ਸੰਬੰਧਿਤ

شمشیر [ਸ਼ਮਸ਼ੀਰ : ṣəməṣir] ਇ: (ਸ਼ਮ ਤੋਂ ਭਾਵ ਹੈ ਨਹੁੰ) ਸ਼ੇਰ ਦੇ ਨਹੁੰ ਦੀ ਤਰ੍ਹਾਂ; ਤਲਵਾਰ, ਤੇਗ

شمشیر دودم [ਸ਼ਮਸ਼ੀਰ-ਏ-ਦੋ ਦਮ : ṣəməṣir-e-do dəm] ਇ: ਦੋ ਧਾਰੀ ਤਲਵਾਰ

شمشیر زنی [ਸ਼ਮਸ਼ੀਰ ਜ਼ਨੀ : ṣəməṣir zəni] ਇ: ਤਲਵਾਰ ਦੀ ਲੜਾਈ

شمع [ਸ਼ਮਅ : ṣəmə'ə] ਇ: ਮੋਮ ਬੱਤੀ, ਮੋਮ

شمعدان [ਸ਼ਮਅਦਾਨ : ṣəmə'ədan] ਪੁ: ਉਹ ਭਾਂਡਾ ਜਿਸ ਵਿਚ ਮੋਮ ਬੱਤੀ ਰੱਖ ਕੇ ਬਾਲ਼ਦੇ ਹਨ

شملہ [ਸ਼ਮਲਾ : ṣəmələ] ਪੁ: ਮੋਢੇ ਤੇ ਪਾਉਣ ਵਾਲ਼ੀ ਜਾਂ ਸਿਰ ਤੇ ਬੰਨ੍ਹਣ ਵਾਲ਼ੀ ਸ਼ਾਲ; ਤੁੱਰਾ

شمیم [ਸ਼ਮੀਮ : ṣəmim] ਇ: ਖ਼ੁਸ਼ਬੂਦਾਰ ਹਵਾ, ਮਹਿਕ, ਸੁਗੰਧੀ; ਉੱਚੀ ਚੀਜ਼

شناخت [ਸ਼ਨਾਖ਼ਤ : ṣənaxət] ਇ: ਪਛਾਣ, ਤਮੀਜ਼; ਵਾਕਫ਼ੀਅਤ

شناعت [ਸ਼ਨਾਅਤ : ṣəna'ət] ਇ: ਬੁਰਾਈ; ਗੰਦਗੀ

شنبہ [ਸ਼ੰਬਾ : sāba] ਪੁ: ਹਫ਼ਤਾ, ਸਨਿਚਰਵਾਰ

شنوائی [ਸ਼ਨਵਾਈ : ṣənəwai] ਇ: ਸੁਣਵਾਈ, ਕਾਰਵਾਈ (ਕਚਹਿਰੀ ਵਿਚ)

شُنیدہ [ਸ਼ੁਨੀਦਾ : ṣunida] ਵਿ: ਸੁਣਿਆ ਹੋਇਆ

شواہد [ਸ਼ਵਾਹਦ : ṣəwahəd] ਪੁ: شاہد ਦਾ ਬਹੁ-ਵਚਨ, ਗਵਾਹ, ਸਬੂਤ, ਉਦਾਹਰਨਾਂ

شوخ [ਸ਼ੋਖ਼ : ṣox] ਵਿ: ਸ਼ਰਾਰਤੀ, ਗੁਸਤਾਖ਼, ਢੀਠ; ਚਮਕੀਲਾ, ਤੇਜ਼; ਨਿਡਰ, ਦਲੇਰ; ਚੋਰ, ਡਾਕੂ, ਠੱਗ; ਮਸਖ਼ਰਾ, ਮਖ਼ੌਲੀਆ

شوخ زُبان [ਸ਼ੋਖ਼ ਜ਼ੁਬਾਨ : ṣox zuban] *ਵਿ:* ਗੁਸਤਾਖ਼, ਬੇਬਾਕ, ਮੂੰਹ ਫੱਟ

شور [ਸ਼ੋਰ : ṣor] *ਪੁ:* ਸ਼ੋਰ, ਰੌਲਾ; ਸ਼ੁਹਰਤ, ਪ੍ਰਸਿੱਧੀ, ਮਸ਼ਹੂਰੀ, ਧੂਮ; ਖਾਰਾ ਲੂਣ; ਇਸ਼ਕ, ਜਨੂਨ; ਗੁੱਸਾ

شوشہ [ਸ਼ੋਸ਼ਾ : ṣoṣa] *ਪੁ:* ਟੋਟਾ, ਟੁਕੜਾ; ਝਗੜੇ ਦੀ ਗੱਲ; ਅਨੋਖੀ ਗੱਲ

شوق [ਸ਼ੌਕ਼ : ṣɔq] *ਪੁ:* ਇੱਛਾ, ਚਾਹ, ਦਿਲ ਦੀ ਰੁਚੀ; ਸ਼ੌਕ, ਖ਼ਾਹਸ਼; ਮੇਲ਼, ਕੰਮ, ਸ਼ੁਗ਼ਲ, ਜੋਸ਼; ਪ੍ਰੇਮ, ਇਸ਼ਕ; ਚਾਟ, ਚਸਕਾ, ਉਮੰਗ; ਧੁਨ

شوقین [ਸ਼ੌਕ਼ੀਨ : ṣɔqin] *ਵਿ:* ਸ਼ੌਕੀਨ, ਖ਼ਾਹਸ਼ਮੰਦ; ਆਦੀ, ਤਮਾਸ਼ਬੀਨ, ਐਸ਼ਪ੍ਰਸਤ

شوقیہ [ਸ਼ੌਕ਼ੀਯਾ : ṣɔqiya] *ਕਿਵਿ:* ਸ਼ੌਕੀਆ, ਦਿਲ ਬਹਿਲਾਉਣ ਲਈ, ਐਵੇਂ ਹੀ, ਸ਼ੌਕ ਨਾਲ਼

شوکت [ਸ਼ੌਕਤ : ṣɔkət] *ਇ:* ਜ਼ੋਰ, ਤਾਕਤ, ਸ਼ਕਤੀ; ਦਬਦਬਾ, ਰੋਹਬ-ਦਾਬ; ਸ਼ਾਨ-ਓ-ਸ਼ੌਕਤ, ਮਰਤਬਾ

شوم [ਸ਼ੂਮ : ṣum] *ਵਿ:* ਸ਼ੂਮ, ਮਨਹੂਸ; ਕੰਜੂਸ, ਲੀਚੜ, ਭੇੜਾ, ਬਦ

شوں شاں [ਸ਼ੂੰ ਸ਼ਾਂ : ṣũ ṣã] *ਇ:* ਸ਼ੂੰ-ਸ਼ਾਂ, ਗਰੂਰ, ਡੀਂਗ, ਨੁਮਾਇਸ਼

شوہر [ਸ਼ੌਹਰ : ṣɔhər] *ਪੁ:* ਪਤੀ, ਮਾਲਕ, ਖ਼ਾਵੰਦ

شہادت [ਸ਼ਹਾਦਤ : ṣəhadət] *ਇ:* ਗਵਾਹੀ, ਧਰਮ ਦੀ ਪਾਲਣਾ ਸਦਕਾ ਦਿੱਤੀ ਕੁਰਬਾਨੀ, ਖ਼ਬਰ; ਬੇਗੁਨਾਹਾਂ ਦਾ ਕਤਲ ਹੋਣਾ

شہامت [ਸ਼ਹਾਮਤ : ṣəhaməṭ] *ਇ:* ਬਹਾਦਰੀ, ਦਲੇਰੀ; ਚੁਸਤੀ; ਵਡਿਆਈ, ਖ਼ੁਸ਼ੀ

شہد [ਸ਼ਹਦ : ṣəhəd] *ਪੁ:* ਬਹੁਤ ਹੀ ਮਿੱਠਾਸ, ਮਾਖਿਓਂ, ਮਖਿਆਲ ਦਾ ਤਿਆਰ ਕੀਤਾ ਸ਼ੀਰਾ

شہدا [ਸ਼ੁਹਦਾ : ṣuhəda] *ਪੁ:* ਲੁੱਚਾ, ਬਦਮਾਸ਼, ਗੁੰਡਾ; ਗ਼ਰੀਬ

شہداء [ਸ਼ੁਹਦਾ : ṣuhəda] *ਪੁ:* ਸ਼ਹੀਦ ਦਾ ਬਹੁ-ਵਚਨ, ਸ਼ਹੀਦ ਹੋਣ ਵਾਲ਼ੇ ਲੋਕ; ਹਾਜ਼ਰ, ਗਵਾਹ

شہر [ਸ਼ਹਰ : ṣəhər] *ਪੁ:* ਸ਼ਹਿਰ, ਵੱਡੀ ਅਬਾਦੀ, ਨਗਰ, ਮਹੀਨਾ; ਚੰਦ; ਪ੍ਰਗਟ ਹੋਣਾ, ਮਿਆਨ ਵਿਚੋਂ ਤਲਵਾਰ ਖਿਚਣ ਦੀ ਕਿਰਿਆ

شہرت [ਸ਼ੁਹਰਤ : ṣuhərət] *ਇ:* ਅਫ਼ਵਾਹ, ਨੇਕਨਾਮੀ; ਬਦਨਾਮੀ; ਪ੍ਰਗਟਾ; ਚਰਚਾ, ਪ੍ਰਸਿੱਧੀ

شہرت یافتہ [ਸ਼ੁਹਰਤ ਯਾਫ਼ਤਾ : ṣuhərət yafəta] *ਵਿ:* ਪ੍ਰਸਿੱਧ, ਜਿਸ ਦੀ ਧੂਮ ਪਈ ਹੋਵੇ, ਜਿਸ ਦੀ ਨੇਕ ਨਾਮੀ ਜਾਂ ਬਦਨਾਮੀ ਹੋ ਚੁੱਕੀ ਹੋਵੇ

شہردار [ਸ਼ਹਰਦਾਰ : ṣəhərədar] *ਵਿ:* ਸ਼ਹਿਰੀ, ਸ਼ਹਿਰ ਦਾ ਰਹਿਣ ਵਾਲ਼ਾ

شہرداری [ਸ਼ਹਰਦਾਰੀ : ṣəhərədari] *ਇ:* ਸ਼ਹਿਰ ਵਿਚ ਰਹਿਣ ਦੇ ਫ਼ਰਜ਼

شہری [ਸ਼ਹਰੀ : ṣəhəri] *ਵਿ:* ਸ਼ਹਿਰ ਨਾਲ਼ ਸੰਬੰਧਿਤ, ਸ਼ਹਿਰਵਾਸੀ

شہریّت [ਸ਼ਹਰੀਯਤ : ṣəhəriyət] *ਇ:* ਸ਼ਹਿਰ ਨਿਵਾਸੀ ਹੋਣ ਦੀ ਹਾਲਤ, ਲੋਕਰਾਜੀ ਹੱਕ; ਕਿਸੇ ਦੇਸ਼ ਦਾ ਨਾਗਰਿਕ

شہکارا [ਸ਼ਹਕਾਰਾ : ṣəhəkara] *ਵਿ:* ਬਦਚਲਨ (ਇਸਤਰੀ), ਬਦਕਾਰ (ਤੀਵੀਂ)

شہنائی/شہنا [ਸ਼ਹਨਾ/ਸ਼ਹਨਾਈ : ṣəhəna/ṣəhənai] *ਇ:* ਨਫ਼ੀਰੀ, ਬੰਸਰੀ, ਅਲਗੋਜ਼ਾ ਆਦਿ

شہنشاہ/شہنشہ [ਸ਼ਹਨਸ਼ਾਹ/ਸ਼ਹਨਸ਼ਾਹ : ṣəhənəṣəh/ṣəhənəṣah] *ਪੁ:* ਸ਼ਾਹਾਂ ਦਾ ਸ਼ਾਹ, ਬਾਦਸ਼ਾਹਾਂ ਦਾ ਬਾਦਸ਼ਾਹ, ਵੱਡਾ ਬਾਦਸ਼ਾਹ

شہنشاہی [ਸ਼ਹਨਸ਼ਾਹੀ : ṣəhənəṣahi] *ਇ:/ਵਿ:* ਬਾਦਸ਼ਾਹੀ, ਬਾਦਸ਼ਾਹ ਨਾਲ਼ ਸੰਬੰਧਿਤ, ਹਾਕਮ ਨਾਲ਼ ਸੰਬੰਧਿਤ

شہنشاہیّت [ਸ਼ਹਨਸ਼ਾਹੀਯਤ : ṣəhənəṣahi-

yyət] ਇ: ਸਾਮਰਾਜ, ਦੂਜੇ ਦੇਸ਼ਾਂ ਤੇ ਕੀਤਾ ਕਬਜ਼ਾ

شوہ [ਸ਼ਹਵ : şəhəw] ਪੁ: ਸ਼ੌਹਰ, ਪਤੀ, ਖ਼ਾਵੰਦ

شہوت [ਸ਼ਹਵਤ : şəhəwət] ਇ: ਭੁੱਖ, ਸ਼ੌਕ; ਖ਼ਾਹਸ਼, ਇੱਛਾ; ਜਿਨਸੀ ਖ਼ਾਹਸ਼, ਸੰਭੋਗ ਦੀ ਇੱਛਾ

شہوات [ਸ਼ਹਵਾਤ : şəhəwat] ਇ: شہوت ਦਾ ਬਹੁਵਚਨ, ਖ਼ਾਹਸ਼, ਇੱਛਾਵਾਂ

شہواتِ نفسانی [ਸ਼ਹਵਾਤ-ਏ-ਨਫ਼ਸਾਨੀ: şəhəwat-e-nəfəsani] ਇ: ਜਿਨਸੀ ਖ਼ਾਹਸ਼ਾਂ, ਘਟੀਆ ਖ਼ਾਹਸ਼ਾਂ

شہید [ਸ਼ਹੀਦ : şəhid] ਪੁ: ਸ਼ਹੀਦ, ਨੇਕ ਮੰਤਵ ਲਈ ਕੁਰਬਾਨੀ ਦੇਣ ਵਾਲ਼ਾ ਵਿਅਕਤੀ, ਅਜਿਹਾ ਵਿਅਕਤੀ ਜਿਸ ਤੋਂ ਕੋਈ ਚੀਜ਼ ਲੁਕੀ ਨਾ ਹੋਵੇ; ਪ੍ਰੇਮੀ, ਕੁਰਬਾਨ; ਗਵਾਹ, ਸਾਥੀ; ਅੱਲਾਹ ਦਾ ਇਕ ਨਾਮ

شہیدی [ਸ਼ਹੀਦੀ : şəhidi] ਵਿ: ਸ਼ਹੀਦ ਹੋਣ ਲਈ ਤਿਆਰ; ਲਾਲ; ਤਮਾਸ਼ਬੀਨ

شہیر [ਸ਼ਹੀਰ : şəhir] ਵਿ: ਪ੍ਰਸਿੱਧ, ਨਾਮਵਰ

شے [ਸ਼ੈ : şɛ] ਇ: ਵਸਤੂ, ਚੀਜ਼, ਦੁਰਲੱਭ ਚੀਜ਼; ਮਾਮਲਾ, ਘਟਨਾ

شیب [ਸ਼ੈਬ : şɛb] ਪੁ: ਬੁਢਾਪਾ, ਵਾਲ਼ਾਂ ਦੀ ਸਫ਼ੈਦੀ

شیخ [ਸ਼ੈਖ਼ : şɛx] ਪੁ: ਬੁੱਢਾ ਆਦਮੀ, ਪੀਰ, ਬਜ਼ੁਰਗ; ਆਗੂ, ਖ਼ਾਨਕਾਹ ਦਾ ਸਰਦਾਰ; ਉਸਤਾਦ, ਵੱਡਾ ਵਿਦਵਾਨ

شیخ چلی [ਸ਼ੈਖ਼ ਚੱਲੀ : şɛx cəlli] ਪੁ: ਸ਼ੇਖ ਚਿਲੀ, ਇਕ ਕਲਪਿਤ ਮੂਰਖ ਜਿਸ ਦੇ ਕਿੱਸੇ ਬੜੇ ਮਸ਼ਹੂਰ ਹਨ

شیخی [ਸ਼ੈਖ਼ੀ : şɛxi] ਇ: ਸ਼ੇਖ਼ੀ, ਵਡਿਆਈ, ਘੁਮੰਢ, ਡੀਂਗ

شیدا [ਸ਼ੈਦਾ : şɛda] ਵਿ: ਦੀਵਾਨਾ, ਮਦਹੋਸ਼, ਮਸਤ; ਆਸ਼ਿਕ, ਪ੍ਰੇਮੀ, ਇਸ਼ਕ ਵਿਚ ਡੁੱਬਿਆ ਹੋਇਆ

شیر [ਸ਼ੇਰ : şer] ਪੁ:/ਵਿ: ਸ਼ੇਰ, ਬਾਘ, ਸਿੰਘ, ਬਘੇਲਾ, ਪਰਨਾਲੇ ਦਾ ਮੂੰਹ ਜਿਹੜਾ ਸ਼ੇਰ ਦੀ ਸ਼ਕਲ ਦਾ ਬਣਾਇਆ ਜਾਂਦਾ ਹੈ; ਬਹਾਦਰ, ਸ਼ਕਤੀਸ਼ਾਲੀ, ਨਿਡਰ

شیر [ਸ਼ੀਰ : şir] ਪੁ: ਦੁੱਧ

شیرازہ [ਸ਼ੀਰਾਜ਼ਾ : şiraza] ਪੁ: ਉਹ ਫੀਤਾ ਜਿਹੜਾ ਕਿਤਾਬ ਦੀ ਜੁਜ਼ਬੰਦੀ ਦੇ ਬਾਦ ਉਸ ਦੇ ਪਿੱਛੇ ਲਾਉਂਦੇ ਹਨ; ਪ੍ਰਬੰਧ, ਸਿਲਸਿਲਾ

شیر برنج [ਸ਼ੀਰ ਬਰੰਜ : şir bərɔ̃j] ਇ: ਚੌਲਾਂ ਦੀ ਖੀਰ

شیر خور [ਸ਼ੀਰ ਖ਼ੋਰ : şir xor] ਪੁ: ਦੁੱਧ ਪੀਂਦਾ ਬੱਚਾ

شیر وشکر [ਸ਼ੀਰ-ਉ-ਸ਼ਕਰ : şir-o-şəkər] ਪੁ: ਦੁੱਧ ਤੇ ਸ਼ੱਕਰ ਵਾਂਗ ਮਿਲਾਪ, ਇੱਕ ਮਿੱਕ ਹੋ ਜਾਣ ਦੀ ਕਿਰਿਆ

شیرہ [ਸ਼ੀਰਾ : şira] ਪੁ: ਚਾਸ਼ਨੀ; ਪਤਲਾ ਗੁੜ ਜਿਹੜਾ ਤਮਾਕੂ ਵਿਚ ਪਾਇਆ ਜਾਂਦਾ ਹੈ

شیریں [ਸ਼ੀਰੀਂ : şirĩ] ਵਿ:/ਪੁ: ਮਿੱਠਾ, ਪਿਆਰਾ, ਨਰਮ, ਮੁਲਾਇਮ, ਰਸੀਲਾ; ਅਦੁੱਤੀ, ਦੁਰਲਭ, ਮਨ-ਪਸੰਦ; ਪਰਵੇਜ਼ ਦੀ ਮਲਕਾ ਦਾ ਨਾਮ

شیشم [ਸ਼ੀਸ਼ਮ : şişəm] ਪੁ: ਟਾਹਲੀ, ਇਹ ਬਿਰਛ ਜਿਸ ਦੀ ਲੱਕੜੀ ਬਹੁਤ ਹੀ ਭਾਰੀ ਅਤੇ ਮਜ਼ਬੂਤ ਹੁੰਦੀ ਹੈ

شیش محل [ਸ਼ੀਸ਼ ਮਹ਼ਲ : şiş məhəl] ਪੁ: ਸ਼ੀਸ਼ਿਆਂ ਦਾ ਬਣਿਆ ਹੋਇਆ ਮਹੱਲ

شیشہ [ਸ਼ੀਸ਼ਾ : şişa] ਪੁ: ਸ਼ੀਸ਼ਾ, ਕੱਚ; ਮੂੰਹ ਵੇਖਣ ਵਾਲ਼ਾ ਸ਼ੀਸ਼ਾ; ਬੋਤਲ, ਸੁਰਾਹੀ; ਬੈਰਾਮੀਟਰ; ਦਿਲ; ਹੁੱਕਾ

شیطان [ਸ਼ੈਤ਼ਾਨ : şɛtan] ਪੁ: ਸ਼ੈਤਾਨ; ਨਾ-ਫ਼ਰਮਾਨ, ਬਾਗ਼ੀ; ਪਲੀਦ, ਬਦਕਾਰ; ਮਰਦੂਦ,

ਦਾ ਉਹ ਫ਼ਿਰਕਾ ਜਿਹੜਾ ਹਜ਼ਰਤ ਅਲੀ ਨੂੰ ਪੈਗ਼ੰਬਰ ਤੋਂ ਬਾਦ ਖ਼ਿਲਾਫ਼ਤ ਦਾ ਹੱਕਦਾਰ ਮੰਨਦਾ ਹੈ; ਅਮਾਯਾ ਮਜ਼ਹਬ ਦਾ ਪੈਰੋਕਾਰ

شےلیف [ਸ਼ੈ ਲਤ਼ੀਫ਼ : şe lətif] /ਇ: ਸਮਝ, ਸੂਝ, ਅਕਲ

ਕੱਢਿਆ ਹੋਇਆ; ਸ਼ਰਾਰਤੀ, ਬਦਜ਼ਾਤ, ਫ਼ਸਾਦੀ; ਝਗੜਾ, ਫ਼ਸਾਦ; ਗ਼ੁੱਸਾ, ਗ਼ਜ਼ਬ; ਆਕੀ, ਦੇਉ; ਸੱਪ

شیطانی [ਸ਼ੈਤਾਨੀ : şetani] /ਵਿ: ਸ਼ੈਤਾਨ ਨਾਲ਼ ਸੰਬੰਧਿਤ

شیعہ [ਸ਼ੀਆ : şi'a] /ਪੁ: ਗਰੋਹ; ਮੁਸਲਮਾਨਾਂ

ص ਸਾਦ/ਸਵਾਦ

ص [ਸਾਦ/ਸਵਾਦ : sad/səwad] ਪੁ: ਉਰਦੂ ਲਿੱਪੀ ਦਾ ਵੀਹਵਾਂ, ਫ਼ਾਰਸੀ ਦਾ ਸਤਾਰ੍ਹਵਾਂ ਅਤੇ ਅਰਬੀ ਦਾ ਚੌਦ੍ਹਵਾਂ ਅੱਖਰ

صابر [ਸਾਬਿਰ : sabɪr] ਵਿ/ਪੁ: ਸਬਰ ਕਰਨ ਵਾਲ਼ਾ, ਸੰਤੋਖੀ; ਸੰਤੁਸ਼ਟ; ਹਜ਼ਰਤ ਅਯੂਬ ਦਾ ਵਿਸ਼ੇਸ਼ਣੀ ਉਪਨਾਮ

صابری [ਸਾਬਿਰੀ : sabɪri] ਇ: ਸਾਬਿਰ ਨਾਲ਼ ਸੰਬੰਧਿਤ; ਫ਼ਕੀਰਾਂ ਦਾ ਇਕ ਗਰੋਹ ਜਿਹੜਾ ਹਜ਼ਰਤ ਸੱਯਦ ਅਲਾਉਦੀਨ ਅਲੀ ਅਹਿਮਦ ਸਾਬਰ ਕਲੀਗੀ ਨਾਲ਼ ਸੰਬੰਧਿਤ ਹੈ, ਇਕ ਬਾਇਰ ਦਾ ਉਪਨਾਮ

صابُن [ਸਾਬੁਨ : sabʊn] ਪੁ: ਸਾਬਣ, ਅਰਬੀ ਸ਼ਬਦ ਸਾਬੂਨ ਦਾ ਸੰਖਿਪਤ ਰੂਪ, ਮੈਲ਼ ਸਾਫ਼ ਕਰਨ ਲਈ ਚੀਜ਼ ਜਿਹੜੀ ਤੇਲ ਸੋਡਾ ਅਤੇ ਚਰਬੀ ਆਦਿ ਤੋਂ ਬਣਾਈ ਜਾਂਦੀ ਹੈ

صاحِب [ਸਾਹਿਬ : sahɪb] ਪੁ: ਸਾਹਿਬ, ਯਾਰ, ਦੋਸਤ, ਮਿੱਤਰ, ਪਿਆਰਾ, ਸਾਥੀ; ਮਾਲਕ, ਖ਼ੁਦਾ, ਆਕਾ, ਹਾਕਮ, ਪਤੀ, ਖ਼ਾਵੰਦ, ਸ਼ੌਹਰ

صاحِبِ اِختیار [ਸਾਹਿਬ-ਏ-ਇਖ਼ਤਿਯਾਰ : sahɪb-e-ɪxətɪyar] ਵਿ: ਸੁਤੰਤਰ, ਆਜ਼ਾਦ, ਅਧਿਕਾਰੀ; ਖ਼ੁਦਮੁਖ਼ਤਾਰ

صاحِبِ اِدراک [ਸਾਹਿਬ-ਏ-ਇਦਰਾਕ : sahɪb-e-ɪdərak] ਵਿ: ਦਾਨਾ, ਅਕਲਮੰਦ, ਸਿਆਣਾ

صاحِبِ اِستعداد [ਸਾਹਿਬ-ਏ-ਇਸਤਅ਼ਦਾਦ : sahɪb-e-ɪsət'ədad] ਵਿ: ਕਾਬਲ, ਲਾਇਕ, ਯੋਗ

صاحِبِ اِقبال [ਸਾਹਿਬ-ਏ-ਇਕ਼ਬਾਲ : sahɪb-e-ɪqəbal] ਵਿ: ਖ਼ੁਸ਼ਕਿਸਮਤ, ਖ਼ੁਸ਼ਬਖ਼ਤ, ਖ਼ੁਸ਼ਨਸੀਬ; ਭਾਗਸ਼ਾਲੀ, ਸੁਭਾਗਾ

صاحِبِ بُرید [ਸਾਹਿਬ-ਏ-ਬੁਰੀਦ : sahɪb-e-bʊrid] ਵਿ: ਪੋਸਟ ਮਾਸਟਰ, ਡਾਕਖ਼ਾਨੇ ਦਾ ਪ੍ਰਬੰਧਕ

صاحِبِ تخت [ਸਾਹਿਬ-ਏ-ਤਖ਼ਤ : sahɪb-e-təxət] ਵਿ: ਬਾਦਸ਼ਾਹ, ਰਾਜਾ

صاحِبِ تمیز [ਸਾਹਿਬ-ਏ-ਤਮੀਜ਼ : sahɪb-e-təmiz] ਵਿ: ਸੁਝਵਾਨ, ਸਿਆਣਾ, ਅਕਲਮੰਦ; ਵਾਕਫ਼, ਨਿਪੁੰਨ, ਸੁਘੜ

صاحِبِ جائداد [ਸਾਹਿਬ-ਏ-ਜਾਇਦਾਦ : sahɪb-e-jaɪdad] ਵਿ: ਜਾਇਦਾਦ ਦਾ ਮਾਲਕ, ਜ਼ਿਮੀਂਦਾਰ, ਧਨਾਢ

صاحِبِ جمال [ਸਾਹਿਬ-ਏ-ਜਮਾਲ : sahɪb-e-jəmal] ਵਿ: ਹਸੀਨ, ਸੁੰਦਰ, ਖ਼ੂਬਸੂਰਤ

صاحِبِ خانہ [ਸਾਹਿਬ-ਏ-ਖ਼ਾਨਾ : sahɪb-e-xana] ਵਿ: ਘਰ ਵਾਲ਼ਾ, ਘਰ ਦਾ ਮਾਲਕ, ਮਹਿਮਾਨਦਾਰ, ਪ੍ਰਾਹੁਣਚਾਰੀ ਕਰਨ ਵਾਲ਼ਾ, ਮੇਜ਼ਬਾਨ

صاحِبِ زادہ [ਸਾਹਿਬਜ਼ਾਦਾ : sahɪbəzada] ਪੁ: ਬੇਟਾ, ਲੜਕਾ, ਪੁੱਤਰ; ਪੀਰਜ਼ਾਦਾ; ਰਈਸਜ਼ਾਦਾ; ਕਿਸੇ ਬਜ਼ੁਰਗ ਦੀ ਔਲਾਦ

صاحب زادی [ਸਾਹਿਬਜ਼ਾਦੀ : sahibzadi] *ਇ:* ਬੇਟੀ, ਸੁਪੁੱਤਰੀ

صاحب زر [ਸਾਹਿਬ-ਏ-ਜ਼ਰ : sahib-e-zar] *ਵਿ:* ਅਮੀਰ, ਦੌਲਤਮੰਦ, ਮਾਲਦਾਰ

صاحب سلیقہ [ਸਾਹਿਬ-ਏ-ਸਲੀਕਾ : sahib-e-saliqa] *ਵਿ:* ਸੁਘੜ, ਹੁਨਰਮੰਦ, ਸਿਆਣਾ, ਸੁਥਵਾਨ

صاحب قلم [ਸਾਹਿਬ-ਏ-ਕ਼ਲਮ : sahib-e-qalam] *ਪੁ:* ਸਾਹਿੱਤਕਾਰ, ਕਵੀ, ਲੇਖਕ

صاحب کرم [ਸਾਹਿਬ-ਏ-ਕਰਮ : sahib-e-karam] *ਵਿ:* ਸਖ਼ੀ, ਦਾਤਾ

صاحب کمال [ਸਾਹਿਬ-ਏ-ਕਮਾਲ : sahib-e-kamal] *ਵਿ:* ਮਾਹਰ, ਉਸਤਾਦ, ਆਲਮ, ਹਕੀਮ, ਡਾਕਟਰ

صاحبہ [ਸਾਹਿਬਾ : sahiba] *ਇ:* ਸਾਹਿਬ ਦਾ ਇਸਤਰੀ ਲਿੰਗ; ਮੁਹਤਰਮਾ

صادر [ਸਾਦਰ : sadar] *ਵਿ:* ਲਾਗੂ ਹੋਣ ਵਾਲ਼ਾ, ਨਿਕਲਣ ਵਾਲ਼ਾ; ਪਰਤਣ ਵਾਲ਼ਾ

صادر وارد [ਸਾਦਰ ਵਾਰਦ : sadar warad] *ਵਿ:* ਪਾਂਧੀ, ਰਾਹੀ, ਯਾਤਰੀ, ਮੁਸਾਫ਼ਰ, ਆਉਂਦਾ ਜਾਂਦਾ, ਮਹਿਮਾਨ, ਪ੍ਰਾਹੁਣਾ

صادق [ਸਾਦਿਕ਼ : sadiq] *ਵਿ/ਪੁ:* ਸੱਚਾ, ਸੱਚਾ ਗਵਾਹ, ਵਫ਼ਾਦਾਰ, ਠੀਕ, ਯੋਗ; ਸਿਦਕ ਵਾਲ਼ਾ; ਹਜ਼ਰਤ ਇਮਾਮ ਜਾਅਫ਼ਰ ਦਾ ਲਕ਼ਬ

صادق القول [ਸਾਦਿਕ਼-ਉਲ-ਕ਼ੌਲ : sadiq-ul-qal] *ਵਿ:* ਵਫ਼ਾਦਾਰ, ਕੌਲ ਦਾ ਪੱਕਾ, ਇਕਰਾਰ ਪੂਰਾ ਕਰਨ ਵਾਲ਼ਾ

صادق الوعدہ [ਸਾਦਿਕ਼-ਉਲ-ਵਅ਼ਦਾ : sadiq-ul-wa'ada] *ਵਿ:* ਵਾਅਦੇ ਦਾ ਪੱਕਾ, ਵਾਅਦੇ ਦਾ ਸੱਚਾ

صادقانہ [ਸਦਿਕ਼ਾਨਾ : sadiqana] *ਕਿ/ਵਿ:* ਸੱਚੇ ਤੌਰ ਤੇ, ਵਫ਼ਾਦਾਰੀ ਨਾਲ਼

صارف [ਸਾਰਫ਼ : saraf] *ਵਿ:* ਖ਼ਰਚ ਕਰਨ ਵਾਲ਼ਾ, ਉਹ ਵਿਅਕਤੀ ਜਿਹੜਾ ਕਿਸੇ ਚੀਜ਼ ਦੀ ਵਰਤੋਂ ਕਰੇ

صاعد [ਸਾਇ਼ਦ : sa'id] *ਵਿ:* ਉੱਪਰ ਚੜ੍ਹਨ ਵਾਲ਼ਾ

صاف [ਸਾਫ਼ : saf] *ਵਿ:* ਸਾਫ਼, ਖਰਾ, ਨਿਰਮਲ, ਖ਼ਾਲਸ; ਉਜਲਾ, ਬੇਦਾਗ਼, ਕੋਰਾ; ਪਵਿੱਤਰ, ਬੇਗ਼ੁਨਾਹ; ਪੱਧਰ; ਹੂਬਹੂ, ਬਿਲਕੁਲ ਸਪੱਸ਼ਟ

صاف دِل [ਸਾਫ਼ ਦਿਲ : saf dil] *ਵਿ:* ਸਾਫ਼ ਦਿਲ, ਸਵੱਛ ਹਿਰਦੇ ਦਾ ਮਾਲਕ, ਜਿਸ ਦੀ ਕਿਸੇ ਨਾਲ਼ ਕੋਈ ਦੁਸ਼ਮਣੀ ਨਹੀਂ, ਸੱਚਾ ਸੁੱਚਾ

صاف گو [ਸਾਫ਼ ਗੋ : saf go] *ਵਿ:* ਸੱਚਾ, ਖ਼ਰੀ ਖ਼ਰੀ ਕਹਿਣ ਵਾਲ਼ਾ

صافہ [ਸਾਫ਼ਾ : safa] *ਪੁ:* ਸਿਰ ਤੇ ਬੰਨ੍ਹਣ ਵਾਲ਼ਾ ਦੁਪੱਟਾ; ਸ਼ਿਕਾਰੀ ਜਾਨਵਰ ਦਾ ਭੁੱਖਾ ਰਹਿਣਾ

صالح [ਸਾਲਿਹ਼ : salih] *ਵਿ:* ਨੇਕ, ਪਾਰਸਾ, ਈਮਾਨਦਾਰ; ਸਮੂਦ ਕੌਮ ਦਾ ਇਕ ਪੈਗ਼ੰਬਰ

صالحہ [ਸਾਲਿਹ਼ਾ : salihа] *ਇ:* ਨੇਕ ਇਸਤਰੀ, ਸੁਆਣੀ, ਬੀਬੀ

صالحین [ਸਾਲਿਹ਼ੀਨ : salihin] *ਪੁ:* ਨੇਕ ਜਾਂ ਪਤਵੰਤੇ ਲੋਕ

صامت [ਸਾਮਤ : samat] *ਪੁ/ਵਿ:* ਚੁੱਪ, ਖ਼ਾਮੋਸ਼; ਗੂੰਗਾ; ਬੇਜਾਨ

صائب [ਸਾਇਬ : sa'ib] *ਵਿ/ਪੁ:* ਪਹੁੰਚਣ ਵਾਲ਼ਾ; ਠੀਕ, ਦਰੁਸਤ, ਸਹੀ, ਸਿੱਧਾ; ਇਕ ਪ੍ਰਸਿਧ ਸ਼ਾਇਰ (ਮੁਹੱਮਦ ਅਲੀ) ਦਾ ਉਪਨਾਮ

صائب الرائے [ਸਾਇਬ-ਉਲ-ਰਾਏ : saib-ul-rae] *ਵਿ:* ਜਿਸ ਦੀ ਰਾਏ ਠੀਕ ਹੋਵੇ, ਅਕਲਮੰਦ

صبا [ਸਬਾ : saba] *ਇ:* ਉਹ ਹਵਾ ਜਿਹੜੀ ਪੂਰਬ ਵੱਲੋਂ ਚੱਲੇ, ਪੁਰਾ, ਸਵੇਰ ਦੀ ਹਵਾ

صباح [ਸਬਾਹ : sabah] *ਇ/ਵਿ:* ਸਵੇਰ,

ਤੜਕਾ; ਸੁੰਦਰ, ਖ਼ੂਬਸੂਰਤ, ਚੰਗਾ

صُبح [ਸੁਬ੍ਹ : subəh] *ਇ:* ਤੜਕਾ, ਸਵੇਰ

صُبح ازل [ਸੁਬਹ ਅਜ਼ਲ : subəh əzəl] *ਇ:* ਮਖ਼ਲੂਕ ਦੇ ਪੈਦਾ ਹੋਣ ਦਾ ਸਮਾਂ, ਅਰੰਭ

صبر [ਸਬਰ : səbər] *ਪੁ:* ਸਬਰ, ਚੁੱਪ, ਸਹਿਨ-ਸ਼ੀਲਤਾ, ਸੰਤੋਖ, ਬਰਦਾਸ਼ਤ ਕਰਨ ਦੀ ਸ਼ਕਤੀ; ਸੰਕੋਚ; ਹਿਚਕਚਾਹਟ

صبر آزما [ਸਬਰ ਆਜ਼ਮਾ : səbər azəma] *ਵਿ:* ਤਕਲੀਫ਼ਦੇਹ, ਸਬਰ ਨੂੰ ਅਜ਼ਮਾਉਣ ਵਾਲ਼ਾ

صحاح [ਸਿਹ੍ਹਾ : sihaḥ] *ਵਿ:* صحیح ਦਾ ਬਹੁਵਚਨ, ਠੀਕ, ਦਰੁਸਤ

صحاف [ਸੱਹਾਫ਼ : səḥḥaf] *ਪੁ:* ਜਿਲਦਾਂ ਬੰਨ੍ਹਣ ਵਾਲ਼ਾ ਵਿਅਕਤੀ, ਜਿਲਦਸਾਜ਼; ਜਿਲਦਾਂ ਵਾਲ਼ੀਆਂ ਕਿਤਾਬਾਂ ਦਾ ਵਿਕਰੇਤਾ

صحافت [ਸਹਾਫ਼ਤ : səḥafət] *ਇ:* ਅਖ਼ਬਾਰੀ ਕਾਰੋਬਾਰ, ਪੱਤਰਕਾਰੀ ਦਾ ਪੇਸ਼ਾ, ਪੱਤਰਕਾਰੀ ਦੀ ਕਲਾ

صحافی [ਸਹਾਫ਼ੀ : səḥafi] *ਪੁ:* ਅਖ਼ਬਾਰ ਨਵੀਸ, ਪੱਤਰਕਾਰ

صحائف [ਸਹਾਇਫ਼ : səhaif] *ਪੁ:* صحیفہ ਦਾ ਬਹੁ-ਵਚਨ, ਰਿਸਾਲੇ, ਕਿਤਾਬਾਂ

صُحبت [ਸੁਹ੍ਬਤ : suḥəbət] *ਇ:* ਸੋਹਬਤ, ਮਿੱਤਰਤਾ, ਯਾਰੀ, ਦੋਸਤੀ; ਸਹਾਇਤਾ, ਸਾਥ; ਮਹਿਫ਼ਲ, ਮਜਲਸ; ਸੰਭੋਗ

صحت [ਸਿਹ੍ਤ : siḥḥət] *ਇ:* ਸਿਹਤ, ਅਰਾਮ, ਦੇਹ-ਅਰੋਗਤਾ, ਤੰਦਰੁਸਤੀ

صحت افزا [ਸਿਹ੍ਤ ਅਫ਼ਜ਼ਾ : siḥḥət əfəza] *ਵਿ:* ਦੇਹ ਅਰੋਗਤਾ ਲਈ ਲਾਹੇਵੰਦ, ਸਿਹਤ ਠੀਕ ਬਣਾਉਣ ਵਾਲ਼ਾ

صحت بخش [ਸਿਹ੍ਤ ਬਖ਼ਸ਼ : siḥḥət bəxəṣ] *ਵਿ:* ਲਾਭਦਾਇਕ, ਦੇਹ-ਅਰੋਗਤਾ ਦੇਣ ਵਾਲ਼ਾ, ਚੰਗਾ

صحت یابی [ਸਿਹ੍ਤਯਾਬੀ : siḥḥətyabi] *ਇ:* ਦੇਹਅਰੋਗਤਾ, ਤੰਦਰੁਸਤੀ

صحرا [ਸਹ੍ਰਾ : səḥəra] *ਪੁ:* ਮੈਦਾਨ ਜਿਥੇ ਦਰੱਖ਼ਤ ਆਦਿ ਕੁਝ ਵੀ ਨਾ ਹੋਵੇ, ਬੀਆਬਾਨ, ਉਜਾੜ, ਵੀਰਾਨਾ; ਰੇਤ-ਥਲ

صحرائی [ਸਹ੍ਰਾਈ : səḥərai] *ਵਿ:* ਜੰਗਲੀ, ਬੀਆਬਾਨੀ

صحن [ਸਹ੍ਨ : səḥən] *ਪੁ:* ਵਿਹੜਾ, ਆਂਗਨ, ਪੱਧਰੀ ਧਰਤੀ; ਇਕ ਪ੍ਕਾਰ ਦਾ ਵਧੀਆ ਕੱਪੜਾ; ਵੱਡਾ ਥਾਲ

صحیح [ਸਹੀਹ੍ : səḥiḥ] *ਵਿ:* ਸਹੀ, ਠੀਕ, ਦਰੁਸਤ; ਅਰੋਗ; ਬੇਐਬ; ਪੂਰਾ, ਸਾਰਾ; ਪ੍ਮਾਣਿਕ

صحیفہ [ਸਹੀਫ਼ਾ : səḥifa] *ਪੁ:* ਪੁਸਤਕ, ਰਿਸਾਲਾ, ਮੈਗਜ਼ੀਨ; ਵਰਕਾ, ਲਿਖਿਆ ਹੋਇਆ ਪੰਨਾ

صد [ਸਦ : səd] *ਵਿ:* ਸੌ, ਸੈਂਕੜਾ

صدا [ਸਦਾ : səda] *ਇ:* ਗੂੰਜ, ਗੁੰਬਦ ਦੀ ਆਵਾਜ਼; ਦਰਵੇਸ਼ ਦੇ ਮੰਗਣ ਦੀ ਸਦਾ

صدارت [ਸਦਾਰਤ : sədarət] *ਇ:* ਪ੍ਧਾਨਗੀ, ਚੇਅਰਮੈਨੀ; ਸ਼ੁਰੂਆਤ, ਅਰੰਭਤਾ; ਇਕ ਪਦਵੀ ਜਿਹੜੀ ਵਜ਼ਾਰਤ ਤੋਂ ਨੀਵੀਂ ਤੇ ਦੂਜੀਆਂ ਪਦਵੀਆਂ ਤੋਂ ਉੱਚੀ ਹੁੰਦੀ ਹੈ

صداقت [ਸਦਾਕ਼ਤ : sədaqət] *ਇ:* ਸਚਾਈ, ਦਰੁਸਤੀ, ਵਫ਼ਾਦਾਰੀ; ਪੁਸ਼ਟੀ, ਸਬੂਤ, ਗਵਾਹੀ, ਤਸਦੀਕ

صد برگ [ਸਦ ਬਰਗ : səd bərəg] *ਪੁ:* ਉਹ ਫੁੱਲ ਜਿਸ ਦੀਆਂ ਬਹੁਤ ਸਾਰੀਆਂ ਪੰਖੜੀਆਂ ਹੋਣ, ਗੇਂਦਾ

صد پا [ਸਦ ਪਾ : səd pa] *ਪੁ:* ਬਹੁਤ ਸਾਰੇ ਪੈਰਾਂ ਵਾਲ਼ਾ, ਕਨਖ਼ਜੂਰਾ

صد پارہ [ਸਦਪਾਰਾ : səd para] *ਵਿ:* ਕਈ ਥਾਂਵਾਂ ਤੋਂ ਫਟਿਆ ਹੋਇਆ, ਟੁਕੜੇ ਟੁਕੜੇ, ਫੀਤੇ ਫੀਤੇ

صدر [ਸਦਰ : sədər] ਪੁ/ਵਿ: ਪ੍ਰਧਾਨ, ਚੇਅਰਮੈਨ; ਦੇਸ਼ ਦਾ ਪ੍ਰਮੁੱਖ ਆਗੂ; ਸੀਨਾ, ਛਾਤੀ; ਸਾਹਮਣਾ, ਅਮੀਰ; ਸਰਦਾਰ; ਛਾਉਣੀ; ਉੱਚਾ ਬਜ਼ੁਰਗ; ਵੱਡਾ, ਖ਼ਾਸ, ਅਰੰਭ; ਸ਼ੁਰੂ; ਸ਼ਿਅਰ ਦਾ ਪਹਿਲਾ ਲਫ਼ਜ਼

صدر بازار [ਸਦਰ ਬਾਜ਼ਾਰ : sədər bazar] ਪੁ: ਛਾਉਣੀ ਦਾ ਵੱਡਾ ਬਜ਼ਾਰ; ਉਰਦੂ ਬਜ਼ਾਰ

صدر مقام [ਸਦਰ ਮੁਕ਼ਾਮ : sədər muqam] ਪੁ: ਰਾਜਧਾਨੀ

صدرِ مملکت [ਸਦਰ-ਏ-ਮੁਮਲਕਤ : sədər-e-muməlәkət] ਪੁ: ਕਿਸੇ ਰਿਆਸਤ ਜਾਂ ਹਕੂਮਤ ਦਾ ਮੁਖੀ; ਪ੍ਰਧਾਨ, ਰਾਸ਼ਟਰਪਤੀ

صِدق [ਸਿਦਕ਼ : sidəq] ਪੁ: ਸੱਚ, ਯਕੀਨ; ਸਚਾਈ, ਜਸ, ਪ੍ਰਸ਼ੰਸਾ

صدقہ [ਸਦਕ਼ਾ : sədəqa] ਪੁ: ਖ਼ੈਰਾਤ, ਉਹ ਚੀਜ਼ ਜਿਹੜੀ ਪਰਮਾਤਮਾ ਦੇ ਨਾਂ ਤੇ ਦਿੱਤੀ ਜਾਵੇ, ਸਿਰ-ਵਾਰਨਾ; ਉਤਾਰਾ, ਕੁਰਬਾਨ ਜਾਣ ਜਾਂ ਵਾਰੇ ਜਾਣ ਦਾ ਭਾਵ

صدمہ [ਸਦਮਾ : sədəma] ਪੁ: ਸਦਮਾ, ਧੱਕਾ, ਟੱਕਰ; ਤਕਲੀਫ਼; ਕਬਜ਼, ਚੋਟ; ਹਾਦਸਾ, ਦੁਰਘਟਨਾ; ਨੁਕਸਾਨ, ਮੁਸੀਬਤ

صدہا [ਸਦਹਾ : sədəha] ਵਿ: ਸੈਂਕੜੇ, ਕਈ ਸੌ, ਬਹੁਤ ਸਾਰੇ

صدی [ਸਦੀ : sədi] ਇ: ਸਦੀ, ਸੌ ਨਾਲ਼ ਸੰਬੰਧਿਤ, ਸੌ ਵਰ੍ਹੇ, ਸੈਂਕੜਾ

صدیق [ਸਦੀਕ਼ : sidiq] ਪੁ: ਦੋਸਤ, ਮਿੱਤਰ, ਯਾਰ

صِدّیق [ਸਿੱਦੀਕ਼ : siddiq] ਵਿ/ਪੁ: ਬਹੁਤ ਹੀ ਸੱਚਾ, ਵਫ਼ਾਦਾਰ ਦੋਸਤ, ਗੂੜ੍ਹਾ ਮਿੱਤਰ

صِدّیقہ [ਸਿੱਦੀਕ਼ਾ : siddiqa] ਇ: ਸੱਚੀ ਇਸਤਰੀ

صُراح [ਸੁਰਾਹ : surah] ਇ: ਖੁੱਲ੍ਹੀ ਅਤੇ ਸਾਫ਼ ਗੱਲ-ਬਾਤ; ਖ਼ਾਲਸ ਚੀਜ਼, ਖ਼ਾਲਸ ਸ਼ਰਾਬ; ਸਿਆਹੀ, ਇਕ ਮਸ਼ਹੂਰ ਅਰਬੀ ਕੋਸ਼

صراحت [ਸਰਾਹਤ : sərahət] ਇ: ਵਿਆਖਿਆ

صراحتاً [ਸਰਾਹਤਨ : sərahətən] ਕਿਵਿ: ਖੁਲ੍ਹਮ-ਖੁਲ੍ਹਾ, ਜ਼ਾਹਰਾ, ਪ੍ਰਗਟ ਰੂਪ ਵਿਚ

صُراحی [ਸੁਰਾਹੀ : surahi] ਇ: ਸੁਰਾਹੀ, ਪਾਣੀ ਜਾਂ ਸ਼ਰਾਬ ਰੱਖਣ ਲਈ ਲੰਮੀ ਗਰਦਨ ਦਾ ਛੋਟਾ ਭਾਂਡਾ; ਬੋਤਲ, ਕੁੱਜਾ

صُراحی دار [ਸੁਰਾਹੀਦਾਰ : surahidar] ਵਿ: ਸੁਰਾਹੀ ਜਿਹਾ ਉਚੀ ਗਰਦਨ ਵਾਲ਼ਾ

صِراط [ਸਿਰਾਤ਼ : sirat] ਇ: ਰਾਹ, ਰਸਤਾ, ਸਿੱਧਾ ਰਸਤਾ; ਇਕ ਪੁਲ ਦਾ ਨਾਂ ਜਿਹੜਾ ਵਾਲ ਤੋਂ ਬਰੀਕ ਤੇ ਤਲਵਾਰ ਦੀ ਧਾਰ ਤੋਂ ਤੇਜ਼ ਮੰਨਿਆ ਜਾਂਦਾ ਹੈ

عمل درآمد [ਅਮਲ ਦਰ ਆਮਦ : əməl dər əmədˈ] *ਪੁ:* ਕਾਰਵਾਈ, ਤਾਮੀਲ

عملہ [ਅਮਲਾ : əmələ] *ਪੁ:* عامل ਦਾ ਬਹੁਵਚਨ, ਅਮਲਾ, ਸਟਾਫ਼, ਕਰਮਚਾਰੀ, ਕੰਮ ਕਰਨ ਵਾਲ਼ੇ, ਕਾਰਕੁੰਨ, ਅਹਿਲਕਾਰ, ਕਚਹਿਰੀ ਦੇ ਲੋਕ, ਮਕਾਨ ਦਾ ਸਮਾਨ

عملی [ਅਮਲੀ : əməli] *ਵਿ:* ਅਮਲੀ, ਅਮਲ ਨਾਲ਼ ਸੰਬੰਧਿਤ, ਕਰਿੰਦਾ, ਨਸ਼ਾਬਾਜ਼, ਨਸ਼ੇ ਦਾ ਆਦੀ, ਮਾਮੂਲੀ, ਹਰ ਰੋਜ਼ ਦੀ ਵਰਤੋਂ ਵਾਲ਼ਾ

عُمود [ਅਮੂਦ : əmud] *ਪੁ:* ਥੰਮ੍ਹ, ਸਤੂਨ, ਖੰਭਾ, ਗੁਰਜ਼, ਤੰਬੂ ਦੀ ਚੋਬ, ਤੱਕੜੀ ਦੀ ਸੂਈ, ਕੌਮ ਦਾ ਸਰਦਾਰ, ਮਰਦ ਦੀ ਇੰਦਰੀ

عمودًا [ਅਮੂਦਨ : əmudən] *ਕਿਵਿ:* ਸਿੱਧੇ ਰੂਪ ਵਿਚ

عمودی [ਅਮੂਦੀ : əmudi] *ਵਿ:* ਲੰਮੀ

عُموماً [ਉਮੂਮਨ : umumən] *ਕਿਵਿ:* ਆਮ ਤੌਰ ਤੇ, ਅਕਸਰ, ਆਮ ਕਰਕੇ

عمیق [ਅਮੀਕ़ : əmiq] *ਵਿ:* ਡੂੰਘਾ, ਡੋਬੂ, ਅਥਾਹ

عمیم [ਅਮੀਮ : əmim] *ਵਿ:* ਪੂਰਾ, ਸਾਰਿਆਂ ਵਿਚ ਸ਼ਾਮਲ, ਸਾਰਿਆਂ ਤੇ ਹਾਵੀ

عنا [ਅਨਾ : ənа] *ਪੁ:* ਰੰਜ, ਤਕਲੀਫ਼, ਮਿਹਨਤ, ਥਕਾਵਟ

عُناب [ਉੱਨਾਬ : unnab] *ਪੁ:* ਵਲਾਇਤੀ ਬੀਅਰ ਜਿਹੜੀ ਬਹੁਤ ਹੀ ਲਾਲ ਰੰਗ ਦੀ ਹੁੰਦੀ ਹੈ, ਅੰਗੂਰ, ਮਸ਼ੂਕ ਦੇ ਹੋਂਠ

عُنابی [ਉੱਨਾਬੀ : unnabi] *ਵਿ:* عُناب ਵਰਗੀ, ਲਾਲ ਸੂਹਾ, ਸੁਰਖ਼

عِناد |ਇਨਾਦ : inad| ਪੁ: ਲੜਾਈ, ਜ਼ਿਦ, ਹਠ, ਦੁਸ਼ਮਣੀ, ਅਦਾਵਤ, ਬਗ਼ਾਵਤ

عِنادن |ਇਨਾਦਨ : inadan| ਕਿਵਿ: ਦੁਸ਼ਮਣੀ ਕਰਕੇ, ਵਿਰੋਧ ਕਾਰਨ

عنادِل |ਅਨਾਦਿਲ : anadil| ਪੁ: عندلیب ਦਾ ਬਹੁਵਚਨ, ਬੁਲਬਲੇ

عَناصِر |ਅਨਾਸਿਰ : anasir| ਪੁ: عُنصر ਦਾ ਬਹੁਵਚਨ, ਅਸਲੀ ਹਿੱਸੇ ਜਾਂ ਟੁਕੜੇ, ਤੱਤ, ਜ਼ਰੂਰਤਾਂ, ਜੜ੍ਹਾਂ, ਇਰਾਦੇ, ਸ਼ਖ਼ਤੀਆਂ

عِنان |ਇਨਾਨ : inan| ਪੁ: ਰਾਸ, ਵਾਗ, ਲਗਾਨ, ਡੋਰ

عِنایت |ਇਨਾਯਤ : inayat| ਇ: ਲੁਤਫ਼, ਮਿਹਰਬਾਨੀ, ਤੋਹਫ਼ਾ, ਬਖ਼ਸ਼ਿਸ਼, ਕਿਰਪਾ, ਧਿਆਨ, ਰੁਝੇਵਾਂ, ਕਿਸੇ ਲਈ ਤਕਲੀਫ਼ ਉਠਾਉਣ ਦੀ ਕਿਰਿਆ

عِنایت فرما |ਇਨਾਯਤ ਫ਼ਰਮਾ : inayat farma| ਵਿ: ਦੋਸਤ, ਮਿਤਰ, ਮਿਹਰਬਾਨੀ ਕਰਨ ਵਾਲ਼ਾ, ਮਿਹਰਬਾਨ, ਦਇਆਲੂ

عِند |ਇੰਦ : ind| ਕਿਵਿ: ਨੇੜੇ, ਕੋਲ, ਨਿਕਟ, ਨਜ਼ਦੀਕ, ਸਾਹਮਣੇ, ਅੱਗੇ, ਲਗਭਗ

عُنصر |ਉਨਸਰ : unasar| ਪੁ: ਅਸਲ, ਤੱਤ, ਮੂਲ, ਬੁਨਿਆਦ (ਤਬੀਬਾਂ ਹਕੀਮਾਂ ਦੀ ਪਰਿਭਾਸ਼ਾ ਵਿਚ ਅੱਗ, ਪਾਣੀ, ਹਵਾ, ਮਿਟੀ ਚਾਰ ਉਨਸਰ ਹਨ ਜਿਨ੍ਹਾਂ ਤੋਂ ਮਨੁੱਖ ਦਾ ਸਰੀਰ ਬਣਿਆ ਹੈ)

عُنصری |ਉਨਸਰੀ : unasari| ਵਿ: ਬੁਨਿਆਦੀ ਜੁੜਾਂ ਨਾਲ਼ ਸੰਬੰਧਿਤ, ਮੁੱਢਲੇ ਤੱਤਾਂ ਨਾਲ਼ ਸੰਬੰਧਿਤ; ਮਹਿਮੂਦ ਗ਼ਜ਼ਨਵੀ ਦੇ ਸਮੇਂ ਦੇ ਇਕ ਫ਼ਾਰਸੀ ਸ਼ਾਇਰ ਦਾ ਉਪਨਾਮ

عُنق |ਉਨਕ : unaq| ਪੁ: ਗਰਦਨ, ਧੌਣ

عَنکبوت |ਅਨਕਬੂਤ : ankabut| ਇ: ਮੱਕੜੀ

عُنوان |ਉਨਵਾਨ : unawan| ਪੁ: ਸੁਰਖ਼ੀ, ਸਰਨਾਵਾਂ, ਸ਼ੀਰਸ਼ਕ, ਅਰੰਭ, ਭੂਮਿਕਾ, ਖੰਡ, ਢੰਗ, ਤੌਰ ਤਰੀਕਾ, ਕਾਰਨ, ਸਬੱਬ

عِنین |ਇਨੀਨ : inin| ਵਿ/ਪੁ: ਨਾਮਰਦ, ਹੀਜੜਾ

عَوارِض |ਅਵਾਰਿਜ਼ : awariz| ਪੁ: عارضہ ਦਾ ਬਹੁਵਚਨ, ਪੇਸ਼ ਆਉਣ ਵਾਲ਼ੀਆਂ ਚੀਜ਼ਾਂ, ਮਰਜ਼, ਦੁੱਖ, ਬੀਮਾਰੀਆਂ, ਰੋਗ

عَواقِب |ਅਵਾਕਿਬ : awaqib| ਪੁ: عاقبت ਦਾ ਬਹੁਵਚਨ, ਨਤੀਜੇ, ਪਰਿਣਾਮ

عَوام |ਅਵਾਮ : awam| ਪੁ: عامہ ਦਾ ਬਹੁਵਚਨ, ਆਮ ਲੋਕ, ਰਿਆਇਆ, ਪਰਜਾ, ਜਨਸਮੂਹ, ਜਨਤਾ, ਆਦਮੀ

عَوامی |ਅਵਾਮੀ : awami| ਵਿ: ਆਮ ਲੋਕਾਂ ਨਾਲ਼ ਸੰਬੰਧਿਤ, ਆਮ ਲੋਕਾਂ ਦੀ, ਲੋਕ ਰਾਜੀ

عَوان |ਅਵਾਨ : awan| ਇ: ਅਧੇੜ ਉਮਰ ਦੀ ਇਸਤਰੀ, ਘਰ ਦੀ ਮਾਲਕਣ

عَوائِب |ਅਵਾਇਬ : awaib| ਵਿ: عائب ਦਾ ਬਹੁਵਚਨ, ਐਬ ਕਰਨ ਵਾਲੇ

عَود |ਅੌਦ : aud| ਪੁ: ਵਾਪਸੀ, ਫੇਰਾ, ਮੋੜਾ

عَورات |ਅੌਰਾਤ : aurat| ਇ: عورت ਦਾ ਬਹੁਵਚਨ, ਇਸਤਰੀਆਂ, ਤੀਵੀਆਂ

عَورت |ਅੌਰਤ : aurat| ਇ: ਔਰਤ, ਮਦੀਨ, ਨਾਰ, ਇਸਤਰੀ, ਤੀਵੀਂ, ਜੋਰੂ, ਬੀਵੀ, ਪਤਨੀ, ਗੁਪਤ ਅੰਗ

عِوَض |ਇਵਜ਼ : iwaz| ਪੁ: ਇਵਜ਼, ਦੰਡ, ਜੁਰਮਾਨਾ, ਸਜ਼ਾ, ਬਦਲਾ, ਇਵਜ਼ਾਨਾ, ਮੁਆਵਜ਼ਾ, ਬਦਲ

عِوَضانہ |ਇਵਜ਼ਾਨਾ : iwazana| ਪੁ: ਇਵਜ਼ਾਨਾ, ਸਿਲਾ, ਬਦਲਾ, ਰਿਸ਼ਵਤ ਲੈਣ ਦਾ ਇਕ ਢੰਗ

عہد |ਅਹਦ : ahad| ਪੁ: ਜ਼ਮਾਨਾ, ਵਕਤ, ਸਾਲ, ਕੌਲ ਕਰਾਰ, ਕਸਮ, ਸੌਗੰਦ, ਸਲਤਨਤ ਦਾ

ज़मानां, पाबंदी, शरन, अमान, नसीहत, सिखिआ

عہدِ جدید [अ़हद-ए-जदीद : əhəd-e-jədid] पुः नवां ज़मानां, वरतमान काल

عہد شکن [अ़हद शिकन : əhəd ṣikən] विः वाहदा ख़िलाफ़, इकरार भंग करन वाला

عہد نامہ [अ़हद नामा : əhəd nama] पुः इकरारनामा, लिखती मुआहदा, संधी

عُہدہ [उहदा : uhəda] पुः ज़ुमेवारी, ज़िमां, ज़मानत, सरदारी, अ़ह्सरी, रुतबा, पदवी

عُہود [अ़हुद : əhud] पुः عہد दा बहुवचन, वाहदे, मुआहदे

عیادت [इ़यादत : ıyadət] इः रोगी दी ख़बर सार, बीमार-पुरसी

عیار [अ़यार : əyar] पुः खरा खोटापन, सोना चांदी तोलण दा कांटा

عیّار [अ़य्यार : əyyar] विः मक्कार, फ़रेबी, चालबाज़, ठग, चलाक, हुशिआर, तेज़ सुभा, दगेबाज़, बहुत आउण जाण वाला

عیّاری [अ़य्यारी : əyyari] इः फ़रेब, धोखा, दग़ा, चलाकी, चतुराई

عیّاش [अ़य्याश : əyyaṣ] विः अराम नाल़ रहिण वाला, बहुत ऐश करन वाला, तमाशबीन, विलासी, बदकार, रंडी बाज़, लचर

عیاشی [अ़याशी : əyaṣi] इः ऐशो-इशरत, तमाशबीनी, भोग विलास, मौज मेला

عیال [अ़याल : əyal] पुः बाल बच्चे, बीवी ते बच्चे, टबर दे मेंबर जिन्हां दा ख़रच किसे विअकती दे ज़ुमे होवे

عیاں [इ़यां : ıyã] विः ज़ाहर, प्रगट, ऐलानीआ, खुल्हिआ होइआ, साफ़

عَیب [ऐब : eb] पुः बुरिआई, ख़रावी, दाग, रोग, गुनाह, कसूर, दोश, भैड़

عَیب پوش [ऐबपोश : ebpoṣ] विः लोकां दे ऐब छुपाउण वाल़ा, उँपर पाउण वाली वधीआ पुशाक

عَیب جُو [ऐबजु : ebju] विः ऐब लभण वाल़ा, नुकताचीन

عَیب دار [ऐबदार : ebədar] विः ऐबी, नाकस, भैड़ीआं आदतां वाल़ा

عَیبی [ऐबी : ebi] विः ऐबी, ऐबदार, नाकस, शरारती, बदज़ात; रोगी, मरीज़

عِید [ईद : id] इः ईद, मुसलमानां दे जशन दा दिहाड़ा, ख़ुशी दा तिओहार, ख़ुशी

عِیدُ الاضحیٰ [ईद-उल-अज़हा : id-ul- əzəḥa] इः वॅडी ईद, बकर ईद, मुसलमानां दा उह तिउहार जदों जानवरां दी कुरबानी दिॅती जांदी है

عِیدُ الفِطر [ईद-उल-फ़ितर : id-ul-fıtər] इः छॅटी ईद, रमज़ान दे बाअद दी ईद जिहड़ी शवाल दी पहिली तारीख नूं रमज़ान दे रोज़िआं दे मुकंमल होण ते मनाई जांदी है

عِیدگاہ [ईदगाह : idgah] इः ईद दी नमाज़ पड़न दा सथान

عیدی [ईदी : idi] पुः ईद दा इनाम, ईद दा ख़रच जिहड़ा बॅचिआं नूं दिता जांदा है, ईद ते दिती गई भेंट

عیسا/عیسیٰ [ईसा : isa] पुः ईसा, गुनाह तों बचाउण वाल़ा, इक पैग़ंबर जो हज़रत मरीयम दी कुॅख तों पैदा होए आप ते अंजील नाज़ल होई, उह पैग़ंबर जिन्हां दे नाम ते ईसावी सैन प्रचलत होइआ

عیسائی [ਈਸਾਈ : isai] ਪੁ:/ਵਿ: ਈਸਾਈ, ਮਸੀਹੀ, ਹਜ਼ਰਤ ਈਸਾ ਦੇ ਪੈਰੋਕਾਰ, ਮਸੀਹੀ ਧਰਮ ਨਾਲ਼ ਸੰਬੰਧਿਤ, ਨਸਰਾਨੀ

عیسوی [ਈਸਵੀ : isəwi] ਵਿ: ਈਸਾਈ, ਮਸੀਹੀ, ਹਜ਼ਰਤ ਈਸਾ ਨਾਲ਼ ਸੰਬੰਧਿਤ, ਉਹ ਸੰਨ ਜਿਹੜਾ ਹਜ਼ਰਤ ਈਸਾ ਦੀ ਪੈਦਾਇਸ਼ ਤੋਂ ਸ਼ੁਰੂ ਹੋਇਆ

عیش [ਐਸ਼ : eş] ਪੁ: ਐਸ਼, ਜ਼ਿੰਦਗੀ, ਆਰਾਮ, ਚੈਨ, ਸੁੱਖ, ਖ਼ੁਸ਼ੀ, ਪ੍ਰਸੰਨਤਾ ਸਹਿਤ ਜੀਵਨ, ਰੋਜ਼ੀ ਰੋਟੀ

عیش وعشرت [ਐਸ਼-ਉ-ਇ਼ਸ਼ਰਤ : eş-o-ışərət] ਇ: ਅਯਾਸ਼ੀ, ਮਜ਼ਾ, ਖ਼ੁਸ਼-ਉ-ਖ਼ੁਰਮੀ, ਸੁੱਖ ਆਰਾਮ, ਮੌਜ-ਮੇਲਾ

عین [ਐਨ : en] ਇ: ਅੱਖ, ਪਾਣੀ ਦਾ ਸੋਮਾ, ਹਕੀਕਤ, ਸਕਾ ਭਰਾ, ਠੀਕ, ਹੂ-ਬ-ਹੂ, ਸੋਨਾ, ਅਸ਼ਰਫ਼ੀ, ਮਾਲ, ਧਨ, ਸੂਰਜ, ਬਦਲ, ਢਿਅਕੜੀ, ਸ਼ਸ਼ਸ, ਸਰਦਾਰ, ਦੀਦਾਰ, ਸ਼ਹਿਰ ਦੇ ਲੋਕ

عینک [ਐਨਕ : enək] ਇ: ਐਨਕ, ਅੱਖ ਦਾ ਚਸ਼ਮਾ

عینی [ਐਨੀ : eni] ਵਿ: ਅੱਖ ਨਾਲ਼ ਸੰਬੰਧਿਤ, ਦੇਖਿਆ ਹੋਇਆ, ਸਕਾ

عینی شہادت [ਐਨੀ ਸ਼ਹਾਦਤ : eni şəhadət] ਇ: ਚਸ਼ਮ-ਦੀਦ ਗਵਾਹੀ, ਅੱਖੀਂ ਵੇਖੀ ਗਵਾਹੀ

عیوب [ਅਯੂਬ : əyub] ਪੁ: عیب ਦਾ ਬਹੁ-ਵਚਨ, ਬੁਰਾਈਆਂ, ਨੁਕਸ, ਦੋਸ਼, ਐਂਡ

عیون [ਉਯੂਨ : uyun] ਪੁ: عین ਦਾ ਬਹੁਵਚਨ, ਚਸ਼ਮੇ, ਅੱਖਾਂ, ਹਿਕਮਤ ਦੀ ਇਕ ਕਿਤਾਬ ਦਾ ਨਾਮ ਜਿਸ ਦਾ ਰਚਨਾਕਾਰ ਬੂ-ਅਲੀ-ਸੀਨਾ ਹੈ

غ ਗ਼ੈਨ

غ [ਗ਼ੈਨ : ġɛn] ਪੁ: ਉਰਦੂ ਵਰਨਮਾਲਾ ਦਾ ਪੰਜੀਵਾਂ, ਫ਼ਾਰਸੀ ਦਾ ਬਾਈਵਾਂ, ਅਤੇ ਅਰਬੀ ਦਾ ਉੱਨ੍ਹੀਵਾਂ ਅੱਖਰ

غاب [ਗ਼ਾਬ : ġab] ਪੁ: ਜੰਗਲ, ਵਣ, ਜੰਗਲੀ ਜਾਨਵਰਾਂ ਦਾ ਘੁਰਨਾ

غابر [ਗ਼ਾਬਿਰ : ġabır] ਵਿ: ਸਾਬਕ, ਗੁਜ਼ਰਿਆ ਹੋਇਆ, ਬਚਿਆ ਹੋਇਆ

غاد [ਗ਼ਾਦ : ġad] ਪੁ: ਸਫ਼ਾਈ, ਨਰਮੀ

غادر [ਗ਼ਾਦਿਰ : ġadır] ਵਿ: ਬੇਵਫ਼ਾ, ਧੋਖੇਬਾਜ਼

غار [ਗ਼ਾਰ : ġar] ਪੁ: ਪਹਾੜ ਦੀ ਖੁੰਦਰ, ਪਹਾੜ ਦੀ ਖੋਹ, ਵੱਡਾ ਸਾਰਾ ਟੋਆ, ਜੰਗਲੀ ਜਾਨਵਰਾਂ ਦਾ ਟਿਕਾਣਾ ਜਾਂ ਘੁਰਨਾ

غارت [ਗ਼ਾਰਤ : ġarət] ਪੁ: ਲੁੱਟ-ਖਸੁੱਟ, ਤਬਾਹੀ, ਬਰਬਾਦੀ, ਉਜਾੜਾ; ਲੁੱਟ ਦਾ ਮਾਲ

غارت گر [ਗ਼ਾਰਤਗਰ : ġarətəgər] ਵਿ: ਲੁਟੇਰਾ, ਡਕੈਟ, ਡਾਕੂ, ਰਾਹਜ਼ਨ

غارتی [ਗ਼ਾਰਤੀ : ġarəti] ਵਿ: ਲੁੱਟ-ਮਾਰ ਕਰਨ ਵਾਲ਼ਾ

غازہ [ਗ਼ਾਜ਼ਾ : ġaza] ਪੁ: ਉਬਟਨਾ, ਸੁਗਮੀ ਪਾਊਡਰ, ਖ਼ੁਸ਼ਬੂਦਾਰ ਪਾਊਡਰ

غازی [ਗ਼ਾਜ਼ੀ : ġazi] ਪੁ: ਜੰਗ ਕਰਨ ਵਾਲ਼ਾ, ਕਾਫ਼ਰਾਂ ਨਾਲ਼ ਲੜਨ ਵਾਲ਼ਾ ਮੁਸਲਮਾਨ, ਬਹਾਦਰ, ਸੂਰਮਾ, ਜੋਧੂ, ਫ਼ੌਜੀ

غازیانہ [ਗ਼ਾਜ਼ਿਯਾਨਾ : ġaziyana] ਕਿਵਿ: ਬਹਾਦਰੀ ਨਾਲ਼

غاصِب [ਗ਼ਾਸਿਬ : ġasıb] ਵਿ: ਜ਼ਬਰਦਸਤੀ ਕਿਸੇ ਦਾ ਹੱਕ ਖੋਹਣ ਵਾਲ਼ਾ, ਹੱਕ ਮਾਰਨ ਵਾਲ਼ਾ

غافِر [ਗ਼ਾਫ਼ਿਰ : ġafər] ਵਿ: ਛੁਪਾਉਣ ਵਾਲ਼ਾ, ਗੁਨਾਹ ਬਖ਼ਸ਼ਣ ਵਾਲ਼ਾ

غافِل [ਗ਼ਾਫ਼ਿਲ : ġafil] ਵਿ: ਬੇਪਰਵਾਹ, ਘੋਲ਼ ਕਰਨ ਵਾਲ਼ਾ, ਬੇਖ਼ਬਰ, ਅਵੇਸਲਾ

غالِب [ਗ਼ਾਲਿਬ : ġalıb] ਵਿ: ਜ਼ਬਰਦਸਤ, ਜ਼ੋਰਾਵਰ, ਜਿੱਤਣ ਵਾਲ਼ਾ, ਹਾਵੀ

غالِباً [ਗ਼ਾਲਿਬਨ : ġalıbən] ਕਿਵਿ: ਯਕੀਨਨ, ਵਿਸ਼ਵਾਸ ਨਾਲ਼, ਜ਼ਰੂਰ-ਬਰ-ਜ਼ਰੂਰ, ਸ਼ਾਇਦ, ਬਹੁਤ ਕਰਕੇ

غالیچہ [ਗ਼ਾਲੀਚਾ : ġalica] ਪੁ: ਗ਼ਲੀਚਾ, ਕਾਲੀਨ

غائِب [ਗ਼ਾਇਬ : ġaıb] ਵਿ: ਗ਼ਾਇਬ, ਗ਼ੈਰ-ਹਾਜ਼ਰ, ਛੁਪਿਆ ਹੋਇਆ, ਅਨ-ਉਪਸਥਿਤ

غُبار [ਗ਼ੁਬਾਰ : ġubar] ਪੁ: ਗਰਦ, ਧੂੜ, ਮਿੱਟੀ, ਘੱਟਾ, ਹਨੇਰੀ, ਰੰਜ, ਮਲਾਲ, ਮਨ ਦੀ ਮੈਲ

غُبارا [ਗ਼ੁਬਾਰਾ : ġubara] ਪੁ: ਗ਼ੁਬਾਰਾ, ਇਕ ਬਾਰੀਕ ਕਾਗਜ਼ ਦਾ ਬਣਿਆ ਹੋਇਆ ਥੈਲਾ ਜਿਸ ਵਿਚ ਤੇਲ ਨਾਲ਼ ਤਰ ਕੀਤੀ ਗੋਂਦ ਰੱਖਕੇ ਅਤੇ ਇਸ ਨੂੰ ਜਗਾ ਕੇ ਹਵਾ ਵਿਚ ਛੱਡ ਦਿੰਦੇ ਹਨ, ਇਕ ਪ੍ਰਕਾਰ ਦੀ ਆਤਸ਼ਬਾਜ਼ੀ

غُبار آلودہ [ਗ਼ੁਬਾਰ ਆਲੂਦਾ : ġubar aluda] ਵਿ: ਗਰਦ ਨਾਲ਼ ਭਰਿਆ ਹੋਇਆ

غَبن [ਗ਼ਬਨ : ġəbən] ਪੁ: ਗ਼ਬਨ, ਖ਼ੁਰਦ-ਬੁਰਦ,

ਆਨਤ ਵਿਚ ਸ਼ਿਆਨਤ, ਦਗ਼ਾਬਾਜ਼ੀ, ਘਾਟਾ, ਟੋਟਾ

غُپ [ਗ਼ੁਪ : ġup] *ਇ:* ਚੁੱਪ, ਖ਼ਾਮੋਸ਼ੀ

غپ [ਗ਼ਪ : ġap] *ਪੁ:* ਗੱਪ, ਸ਼ੇਖੀ ਦੀ ਗੱਲ

غپ شپ [ਗ਼ਪ ਸ਼ਪ : ġap ṣap] *ਇ:* ਗੱਪ ਸ਼ੱਪ, ਸਮਾਂ ਲੰਘਾਉਣ ਲਈ ਮਾਰੀਆਂ ਗੱਪਾਂ

غپی [ਗ਼ੱਪੀ : ġappi] *ਵਿ:* ਝੂਠਾ, ਡੀਂਗਾਂ ਮਾਰਨ ਵਾਲ਼ਾ

غث [ਗ਼ਸ : ġas] *ਵਿ:* ਦੁਬਲਾ, ਪਤਲਾ

غثیان [ਗ਼ਸਯਾਨ : ġasəyan] *ਪੁ:* ਦਿਲ ਘਬਰਾਉਣ ਦਾ ਭਾਵ, ਜੀ ਕੱਚਾ ਹੋਣ ਦੀ ਦਸ਼ਾ, ਉੱਥਤ ਆਉਣ ਦੀ ਹਾਲਤ

غُچہ [ਗ਼ੁੱਚਾ : ġucca] *ਪੁ:* ਧੋਖਾ, ਫ਼ਰੇਬ

غچلی [ਗ਼ਿਚਲੀ : ġicəli] *ਵਿ:* ਗੰਦਾ, ਮੈਲ਼ਾ, ਗ਼ਲੀਜ਼

غدّار [ਗ਼ੱਦਾਰ : ġəddar] *ਵਿ:* ਗ਼ੱਦਾਰ, ਦੇਸ਼ ਧਰੋਹੀ, ਮੁਲਕ ਦਾ ਦੁਸ਼ਮਣ, ਨਮਕ ਹਰਾਮ, ਬਾਗ਼ੀ, ਦਗ਼ਾਬਾਜ਼, ਬਹੁਤ ਵੱਡਾ

غداری [ਗ਼ਦਾਰੀ : ġədari] *ਇ:* ਗ਼ਦਾਰੀ, ਬੇਵਫ਼ਾਈ, ਮੁਲਕ ਨਾਲ਼ ਦੁਸ਼ਮਣੀ, ਬਗ਼ਾਵਤ

غدر [ਗ਼ਦਰ : ġədər] *ਪੁ:* ਬਗ਼ਾਵਤ, ਬਲਵਾ, ਹੰਗਾਮਾ, ਫ਼ਸਾਦ, ਬੇਵਫ਼ਾਈ, ਸਰਕਾਰੀ ਹੁਕਮ ਦੀ ਅਦੂਲੀ

غدری [ਗ਼ਦਰੀ : ġədəri] *ਵਿ:* ਗ਼ੱਦਾਰ, ਬੇਵਫ਼ਾ

غدیر [ਗ਼ਦੀਰ : ġədir] *ਪੁ:* ਤਲਾਬ, ਛਪੜ ਟੋਭਾ, ਝੀਲ, ਕੁੰਡ, ਹੌਜ਼

غِذا [ਗ਼ਿਜ਼ਾ : ġiza] *ਇ:* ਖ਼ੁਰਾਕ, ਖਾਣਾ, ਸਰੀਰ ਦੀ ਪਰਵਰਿਸ਼ ਲਈ ਖ਼ੁਰਾਕ

غِذائیت [ਗ਼ਿਜ਼ਾਇਯਤ : ġizaiyət] *ਇ:* ਕਿਸੇ ਸ਼ੈ ਵਿਚ ਗ਼ਿਜ਼ਾ ਦਾ ਅਨਸਰ ਪਾਇਆ ਜਾਣਾ, ਪ੍ਰਾਪਤ ਖ਼ੁਰਾਕ, ਖ਼ੁਰਾਕ ਹੋਣ ਦੀ ਹਾਲਤ

غُرّا [ਗ਼ੱਰਾ : ġərra] *ਵਿ:* ਸਫ਼ੈਦ, ਚਮਕੀਲੀ, ਰੋਸ਼ਨ, ਘੁਮੰਡ, ਫ਼ਖ਼ਰ, ਪ੍ਰਸਿੱਧ

غرابت [ਗ਼ਰਾਬਤ : ġərabət] *ਇ:* ਅਨੋਖਾਪਨ

غُراٹا [ਗ਼ੱਰਾਟਾ : ġərraṭa] *ਪੁ:* ਪਾਣੀ ਦੇ ਤੇਜ਼ ਵਹਿਣ ਦੀ ਅਵਾਜ਼, ਤੇਜ਼ ਅਵਾਜ਼

غرارہ [ਗ਼ਰਾਰਾ : ġərara] *ਪੁ:* ਗ਼ਰਾਰਾ, ਗਲੇ ਵਿਚ ਪਾਣੀ ਪਾ ਕੇ ਅੰਦਰੋਂ ਹਵਾ ਬਾਹਰ ਕੱਢਣ ਦੀ ਕਿਰਿਆ, ਕੁਰਲੀ, ਚੁਲੀ

غراز [ਗ਼ਰਾਜ਼ : ġəraz] *ਵਿ:* ਬਹਾਦਰ, ਦਲੇਰ, ਯੋਧਾ

غُراٹا [ਗ਼ੁੱਰਾਨਾ : ġurrana] *ਇ:* ਗ਼ੁੱਸੇ ਦੀ ਅਵਾਜ਼ ਕੱਢਣਾ, ਦਹਾੜਨਾ, ਗ਼ਰ ਗ਼ਰ ਕਰਨਾ, ਡਰਾਉਣਾ, ਘੁਰਕਣਾ

غُربت [ਗ਼ੁਰਬਤ : ġurəbət] *ਇ:* ਬੇਵਤਨੀ, ਘਰੋਂ ਬੇਘਰ ਹੋਣ ਦਾ ਭਾਵ, ਗ਼ਰੀਬੀ, ਕੰਗਾਲੀ, ਮੁਥਾਜੀ, ਫ਼ਕੀਰੀ; ਸਫ਼ਰ, ਪੰਧ

غُرّش [ਗ਼ੁੱਰਿਸ਼ : ġurriṣ] *ਇ:* ਗੜਗੜਾਹਟ, ਗਰਜ, ਡਰ, ਕਹਿਰ, ਗ਼ਜ਼ਬ, ਗ਼ੁੱਸਾ

غرض [ਗ਼ਰਜ਼ : ġərəz] *ਇ:* ਗ਼ਰਜ਼, ਮਤਲਬ, ਨਿਸ਼ਾਨਾ, ਲੋੜ, ਜ਼ਰੂਰਤ, ਹਾਜਤ, ਇਰਾਦਾ, ਮਨੋਰਥ, ਮਕਸਦ

غرض مند [ਗ਼ਰਜ਼ਮੰਦ : ġərəzəmənd] *ਵਿ:* ਗ਼ਰਜ਼ਮੰਦ, ਮਤਲਬੀ, ਲੋੜਵੰਦ, ਜਿਸ ਦਾ ਕੰਮ ਅਟਕਿਆ ਹੋਇਆ ਹੋਵੇ

غرضی [ਗ਼ਰਜ਼ੀ : ġərəzi] *ਵਿ:* ਲਾਲਚੀ, ਲੋਭੀ, ਗ਼ਰਜ਼ਮੰਦ, ਮਤਲਬੀ

غُرفہ [ਗ਼ੁਰਫ਼ਾ : ġurəfa] *ਪੁ:* ਵਰਾਂਡਾ, ਖਿੜਕੀ, ਇਕੱਲ ਵਿਚ ਗੱਲਬਾਤ, ਇਕਾਂਤ, ਚੁੱਲੂ ਭਰ ਪਾਣੀ, ਚੁਬਾਰਾ, ਬਾਲਾਖ਼ਾਨਾ

غُرفش [ਗ਼ੁਰਫ਼ਿਸ਼ : ġurəfiṣ] *ਇ:* ਧਮਕੀ, ਤਕਰਾਰ, ਗ਼ੁੱਸਾ

غرق [ਗ਼ਰਕ़ : ġərəq] *ਵਿ:* ਗ਼ਰਕ, ਡੁੱਬਿਆ ਹੋਇਆ, ਗ਼ਾਲਿਬ, ਨਸ਼ੇ ਵਿਚ ਚੂਰ

غرقاب [ਗ਼ਰਕਾਬ : ġərəqab] /ਵਿ/ਪੁ: ਪਾਣੀ ਵਿਚ ਡੁੱਬਿਆ ਹੋਇਆ, ਡੋਬੂ ਪਾਣੀ, ਡੂੰਘਾ ਪਾਣੀ

غرقی [ਗ਼ਰਕੀ : ġərəqi] /ਵਿ: ਡੁੱਬਿਆ ਹੋਇਆ, ਡੁਬਣ ਵਾਲ਼ਾ, ਪਾਣੀ ਵਿਚ ਡੁੱਬੀ ਹੋਈ (ਜ਼ਮੀਨ)

غرکی [ਗ਼ਰਕੀ : ġərəki] /ਇ: ਡਰ, ਭੈ, ਦਹਿਸ਼ਤ

غُروب [ਗ਼ੁਰੂਬ : ġurub] ਪੁ: ਸੂਰਜ ਜਾਂ ਚੰਨ ਦਾ ਡੁੱਬਣਾ, ਅੰਤ, ਖ਼ਾਤਮਾ

غُرور [ਗ਼ੁਰੂਰ : ġurur] ਪੁ: ਗ਼ਰੂਰ, ਘੁਮੰਡ, ਆਕੜ, ਹੰਕਾਰ, ਅਭਿਮਾਨ, ਮਕਰ, ਫ਼ਰੇਬ

غریب [ਗ਼ਰੀਬ : ġərib] /ਵਿ: ਮੁਸਾਫ਼ਰ, ਪਰਦੇਸੀ; ਦੁਰਲੱਭ (ਸ਼ੈ), ਅਜੀਬ, ਅਦੁੱਤੀ, ਵਿਚਿੱਤਰ; ਗ਼ਰੀਬ, ਕੰਗਾਲ

غریبانہ [ਗ਼ਰੀਬਾਨਾ : ġəribana] /ਵਿ: ਗ਼ਰੀਬਾਂ ਜਿਹਾ

غریب پرور [ਗ਼ਰੀਬ ਪਰਵਰ : ġərib pərəwər] /ਵਿ: ਗ਼ਰੀਬਾਂ ਨੂੰ ਪਾਲਣ ਵਾਲ਼ਾ, ਸਖ਼ੀ, ਦਾਤਾਂ

غریب خانہ [ਗ਼ਰੀਬ ਖ਼ਾਨਾ : ġərib xana] ਪੁ: ਆਪਣਾ ਘਰ (ਨਿਮਰਤਾ ਵਜੋਂ), ਝੌਂਪੜਾ, ਝੁੱਗੀ

غریب غُربا [ਗ਼ਰੀਬ ਗ਼ੁਰਬਾ : ġərib ġurəba] ਪੁ: ਗ਼ਰੀਬ ਗ਼ੁਰਬਾ, ਮੁਥਾਜ, ਲੋੜਵੰਦ, ਮੰਗਤੇ

غریب نواز [ਗ਼ਰੀਬ ਨਵਾਜ਼ : ġərib nawaz] /ਵਿ: ਗ਼ਰੀਬ ਪਰਵਰ, ਖ਼ਵਾਜਾ ਮੁਈਨੁਦੱਦੀਨ ਚਿਸ਼ਤੀ ਅਜਮੇਰੀ ਦਾ ਖ਼ਿਤਾਬ

غریب نوازی [ਗ਼ਰੀਬ ਨਵਾਜ਼ੀ : ġərib nəwazi] /ਇ: ਮਿਹਰਬਾਨੀ, ਪਰਵਰਿਸ਼

غریبی [ਗ਼ਰੀਬੀ : ġəribi] /ਇ: ਮੁਥਾਜੀ, ਹਲੀਮੀ, ਓਪਰਾਪਣ, ਘਰ ਤੋਂ ਦੂਰੀ

غریق [ਗ਼ਰੀਕ : ġəriq] /ਵਿ: ਡੁੱਬਿਆ ਹੋਇਆ, ਗ਼ਰਕ ਹੋਇਆ ਹੋਇਆ, ਸਮਾਇਆ ਹੋਇਆ

غِریو [ਗ਼ਿਰੇਵ : ġiraw] ਪੁ: ਫ਼ਰਿਆਦ, ਗਰਜ, ਸ਼ੋਰ-ਸ਼ਰਾਬਾ, ਚੀਕ-ਪੁਕਾਰ, ਚੀਕਣ ਦੀ ਅਵਾਜ਼

غزا [ਗ਼ਜ਼ਾ : ġəza] ਪੁ: ਮਜ਼ਹਬੀ ਜੰਗ, ਧਰਮ ਹਿੱਤ ਲੜਾਈ, ਜਿਹਾਦ, ਕਾਫ਼ਰਾਂ ਨਾਲ਼ ਜੰਗ

غُزات [ਗ਼ੁਜ਼ਾਤ : ġuzat] ਪੁ: غازی ਦਾ ਬਹੁ-ਵਚਨ, ਦੀਨ ਦੇ ਦੁਸ਼ਮਣਾਂ ਨੂੰ ਮਾਰਨ ਵਾਲ਼ੇ ਲੋਕ, ਕਾਫ਼ਰਾਂ ਨਾਲ਼ ਜੰਗ ਕਰਨ ਵਾਲ਼ੇ, ਮੁਜਾਹਿਦੀਨ

غزال [ਗ਼ਜ਼ਾਲ : ġəzal] ਪੁ: ਹਿਰਨ ਦਾ ਬੱਚਾ, ਹਿਰਨ

غزل [ਗ਼ਜ਼ਲ : ġəzəl] /ਇ: ਤੀਵੀਆਂ ਨਾਲ਼ ਗੱਲਾਂ ਕਰਨਾ, ਇਸਤਰੀਆਂ ਦੇ ਸੁਹੱਪਣ ਤੇ ਇਸ਼ਕ ਦੀ ਤਰੀਫ਼ ਵਾਲ਼ੀ ਲਿਖਤ ਕਰਨਾ, ਇਕ ਕਾਵਿ-ਰੂਪ

غزل پرداز [ਗ਼ਜ਼ਲ ਪਰਦਾਜ਼ : ġəzəl pərədaz] /ਵਿ: ਗ਼ਜ਼ਲ ਪੜ੍ਹਨ ਵਾਲ਼ਾ, ਸ਼ਾਇਰ

غزل گو [ਗ਼ਜ਼ਲਗੋ : ġəzəlgo] ਪੁ: ਗ਼ਜ਼ਲ ਲਿਖਣ ਜਾਂ ਪੜ੍ਹਨ ਵਾਲ਼ਾ, ਸ਼ਾਇਰ

غسّال [ਗ਼ੱਸਾਲ : ġəssal] ਪੁ: ਨੁਹਾਉਣ ਵਾਲ਼ਾ ਵਿਅਕਤੀ, ਮੁਰਦੇ ਨੂੰ ਨੁਹਾਉਣ ਵਾਲ਼ਾ ਬੰਦਾ

غُسّالہ [ਗ਼ੱਸਾਲਾ : ġəssala] /ਇ: ਮੁਰਦਿਆਂ ਨੂੰ ਨੁਹਾਉਣ ਵਾਲ਼ੀ ਤੀਵੀਂ, ਧੋਬਣ

غُسالہ [ਗ਼ੁਸਾਲਾ : ġusala] ਪੁ: ਧੋਣ, ਧੋਣ ਲਈ ਵਰਤਿਆ ਹੋਇਆ ਪਾਣੀ, ਗੰਦਾ ਪਾਣੀ

غُسل [ਗ਼ੁਸਲ : ġusəl] ਪੁ: ਇਸ਼ਨਾਨ, ਨਹਾਉਣ ਜਾਂ ਸਰੀਰ ਨੂੰ ਧੋਣ ਦਾ ਕਾਰਜ

غُسل خانہ [ਗ਼ੁਸਲ ਖ਼ਾਨਾ : ġusəl xana] ਪੁ: ਹਮਾਮ, ਬਾਥ ਰੂਮ, ਨਹਾਉਣ ਲਈ ਸਥਾਨ

غِش [ਗ਼ਿੱਸ਼ : ġiṣ] /ਇ: ਖੋਟਾਪਣ

غش/غشی [ਗ਼ਸ਼/ਗ਼ਸ਼ੀ : ġəṣ/ġəṣi] /ਇ: ਬੇਹੋਸ਼ੀ, ਨਾਤਾਕਤੀ, ਕਮਜ਼ੋਰੀ

غصب [ਗ਼ਸਬ : ġəsəb] ਪੁ: ਅਯੋਗ ਕਬਜ਼ਾ, ਜ਼ਬਰਦਸਤੀ ਕਰਨਾ, ਕਿਸੇ ਕੋਲੋਂ ਕੋਈ ਚੀਜ਼ ਧੱਕੇ ਨਾਲ਼ ਖੋਹ ਲੈਣਾ, ਜ਼ਬਰਦਸਤੀ ਕਿਸੇ ਦਾ

ਹੋਕ ਮਾਰ ਲੈਣਾ

غُصہ [ਗ਼ੁੱਸਾ : gussa] ਪੁ: ਗ਼ੁੱਸਾ, ਨਰਾਜ਼ਗੀ, ਰੰਜਸ਼, ਕਰੋਧ, ਖ਼ਫ਼ਗੀ

غُصَیل [ਗ਼ੁਸੈਲ : gusel] ਵਿ: ਗ਼ੁੱਸੇ ਵਾਲ਼ਾ, ਭੈੜੇ ਸੁਭਾ ਵਾਲ਼ਾ

غضب [ਗ਼ਜ਼ਬ : gəzəb] ਪੁ: ਕਹਿਰ, ਗ਼ੁੱਸਾ, ਆਫ਼ਤ, ਰੰਜ, ਮੁਸੀਬਤ, ਬੇਇਨਸਾਫ਼ੀ, ਜ਼ੁਲਮ, ਜਬਰ

غضب آلود [ਗ਼ਜ਼ਬ ਆਲੂਦ : gəzəb alud] ਵਿ: ਗ਼ੁੱਸੇ ਨਾਲ਼ ਭਰਿਆ ਹੋਇਆ

غضب الٰہی [ਗ਼ਜ਼ਬ-ਏ-ਅਲਾਹੀ : gəzəb-e-əlahi] ਪੁ: ਖ਼ੁਦਾ ਦਾ ਕਹਿਰ, ਪਰਮਾਤਮਾ ਦੀ ਕਰੋਪੀ

غضب ناک [ਗ਼ਜ਼ਬਨਾਕ : gəzəbnak] ਵਿ: ਗ਼ਜ਼ਬਨਾਕ, ਖ਼ਫ਼ਾ, ਗ਼ੁੱਸੇ ਨਾਲ਼ ਭਰਿਆ ਹੋਇਆ

غضبی [ਗ਼ਜ਼ਬੀ : gəzəbi] ਵਿ:/ਇ: ਜ਼ਾਲਮ, ਗ਼ੁੱਸੇ ਵਾਲ਼ਾ, ਗ਼ੁੱਸਾ, ਗ਼ਜ਼ਬ

غف [ਗ਼ਫ਼ : gəf] ਵਿ: ਮੋਟਾ, ਗਫ਼, ਖ਼ੂਬ ਠੋਕ ਕੇ ਬੁਣਿਆ ਹੋਇਆ (ਕੱਪੜਾ)

غفار [ਗ਼ੱਫ਼ਾਰ : gəffar] ਵਿ:/ਪੁ: ਬਖ਼ਸ਼ਿੰਦ, ਬਖ਼ਸ਼ਣਹਾਰ, ਛੁਪਾਉਣ ਵਾਲ਼ਾ, ਖ਼ੁਦਾ ਲਈ ਸਤਿਕਾਰ ਵਜੋਂ ਵਰਤਿਆ ਜਾਂਦਾ ਨਾਮ

غُفران [ਗ਼ੁਫ਼ਰਾਨ : gufəran] ਪੁ: ਮਾਫ਼ੀ, ਖਿਮਾ, ਬਖ਼ਸ਼ਿਸ਼

غفلت [ਗ਼ਫ਼ਲਤ : gəfələt] ਇ: ਭੁੱਲ-ਚੁੱਕ, ਗ਼ਲਤੀ, ਕਸੂਰ, ਬੇਖ਼ਬਰੀ, ਲਾਪਰਵਾਹੀ, ਅਵੇਸਲਾਪਣ, ਊਂਘ, ਨੀਂਦ, ਬੇਹੋਸ਼ੀ

غفور [ਗ਼ਫ਼ੂਰ : gəfur] ਵਿ:/ਪੁ: ਬਖ਼ਸ਼ਣਹਾਰ, ਪਾਪਾਂ ਨੂੰ ਛੁਪਾਉਣ ਵਾਲ਼ਾ, ਅੱਲ੍ਹਾ ਦਾ ਇਕ ਨਾਮ

غفیر [ਗ਼ਫ਼ੀਰ : gəfir] ਵਿ:/ਪੁ: ਛੁਪਾਉਣ ਵਾਲ਼ਾ, ਬਹੁਤ ਭਾਰੀ ਇਕੱਠ, ਬਹੁਤ ਜ਼ਿਆਦਾ, ਬਹੁਤ ਵੱਡਾ; ਚੌਕੀਦਾਰ, ਲੋਹ-ਟੋਪ

غُل [ਗ਼ੁਲ : gul] ਪੁ: ਸ਼ਰਾਬਾ, ਰੌਲਾ-ਰੱਪਾ, ਚੀਕ ਪੁਕਾਰ, ਸ਼ੋਰ-ਸ਼ਰਾਬਾ, ਹੰਗਾਮਾ, ਜ਼ੰਜੀਰ, ਹਸਲੀ, ਤਰੇਹ, ਪਿਆਸ

غِلاظت [ਗ਼ਿਲਾਜ਼ਤ : gilazət] ਇ: ਗਾੜ੍ਹਾਪਨ, ਮੋਟਾਪਾ, ਕੂੜਾ-ਕਰਕਟ, ਗੰਦਗੀ, ਟੱਟੀ, ਗੰਦ-ਮੰਦ

غِلاف [ਗ਼ਿਲਾਫ਼ : gilaf] ਪੁ: ਗਲਾਫ਼, ਉਛਾੜ, ਤਕੀਆ ਜਾਂ ਬਕਸ ਆਦਿ ਦਾ ਉੱਪਰਲਾ ਕੱਪੜਾ, ਖ਼ੋਲ, ਮਿਆਨ (ਤਲਵਾਰ ਦਾ)

غُلام [ਗ਼ੁਲਾਮ : gulam] ਪੁ: ਲੜਕਾ, ਬੰਦਾ, ਜ਼ਰ-ਖ਼ਰੀਦ, ਨੌਕਰ, ਦਾਸ

غُلامی [ਗ਼ੁਲਾਮੀ : gulami] ਇ: ਗ਼ੁਲਾਮੀ, ਕੈਦ, ਬੰਦਗੀ, ਅਧੀਨਗੀ

غلت [ਗ਼ਲਤ : gələt] ਪੁ: ਹਿਸਾਬ ਵਿਚ ਭੁੱਲ-ਚੁੱਕ

غلط [ਗ਼ਲਤ਼ : gələt] ਵਿ: ਖੋਦਾ, ਬੇਜਾ, ਜਿਹੜਾ ਠੀਕ ਨਾ ਹੋਵੇ, ਭੁੱਲ-ਚੁੱਕ

غلط بیانی [ਗ਼ਲਤ਼ ਬਯਾਨੀ : gələt bəyani] ਇ: ਝੂਠੀ ਗੱਲ, ਝੂਠ ਬੋਲਣ ਦੀ ਕਿਰਿਆ

غلط فہمی [ਗ਼ਲਤ਼ ਫ਼ਹਮੀ : gələt fəhəmi] ਇ: ਬੇਸਮਝੀ, ਭੁੱਲ-ਚੁੱਕ, ਸਹੀ ਨਾ ਸਮਝ ਸਕਣ ਦੀ ਦਸ਼ਾ

غلط نامہ [ਗ਼ਲਤ਼ਨਾਮਾ : gələtənama] ਪੁ: ਗ਼ਲਤੀਆਂ ਦਾ ਚਿੱਠਾ, ਸਿਹਤਨਾਮਾ

غلطی [ਗ਼ਲਤ਼ੀ : gələti] ਇ: ਗ਼ਲਤੀ, ਭੁੱਲ-ਚੁੱਕ, ਨਾਸਮਝੀ, ਕੁਤਾਹੀ

غِلظت [ਗ਼ਿਲਜ਼ਤ : giləzət] ਇ: ਗਾੜ੍ਹਾਪਨ, ਗੰਦਗੀ

غُلک [ਗ਼ੁਲਕ : gulək] ਇ: ਨਕਦੀ ਰੱਖਣ ਦਾ ਭਾਂਡਾ, ਗੋਲਕ

غلّہ [ਗ਼ੱਲਾ : gəlla] ਪੁ: ਅੰਨ, ਅਨਾਜ, ਦਾਣਾ,

ਜ਼ਮੀਨ ਦੀ ਉਪਜ

غلیظ [ਗ਼ਲੀਜ਼ : ġəliz] *ਵਿ:* ਗਾੜ੍ਹਾ, ਸੰਘਣਾ, ਮੋਟਾ, ਅਪਵਿੱਤਰ, ਗੰਦਾ, ਮੈਲ਼ਾ

غلیل [ਗ਼ੁਲੇਲ : ġulel] *ਇ:* ਗੁਲੇਲ, ਮਿੱਟੀ ਦੀ ਗੋਲੀ ਚਲਾਉਣ ਵਾਲ਼ੀ ਕਮਾਨ

غم [ਗ਼ਮ : ġəm] *ਪੁ:* ਰੰਜ, ਦੁੱਖ, ਅਫ਼ਸੋਸ, ਸਦਮਾ, ਤਕਲੀਫ਼

غم آلودہ [ਗ਼ਮ ਆਲੂਦਾ : ġəm aluda] *ਵਿ:* ਭੈਮਨਾਕ, ਦੁਖੀ

غم خوار [ਗ਼ਮਖ਼ਾਰ : ġəməxwar] *ਵਿ:* ਦੋਸਤ, ਯਾਰ, ਹਮਦਰਦ, ਸਹਾਇਤਾ ਕਰਨ ਵਾਲ਼ਾ, ਦੁੱਖ ਦਰਦ ਦਾ ਸ਼ਰੀਕ

غم خواری [ਗ਼ਮਖ਼ਾਰੀ : ġəməxwari] *ਇ:* ਹਮਦਰਦੀ, ਦੁੱਖ ਦਰਦ ਦੀ ਸ਼ਿਰਕਤ, ਦੁੱਖ ਦੀ ਘੜੀ ਵਿਚ ਕਿਸੇ ਦੀ ਕੀਤੀ ਸਹਾਇਤਾ, ਗ਼ਮ ਖਾਣਾ

غم گسار [ਗ਼ਮ ਗ਼ਸਾਰ : ġəm gəsar] *ਵਿ:* ਸਹਾਇਕ, ਹਮਦਰਦ, ਦੋਸਤ, ਮਿੱਤਰ, ਯਾਰ

غم گین [ਗ਼ਮਗੀਨ : ġəməgin] *ਵਿ:* ਗ਼ਮਗੀਨ, ਉਦਾਸ, ਰੰਜੀਦਾ, ਦੁੱਖਾਂ ਦਾ ਮਾਰਿਆ ਹੋਇਆ

غم ناک [ਗ਼ਮਨਾਕ : ġəmənak] *ਵਿ:* ਉਦਾਸ, ਦੁਖੀ, ਮਾਯੂਸ

غِنا [ਗ਼ਿਨਾ : ġına] *ਇ:* ਦੌਲਤਮੰਦੀ, ਅਮੀਰੀ, ਬੇਪਰਵਾਹੀ, ਬੇਮੁਥਾਜੀ; ਰਾਗ, ਗਾਣਾ, ਨਗ਼ਮਾ, ਸਰੋਦ

غُنچہ [ਗ਼ੁੰਚਾ : ġũca] *ਪੁ:* ਫੁੱਲ ਦੀ ਕਲੀ, ਸ਼ਗੂਫ਼ਾ, ਅਣਖਿੜਿਆ ਫੁੱਲ

غُنڈا [ਗ਼ੁੰਡਾ : ġũḍa] *ਵਿ:* ਬਦਮਾਸ਼, ਬਦਚਲਨ, ਗੁੰਡਾ, ਲੜਾਈ ਝਗੜਾ ਕਰਨ ਵਾਲ਼ਾ

غُنغُنا [ਗ਼ੁਨਗ਼ੁਨਾ : ġunəġuna] *ਵਿ:* ਗੁਣਗੁਣਾ, ਨੱਕ ਵਿਚ ਗੱਲ ਕਰਨ ਵਾਲ਼ਾ

غُنغُنانا [ਗ਼ੁਨਗ਼ੁਨਾਨਾ : ġunəġunana] *ਇ:* ਨੱਕ ਵਿਚ ਗੱਲ ਕਰਨੀ, ਗੁਣਗੁਣਾਉਣਾ

غنیم [ਗ਼ਨਿਮ : ġənim] *ਪੁ:* ਲੁੱਟ ਦਾ ਮਾਲ

غنودگی [ਗ਼ਨੂਦਗੀ : ġənudəgi] *ਇ:* ਊਂਘ, ਨੀਂਦ, ਖ਼ੁਮਾਰ, ਨਸ਼ਾ

غنیم [ਗ਼ਨੀਮ : ġənim] *ਪੁ:* ਲੁਟੇਰਾ, ਡਾਕੂ, ਦੁਸ਼ਮਣ, ਵੈਰੀ

غنیمت [ਗ਼ਨੀਮਤ : ġənimət] *ਇ:* ਲੁੱਟ, ਲੁੱਟ ਦਾ ਮਾਲ, ਮੁਫ਼ਤ ਮਿਲ਼ੀ ਹੋਈ ਚੀਜ਼, ਕਦਰ ਕਰਨ ਯੋਗ ਵਸਤ

غوّاص [ਗ਼ੱਵਾਸ : ġəwwas] *ਪੁ:* ਗੋਤਾ ਲਾਉਣ ਵਾਲ਼ਾ, ਗੋਤਾਖ਼ੋਰ, ਚੁਭੀ ਮਾਰਨ ਵਾਲ਼ਾ, ਮੋਤੀ ਕੱਢਣ ਲਈ ਸਮੁੰਦਰ ਵਿਚ ਗੋਤਾ ਮਾਰਨ ਵਾਲ਼ਾ

غوّاصی [ਗ਼ੱਵਾਸੀ : ġəwwasi] *ਇ:* ਗੋਤਾਖ਼ੋਰੀ, ਡੁਬਕੀ, ਮੋਤੀ ਕੱਢਣ ਲਈ ਦਰਿਆ ਵਿਚ ਲਾਈ ਡੁਬਕੀ, ਡੁਬਕੀ ਲਾਉਣ ਦਾ ਪੇਸ਼ਾ

غوامض [ਗ਼ਵਾਮਿਜ਼ : ġəwamız] *ਪੁ:* ਛੁਪੀਆਂ ਹੋਈਆਂ ਗੱਲਾਂ, ਰਮਜ਼ਾਂ, ਭੇਦ

غور [ਗ਼ੌਰ : ġor] *ਪੁ:* ਗੌਰ, ਸੋਚ, ਫ਼ਿਕਰ, ਧਿਆਨ, ਰੱਖਿਆ, ਖ਼ਬਰਗੀਰੀ, ਡੂੰਘਾਈ, ਥਾਹ, ਨੀਵੀਂ ਧਰਤੀ

غوز [ਗ਼ੋਜ਼ : ġoz] *ਇ:* ਗੱਪ, ਬੇਹੂਦਾ ਗੱਲ, ਸ਼ੇਖੀ

غوطہ [ਗ਼ੋਤ਼ਾ : ġota] *ਪੁ:* ਡੁਬਕੀ, ਚੁੱਭੀ, ਪਾਣੀ ਵਿਚ ਡੁੱਬ ਕੇ ਬਾਹਰ ਨਿਕਲਣ ਦਾ ਕਾਰਜ

غوطہ خور/غوطہ زن [ਗ਼ੋਤ਼ਾਖ਼ੋਰ/ਗ਼ੋਤ਼ਾਜ਼ਨ : ġotaxor/ġotazən] *ਵਿ:* ਗੋਤਾਖ਼ੋਰ, ਡੁਬਕੀ ਲਾਉਣ ਵਾਲ਼ਾ, ਜਲ ਕਾਂ

غوغا [ਗ਼ੌਗ਼ਾ : ġəġa] *ਪੁ:* ਟਿੱਡੀਆਂ ਦਾ ਇਕੱਠ, ਹਜੂਮ, ਸ਼ੋਰ, ਹੁੱਲੜ, ਹੰਗਾਮਾ

غوغائی [ਗ਼ੌਗ਼ਾਈ : ġəġai] *ਵਿ:* ਸ਼ੋਰ ਕਰਨ ਵਾਲ਼ਾ, ਝੂਠਾ

غول [ਗ਼ੌਲ : ġol] ਪੁ: ਮੋਹ, ਮਜਮਾ, ਟੋਲੀ, ਫ਼ੌਜ ਦਾ ਵਿਚਕਾਰਲਾ ਹਿੱਸਾ ਜਿੱਥੇ ਸਰਦਾਰ ਹੋਵੇ, ਦੇਵ, ਭੂਤ-ਪ੍ਰੇਤ, ਛਲਾਵਾ

غولک [ਗ਼ੌਲਕ : ġolək] ਇ: ਗੋਲਕ, ਨਕਦੀ ਰੱਖਣ ਦਾ ਬਕਸਾ ਜਾਂ ਭਾਂਡਾ

غیاب [ਗ਼ਿਯਾਬ : ġıyab] ਵਿ: غیب ਦਾ ਬਹੁ-ਵਚਨ, ਓਝਲ, ਛੁਪੇ ਹੋਏ

غیاث [ਗ਼ਿਯਾਸ : ġıyas] ਵਿ: ਫ਼ਰਿਆਦ ਸੁਣਨ ਵਾਲ਼ਾ, ਫ਼ਰਿਆਦ ਪਹੁੰਚਾਉਣ ਵਾਲ਼ਾ

غیب [ਗ਼ੈਬ : ġeb] ਵਿ/ਪੁ: ਗ਼ਾਇਬ, ਲੁਕਿਆ ਹੋਇਆ, ਉਹਲੇ, ਓਝਲ, ਸ਼ਕ, ਗੁਮਾਨ, ਨੀਵੀਂ ਧਰਤੀ

غیبانی [ਗ਼ੈਬਾਨੀ : ġebani] ਵਿ: ਬੇਹਯਾ ਤੇ ਬਦਚਲਨ (ਤੀਵੀਂ), ਹਰਾਮਜ਼ਾਦੀ

غیبت [ਗ਼ੈਬਤ : ġebət] ਇ: ਚੁਗ਼ਲੀ, ਕਿਸੇ ਦੀ ਪਿੱਠ ਪਿੱਛੇ ਬੁਰਾ ਕਹਿਣ ਦੀ ਕਿਰਿਆ, ਬਦੀ

غیبی [ਗ਼ੈਬੀ : ġebi] ਵਿ: ਗ਼ੈਬੀ, ਗ਼ਾਇਬ, ਗ਼ੈਰ-ਹਾਜ਼ਰ, ਅਨਉਪਸਥਿਤ

غیر [ਗ਼ੈਰ : ġer] ਵਿ: ਗ਼ੈਰ, ਬੇਗਾਨਾ, ਪਰਾਇਆ, ਸਿਵਾ, ਦੂਜਾ, ਦੁਸ਼ਮਣ, ਵੱਖਰਾ, ਖ਼ਰਾਬ, ਨਾਜ਼ੁਕ

غیرآباد [ਗ਼ੈਰ ਆਬਾਦ : ġer abad] ਵਿ: ਵੀਰਾਨ, ਉਜਾੜ, ਬੰਜਰ

غیرآئینی [ਗ਼ੈਰ ਆਇਨੀ : ġer aını] ਵਿ: ਦੇਸ਼ ਦੇ ਮੁਢਲੇ ਕਾਨੂੰਨਾਂ ਦੇ ਵਿਰੁੱਧ, ਅਸੰਵਿਧਾਨਿਕ

غیرت [ਗ਼ੈਰਤ : ġerət] ਇ: ਗ਼ੈਰਤ, ਲਿਹਾਜ਼, ਸ਼ਰਮ, ਹਯਾ, ਲਾਜ, ਅਣਖ

غیرت مند [ਗ਼ੈਰਤਮੰਦ : ġeretmənd] ਵਿ: ਗ਼ੈਰਤਮੰਦ, ਗ਼ੈਰਤ ਵਾਲ਼ਾ, ਹਯਾ ਵਾਲ਼ਾ

غیرحاضر [ਗ਼ੈਰ ਹ਼ਾਜ਼ਿਰ : ġer ḥazir] ਵਿ: ਗ਼ੈਰ ਹਾਜ਼ਿਰ, ਗ਼ਾਇਬ, ਓਝਲ, ਅਣ-ਉਪਸਥਿਤ

غیرذمہ دار [ਗ਼ੈਰ ਜ਼ਿੰਮਾਦਾਰ : ġer zimmadar] ਵਿ: ਗ਼ੈਰ ਜ਼ਿੰਮੇਵਾਰ, ਫ਼ਰਜ਼ ਤੋਂ ਕੁਤਾਹੀ ਕਰਨ ਵਾਲ਼ਾ

غیر رسمی [ਗ਼ੈਰ ਰਸਮੀ : ġer rəsəmi] ਵਿ: ਅਸਾਧਾਰਨ, ਗ਼ੈਰ ਮਾਮੂਲੀ, ਵਿਸ਼ੇਸ਼

غیر شفاف [ਗ਼ੈਰ ਸ਼ਫ਼ਾਫ਼ : ġer şəfaf] ਵਿ: ਧੁੰਦਲਾ

غیر ضروری [ਗ਼ੈਰ ਜ਼ਰੂਰੀ : ġer zəruri] ਵਿ: ਬੇਕਾਰ, ਵਿਅਰਥ, ਜਿਸ ਦੀ ਲੋੜ ਨਾ ਹੋਵੇ

غیر علاقہ [ਗ਼ੈਰ ਇ਼ਲਾਕ਼ਾ : ġer ılaqa] ਪੁ: ਦੂਜੇ ਦੀ ਰਿਆਸਤ, ਸਰਹੱਦੀ ਕਬਾਇਲੀ ਇਲਾਕਾ

غیر متاثر [ਗ਼ੈਰ ਮੁਤਾਸਰ : ġer mutasər] ਪੁ: ਜਿਸ ਦਾ ਅਸਰ ਨਾ ਹੋਵੇ, ਪ੍ਰਭਾਵਹੀਨ, ਬੇਅਸਰ

غیر متعہد [ਗ਼ੈਰ ਮੁਤਅ੍ਹਦ : ġer mutə'əhəd] ਵਿ: ਜਿਸ ਨਾਲ਼ ਕਿਸੇ ਪ੍ਰਕਾਰ ਦਾ ਮੁਆਹਦਾ ਨਾ ਹੋਇਆ ਹੋਵੇ

غیر ممکن [ਗ਼ੈਰ ਮੁਮਕਨ : ġer mumənkən] ਵਿ: ਅਸੰਭਵ, ਔਖਾ, ਮੁਹਾਲ

غیر مناسب [ਗ਼ੈਰ ਮੁਨਾਸਿਬ : ġer munasıb] ਵਿ: ਬੇਜਾ, ਨਾਮੁਨਾਸਬ

غیر منقولہ [ਗ਼ੈਰ ਮਨਕ਼ੂਲਾ : ġer mənəqula] ਵਿ: ਕਾਇਮ, ਸਥਾਈ, ਨਾ ਚੱਲਣ ਵਾਲ਼ਾ, ਅਹਿਲ (ਜਾਇਦਾਦ), ਇਕ ਥਾਂ ਤੋਂ ਦੂਜੀ ਥਾਂ ਤੇ ਨਾ ਜਾ ਸਕਣ ਵਾਲ਼ਾ

غیر موروثی [ਗ਼ੈਰ ਮੌਰੂਸੀ : ġer mərusi] ਵਿ: (ਜਾਇਦਾਦ) ਜੋ ਵਿਰਸੇ ਵਿਚ ਨਾ ਆਈ ਹੋਵੇ

غیر واجب [ਗ਼ੈਰ ਵਾਜਿਬ : ġer wajıb] ਵਿ: ਕਾਨੂੰਨ ਵਿਰੁੱਧ, ਗਲਤ, ਬੇਜਾ, ਨਾਮੁਨਾਸਬ

غیور [ਗ਼ਯੂਰ : ġəyur] ਵਿ: ਬਹੁਤ ਗ਼ੈਰਤ ਵਾਲ਼ਾ, ਗ਼ੈਰਤ ਤੇ ਅਣਖ ਵਾਲ਼ਾ, ਸਾਲਿਕ

ف फ़े

ف [फ़े : fe] पुः उरदू वरनमाल़ा दा छॅबीवां, फ़ारसी दा तेईवां अते अरबी दा वीहवां ॲखर

فاتح [फ़ातिह़ : fatiḥ] विः विजेता, जेतू, जिॱतण वाल़ा, फ़तिह करन वाल़ा, खोल्हण वाल़ा, शुरू करन वाल़ा, मुकॱदमे दा फैसला करन वाल़ा

فاتحہ [फ़ातिह़ा : fatiḥa] इः किसे चीज़ दा अरंभ, आदि, भूमिका, शुरूआत, फ़तिह करन वाल़ी इसतरी, खोल्हण वाल़ी इसतरी, कुरआन शरीफ़ दे पहिले सूरत दा नाम, मुरदे नूं बख़शे जाण लई कीती गई अरदास .

فاتحہ خوانی [फ़ातिह़ा ख़वानी : fatiḥa xwani] इः किसे दे मरन बाअद फ़ातिह पड़्हना, अंतिम अरदास, माफ़ुसी नाल़ हॅथ उठा लैण दी किरिआ

فاتحہ خیر [फ़ातिह़ा-ए-ख़ैर : fatiḥa-e-xer] पुः किसे दे भले लई प्रॱथना, ख़ैर दी दुआ, निकाह, अकद

فاتر [फ़ातिर : fatır] विः कमज़ोर, सुसत, बुॱढा

فاجر [फ़ाजिर : fajır] विः बदचलन, बदकार, पापी, गुनाहगार, जादूगर, मालदार

فاجرہ [फ़ाजिरा : fajıra] इः बदलचन इसतरी, बदकार औॱरत

فاجع [फ़ाजिअ़ : fajı'ə] विः ग़मनाक, दुखी

فاحش [फ़ाहिश़ : faḥiṣ] विः बदी दी हॅद नूं पार करन वाल़ा, शरमनाक, भारी, विभचारी, भैड़ा, हरामकारी, सख़त

فاحشہ [फ़ाहिश़ा : faḥıṣa] विः बदकार औॱरत, बदचलन तीवीं, विभचारन

فاخر [फ़ाख़िर : faxır] विः फ़ख़र करन वाल़ा, चंगेरा, बहुमुॱलां, कीमती

فارس [फ़ारिस : farıs] पुः घोॱड़ सवार, शाहसवार, घोॱड़े दा मालक, पारस, बुॱधीमान, सिआणा, सुॱझवान बंदा; ईरान

فارسی [फ़ारसी : farəsi] इः फ़ारस नाल़ संबंधित, फ़ारसी, फ़ारस भाव ईरान दी भाख़ा

فارغ [फ़ारिग़ : farig़] विः फ़ारिग, ख़लासी पाउण वाल़ा, अज़ाद, सुतंतर, बरी, ख़ाली, विहला, बेफ़िकर, निसचिंत, सौॱखा

فارق [फ़ारिक़ : farıq] विः फ़रक करन वाल़ा

فاروق [फ़ारूक़ : faruq] विः/पुः दो चीज़ां विच फ़रक करन वाल़ा, सॱच झूठ दा निखेड़ा करन वाल़ा, हज़रत उमर दी उपाधी जो सॱच झूठ विच अंतर करन वाल़े सन जिस

ਲਈ ਉਨ੍ਹਾਂ ਨੂੰ ਫ਼ਾਰੂਕ-ਏ-ਆਦਿਲ ਕਹਿੰਦੇ ਹਨ

فاسِخ [ਫ਼ਾਸਿਖ਼ : fasix] *ਵਿ:* ਤੋੜਨ ਵਾਲ਼ਾ, ਬਰਬਾਦ ਕਰਨ ਵਾਲ਼ਾ, ਤਬਾਹ ਹੋਣ ਵਾਲ਼ਾ, ਬੈਅ ਤੋੜਨ ਵਾਲ਼ਾ, ਇਰਾਦਾ ਤੋੜਨ ਵਾਲ਼ਾ

فاسِد [ਫ਼ਾਸਿਦ : fasid] *ਵਿ:* ਸ਼ਰਾਰਤੀ, ਫ਼ਸਾਦੀ, ਝਗੜਾਲੂ, ਖ਼ਰਾਬ, ਨਾਕਸ, ਵਿਗੜਿਆ ਹੋਇਆ, ਭਰਿਸ਼ਟ

فاسِق [ਫ਼ਾਸਿਕ਼ : fasiq] *ਵਿ:* ਗੁਨਾਹਗਾਰ, ਪਾਪੀ, ਬਦਕਾਰ, ਝੂਠਾ, ਵਿਭਚਾਰੀ, ਤੁੱਛ, ਨਿਕੰਮਾ

فاش [ਫ਼ਾਸ਼ : faṣ] *ਵਿ:* ਜ਼ਾਹਰ, ਖੁਲ੍ਹਾ, ਪ੍ਰਗਟ, ਸਪੱਸ਼ਟ

فاصِل [ਫ਼ਾਸਿਲ : fasil] *ਵਿ:* ਵੱਖ ਕਰਨ ਵਾਲ਼ਾ, ਦੋ ਚੀਜ਼ਾਂ ਵਿਚ ਫ਼ਰਕ ਕਰਨ ਵਾਲ਼ਾ

فاصِلہ [ਫ਼ਾਸਿਲਾ : fasila] *ਪੁ:* ਫ਼ਾਸਲਾ, ਦੂਰੀ, ਅਰਸਾ, ਪੈਂਡਾ, ਫ਼ਰਕ, ਅੰਤਰ, ਮੈਦਾਨ ਦੀ ਚੁੜਾਈ

فاضِل [ਫ਼ਾਜ਼ਿਲ : fazil] *ਵਿ:* ਜ਼ਿਆਦਾ, ਨਿਕਲਦਾ ਹੋਇਆ, ਵਧਿਆ ਹੋਇਆ, ਦਾਨਾ, ਸਿਆਣਾ, ਪੜ੍ਹਿਆ ਲਿਖਿਆ, ਵਿਦਵਾਨ, ਬੁੱਧੀਮਾਨ, ਉੱਚੇ ਮਰਤਬੇ ਵਾਲ਼ਾ, ਬਚਿਆ ਹੋਇਆ, ਵਾਧੂ

فاضِلات [ਫ਼ਾਜ਼ਿਲਾਤ : fazilat] *ਪੁ:* ਵਾਧੂ ਤੇ ਬਚੀ ਹੋਈ ਰਕਮ, ਪਾਣੀ ਜਿਹੜਾ ਨਹਿਰ ਭਰ ਜਾਣ ਕਾਰਨ ਕੰਢਿਆਂ ਤੋਂ ਬਾਹਰ ਨਿਕਲੇ

فاضِلہ [ਫ਼ਾਜ਼ਿਲਾ : fazila] *ਇ:* ਪੜ੍ਹੀ ਲਿਖੀ ਇਸਤਰੀ, ਵਿਦਵਾਨ ਇਸਤਰੀ, ਬਖ਼ਸ਼ਿਸ਼

فاعِل [ਫ਼ਾਇਲ : fail] *ਵਿ:* ਕੰਮ ਕਰਨ ਵਾਲ਼ਾ, ਕਰਤਾ (ਕਾਰਕ)

فاعِل و مفعول [ਫ਼ਾਇਲ-ਉ-ਮਫ਼ਊਲ : fail-o-məfə'ul] *ਪੁ:* ਕਰਤਾ ਤੇ ਕਰਮ, ਉਹ ਜਿਹੜਾ ਕੰਮ ਕਰੇ ਅਤੇ ਜਿਸ ਨਾਲ਼ ਕੀਤਾ ਜਾਵੇ, ਬਦਕਾਰੀ ਕਰਨ ਤੇ ਕਰਵਾਉਣ ਵਾਲ਼ੇ ਦੋਹਾਂ ਲਈ ਆਉਂਦਾ ਹੈ

فاقہ [ਫ਼ਾਕਾ : faqa] *ਪੁ:* ਫ਼ਾਕਾ, ਭੁੱਖਾ ਰਹਿਣ ਦੀ ਹਾਲਤ, ਜ਼ਰੂਰਤ, ਗ਼ਰੀਬੀ

فاقہ زدہ [ਫ਼ਾਕਾ ਜ਼ਦਾ : faqa zəda] *ਵਿ:* ਭੁੱਖ ਦਾ ਮਾਰਿਆ, ਭੁੱਖਾ, ਕੰਗਾਲ

فال [ਫ਼ਾਲ : fal] *ਇ:* ਸ਼ਗਨ, ਗ਼ੈਬ ਦੀ ਗੱਲ, ਪੇਸ਼ੀਨਗੋਈ, ਭਵਿਖ ਬਾਣੀ

فالتو [ਫ਼ਾਲਤੂ : falətu] *ਵਿ:* ਫ਼ਾਲਤੂ, ਲੋੜ ਤੋਂ ਵੱਧ, ਬੇਕਾਰ, ਫ਼ਜ਼ੂਲ, ਪਹਾੜੀ ਲੋਕ, ਕੁਲੀ ਮਜ਼ਦੂਰ

فالج [ਫ਼ਾਲਿਜ : falij] *ਪੁ:* ਸਰੀਰ ਦਾ ਢਲ਼ ਜਾਣਾ ਜਾਂ ਸੁੰਨ ਹੋ ਜਾਣਾ, ਅਧਰੰਗ, ਮੋਟੀ ਕੁਹਾਣ ਵਾਲ਼ਾ ਊਠ

فالیز [ਫ਼ਾਲੇਜ਼ : falez] *ਇ:* ਖ਼ਰਬੂਜ਼ੇ ਦਾ ਖੇਤ, ਖੀਰਾ ਕੱਕੜੀ ਜਾਂ ਤਰਬੂਜ਼ ਦਾ ਖੇਤ

فانہ [ਫ਼ਾਨਾ : fana] *ਪੁ:* ਫਾਨਾ, ਚੌੜੀ ਫੱਟੀ ਜਿਸ ਨਾਲ਼ ਦੂਜੀ ਲੱਕੜ ਵਿਚ ਦਰਜ ਬਣਾਉਂਦੇ ਹਨ, ਲੱਕੜ ਦੀ ਚਿਟਕਣੀ

فانی [ਫ਼ਾਨੀ : fani] *ਵਿ:* ਮਰਨ ਵਾਲ਼ਾ, ਨਾਸ਼-ਵਾਨ, ਮਿਟਣਹਾਰ, ਅਸਥਾਈ, ਖ਼ਤਮ ਹੋਣ ਵਾਲ਼ਾ, ਬਹੁਤ ਬੁੱਢਾ, ਸੂਫ਼ੀਆਂ ਦੀ ਪਰਿਭਾਸ਼ਾ ਵਿਚ ਉਹ ਸੂਫ਼ੀ ਜੋ ਫ਼ਨਾ ਦਾ ਦਰਜਾ ਪ੍ਰਾਪਤ ਕਰ ਚੁਕਾ ਹੋਵੇ

فائدہ [ਫ਼ਾਇਦਾ : faɪda] *ਪੁ:* ਫ਼ਾਇਦਾ, ਸੂਦ, ਲਾਭ, ਵਿਆਜ, ਸਿੱਟਾ, ਨਤੀਜਾ, ਖ਼ੂਬੀ, ਫ਼ਰਜ਼, ਮਤਲਬ, ਵਾਸਤਾ, ਅਰਾਮ, ਭਲਾਈ, ਨਿਸ਼ਾਨ, ਚਿੰਨ੍ਹ, ਸਦਾਚਾਰਕ ਸਾਰ (ਪੁਸਤਕ ਕਹਾਣੀ ਆਦਿ ਦਾ), ਇਸ਼ਤਿਹਾਰ, ਵਿਗਿਆਪਨ, ਵਰਤੋਂ

فائدہ مند [ਫ਼ਾਇਦਾ ਮੰਦ : faɪda mənd] *ਵਿ:* ਫ਼ਾਇਦੇਮੰਦ, ਮੁਫ਼ੀਕ, ਲਾਭਦਾਇਕ, ਕਾਰਗਰ

فائز [ਫ਼ਾਇਜ਼ : faiz] *ਵਿ:* ਪਹੁੰਚਣ ਵਾਲ਼ਾ, ਫ਼ਤਿਹ ਪਾਉਣ ਵਾਲ਼ਾ, ਕਾਮਯਾਬ, ਸਫਲ, ਮੁਰਾਦ ਪਾਉਣ ਵਾਲ਼ਾ, ਛੁਟਕਾਰਾ ਪਾਉਣ ਵਾਲ਼ਾ

فاقہ [ਫ਼ਾਕਾ : faqa] *ਪੁ:* ਜਵਾਨ ਆਦਮੀ, ਦਲੇਰ

فتح [ਫ਼ਤਹ਼ : fatəḥ] *ਇ:* ਫ਼ਤਿਹ, ਜਿੱਤ, ਸਫਲਤਾ, ਕਾਮਯਾਬੀ, ਮੁਕੱਦਮੇ ਦਾ ਫ਼ੈਸਲਾ, ਕੁਸ਼ਤੀ ਦਾ ਇਕ ਦਾਅ

فتح مند [ਫ਼ਤਹ਼ਮੰਦ : fətəḥəmənd] *ਵਿ:* ਜਿੱਤਣ ਵਾਲ਼ਾ, ਜੇਤੂ, ਵਿਜੇਤਾ, ਕਾਮਯਾਬ, ਸਫਲ

فتح یاب [ਫ਼ਤਹ਼ਯਾਬ : fətəḥyab] *ਵਿ:* ਸਫਲ, ਜੇਤੂ, ਵਿਜੇਤਾ, ਕਾਮਯਾਬ

فتح یابی [ਫ਼ਤਹ਼ਯਾਬੀ : fətəḥyabi] *ਇ:* ਕਾਮਯਾਬੀ, ਜਿੱਤ, ਫ਼ਤਿਹ, ਸਫਲਤਾ

فتنہ [ਫ਼ਿਤਨਾ : fitna] *ਪੁ:* ਝਗੜਾ, ਫ਼ਸਾਦ, ਹੰਗਾਮਾ, ਬਗ਼ਾਵਤ, ਅਜ਼ਮਾਇਸ਼, ਧਨ, ਮਾਲ, ਬਾਲ-ਬੱਚਾ, ਸ਼ੋਖ਼, ਮਸ਼ੂਕ, ਮਹਿਬੂਬ

فتنہ انگیز [ਫ਼ਿਤਨਾ ਅੰਗੇਜ਼ : fitna ãgez] *ਵਿ:* ਫ਼ਸਾਦੀ, ਸ਼ਰਾਰਤੀ, ਝਗੜਾਲੂ, ਟੰਟਾ ਖੜ੍ਹਾ ਕਰਨ ਵਾਲ਼ਾ, ਆਕੀ, ਬਾਗ਼ੀ

فتنہ گر [ਫ਼ਿਤਨਾਗਰ : fitnagər] *ਵਿ:* ਫ਼ਸਾਦੀ, ਸ਼ਰਾਰਤੀ

فتنہ گری [ਫ਼ਿਤਨਾਗਰੀ : fitnagəri] *ਇ:* ਸ਼ਰਾਰਤ, ਝਗੜਾ, ਫ਼ਸਾਦ

فتوا [ਫ਼ਤਵਾ : fətəwa] *ਪੁ:* ਤੁਹਮਤ, ਫ਼ਸਾਦ, ਖ਼ਰਾਬੀ

فتوح [ਫ਼ਤੂਹ਼ : fatuḥ] *ਇ:* فتح ਦਾ ਬਹੁਵਚਨ, ਜਿੱਤਾਂ, ਸਫਲਤਾਵਾਂ

فتور [ਫ਼ੁਤੂਰ : futur] *ਪੁ:* ਖ਼ਰਾਬੀ, ਨੁਕਸ, ਸ਼ਰਾਰਤ, ਝਗੜਾ, ਦੰਗਾ, ਸੁਸਤੀ

فتویٰ [ਫ਼ਤਵਾ : fətəwa] *ਪੁ:* ਫ਼ਤਵਾ, ਸ਼ਰਈ ਹੁਕਮ, ਮੁਫ਼ਤੀ ਦਾ ਨਿਰਣਾ, ਕਾਜ਼ੀ ਦਾ ਸ਼ਰਈ ਫ਼ੈਸਲਾ

فتیل [ਫ਼ਤੀਲ : fətil] *ਪੁ:* ਦੀਵੇ ਦੀ ਬੱਤੀ

فتیلہ [ਫ਼ਤੀਲਾ : fətila] *ਪੁ:* ਮੋਟੀ ਬੱਤੀ, ਵੱਟੀ ਹੋਈ ਹਰ ਚੀਜ਼

فجار [ਫ਼ੱਜਾਰ : fəjjar] *ਪੁ:* فاجر ਦਾ ਬਹੁਵਚਨ, ਬਦਕਾਰ ਲੋਕ

فجر [ਫ਼ਜਰ : fəjər] *ਇ:/ਕਿ:* ਸਵੇਰਾ, ਤੜਕਾ, ਪਹੁਫ਼ਟਾਲਾ, ਪਾਣੀ ਜਾਰੀ ਕਰਨਾ; ਅਯੋਗ ਭੋਗ (ਜ਼ਨਾ) ਕਰਨਾ, ਗੁਨਾਹ ਕਰਨਾ

فجور [ਫ਼ਜੂਰ : fəjur] *ਪੁ:* ਗੁਨਾਹ, ਪਾਪ, ਜੁਰਮ, ਕਸੂਰ, ਬਦਕਾਰੀ; ਹਰਾਮਕਾਰੀ, ਬਦਕਾਰ ਜ਼ਨਾਨੀ, ਵਿਭਚਾਰਨ

فحاش [ਫ਼ੱਹ਼ਾਸ਼ : fəḥḥaṣ] *ਵਿ:* ਸ਼ਰਾਰਤੀ, ਗੰਦਾ, ਭੈੜਾ, ਬਹੁਤ ਹੀ ਬਦ-ਜ਼ਬਾਨ, ਵੱਛਾ ਬਦਕਾਰ, ਹਰਾਮਕਾਰ

فحش [ਫ਼ਹ਼ਸ਼ : fəḥəṣ] *ਪੁ:* ਗਾਲ਼, ਬੇਹੂਦਾ ਗੱਲ, ਬੇਸ਼ਰਮੀ ਵਾਲ਼ੀ ਗੱਲ, ਕਾਮੁਕ ਗੱਲਾਂ, ਬਦਕਾਰੀ ਦਾ ਹੱਦ ਤੋਂ ਗੁਜ਼ਰਨਾ, ਜ਼ਨਾ, ਵਿਭਚਾਰ

فخر [ਫ਼ਖ਼ਰ : fəxər] *ਪੁ:* ਫ਼ਖ਼ਰ, ਘੁਮੰਡ, ਗ਼ਰੂਰ, ਵਡਿਆਈ, ਬਜ਼ੁਰਗੀ, ਸ਼ੇਖ਼ੀ, ਆਨ-ਸ਼ਾਨ

فخراً [ਫ਼ਖ਼ਰਨ : fəxərən] *ਕਿਵਿ:* ਫ਼ਖ਼ਰ ਵਜੋਂ, ਸ਼ੇਖ਼ੀ ਦੇ ਤੌਰ ਤੇ, ਮਾਣ ਕਰਕੇ

فدا [ਫ਼ਿਦਾ : fida] *ਵਿ:* ਕੁਰਬਾਨੀ, ਸਦਕਾ, ਸਰਵਾਰਨਾ, ਉਹ ਕੀਮਤ ਜਿਹੜੀ ਕੈਦੀ ਰਿਹਾਈ ਲਈ ਦਿੰਦਾ ਹੈ, ਸਿਰ ਦਾ ਮੁੱਲ, ਜਾਨ ਦੀ ਕੀਮਤ, ਕਿਸੇ ਦੇ ਬਦਲੇ ਜਾਨ ਦੇਣਾ

فدوی [ਫ਼ਿਦਵੀ : fidəwi] *ਵਿ:* ਕੁਰਬਾਨ ਹੋਣ ਵਾਲ਼ਾ, ਸਦਕੇ ਜਾਣ ਵਾਲ਼ਾ, ਤਾਬੇਦਾਰ, ਦਾਸ, ਸੇਵਕ

فر [ਫ਼ਰ : fər] *ਪੁ:* ਸ਼ਾਨ-ਸ਼ੌਕਤ, ਸਜਾਵਟ, ਰੋਹਬ-ਦਾਬ, ਦਬਦਬਾ, ਟੀਪ-ਟਾਪ, ਉਚਾਈ, ਰੌਸ਼ਨੀ, ਨੂਰ; ਸੁੰਦਰਤਾ; ਪੰਛੀ; ਖੰਭ; ਪਰਛਾਵਾਂ

فراخ [ਫ਼ਰਾਖ਼ : fərax] *ਵਿ:* ਚੌੜਾ, ਖੁਲ੍ਹਾ, ਵੱਡਾ, ਬਹੁਤ ਸਮਤਾ

فرار [ਫ਼ਰਾਰ : fərar] *ਵਿ:* ਫ਼ਰਾਰ, ਬਹੁਤ ਦੌੜਨ ਵਾਲ਼ਾ, ਚਲਾਕ, ਭਗੌੜਾ

فرار [ਫ਼ਿਰਾਰ : firar] *ਪੁ:* ਦੌੜਨ ਜਾਂ ਭੱਜ ਨਿਕਲਣ ਦੀ ਕਿਰਿਆ, ਬਿਨਾ ਭੇਤ ਦਿੱਤਿਆਂ ਛੁਪ ਜਾਣ ਦਾ ਭਾਵ

فراز [ਫ਼ਰਾਜ਼ : fəraz] *ਪੁ:/ਵਿ:* ਬੁਲੰਦੀ, ਉਚਾਈ, ਅੱਗੇ, ਸਾਹਮਣੇ, ਖੁਲ੍ਹਿਆ ਹੋਇਆ, ਵਿਸ਼ਾਲ, ਬੰਦ, ਬੰਨ੍ਹਿਆ ਹੋਇਆ, ਨੀਵਾਂ, ਉੱਤੇ, ਹੇਠਾਂ, ਪਿੱਛੇ, ਰੋਸ਼ਨ, ਸੰਜੋਗ, ਬਾਗ਼ੀ, ਆਕੀ

فرازی [ਫ਼ਰਾਜ਼ੀ : fərazi] *ਇ:* ਉਚਾਈ, ਬੁਲੰਦੀ

فراست [ਫ਼ਿਰਾਸਤ : firasət] *ਇ:* ਸਿਆਣਪ, ਤਿੱਖੀ ਸੂਝ, ਸਮਝਦਾਰੀ, ਸੂਝ-ਬੂਝ, ਅਨੁਮਾਨ

فراش [ਫ਼ੱਰਾਸ਼ : fərraş] *ਪੁ:* ਤੰਬੂ ਜਾਂ ਸ਼ਾਮਿਆਨੇ ਆਦਿ ਲੁਆਉਣ ਵਾਲ਼ਾ, ਫ਼ਰਸ਼ (ਦਰੀ ਆਦਿ) ਵਿਛਾਉਣ ਵਾਲ਼ਾ, ਮਕਾਨ ਦੀ ਸਫ਼ਾਈ ਕਰਨ ਵਾਲ਼ਾ, ਝਾੜੂ ਦੇਣ ਵਾਲ਼ਾ, ਜਮਾਂਦਾਰ

فراش [ਫ਼ਿਰਾਸ਼ : firaş] *ਪੁ:* ਬਿਸਤਰ, ਵਿਛੌਣਾ, ਦਰੀ; ਵਡਾਈ, ਬੀਵੀ, ਪਤਨੀ, ਵਹੁਟੀ; ਪੰਛੀ ਦਾ ਆਲ੍ਹਣਾ

فراغ [ਫ਼ਿਰਾਗ਼ : firag] *ਪੁ:* ਛੁੱਟੀ, ਅਰਾਮ, ਫ਼ੁਰਸਤ, ਵਿਹਲ, ਨਜਾਤ, ਸੁੱਖ, ਖ਼ੁਸ਼ੀ, ਚੈਨ, ਖ਼ੁਸ਼ਹਾਲੀ, ਅਵਸਰ, ਮੌਕਾ

فراغت [ਫ਼ਰਾਗ਼ਤ : fəragət] *ਪੁ:* ਫ਼ੁਰਸਤ, ਵਿਹਲ, ਛੁਟਕਾਰਾ, ਨਜਾਤ, ਰਿਹਾਈ, ਬੇਫ਼ਿਕਰੀ, ਅਰਾਮ

فراق [ਫ਼ਿਰਾਕ़ : firaq] *ਪੁ:* ਵਿਛੋੜਾ, ਜੁਦਾਈ, ਵਿਜੋਗ, ਖ਼ਿਆਲ, ਧੁਨ

فراق زدہ [ਫ਼ਿਰਾਕ਼ਜ਼ਦਾ : firaqəzəda] *ਵਿ:* ਜੋ ਆਪਣੇ ਮਹਿਬੂਬ ਜਾਂ ਮਿੱਤਰ ਤੋਂ ਵੱਖਰਾ ਹੋਇਆ ਹੋਵੇ, ਵਿਜੋਗੀ, ਹਿਜਰ ਦਾ ਮਾਰਿਆ ਹੋਇਆ

فراقیہ [ਫ਼ਿਰਾਕ਼ੀਯਾ : firaqiya] *ਵਿ:* ਜੁਦਾਈ ਬਾਰੇ, ਹਿਜਰ ਨਾਲ਼ ਸੰਬੰਧਿਤ

فراموش [ਫ਼ਰਾਮੋਸ਼ : fəramoş] *ਵਿ:* ਭੁੱਲਿਆ ਹੋਇਆ, ਯਾਦ ਨਾ ਰਿਹਾ ਹੋਇਆ

فراموشی [ਫ਼ਰਾਮੋਸ਼ੀ : fəramoşi] *ਇ:* ਭੁੱਲ-ਚੁੱਕ, ਗ਼ਲਤੀ

فرامین [ਫ਼ਰਾਮੀਨ : fəramin] *ਪੁ:* فرمان ਦਾ ਬਹੁਵਚਨ, ਸ਼ਾਹੀ ਹੁਕਮ, ਸ਼ਾਹੀ ਪਰਵਾਨੇ

فراواں [ਫ਼ਰਾਵਾਂ : fərawã] *ਵਿ:* ਬਹੁਤ, ਜ਼ਿਆਦਾ, ਕਾਫ਼ੀ ਮਾਤਰਾ ਵਿਚ

فراہم [ਫ਼ਰਾਹਮ : fərahəm] *ਵਿ:* ਇਕੱਠਾ, ਸੰਗ੍ਰਹਿਤ

فرائد [ਫ਼ਰਾਇਦ : fəraid] *ਪੁ:* فرید ਦਾ ਬਹੁਵਚਨ, ਕੀਮਤੀ ਪੱਥਰ, ਜਵਾਹਰ, ਬੇਮਿਸਾਲ ਵੱਡੇ ਮੋਤੀ, ਇਕਾਈਆਂ

فرائض [ਫ਼ਰਾਇਜ਼ : fəraiz] *ਪੁ:* فریضہ ਦਾ ਬਹੁਵਚਨ, ਖ਼ੁਦਾਈ ਹੁਕਮ, ਸ਼ਰ੍ਹਾ ਅਨੁਸਾਰ ਜ਼ਰੂਰੀ ਹੁਕਮ ਜਾਂ ਨੇਮ, ਵਰਾਸਤ ਦੀ ਵੰਡ ਦਾ ਇਲਮ

فربودیت [ਫ਼ਰਬੂਦੀਯਤ : fərəbudiyət] *ਇ:* ਬੇਹੂਦਗੀ, ਊਲ-ਜਲੂਲ

فربہ [ਫ਼ਰਬਾ : fərəba] *ਵਿ:* ਮੋਟਾ ਤਾਜ਼ਾ, ਤਕੜੇ ਸਰੀਰ ਵਾਲ਼ਾ, ਬਹੁਤ ਜ਼ਿਆਦਾ

فربہی [ਫ਼ਰਬਹੀ : fərəbəhi] *ਇ:* ਮੁਟਾਈ, ਮੁਟਾਪਾ, ਸਰੀਰ ਦੀ ਮਜ਼ਬੂਤੀ

فرج [ਫ਼ਰਜ : fərəj] *ਇ:* ਮਰਦ ਜਾਂ ਇਸਤਰੀ ਦਾ ਗੁਪਤ ਅੰਗ, ਮੋਰੀ, ਛੇਦ, ਸੁਰਾਖ਼, ਦੋ ਚੀਜ਼ਾਂ ਦੇ ਵਿਚਕਾਰਲਾ ਪਾਟ, ਘੋੜੇ ਦੇ ਪਿਛਲੇ ਪੈਰਾਂ ਦੇ ਵਿਚਕਾਰਲਾ ਫ਼ਾਸਲਾ, ਖ਼ਤਰਨਾਕ ਥਾਂ

فرجاد [ਫ਼ਰਜਾਦ : fərəjad] *ਵਿ:* ਦਾਨਾ, ਸਿਆਣਾ, ਅਕਲਮੰਦ, ਸੂਝਵਾਨ

فرجام [ਫ਼ਰਜਾਮ : fərəjam] ਪੁ: ਮਾਤਮਾ, ਅੰਤ, ਸਿਖਰ, ਅਖੀਰ, ਪਰਣਾਮ, ਸੰਖ, ਲਾਭ, ਪ੍ਰਯੋਗ, ਯੋਗ

فرح [ਫ਼ਰਹ : fərəḥ] ਇ: ਖ਼ੁਸ਼ੀ, ਪ੍ਰਸੰਨਤਾ, ਅਨੰਦ, ਤਰਾਨਾ, ਗੀਤ

فرحان [ਫ਼ਰਹਾਨ : fərəḥan] ਵਿ: ਪ੍ਰਸੰਨ, ਖ਼ੁਸ਼, ਮਗਨ

فرح بخش/فرح ناک [ਫ਼ਰਹ਼ ਬਖ਼ਸ਼/ਫ਼ਰਹ਼ ਨਾਕ : fərəḥ bəxəṣ/fərəḥ nak] ਵਿ: ਖ਼ੁਸ਼ੀ ਦੇਣ ਵਾਲ਼ਾ, ਖ਼ੁਸ਼ੀ ਨਾਲ਼ ਭਰਿਆ ਹੋਇਆ

فرحت [ਫ਼ਰਹ਼ਤ : fərəḥət] ਇ: ਖ਼ੁਸ਼ੀ, ਪ੍ਰਸੰਨਤਾ, ਸਰੂਰ, ਅਨੰਦ, ਰਾਹਤ

فرخنده [ਫ਼ਰਖ਼ੰਦਾ : fərəxãda] ਵਿ: ਸ਼ੁਭ, ਮੁਬਾਰਕ, ਖ਼ੁਸ਼

فرد [ਫ਼ਰਦ : fərəd] ਪੁ: ਇਕੱਲਾ, ਇਕ, ਹਿਸਾਬ ਦੀ ਸੂਚੀ, ਰਜਿਸਟਰ, ਚਾਦਰ, ਸ਼ਾਲ, ਰਜਾਈ ਦਾ ਲਿਹਾਫ਼, ਗ਼ਿਲਾਫ਼

فردوس [ਫ਼ਿਰਦੌਸ : firədɔs] ਪੁ: ਬਾਗ਼, ਗੁਲਜ਼ਾਰ, ਸਵਰਗ, ਬਹਿਸ਼ਤ, ਪ੍ਰਸੰਨਤਾਦਾਇਕ ਥਾਂਵਾਂ ਦਾ ਨਾਂ

فردوس گوش [ਫ਼ਿਰਦੌਸ ਗੋਸ਼ : firədɔs goṣ] ਵਿ: ਉਹ ਜਿਸ ਦੀ ਅਵਾਜ਼ ਕੰਨਾਂ ਨੂੰ ਚੰਗੀ ਲੱਗੇ

فرزانگی [ਫ਼ਰਜ਼ਾਨਗੀ : fərəzanəgi] ਇ: ਅਕਲ, ਸਿਆਣਪ, ਸਮਝ, ਇਲਮ, ਵਿੱਦਿਆ, ਸੂਝ-ਬੂਝ

فرزانه [ਫ਼ਰਜ਼ਾਨਾਹ : fərəzanah] ਵਿ: ਸੂਝਵਾਨ, ਬੁੱਧੀਮਾਨ, ਸਿਆਣਾ, ਦਾਨਸ਼ਮੰਦ, ਸਮਝਦਾਰ, ਹੁਸ਼ਿਆਰ, ਹੁਨਰਮੰਦ, ਲਾਇਕ

فرزند [ਫ਼ਰਜ਼ੰਦ : fərəzãd] ਪੁ: ਬੇਟਾ, ਲੜਕਾ, ਪੁੱਤਰ; ਸੰਤਾਨ, ਮੁੰਡਾ ਜਾਂ ਕੁੜੀ

فرزند ارجمند [ਫ਼ਰਜ਼ੰਦ-ਏ-ਅਰਜਮੰਦ : fərəzãd-e-ərəzəmãd] ਪੁ: ਸਪੁੱਤਰ, ਲਾਇਕ ਬੇਟਾ, ਪਿਆਰਾ ਬੇਟਾ

فرزند خلف [ਫ਼ਰਜ਼ੰਦ-ਏ-ਖ਼ਲਫ਼ : fərəzãd-e-xələf] ਪੁ: ਨੇਕ ਪੁੱਤਰ, ਆਗਿਆਕਾਰੀ ਬੇਟਾ, ਸਪੂਤ

فرزند رشید [ਫ਼ਰਜ਼ੰਦ-ਏ-ਰਸ਼ੀਦ : fərəzãd-e-rəṣid] ਪੁ: ਨੇਕ ਬੇਟਾ, ਨੇਕ ਲੜਕਾ

فرزین [ਫ਼ਰਜ਼ੀਨ : fərəzin] ਵਿ: ਦਾਨਾ, ਅਕਲਮੰਦ, ਸਿਆਣਾ, ਸੂਝਵਾਨ

فرس [ਫ਼ਰਸ : fərəs] ਪੁ: ਘੋੜਾ, ਘੋੜੀ, ਸ਼ਤਰੰਜ ਦਾ ਘੋੜਾ

فرستاده [ਫ਼ਿਰਿਸਤਾਦਾ : firɪsətada] ਵਿ:/ਪੁ: ਭੇਜਿਆ ਹੋਇਆ, ਏਲਚੀ, ਦੂਤ, ਫ਼ਰਿਸ਼ਤਾ, ਤੋਹਫ਼ਾ, ਪੇਸ਼ਕਸ਼

فرسودگی [ਫ਼ਰਸੂਦਗੀ : fərəsudəgi] ਇ: ਪੁਰਾਣਾਪਣ, ਘਸਾਵਟ

فرسوده [ਫ਼ਰਸੂਦਾ : fərəsuda] ਵਿ: ਘਸਿਆ ਹੋਇਆ, ਫਟਿਆ ਹੋਇਆ, ਪੁਰਾਣਾ, ਥੱਕਿਆ ਟੁੱਟਿਆ, ਭੈੜੇ ਹਾਲ, ਘਸੀ ਹੋਈ (ਸ਼ੈ)

فرش [ਫ਼ਰਸ਼ : fərəṣ] ਪੁ: ਫ਼ਰਸ਼, ਵਿਛੌਣਾ, ਦਰੀ, ਚਟਾਈ, ਬਿਸਤਰਾ, ਗ਼ਲੀਚਾ, ਚੂਨੇ ਜਾਂ ਸੀਮਿੰਟ ਨਾਲ਼ ਪੱਕੀ ਕੀਤੀ ਹੋਈ ਜ਼ਮੀਨ

فرشته [ਫ਼ਿਰਿਸ਼ਤਾ : firɪṣəta] ਪੁ: ਫ਼ਰਿਸ਼ਤਾ, ਖ਼ੁਦਾ ਦਾ ਦੂਤ, ਨਬੀ

فرش خاک [ਫ਼ਰਸ਼-ਏ-ਖ਼ਾਕ : fərəṣ-e-xak] ਪੁ: ਜ਼ਮੀਨ

فرش گل [ਫ਼ਰਸ਼-ਏ-ਗੁਲ : fərəṣ-e-gul] ਪੁ: ਫੁੱਲਾਂ ਦੀ ਸੇਜ

فرصت [ਫ਼ੁਰਸਤ : furəsət] ਇ: ਫ਼ੁਰਸਤ, ਇਕਾਂਤ ਦਾ ਸਮਾਂ, ਮੋਹਲਤ, ਛੁੱਟੀ, ਛੁਟਕਾਰਾ, ਅਰਾਮ, ਵਿਹਲ

فرض [ਫ਼ਰਜ਼ : fərəz] ਪੁ: ਫ਼ਰਜ਼, ਉਹ ਕੰਮ

ਜਿਹੜਾ ਖ਼ੁਦਾ ਦੇ ਹੁਕਮ ਅਨੁਸਾਰ ਜ਼ਰੂਰੀ ਹੋਵੇ, ਜ਼ਰੂਰੀ, ਜ਼ਿੰਮੇਵਾਰੀ, ਨਿਕਾਹ

فرضی [ਫ਼ਰਜ਼ੀ : fərəzi] *ਵਿ:* ਫ਼ਰਜ਼ੀ, ਖ਼ਿਆਲੀ, ਨਕਲੀ, ਮਸਨੂਈ

فرق [ਫ਼ਰਕ़ : fərəq] *ਪੁ:* ਫ਼ਰਕ, ਅਲਹਿਦਗੀ, ਫ਼ਾਸਲਾ, ਦੂਰੀ, ਘਾਟਾ, ਬੇਗਾਨਗੀ, ਵਿਤਕਰਾ, ਵਿਜੋਗ, ਸਿਰ ਦੀ ਮਾਂਗ, ਟੀਸੀ, ਵਿਰੋਧ

فُرقت [ਫ़ुरक़त : furqət] *ਇ:* ਜੁਦਾਈ, ਵਿਛੋੜਾ, ਵਿਜੋਗ

فرقدان [ਫ਼ਰਕ़दान : fərəqədan] *ਪੁ:* ਸਿਰ, ਖੋਪੜੀ, ਉੱਤਰੀ ਧਰੁ ਦੇ ਦੋ ਸਤਾਰੇ

فِرقہ [ਫ਼िरक़ा : fɪrəqa] *ਪੁ:* ਫ਼ਿਰਕਾ, ਕੌਮ, ਜਮਾਤ, ਗੋਹ, ਟੋਲਾ, ਮੰਡਲੀ, ਸੰਪਰਦਾਇ

فِرقہ پرست [ਫ਼िरक़ा ਪ੍ਰਸਤ : fɪrəqa pərəsət] *ਵਿ:* ਫ਼ਿਰਕਾ ਪ੍ਰਸਤ, ਆਪਣੀ ਜਮਾਤ ਦਾ ਤਰਫ਼ਦਾਰ, ਤੰਗ ਨਜ਼ਰ

فرمان [ਫ਼ਰਮਾਨ : fərəman] *ਪੁ:* ਸ਼ਾਹੀ ਹੁਕਮ, ਹੁਕਮਨਾਮਾ

فرمان بردار [ਫ਼ਰਮਾਨ ਬਰਦਾਰ : fərman bərədar] *ਵਿ:/ਪੁ:* ਆਗਿਆਕਾਰ, ਨੌਕਰ ਚਾਕਰ, ਹੁਕਮ ਮੰਨਣ ਵਾਲ਼ਾ

فرمانا [ਫ਼ਰਮਾਨਾ : fərəmana] *ਕ੍ਰਿ:* ਹੁਕਮ ਦੇਣਾ, ਕਹਿਣਾ, ਬਿਆਨ ਕਰਨਾ

فرمائش [ਫ਼ਰਮਾਇਸ਼ : fərəmaɪʂ] *ਇ:* ਬੇਨਤੀ, ਦਰਖ਼ਾਸਤ, ਤਲਬ, ਮੰਗ, ਹਾਜਤ, ਲੋੜ, ਜ਼ਰੂਰਤ, ਹੁਕਮ ਵਜੋਂ ਕੁਝ ਮੰਗਣਾ ਜਾਂ ਸਿਫ਼ਾਰਸ਼ ਕਰਨ ਦੀ ਕਾਰਵਾਈ

فرمائشی [ਫ਼ਰਮਾਇਸ਼ੀ : fərəmaɪʂi] *ਵਿ:* ਫ਼ਰਮਾਇਸ਼ ਨਾਲ਼ ਸੰਬੰਧਿਤ, ਹੁਕਮ ਦਿਤਾ ਹੋਇਆ, ਸਰਵ-ਸ੍ਰੇਸ਼ਟ

فرمودگی [ਫ਼ਰਮੂਦਗੀ : fərəmudəgi] *ਇ:* ਹੁਕਮ, ਆਦੇਸ਼, ਫ਼ਰਮਾਨ

فرمودہ [ਫ਼ਰਮੂਦਾ : fərəmuda] *ਵਿ:* ਫ਼ਰਮਾਇਆ ਹੋਇਆ, ਹੁਕਮ, ਫ਼ਰਮਾਨ

فِرو [ਫ਼िरो : fɪro] *ਕ੍ਰਿਵਿ:/ਪੁ:* ਥੱਲੇ, ਤਹਤ, ਹੁਕਮ ਅਧੀਨ

فِروتن [ਫ਼िरोतन : fɪrotən] *ਵਿ:* ਗ਼ਰੀਬ, ਮਸਕੀਨ, ਆਜਜ਼, ਨਿਮਾਣਾ, ਕਮਜ਼ੋਰ

فِروتنی [ਫ਼िरोतनी : fɪrotəni] *ਵਿ:* ਆਜਜ਼ੀ, ਨਿਮਰਤਾ, ਕਮਜ਼ੋਰੀ, ਗ਼ਰੀਬੀ

فِروز [ਫ਼ਰੂज़ : fəruz] *ਵਿ:* ਰੋਸ਼ਨ ਕਰਨ ਵਾਲ਼ਾ

فِروزاں [ਫ਼ਰੂज़ाँ : fəruzã] *ਵਿ:* ਰੋਸ਼ਨ, ਚਮਕੀਲਾ

فِروش/فِروشندہ [ਫ਼िरोश/ਫ਼िरोशंदा : fɪroʂ/fɪroʂəda] *ਵਿ:* ਵੇਚਣ ਵਾਲ਼ਾ, ਵਿਕਰੇਤਾ

فُروع [ਫ਼ਰੂअ़ : fəru'ə] *ਪੁ:* فرع ਦਾ ਬਹੁਵਚਨ, ਸ਼ਾਖ਼ਾਂ, ਟਾਹਣੀਆਂ, ਡਾਲੀਆਂ

فروغ [ਫ਼ਰੋग़ : fərog] *ਪੁ:* ਰੋਸ਼ਨੀ, ਚਮਕ, ਨੂਰ, ਰੌਣਕ, ਚਾਨਣ, ਕਿਰਨਾਂ

فرومایگی [ਫ਼ਰੋਮਾਂਦਗੀ : fəromãdəgi] *ਇ:* ਲਾਚਾਰੀ

فرومایہ [ਫ਼ਰੋਮਾਂਦਾ : fəromãda] *ਵਿ:* ਆਜਜ਼, ਥੱਕਿਆ ਹੋਇਆ, ਕਮਜ਼ੋਰ, ਨਿਤਾਣਾ, ਲਾਚਾਰ

فروہی [ਫ਼ਰੋਹੀ : fərohi] *ਇ:* ਦਸਤੂਰੀ, ਕਮਿਸ਼ਨ, ਵੱਟਾ, ਲਾਭ, ਪ੍ਰਾਪਤੀ

فرہنگ [ਫ਼ਰਹੰਗ : fərəhãg] *ਇ:* ਸਿਆਣਪ, ਅਕਲਮੰਦੀ, ਵਿੱਦਿਆ, ਸੂਝ, ਗਿਆਨ, ਗੰਭੀਰਤਾ, ਬਜ਼ੁਰਗੀ, ਡਿਕਸ਼ਨਰੀ, ਕੋਸ਼

فریاد [ਫ਼ਰਯਾਦ : fərəyad] *ਇ:* ਫ਼ਰਿਆਦ, ਦੁਹਾਈ, ਸਹਾਇਤਾ, ਮੱਦਦ ਮੰਗਣ ਲਈ ਦੁਹਾਈ ਦੇਣਾ, ਰੋਣਾ ਪਿੱਟਣਾ

فریادرس [ਫ਼ਰਯਾਦਰਸ : fərəyadərəs] *ਵਿ:* ਫ਼ਰਿਆਦ ਪਹੁੰਚਾਉਣ ਵਾਲ਼ਾ, ਫ਼ਰਿਆਦ ਸੁਣਨ ਵਾਲ਼ਾ, ਦਾਦ ਦੇਣ ਵਾਲ਼ਾ, ਨਿਆਂ ਕਰਨ

ਵਾਲ਼ਾ, ਇਨਸਾਫ਼ ਕਰਨ ਵਾਲ਼ਾ

فریادری [ਫ਼ਰਯਾਦਰਸੀ : fərəyadərəsi] *ਇ:* ਫ਼ਰਿਆਦ ਸੁਣਨ ਦੀ ਕਿਰਿਆ, ਇਨਸਾਫ਼ ਜਾਂ ਨਿਆਂ ਕਰਨ ਦਾ ਭਾਵ

فریادی [ਫ਼ਰਯਾਦੀ : fərəyadi] *ਵਿ:* ਫ਼ਰਿਆਦੀ, ਦੁਹਾਈ ਦੇਣ ਵਾਲ਼ਾ, ਇਨਸਾਫ਼ ਚਾਹੁਣ ਵਾਲ਼ਾ, ਨਿਆਂ ਮੰਗਣ ਵਾਲ਼ਾ

فریب [ਫ਼ਰੇਬ : fəreb] *ਪੁ:* ਫ਼ਰੇਬ, ਦਗ਼ਾ, ਮਕਰ, ਧੋਖਾ, ਠੱਗੀ, ਦਮ, ਝਾਂਸਾ, ਚਲਾਕੀ, ਨਖ਼ਰਾ

فریبی [ਫ਼ਰੇਬੀ : fərebi] *ਵਿ:* ਫ਼ਰੇਬੀ, ਦਗ਼ੇਬਾਜ਼, ਮੱਕਾਰ, ਧੋਖਾ ਦੇਣ ਵਾਲ਼ਾ, ਠੱਗ

فریفتگی [ਫ਼ਰੇਫ਼ਤਗੀ : fərefətəgi] *ਇ:* ਇਸ਼ਕ, ਮੁਹੱਬਤ, ਚਾਹਤ

فریفتہ [ਫ਼ਰੇਫ਼ਤਾ : fərefəta] *ਵਿ:* ਫ਼ਰੇਬ ਵਿਚ ਆਇਆ ਹੋਇਆ, ਮੋਹਤ ਹੋਇਆ ਹੋਇਆ, ਆਸ਼ਕ, ਪ੍ਰੇਮੀ

فریق [ਫ਼ਰੀਕ़ : fəriq] *ਪੁ:* ਮੰਡਲੀ, ਟੋਲੀ, ਜਮਾਤ, ਗੋਹ, ਫ਼ਿਰਕਾ, ਜੱਥਾ, ਧਿਰ, ਅਜਿਹਾ ਟੋਲਾ ਜਿਹੜਾ ਕਿਸੇ ਕੌਮ ਤੋਂ ਅੱਡ ਹੋ ਕੇ ਦੂਜੇ ਕਸਬੇ ਵਿਚ ਚਲਾ ਜਾਵੇ

فزا [ਫ਼ਿਜ਼ਾ : fiza] *ਵਿ:* ਵਧਾਉਣ ਵਾਲ਼ਾ, ਜ਼ਿਆਦਾ ਕਰਨ ਵਾਲ਼ਾ

فزع [ਫ਼ਜ਼ਅ : fəzə'] *ਇ:* ਡਰ, ਦਹਿਸ਼ਤ, ਭੈ

فزوں [ਫ਼ਜ़ੂੰ : fəzũ] *ਵਿ:* ਜ਼ਿਆਦਾ, ਵਧਿਆ ਹੋਇਆ, ਵਾਧੂ

فزونی [ਫ਼ਜ़ੂਨੀ : fəzuni] *ਇ:* ਵਾਧਾ, ਜ਼ਿਆਦਤੀ, ਬੇਹਤਰੀ, ਬਹੁਲਤਾ, ਵਡਿਆਈ

فساد [ਫ਼ਸਾਦ : fəsad] *ਪੁ:* ਖ਼ਰਾਬੀ, ਸ਼ਰਾਰਤ, ਲੜਾਈ ਝਗੜਾ, ਹੰਗਾਮਾ, ਵਿਗਾੜ, ਤਬਾਹੀ, ਬਰਬਾਦੀ, ਬਦਮਾਸ਼ੀ, ਗੜਬੜ, ਭੈ, ਡਰ, ਵਧੀਕੀ, ਵਿਰੋਧ

فسادی [ਫ਼ਸਾਦੀ : fəsadi] *ਵਿ:* ਫ਼ਸਾਦ ਫੈਲਾਉਣ ਵਾਲ਼ਾ, ਝਗੜਾਲੂ, ਸ਼ਰਾਰਤੀ, ਤੀਲੀ ਲਾਉਣ ਵਾਲ਼ਾ, ਉਕਸਾਉਣ ਵਾਲ਼ਾ

فسان [ਫ਼ਸਾਨ : fəsan] *ਇ:* ਸਾਣ, ਸੰਦ ਜਾਂ ਚਾਕੂ ਤੇਜ਼ ਕਰਨ ਦਾ ਪੱਥਰ

فسانہ [ਫ਼ਸਾਨਾ : fəsana] *ਪੁ:* ਕਥਾ, ਮਨਘੜਤ ਕਿੱਸਾ, ਬਣਾਈ ਹੋਈ ਗੱਲ, ਕਹਾਣੀ

فسق [ਫ਼ਿਸਕ़ : fisəq] *ਪੁ:* ਖ਼ੁਦਾ ਦੀ ਨਾ-ਫ਼ਰਮਾਨੀ, ਜੁਰਮ, ਵਿਭਚਾਰ, ਬਦਕਾਰੀ, ਗੁਨਾਹ, ਪਾਪ, ਅਸ਼ਲੀਲਤਾ

فسوں [ਫ਼ਸੂੰ : fəsũ] *ਪੁ:* ਜਾਦੂ-ਟੂਣਾ, ਮੰਤਰ, ਫ਼ਰੇਬ, ਧੋਖਾ, ਮਕਰ

فشردہ [ਫ਼ਿਸ਼ਰਦਾ : fiṣərəda] *ਵਿ:/ਪੁ:* ਨਿਚੋੜਿਆ ਹੋਇਆ, ਅਰਕ ਕੱਢਿਆ ਹੋਇਆ, ਰਸ, ਅਰਕ

فصل [ਫ਼ਸਲ : fəsəl] *ਇ:* ਮੌਸਮ, ਰੁੱਤ, ਸਮਾਂ, ਕਿਤਾਬ ਦਾ ਹਿੱਸਾ ਜਾਂ ਕਾਂਡ, ਅਧਿਆਇ; ਵਖਰਾਪਣ, ਜੁਦਾਈ, ਫ਼ਰਕ, ਪਰਦਾ, ਓਟ, ਪੈਦਾਵਾਰ

فصلی [ਫ਼ਸਲੀ : fəsəli] *ਵਿ:* ਫ਼ਸਲ ਨਾਲ਼ ਸੰਬੰਧਿਤ, ਮੌਸਮੀ, ਰੁੱਤ ਦਾ

فضول [ਫ਼ਜ਼ੂਲ : fəzul] *ਇ:* فصل ਦਾ ਬਹੁ-ਵਚਨ, ਫ਼ਸਲਾਂ, ਰੁੱਤਾਂ

فصیل [ਫ਼ਸੀਲ : fəsil] *ਇ:* ਦੀਵਾਰ, ਚਾਰ ਦੀਵਾਰੀ, ਵਲਗਣ, ਕਿਲ੍ਹੇ ਦੀ ਚਾਰ ਦੀਵਾਰੀ

فضائل [ਫ਼ਜ਼ਾਇਲ : fəzail] *ਪੁ:* فضیلت ਦਾ ਬਹੁਵਚਨ, ਨੇਕੀਆਂ, ਵਡਿਆਈਆਂ, ਖ਼ੂਬੀਆਂ, ਸ੍ਰੇਸ਼ਟ ਹੁਨਰ, ਉੱਤਮ ਗੁਣ, ਵਧੀਕੀਆਂ, ਜ਼ਿਆਦਤੀਆਂ

فضل [ਫ਼ਜ਼ਲ : fəzəl] *ਪੁ:* ਜ਼ਿਆਦਤੀ, ਹੁਨਰ, ਜੌਹਰ, ਰਹਿਮ, ਮਿਹਰਬਾਨੀ, ਬਖ਼ਸ਼ਿਸ਼, ਬਜ਼ੁਰਗੀ, ਇਕ ਸ਼ਾਇਰ ਦਾ ਉਪ-ਨਾਮ

فضل [ਫ਼ਜ਼ਲਾ : fuzəla] ਪੁ: فاضل ਦਾ ਬਹੁ-ਵਚਨ, ਵਿਦਵਾਨ ਲੋਕ, ਸਿਆਣੇ, ਸੁਖਵਾਨ

فضلہ [ਫ਼ਜ਼ਲਾ : fəzəla] ਪੁ: ਰਹਿੰਦ-ਖੂੰਦ, ਜੂਠ, ਕਿਸੇ ਚੀਜ਼ ਦਾ ਛੋਕ, ਟੱਟੀ, ਗੰਦਮੰਦ, ਪਲੀਦੀ

فِضّہ [ਫ਼ਿੱਜ਼ਾ : fizza] ਇ: ਚਾਂਦੀ

فضیحت [ਫ਼ਜ਼ੀਹ਼ਤ : fəzihət] ਇ: ਬਦਨਾਮੀ, ਜ਼ਿਲਤ, ਖ਼ਵਾਰੀ

فضیلت [ਫ਼ਜ਼ੀਲਤ : fəzilət] ਇ: ਬਹੁਤਾਤ, ਬਜ਼ੁਰਗੀ, ਵਡਿਆਈ, ਹੁਨਰ, ਸਿਆਣਪ, ਵਿੱਦਿਆ, ਨੇਕੀ, ਕਮਾਲ, ਲਾਭ, ਇਨਾਮ, ਨਫ਼ਾ

فطانت [ਫ਼ਤਾਨਤ : fətanət] ਇ: ਅਕਲਮੰਦੀ, ਸਿਆਣਪ

فِطرت [ਫ਼ਿਤ਼ਰਤ : fitərət] ਇ: ਸ੍ਰਿਸ਼ਟੀ ਦੀ ਉਤਪਤੀ, ਪੈਦਾਇਸ਼, ਮ਼ਲਕਤ, ਕੁਦਰਤ, ਅਕਲਮੰਦੀ, ਹੁਸ਼ਿਆਰੀ, ਸਿਆਣਪ, ਚਾਲ, ਧੋਖਾ, ਫ਼ਰੇਬ, ਕਰਤਾ ਦੀ ਉਤਪੰਨ ਸ਼ਕਤੀ, ਈਦ ਮੌਕੇ ਦਿਤੀ ਜਾਣ ਵਾਲ਼ੀ ਖ਼ੈਰਾਤ, ਨਾਸ਼ਤਾ

فِطرتی [ਫ਼ਿਤ਼ਰਤੀ : fitərəti] ਵਿ: ਕੁਦਰਤੀ, ਪੈਦਾਇਸ਼ੀ, ਸ਼ਰਾਰਤੀ, ਬੋਸ਼, ਚਲਾਕ

فِطری [ਫ਼ਿਤ਼ਰੀ : fitəri] ਵਿ: ਪੈਦਾਇਸ਼ੀ, ਫ਼ਿਤਰਤ ਅਨੁਸਾਰ

فطین [ਫ਼ਤ਼ੀਨ : fətin] ਵਿ: ਅਕਲਮੰਦ, ਸਿਆਣਾ, ਚਲਾਕ, ਸ਼ਰਾਰਤੀ

فِعل [ਫ਼ਿਅ਼ਲ : fi'əl] ਪੁ: ਕੰਮ-ਕਾਰ, ਅਮਲ, ਕਰਮ, ਹਰਕਤ, ਜੁੰਬਸ਼, ਲੱਛਣ, ਕਰਤੂਤ, ਹੀਲਾ, ਬਹਾਨਾ, ਬੁਰਾ ਕੰਮ, ਭੈੜੀ ਕਰਤੂਤ, ਵਿਭਚਾਰ, ਮਦੀਨ ਦਾ ਗੁਪਤ ਅੰਗ

فُغان [ਫ਼ੁਗ਼ਾਨ : fuġan] ਪੁ: ਪੁਕਾਰ, ਸ਼ੋਰ, ਰੌਲ਼ਾ, ਵਾਵੇਲਾ, ਫ਼ਰਿਆਦ, ਦੁਹਾਈ, ਅਫ਼ਸੋਸ

فُغانی [ਫ਼ੁਗ਼ਾਨੀ : fuġani] ਵਿ: ਫ਼ਰਿਆਦੀ

فُف [ਫ਼ੁਫ਼ : fuf] ਇ: ਫੂਕ

فِفرّو [ਫ਼ਿਫ਼ਿੱਰੂ : fəfirru] ਵਿ: ਦੌੜਿਆ ਹੋਇਆ, ਰੱਫੂ ਚੱਕਰ

فق [ਫ਼ਕ़ : fəq] ਵਿ: (ਡਰ ਜਾਂ ਹੈਰਾਨੀ ਕਰਕੇ) ਚਿਹਰੇ ਦਾ ਚਿੱਟਾ ਹੋਇਆ (ਰੰਗ), ਉਦਾਸ, ਹੈਰਾਨ, ਪਰੇਸ਼ਾਨ, ਹੱਕਾ ਬੱਕਾ

فُقدان [ਫ਼ੁਕ਼ਦਾਨ : fuqədan] ਪੁ: ਗੁੰਮ ਕਰਨ ਦਾ ਭਾਵ, ਭੁੱਲ, ਘਾਟ, ਕਮੀ

فقر [ਫ਼ਕ਼ਰ : fəqər] ਪੁ: ਕਲੰਦਰੀ, ਦਰਵੇਸ਼ੀ, ਫ਼ਕੀਰੀ, ਗ਼ਰੀਬੀ

فُقرا [ਫ਼ੁਕ਼ਰਾ : fuqəra] ਪੁ: فقیر ਦਾ ਬਹੁਵਚਨ, ਬਹੁਤ ਸਾਰੇ ਫ਼ਕੀਰ, ਦਰਵੇਸ਼ਾਂ ਦਾ ਟੋਲਾ

فقرو فاقہ [ਫ਼ਕ਼ਰ-ਉ-ਫ਼ਾਕ਼ਾ : fəqər-o-faqa] ਪੁ: ਗ਼ਰੀਬੀ, ਤੰਗੀ

فِقرہ [ਫ਼ਿਕ਼ਰਾ : fiqəra] ਪੁ: ਗੀੜ੍ਹ ਦੀ ਹੱਡੀ ਦਾ ਇਕ ਮਣਕਾ, ਦਮ, ਝਾਂਸਾ, ਧੋਖਾ, ਲਿਖਤ ਦਾ ਇਕ ਵਾਕ, ਕਵਿਤਾ ਵਿਚਲੀ ਸਰਵਸ੍ਰੇਸ਼ਟ ਤੁਕ, ਉਤਮ ਵਾਕ

فقط [ਫ਼ਕ਼ਤ਼ : fəqət] ਵਿ: ਕੇਵਲ, ਇਕੱਲਾ, ਨਿਰਾ, ਸਿਰਫ਼, ਬਸ

فِقہ [ਫ਼ਿਕ਼ਹ : fiqəh] ਇ: ਸ਼ਰੀਅਤ ਦੇ ਨਿਯਮਾਂ ਦੀ ਵਾਕਫ਼ੀਅਤ, ਜਾਣਕਾਰੀ, ਇਲਮ, ਸਿੱਖਿਆ, ਦੀਨ ਦੀ ਵਿੱਦਿਆ, ਦੀਨੀ ਸਿੱਖਿਆ

فُقہا [ਫ਼ੁਕ਼ਹਾ : fuqəha] ਪੁ: فقیہ ਦਾ ਬਹੁਵਚਨ, ਦੀਨੀ ਸਿੱਖਿਆ ਤੋਂ ਜਾਣੂ, ਦੀਨ ਦੇ ਇਲਮ ਨੂੰ ਜਾਣਨ ਵਾਲ਼ੇ, ਦੀਨ ਦੇ ਮੁਫ਼ਤੀ

فقیر [ਫ਼ਕ਼ੀਰ : fəqir] ਪੁ: ਫ਼ਕੀਰ, ਗਦਾ, ਭਿਖਾਰੀ, ਮੰਗਤਾ, ਦਰਵੇਸ਼, ਕਲੰਦਰ, ਗ਼ਰੀਬ, ਮੁਥਾਜ, ਕੰਗਾਲ, ਸ਼ਰੀਅਤ ਅਨੁਸਾਰ ਅਜਿਹਾ ਵਿਅਕਤੀ ਜਿਸ ਕੋਲ ਕੇਵਲ ਇਕ ਦਿਨ ਦਾ ਰਾਸ਼ਨ ਹੋਵੇ

فقیری [ਫ਼ਕ਼ੀਰੀ : fəqiri] ਇ: ਗ਼ਰੀਬੀ, ਮੁਥਾਜੀ, ਦਰਵੇਸ਼ੀ, ਕਲੰਦਰੀ

فِکر [ਫ਼ਿਕਰ : fikər] ਪੁ:/ਇ: ਫ਼ਿਕਰ, ਸੋਚ

ਵਿਚਾਰ, ਅੰਦੇਸ਼ਾ, ਖ਼ਿਆਲ, ਧਿਆਨ, ਰੰਜ, ਗ਼ਮ, ਪਰਦਾ, ਤਦਬੀਰ, ਟਿਕਾਣਾ

فِکرت [ਫ਼ਿਕਰਤ : fikərət] *ਇ:* ਸੋਚ, ਖ਼ਿਆਲ, ਧਿਆਨ

فِکرمند [ਫ਼ਿਕਰਮੰਦ : fikərəmənd] *ਵਿ:* ਫ਼ਿਕਰਮੰਦ, ਗ਼ਮਗੀਨ, ਦੁਖੀ, ਸੋਚਣ ਵਾਲ਼ਾ, ਸੋਚ ਵਿਚ ਡੁੱਬਿਆ ਹੋਇਆ, ਚਿੰਤਿਤ

فِکرمندی [ਫ਼ਿਕਰਮੰਦੀ : fikərəmədi] *ਇ:* ਸੋਚ-ਵਿਚਾਰ, ਖ਼ਿਆਲ, ਚਿੰਤਾ

فِگار [ਫ਼ਿਗਾਰ : figar] *ਵਿ:* ਜ਼ਖ਼ਮੀ, ਘਾਇਲ

فلاح [ਫ਼ਲਾਹ़ : fəlaḥ] *ਇ:* ਭਲਾਈ, ਨੇਕੀ, ਨਜਾਤ, ਛੁਟਕਾਰਾ, ਸਲਾਮਤੀ, ਖ਼ੂਬੀ, ਸਫਲਤਾ, ਸੌਖ, ਅਰਾਮ, ਰਾਜ਼ੀ ਖ਼ੁਸ਼ੀ, ਖ਼ੈਰ ਖ਼ੈਰੀਅਤ, ਸਲਾਮਤੀ, ਚੰਗਿਆਈ

فلاّح [ਫ़ੱਲਾਹ़ : fəllaḥ] *ਪੁ:* ਕਾਸ਼ਤਕਾਰ, ਕਿਰਸਾਨ, ਵਾਹਕ

فلاحت [ਫ਼ਲਾਹ़ਤ : fəlaḥət] *ਇ:* ਫ਼ਲਾਹਤ, ਕਾਸ਼ਤਕਾਰੀ, ਖੇਤੀ ਬਾੜੀ; ਨੇਕੀ

فلاکت [ਫ਼ਲਾਕਤ : fəlakət] *ਇ:* ਗ਼ਰੀਬੀ, ਕੰਗਾਲੀ

فُلان [ਫ਼ੁਲਾਨ : fulan] *ਵਿ:* ਫ਼ਲਾਣਾ, ਕਿਸੇ ਅਜਿਹੇ ਵਿਅਕਤੀ ਲਈ ਵਰਤਿਆ ਜਾਂਦਾ ਹੈ ਜਿਹੜਾ ਦਿਮਾਗ਼ ਵਿਚ ਹੋਵੇ ਪਰ ਜ਼ਬਾਨ ਨਾਲ਼ ਨਾ ਦੱਸਿਆ ਜਾਵੇ, ਅਣਜਾਣ ਪੁਰਸ਼, ਗ਼ੈਰ ਮਲੂਮ ਆਦਮੀ

فُلانا [ਫ਼ੁਲਾਨਾ : fulana] *ਵਿ:* ਅਗਿਆਤ ਸ਼ਖ਼ਸ, ਕੋਈ ਵਿਅਕਤੀ, ਉਹ ਵਿਅਕਤੀ, ਕਿਸੇ ਗੱਲ ਜਾਂ ਮਾਮਲੇ ਬਾਰੇ ਵੀ ਕਿਹਾ ਜਾਂਦਾ ਹੈ

فِلفِل [ਫ਼ਿਲਫ਼ਿਲ : filəfil] *ਇ:* ਕਾਲੀ ਮਿਰਚ

فلک [ਫ਼ਲਕ : fələk] *ਪੁ:* ਆਸਮਾਨ, ਅਕਾਸ਼

فلک الافلاک [ਫ਼ਲਕ-ਉਲ-ਅਫ਼ਲਾਕ : fələk-ul-afəlak] *ਪੁ:* ਆਸਮਾਨ, ਅਰਸ਼

فلکی [ਫ਼ਲਕੀ : fələki] *ਵਿ:* ਆਸਮਾਨੀ, ਅਕਾਸ਼ੀ

فم [ਫ਼ੱਮ : fəmm] *ਪੁ:* ਮੂੰਹ

فن [ਫ਼ਨ : fən] *ਪੁ:* ਹੁਨਰ, ਕਾਰੀਗਰੀ, ਗੁਣ, ਤੌਰ-ਤਰੀਕਾ, ਤਰਜ਼, ਸਲੀਕਾ, ਢੰਗ, ਮਕਰ, ਫ਼ਰੇਬ, ਅਕਲ, ਰਾਏ, ਕਰਤਬ, ਦਰੱਖ਼ਤ ਦੀ ਟਾਹਣੀ

فنا [ਫ਼ਨਾ : fəna] *ਇ:* ਮੌਤ, ਹਲਾਕਤ, ਬਰਬਾਦੀ, ਨੇਸਤੀ, ਨਾਸ, ਖ਼ਾਤਮਾ, ਅੰਤ

فنجان [ਫ਼ਿਨਜਾਨ : finəjan] *ਪੁ:* ਛੋਟੀ ਪਿਆਲੀ

فند [ਫ਼ੰਦ : fənd] *ਪੁ:* ਮਕਰ, ਦਗ਼ਾ, ਫ਼ਰੇਬ, ਝਾਂਸਾ

فندفریب [ਫ਼ੰਦ-ਫ਼ਰੇਬ : fənd-fəreb] *ਪੁ:* ਦਗ਼ਾ, ਫ਼ਰੇਬ, ਜੁਰਮ, ਝਾਂਸਾ

فن کار [ਫ਼ਨਕਾਰ : fənəkar] *ਵਿ:* ਕਾਰੀਗਰ, ਹੁਸ਼ਿਆਰ, ਕਲਾਕਾਰ

فنون [ਫ਼ੁਨੂਨ : funun] *ਪੁ:* فن ਦਾ ਬਹੁਵਚਨ, ਗੁਣ, ਹੁਨਰ, ਮਕਰ, ਫ਼ਰੇਬ

فواحش [ਫ਼ਵਾਹ़ਿਸ਼ : fəwaḥış] *ਪੁ:/ਇ:* فاحشہ ਦਾ ਬਹੁਵਚਨ, ਬੁਰੇ ਕੰਮ, ਬਦਕਾਰ ਤੀਵੀਆਂ

فواد [ਫ਼ੁਵਾਦ : fuwad] *ਪੁ:* ਦਿਲ

فوارہ [ਫ਼ੱਵਾਰਾ : fəwwara] *ਪੁ:* ਫ਼ੁਹਾਰਾ, ਪਿਚਕਾਰੀ, ਉਬਾਲ, ਜੋਸ਼

فواق [ਫ਼ਵਾਕ़ : fəwaq] *ਇ:* ਹਿਚਕੀ

فواکہ [ਫ਼ਵਾਕਿਹ : fəwakih] *ਪੁ:* فاکہہ ਦਾ ਬਹੁਵਚਨ, ਮੇਵੇ

فوائد [ਫ਼ਵਾਇਦ : fəwaid] *ਪੁ:* فائدہ ਦਾ ਬਹੁਵਚਨ, ਨਫ਼ੇ, ਲਾਭ, ਖ਼ੂਬੀਆਂ, ਵਿਆਜ

فوت [ਫ਼ੌਤ : fot] *ਇ:* ਕਿਸੇ ਵਸਤੂ ਦਾ ਗੁੰਮ ਹੋਣ ਦਾ ਭਾਵ, ਚਲਦੇ ਬਣਨਾ, ਮੌਤ, ਮਿਰਤੂ, ਅਸਫਲਤਾ, ਦੋ ਉਂਗਲੀਆਂ ਵਿਚਕਾਰਲੀ ਦੂਰੀ

فوج [ਫ਼ੌਜ : foj] *ਇ:* ਫ਼ੌਜ, ਲਸ਼ਕਰ, ਸੈਨਾ, ਜੰਗੀ ਆਦਮੀਆਂ ਦਾ ਇਕੱਠ, ਗੋਹ, ਜੱਥਾ, ਭੀੜ, ਟੋਲਾ

فوجدار [ਫ਼ੌਜਦਾਰ : fɔjədar] *ਪੁ:* ਸਿਪਾਹ ਸਾਲਾਰ, ਫ਼ੌਜ ਦਾ ਅਫ਼ਸਰ, ਸ਼ਹਿਰ ਦੇ ਅੰਦਰ ਜਾਂ ਬਾਹਰ ਦਾ ਹਾਕਮ, ਕੋਤਵਾਲ, ਮੈਜਿਸਟਰੇਟ, ਫ਼ੌਲਬਾਨ ਜਿਹੜਾ ਬਾਦਸ਼ਾਹ ਦੀ ਸਵਾਰੀ ਵਿਚ ਹਾਥੀ ਉੱਤੇ ਅੱਗੇ ਬੈਠੇ

فوجداری [ਫ਼ੌਜਦਾਰੀ : fɔjədari] *ਇ:* ਫ਼ੌਜਦਾਰ ਦੀ ਪਦਵੀ ਤੇ ਕਿਰਿਆ, ਮੈਜਿਸਟਰੇਟੀ, ਉਹ ਵਿਭਾਗ ਜਿਸ ਵਿਚ ਲੜਾਈ ਝਗੜੇ ਕਤਲ ਆਦਿ ਦੇ ਮੁਕੱਦਮਿਆਂ ਦੀ ਕਾਰਵਾਈ ਹੋਵੇ, ਲੜਾਈ, ਝਗੜਾ, ਫ਼ਸਾਦ

فوج کشی [ਫ਼ੌਜਕਸ਼ੀ : fɔjəkəṣi] *ਇ:* ਚੜ੍ਹਾਈ, ਹਮਲਾ, ਧਾਵਾ

فوجی [ਫ਼ੌਜੀ : fɔji] *ਵਿ:* ਫ਼ੌਜੀ, ਫ਼ੌਜ ਨਾਲ਼ ਸੰਬੰਧਿਤ, ਲਸ਼ਕਰੀ, ਜੰਗੀ

فور [ਫ਼ੌਰ : fɔr] *ਪੁ:* ਜਲਦੀ, ਸ਼ਤਾਬੀ, ਉਬਾਲ, ਤਰੀਕਾ, ਤਰਜ਼, ਘੜੀ, ਵਕਤ, ਸਮਾਂ

فورا/فوری [ਫ਼ੌਰਨ/ਫ਼ੌਰੀ : fɔrən/fɔri] *ਕਿਵਿ:* ਉਸੀ ਵਕਤ, ਝੱਟ-ਪੱਟ, ਤੁਰੰਤ, ਜਲਦੀ, ਇਸੇ ਸਮੇਂ

فوز [ਫ਼ੌਜ਼ : fɔz] *ਇ:* ਸਫਲਤਾ, ਫ਼ਤਿਹ, ਕਾਮਯਾਬੀ

فوض [ਫ਼ੌਜ਼ : fɔz] *ਪੁ:* ਕਿਸੇ ਤੇ ਕੰਮ ਛੱਡ ਦੇਣਾ

فوطہ [ਫ਼ੂਤ਼ਾ : futa] *ਪੁ:* ਪੇਟੀ, ਕਮਰਬੰਦ, ਰੁਮਾਲ, ਪਗੜੀ, ਹਮਾਮ ਦੀ ਲੁੰਗੀ, ਨਹਾਉਣ ਦਾ ਕੱਪੜਾ ਜਾਂ ਪਰਨਾ, ਖ਼ਜ਼ਾਨਾ, ਲਗਾਨ, ਟੈਕਸ, ਮਸੂਲ, ਥੈਲੀ, ਥੈਲਾ, ਗੁਰਦੇ, ਪਹਿਲੂ

فوطہ خانہ [ਫ਼ੂਤ਼ਾਖ਼ਾਨਾ : futaxana] *ਪੁ:* ਸਰਕਾਰੀ ਖ਼ਜ਼ਾਨਾ, ਗੰਜ

فوطہ دار [ਫ਼ੂਤ਼ਾਦਾਰ : futadar] *ਪੁ:* ਖ਼ਜ਼ਾਨਚੀ, ਮਾਮਲਾ ਇਕੱਠਾ ਕਰਨ ਵਾਲ਼ਾ ਕਰਮਚਾਰੀ, ਹਮਾਮ ਵਿੱਚ ਕੱਪੜਿਆਂ ਦਾ ਰਾਖਾ

فوق [ਫ਼ੌਕ਼ : fɔq] *ਵਿ:/ਪੁ:* ਉੱਚਾ, ਉੱਤੇ, ਬੁਲੰਦ, ਉੱਪਰ, ਬੁਲੰਦੀ, ਉਚਾਈ, ਬਜ਼ੁਰਗੀ, ਵੱਡਪਣ

فوقیت [ਫ਼ੌਕ਼ੀਯਤ : fɔqiyət] *ਇ:* ਵੱਡਪਣ, ਬਜ਼ੁਰਗੀ, ਵਡਿਆਈ, ਸ਼ਾਨ, ਪ੍ਰਾਪਤੀ

فولاد [ਫ਼ੂਲਾਦ : fulad] *ਪੁ:/ਵਿ:* ਅਸਪਾਤ, ਸਖ਼ਤ, ਕਰੜਾ, ਮਜ਼ਬੂਤ, ਬਹੁਤ ਹੀ ਸਖ਼ਤ ਅਤੇ ਖ਼ਾਸ ਕਿਸਮ ਦਾ ਲੋਹਾ

فولادی [ਫ਼ੂਲਾਦੀ : fuladi] *ਵਿ:* ਅਸਪਾਤ ਦਾ ਬਣਿਆ ਹੋਇਆ, ਬਹੁਤ ਸਖ਼ਤ, ਬਹੁਤ ਹੀ ਮਜ਼ਬੂਤ

فوں [ਫ਼ੂੰ : fũ] *ਪੁ:* ਸੱਪ ਦਾ ਫ਼ੁੰਕਾਰਾ

فہامہ [ਫ਼ਹਾਮਾ : fəhama] *ਵਿ:* ਬਹੁਤ ਸਮਝਦਾਰ, ਅਕਲਮੰਦ, ਸਿਆਣਾ

فہرس/فہرست [ਫ਼ਿਹਰਿਸ/ਫ਼ਿਹਰਿਸਤ : fihərɪs/fihərɪsət] *ਇ:* ਚੀਜ਼ਾਂ ਦੀ ਸੂਚੀ, ਚੀਜ਼ਾਂ ਦਾ ਵੇਰਵਾ, ਵਿਸ਼ੇ-ਸੂਚੀ, ਸੂਚੀ-ਪੱਤਰ, ਪੁਸਤਕਾਂ ਦੇ ਮਜ਼ਮੂਨਾਂ ਤੇ ਅਧਿਆਵਾਂ ਦਾ ਵੇਰਵਾ

فہم [ਫ਼ਹਮ : fəhəm] *ਇ:* ਸੂਝ, ਸਮਝ, ਅਕਲ, ਸਿਆਣਪ

فہمائش [ਫ਼ਹਮਾਇਸ਼ : fəhəmaɪṣ] *ਇ:* ਨਸੀਹਤ, ਝਾੜ-ਝੰਬ, ਤਾੜਨਾ

فہمید [ਫ਼ਹਮੀਦ : fəhəmid] *ਇ:* ਸਮਝ, ਅਕਲ, ਰਾਏ

فہمیدگی [ਫ਼ਹਮੀਦਗੀ : fəhəmidəgi] *ਇ:* ਸਮਝ-ਬੂਝ, ਸਿਆਣਪ

فہمیدہ [ਫ਼ਹਮੀਦਾ : fəhəmida] *ਵਿ:* ਸਮਝਦਾਰ, ਸੂਝਵਾਨ, ਹੁਸ਼ਿਆਰ

فہیم [ਫ਼ਹੀਮ : fəhim] *ਵਿ:* ਅਕਲਮੰਦ, ਸਮਝ-ਦਾਰ, ਸਿਆਣਾ, ਸੂਝਵਾਨ

فی [ਫ਼ੀ : fi] *ਸੰਬੰ:* ਵਿਚ, ਵਿਚਕਾਰ, ਅੰਦਰ, ਦਰਮਿਆਨ, ਸਾਥ, ਹਰੇਕ

فیاض [ਫ਼ੱਯਾਜ਼ : fəyyaz] *ਵਿ:* ਸਖੀ, ਦਰਿਆ ਦਿਲ, ਦਾਨੀ, ਫ਼ੈਜ਼ ਪਹੁੰਚਾਉਣ ਵਾਲ਼ਾ,

ਬਖ਼ਸ਼ਿਸ਼ ਕਰਨ ਵਾਲ਼ਾ

فیاضی [ਫ਼ੱਯਾਜ਼ੀ : fəyyazi] *ਇ:* ਸਖ਼ਾਵਤ, ਦਰਿਆ ਦਿਲੀ, ਬਖ਼ਸ਼ਿਸ਼, ਦਾਤ

فی المثل [ਫ਼ਿਲਮਿਸਲ : filəmisəl] *ਕਿਵਿ:* ਉਦਾਹਰਣ ਵਜੋਂ, ਮਿਸਾਲ ਦੇ ਤੌਰ ਤੇ, ਕਹਾਵਤ ਦੇ ਤੌਰ ਤੇ, ਜਿਵੇਂ ਕਿ

فی الوقت [ਫ਼ਿਲਵਕ਼ਤ : filəwəqət] *ਕਿਵਿ:* ਫ਼ੌਰਨ, ਇਕ ਦਮ, ਉਸੇ ਵੇਲ਼ੇ

فیروز [ਫ਼ੀਰੋਜ਼ : firoz] *ਵਿ:* ਫ਼ਤਿਹਮੰਦ, ਸਫਲ, ਕਾਮਯਾਬ, ਵਿਜੇਤਾ

فیروزمندی [ਫ਼ੀਰੋਜ਼ਮੰਦੀ : firozəmãdi] *ਇ:* ਸਫ਼ਲਤਾ, ਕਾਮਯਾਬੀ, ਫ਼ਤਿਹਮੰਦੀ, ਵਿਜੇ

فیصل [ਫ਼ੈਸਲ : fesəl] *ਪੁ:* ਹਾਕਮ, ਫ਼ੈਸਲਾ, ਨਿਰਨਾ, ਨਿਆਂ, ਵੰਡ, ਨਿਤਾਰਾ

فیصلہ [ਫ਼ੈਸਲਾ : fesəla] *ਪੁ:* ਫ਼ੈਸਲਾ, ਨਿਆਂ, ਨਿਰਨਾ, ਨਿਸਤਾਰਾ, ਪਰਖ

فیض [ਫ਼ੈਜ਼ : fez] *ਪੁ:* ਫ਼ਾਇਦਾ, ਲਾਭ, ਨਫ਼ਾ, ਸਖ਼ਾਵਤ, ਨੇਕੀ, ਭਲਾਈ, ਵੱਡੀ ਬਖ਼ਸ਼ਿਸ਼, ਪਾਣੀ ਵਗਣਾ, ਨਹਿਰ ਦੇ ਪਾਣੀ ਦਾ ਕੰਢਿਆਂ ਤੋਂ ਬਾਹਰ ਚਲਾ ਜਾਣਾ, ਭੇਦ ਜਾਂ ਮੱਥਣ ਦਾ ਪ੍ਰਗਟ ਹੋਣਾ

فیضان [ਫ਼ੈਜ਼ਾਨ : fəzan] *ਪੁ:* ਵੱਡਾ ਫ਼ਾਇਦਾ, ਵੱਡੀ ਬਖ਼ਸ਼ਿਸ਼

فیض بخش [ਫ਼ੈਜ਼ ਬਖ਼ਸ਼ : fezəbəxəş] *ਵਿ:* ਫ਼ਾਇਦਾ ਪਹੁੰਚਾਉਣਾ ਵਾਲ਼ਾ, ਸਖੀ, ਦਾਤਾ, ਦਾਨੀ

فیض رساں [ਫ਼ੈਜ਼ਰਸਾਂ : fezərəsã] *ਵਿ:* ਲਾਭ ਦੇਣ ਵਾਲ਼ਾ, ਸਖੀ ਦਾਤਾ

فیض یاب [ਫ਼ੈਜ਼ਯਾਬ : fezəyab] *ਵਿ:* ਫ਼ਾਇਦਾ ਪ੍ਰਾਪਤ ਕਰਨ ਵਾਲ਼ਾ, ਜਿਸ ਨੂੰ ਬਖ਼ਸ਼ਿਸ਼ ਮਿਲੀ ਹੋਵੇ

فیل [ਫ਼ੈਲ : fel] *ਪੁ:* ਮਕਰ, ਫ਼ਰੇਬ, ਸ਼ਰਾਰਤ

فیل [ਫ਼ੀਲ : fil] *ਪੁ:* ਹਾਥੀ, ਫ਼ੀਲਾ, ਸ਼ਤਰੰਜ ਦਾ ਇਕ ਮੋਹਰਾ

فیل خانہ [ਫ਼ੀਲਖ਼ਾਨਾ : filəxana] *ਪੁ:* ਹਾਥੀ ਖ਼ਾਨਾ, ਹਾਥੀਆਂ ਦਾ ਤਬੇਲਾ

فیوض [ਫ਼ਯੂਜ਼ : fəyuz] *ਪੁ:* فیض ਦਾ ਬਹੁ-ਵਚਨ, ਫ਼ਾਇਦੇ, ਲਾਭ, ਨੇਕੀਆਂ, ਬਖ਼ਸ਼ਿਸ਼ਾਂ

ق क़ाफ़

ق [क़ाफ़ : qaf] पुः उरदू वरनमाला दा सतांईवां, फ़ारसी दा चौंवीवां अते अरबी दा इकीवां अॅखर

قابِض [क़ाबिज़ : qabız] वि/पुः पंजे तों फड़न वाल़ा, कबज़ा करन वाल़ा, उह वसतू जिहड़ी कबज़ करे, तेज़ चलाउण वाल़ा, तेज़ उडाण

قابِل [क़ाबिल : qabıl] विः काबिल, लाइक, योग, अकलमंद, सिआणा, निपुंन, सूझवान, हुशिआर, विदवान, बुधीवान, अॅगे आउण वाल़ा, कबूल करन वाल़ा

قابِلِ اِعتِبار [क़ाबिल-ए-इअ़तिबार : qabıl-e-ı'ətıbar] विः भरोसे योग

قابِلِ اِعتِراض [क़ाबिल-ए-इअ़तिराज़ : qabıl-e-ı'ətıraz] विः इतराज़ योग, अकारन

قابِلِ تعریف [क़ाबिल-ए-तअ़रीफ़ : qabıl-e-tə'ərif] विः शलाघा करन योग, जिस दी सिफ़त कीती जावे

قابِلِ سماعت [क़ाबिल-ए-सआ़त : qabıl-e-səma'ət] विः सुणनयोग, अदालत विच सुणवाई योग

قابِلِ غور [क़ाबिल-ए-ग़ौर : qabıl-e-ğor] विः सोचण लाइक, धिआन देण योग

قابِلِ نِکاح [क़ाबिल-ए-निकाह़ : qabıl-e-nıkah] विः विआहुण योग, जवान, बालग़

قابلیّت [क़ाबलीयत : qabəliyyat] इः लिआकत, सलीका, योगता

قابُو [क़ाबु : qabu] पुः काबु, अवसर, विहल, फ़ुरसत, सआं, मौका, ज़ोर, वस, ताकत, पहुंच, हुकम, इखतिआर

قاتِل [क़ातिल : qatıl] विः कातिल, कतल करन वाल़ा, जॅलाद, ख़ूनी, जान लेवा, ज़ालम, घातक

قادِر [क़ादिर : qadır] वि/पुः कुदरत वाल़ा, ज़ोरावर, ताकत रॅखण वाल़ा, काबु रॅखण वाल़ा, परमातमा, रॅब दे नावां विचों इक नाम

قارُورہ [क़ारुरा : qarura] पुः उह शीशी जिस विच पिशाब पा के टैसट करवाइआ जांदा है, पिशाब, बारुद दी कुॅपी जिस विच अॅग ला के दुशमण उॅते सुॅटदे हन

قارُوں [क़ारुं : qarū] पुः हज़रत मुसा दी कौम दा बहुत ही अमीर पर कंजूस बंदा जिहड़ा आपणे माल समेत धरती विच ग़रक हो गिआ सी, आम तौर ते हर धंनवाद अते बखील लई वरतिआ जांदा शबद

قاری [क़ारी : qarı] वि/पुः पड़न वाल़ा, सुरीली अवाज़ विच कुरान मजीद दा पाठ

CamScanner

ਕਰਨ ਵਾਲ਼ਾ

قاسم [ਕ਼ਾਸਿਮ : qasım] *ਵਿ/ਪੁ:* ਵੰਡਣ ਵਾਲ਼ਾ, ਹਜ਼ਰਤ ਇਮਾਮ ਹਸਨ ਦੇ ਸਾਹਿਬਜ਼ਾਦੇ ਦਾ ਨਾਂ ਜੋ ਕਰਬਲਾ ਦੇ ਮੈਦਾਨ ਵਿਚ ਸ਼ਹੀਦ ਹੋਇਆ ਸੀ

قاش [ਕ਼ਾਸ਼ : qaṣ] *ਇ:* ਫਾਂਕ, ਟੋਟਾ, ਫਲ ਆਦਿ ਦੀ ਫਾਂਕ, ਫਾੜੀ

قاصد [ਕ਼ਾਸਿਦ : qasıd] *ਪੁ:* ਏਲਚੀ, ਚਿੱਠੀ ਲਿਆਉਣ ਵਾਲ਼ਾ, ਸਿੱਧੇ ਰਾਹ ਚੱਲਣ ਵਾਲ਼ਾ, ਲੱਕੜਾਂ ਪਾੜਨ ਵਾਲ਼ਾ, ਕਤਲ ਦਾ ਇਰਾਦਾ ਰੱਖਣ ਵਾਲ਼ਾ

قاصر [ਕ਼ਾਸਿਰ : qasır] *ਵਿ:* ਕਸੂਰਵਾਰ, ਕੋਤਾਹੀ ਕਰਨ ਵਾਲ਼ਾ, ਮਜਬੂਰ, ਲਾਚਾਰ, ਦਾੜ੍ਹੀ, ਨਿਪੁੰਸਕ, ਠੰਢਾ (ਪਾਣੀ)

قاصر ہمت [ਕ਼ਾਸਿਰ-ਏ-ਹਿੰਮਤ : qasır-e-hımmət] *ਵਿ:* ਬੇ-ਹੌਸਲਾ, ਕਮਜ਼ੋਰ, ਬੇਹਿੰਮਤਾ

قاضی [ਕ਼ਾਜ਼ੀ : qazi] *ਪੁ:/ਵਿ:* ਕਾਜ਼ੀ, ਨਿਕਾਹ ਪੜ੍ਹਾਉਣ ਵਾਲ਼ਾ, ਮੁਸਲਮਾਨ ਮੁਨਸਿਫ਼ ਜਿਹੜਾ ਸ਼ਰ੍ਹਾ ਅਨੁਸਾਰ ਫ਼ੈਸਲਾ ਕਰੇ, ਹੁਕਮ ਕਰਨ ਵਾਲ਼ਾ, ਝਗੜਾ ਨਿਪਟਾਉਣ ਵਾਲ਼ਾ, ਕਰਜ਼ਾ ਅਦਾ ਕਰਨ ਵਾਲ਼ਾ

قاعدہ [ਕ਼ਾਇਦਾ : qaıda] *ਪੁ:* ਅਸਲ, ਨੀਂਹ, ਬੁਨਿਆਦ, ਦਸਤੂਰ, ਵਿਧਾਨ, ਨਿਯਮ, ਰਸਮ, ਰਿਵਾਜ, ਕਾਨੂੰਨ, ਆਦਤ, ਗੁਰ, ਤਰੀਕਾ, ਸ਼ੈਲੀ, ਢੰਗ, ਵਿਆਕਰਨ ਦੇ ਨਿਯਮ

قافلہ [ਕ਼ਾਫ਼ਿਲਾ : qafila] *ਪੁ:* ਕਾਰਵਾਂ, ਵਪਾਰੀਆਂ ਜਾਂ ਯਾਤਰੂਆਂ ਦਾ ਟੋਲਾ, ਸਫ਼ਰ ਤੋਂ ਪਰਤਣ ਵਾਲ਼ੀ ਜਮਾਤ

قافیہ [ਕ਼ਾਫ਼ਿਯਾ : qafiya] *ਵਿ/ਪੁ:* ਪਿੱਛੇ ਚੱਲਣ ਵਾਲ਼ਾ, ਨਾਲ਼ ਦੀ ਨਾਲ਼ ਆਉਣ ਵਾਲ਼ਾ, ਘੜੀ-ਮੁੜੀ, ਵਾਰ ਵਾਰ, ਬੈਂਤ ਦੇ ਅਖੀਰ ਤੇ ਇਕੋ ਜਿਹੇ ਵਜ਼ਨ ਵਾਲ਼ਾ ਸ਼ਬਦ ਜਿਹੜਾ ਰਦੀਫ਼ ਤੋਂ ਪਹਿਲਾਂ ਆਉਂਦਾ ਹੈ

قاق [ਕ਼ਾਕ : qaq] *ਪੁ:/ਵਿ:* ਸੁੱਕਿਆ ਹੋਇਆ ਮਾਸ, ਮਾੜਚੂ ਜਿਹਾ, ਕਮਜ਼ੋਰ, ਨਿਰਬਲ, ਸੁੱਕੇ ਸਰੀਰ ਵਾਲ਼ਾ; ਬਿਸਕੁਟ, ਕੇਕ

قاقلہ [ਕ਼ਾਕੁਲਾ : qaqula] *ਇ:* ਮੋਟੀ ਇਲਾਇਚੀ

قالب [ਕ਼ਾਲਿਬ : qalıb] *ਪੁ:* ਸੱਚਾ, ਠੋਕਾ, ਢਾਂਚਾ, ਤਨ, ਸਰੀਰ, ਛਾਪਾ (ਕੱਪੜੇ ਠੋਕਣ ਵਾਲ਼ਾ)

قالین [ਕ਼ਾਲੀਨ : qalin] *ਪੁ:* ਕਾਲੀਨ, ਗ਼ਲੀਚਾ

قامت [ਕ਼ਾਮਤ : qamət] *ਪੁ:* ਕੱਦ-ਕਾਠ, ਡੀਲ-ਡੌਲ, ਜਿਸਮ, ਸਰੀਰ, ਮਨੁੱਖ ਦੀ ਉਚਾਈ, ਛੇ ਫੁੱਟ ਦਾ ਨਾਪ

قانون [ਕ਼ਾਨੂਨ : qanun] *ਪੁ:* ਹਰ ਚੀਜ਼ ਦਾ ਅਸਲ, ਕਾਨੂਨ, ਜੜ੍ਹ, ਬੁਨਿਆਦ, ਦਸਤੂਰ, ਰਸਮ-ਰਿਵਾਜ, ਢੰਗ, ਨਿਯਮ, ਸਿੱਧਾਂਤ, ਬੂ-ਅਲ-ਸੀਨਾ ਦੀ ਹਿਕਮਤ ਦੀ ਪ੍ਰਸਿੱਧ ਕਿਤਾਬ

قانون دان [ਕ਼ਾਨੂਨਦਾਨ : qanunədan] *ਵਿ:* ਕਾਨੂਨ ਜਾਣਨ ਵਾਲ਼ਾ, ਸਰਕਾਰੀ ਨਿਯਮਾਂ ਤੋਂ ਜਾਣੂ, ਕਾਨੂਨ ਦਾ ਗਿਆਤਾ

قانون دانی [ਕ਼ਾਨੂਨਦਾਨੀ : qanunədani] *ਇ:* ਕਾਨੂਨ ਦੀ ਜਾਣਕਾਰੀ, ਕਾਨੂਨ ਦਾ ਗਿਆਨ

قانونِ دیوانی [ਕ਼ਾਨੂਨ-ਏ-ਦੀਵਾਨੀ : qanun-e-dewani] *ਪੁ:* ਜਾਇਦਾਦ ਅਤੇ ਰਕਮ ਆਦਿ ਨਾਲ਼ ਸੰਬੰਧਿਤ ਕਾਨੂਨ

قانونِ فوجداری [ਕ਼ਾਨੂਨ-ਏ-ਫ਼ੌਜਦਾਰੀ : qanun-e-fojədari] *ਪੁ:* ਉਹ ਕਾਨੂਨ ਜਿਸ ਅਨੁਸਾਰ ਜੁਰਮ ਕਰਨ ਵਾਲ਼ਿਆਂ ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ

قانون گو [ਕ਼ਾਨੂਨਗੋ : qanungo] *ਪੁ:* ਕਾਨੂੰਗੋ, ਉਹ ਮੁਹੱਰਰ ਜਿਸ ਕੋਲ ਸਾਰੇ ਜ਼ਿਲੇ ਜਾਂ ਇਲਾਕੇ ਦੀਆਂ ਜ਼ਮੀਨਾਂ ਦਾ ਹਿਸਾਬ-ਕਿਤਾਬ ਹੁੰਦਾ ਹੈ,

ਪਟਵਾਰੀਆਂ ਦਾ ਅਫ਼ਸਰ, ਸ਼ੇਖਾਂ ਦੀ ਇਕ ਗੋਤ, ਝਗੜਾਲੂ

قانون [ਕ਼ਾਨੂਨਨ : qanunən] *ਕਿਵਿ:* ਕਾਨੂਨ ਅਨੁਸਾਰ, ਕਾਨੂਨੀ ਤੌਰ ਤੇ

قانونی [ਕ਼ਾਨੂਨੀ : qanuni] *ਵਿ:* ਕਾਨੂਨ ਨਾਲ਼ ਸੰਬੰਧਿਤ, ਕਾਨੂਨ ਬਣਾਉਣ ਜਾਂ ਜਾਣਨ ਵਾਲ਼ਾ, ਝਗੜਾਲੂ, ਤਕਰਾਰ ਕਰਨ ਵਾਲ਼ਾ, ਹੁੱਜਤੀ

قہر [ਕ਼ਾਹਿਰ : qahir] *ਵਿ:/ਪੁ:* ਕਹਿਰ ਕਰਨ ਵਾਲ਼ਾ, ਜ਼ਬਰਦਸਤ, ਜ਼ੋਰਾਵਰ, ਸ਼ਕਤੀਸ਼ਾਲੀ, ਅੱਲਾਹ ਦਾ ਇਕ ਸਿਫ਼ਾਤੀ ਨਾਂ

قائد [ਕ਼ਾਇਦ : qaid] *ਪੁ:* ਫ਼ੌਜ ਦਾ ਸਰਦਾਰ, ਨੇਤਾ, ਆਗੂ, ਲੀਡਰ, ਪਥ-ਪਰਦਰਸ਼ਕ, ਸੈਨਾਪਤੀ, ਅੱਗੇ ਖਿੱਚਣ ਵਾਲ਼ਾ, ਅੰਨ੍ਹੇ ਦੀ ਲਾਠੀ ਫੜ ਕੇ ਤੋਰਨ ਵਾਲ਼ਾ

قائل [ਕ਼ਾਇਲ : qail] *ਵਿ:* ਕਹਿਣ ਵਾਲ਼ਾ, ਬੋਲਣ ਵਾਲ਼ਾ, ਆਪਣਾ ਕਸੂਰ ਮੰਨਣ ਵਾਲ਼ਾ, ਹਾਰ ਮੰਨਣ ਵਾਲ਼ਾ

قائم [ਕ਼ਾਇਮ : qaim] *ਵਿ:* ਕਾਇਮ, ਖੜ੍ਹਾ ਹੋਣ ਵਾਲ਼ਾ, ਖੜ੍ਹਾ, ਖਲੋਤਾ, ਪੱਕਾ, ਮਜ਼ਬੂਤ, ਉਪ-ਸਥਿਤ, ਖਲੋਤਾ ਹੋਇਆ

قائم مقام [ਕ਼ਾਇਮ ਮੁਕ਼ਾਮ : qaim muqam] *ਵਿ:* ਕਿਸੇ ਦੀ ਥਾਂ ਕੰਮ ਕਰਨ ਵਾਲ਼ਾ, ਕਾਰ ਮੁਖ਼ਤਾਰ, ਵਕੀਲ, ਉਤਰਾਧਿਕਾਰੀ, ਵਲੀ ਅਹਿਦ, ਖ਼ਲੀਫ਼ਾ

قبا [ਕ਼ਬਾ : qəba] *ਇ:* ਅਚਕਨ, ਚੋਗਾ, ਕਮੀਜ਼ ਆਦਿ ਦਾ ਚਾਕ

قباحت [ਕ਼ਬਾਹ਼ਤ : qəbaḥət] *ਇ:* ਬੁਰਾਈ, ਖ਼ਰਾਬੀ, ਨੁਕਸ, ਐਬ, ਖੋਟ, ਦੁਸ਼ਵਾਰੀ, ਦਿੱਕਤ, ਮੁਸੀਬਤ, ਨੁਕਸਾਨ, ਹਾਨੀ, ਕਮਜ਼ੋਰੀ

قبالہ [ਕ਼ਬਾਲਾ : qəbala] *ਪੁ:* ਬੈਨਾਮਾ, ਮਕਾਨ ਦੀ ਰਜਿਸਟਰੀ ਜਾਂ ਹੋਰ ਕੋਈ ਸਬੂਤ, ਜ਼ਾਮਨੀ ਨਾਮਾ, ਕਾਨੂਨੀ ਲਿਖਤ

قبر [ਕ਼ਬਰ : qəbər] *ਇ:* ਕਬਰ, ਗੌਰ, ਉਹ ਥਾਂ ਜਿਥੇ ਮੁਰਦੇ ਨੂੰ ਦਫ਼ਨਾਇਆ ਜਾਵੇ, ਮੜ੍ਹੀ

قبرستان [ਕ਼ਬਰਿਸਤਾਨ : qəbərɪsətan] *ਪੁ:* ਕਬਰਿਸਤਾਨ, ਉਹ ਥਾਂ ਜਿਥੇ ਬਹੁਤ ਸਾਰੀਆਂ ਕਬਰਾਂ ਹੋਣ, ਮੁਰਦੇ ਦੱਬਣ ਦਾ ਸਥਾਨ, ਵੀਰਾਨ

قبض [ਕ਼ਬਜ਼ : qəbəz] *ਪੁ:* ਕਬਜ਼, ਪਕੜ, ਬੰਨ੍ਹ, ਕਾਬੂ, ਵਸ, ਟੱਟੀ ਨਾ ਆਉਣ ਦੀ ਦਸ਼ਾ, ਬੰਦਸ਼, ਇਲਮ-ਏ-ਅਰੂਜ਼ ਵਿਚ ਇਕ ਜ਼ਹਾਫ਼ ਦਾ ਨਾਮ

قبضہ [ਕ਼ਬਜ਼ਾ : qəbəza] *ਪੁ:* ਕਬਜ਼ਾ, ਦਖ਼ਲ, ਕਾਬੂ, ਅਖ਼ਤਿਆਰ, ਬਾਂਹ, ਪਕੜਨ ਦੀ ਥਾਂ, ਤਲਵਾਰ ਆਦਿ ਦਾ ਦਸਤਾ, ਮੁੱਠੀ ਭਰ ਚੀਜ਼

قبضہ دار [ਕ਼ਬਜ਼ਾਦਾਰ : qəbəzadar] *ਵਿ:* ਮਲਕੀਅਤ ਰੱਖਣ ਵਾਲ਼ਾ, ਕਾਬਜ਼, ਮੌਰੂਸੀ ਭੋਇੰ ਵਾਹੁਣ ਵਾਲ਼ਾ

قبل [ਕ਼ਬਲ : qəbəl] *ਕਿਵਿ:* ਪਹਿਲਾ, ਪਹਿਲੇ, ਅੱਗੇ

قبلہ [ਕ਼ਿਬਲਾ : qɪbəla] *ਪੁ:* ਜਿਸ ਪਾਸੇ ਮੂੰਹ ਕਰਕੇ ਨਮਾਜ਼ ਪੜ੍ਹਦੇ ਹਨ, ਸਾਹਮਣੇ ਜਾਂ ਟਾਕਰੇ ਦੀ ਚੀਜ਼, ਕਾਅਬਾ, ਹਜ਼ਰਤ ਜਾਂ ਜਨਾਬ (ਭਾਵ ਸੂਤਿਕਾਰ ਦਾ ਸ਼ਬਦ)

قبور [ਕ਼ੁਬੂਰ : qubur] *ਪੁ:* قبر ਦਾ ਬਹੁਵਚਨ, ਕਬਰਾਂ, ਗੌਰਾਂ

قبول [ਕ਼ਬੂਲ : qəbul] *ਪੁ:* ਕਬੂਲ, ਮਨਜ਼ੂਰੀ, ਇਕਰਾਰ, ਹਾਂ, ਰਜ਼ਾਮੰਦੀ, ਪ੍ਰਵਾਨਗੀ, ਸਵੀਕ੍ਰਿਤੀ

قبولِ خط [ਕ਼ਬੂਲ-ਏ-ਖ਼ਤ़ : qəbul-e-xət] *ਪੁ:* ਲਿਖਤੀ ਪ੍ਰਵਾਨਗੀ

قبولِ صورت [ਕ਼ਬੂਲ-ਏ-ਸੂਰਤ : qəbul-e-surət] *ਵਿ:* ਸੁੰਦਰ, ਖ਼ੂਬਸੂਰਤ, ਹਸੀਨ

قبولِ عام [ਕ਼ਬੂਲ-ਏ-ਆਮ : qəbul-e-am] *ਵਿ:* ਸਰਵਪ੍ਰਵਾਨਿਤ, ਹਰ ਇਕ ਨੂੰ ਚੰਗਾ ਲੱਗਣ ਵਾਲ਼ਾ

قبولیت [क़बूलीयत : qəbuliyət] *इ:* कानूनी मनज़ूरी, इकरारनामा मंन लैण दी दशा, प्रवानगी, रसीद

قُبّہ [क़ुंबा : qubba] *पु:* गुंबद, बुरज, कलगी, कलस, गोल इमारत

قبیل [क़बील : qəbil] *पु:* प्रकार, किसम, जिनस, कबीला, ख़ानदान, आदमीआं दा गोह, कौम दा रईस जां सरदार, भीड़, इकॅठ

قبیلہ [क़बीला : qəbila] *पु:* कबीला, इक दादे दी संतान, गोह, ढिरका, जॅथा, समूह, जमात, ख़ानदान, बीवी, जोरू, घर वाली, पतनी

قِتال [क़िताल : qıtal] *इ:* जंग, लड़ाई, ख़ून-ख़राबा, झेड़, कतल

قتّال [क़ॅताल : qəttal] *वि:* قاتل दा बहु-वचन, बहुते कतल करन वाले, ख़ूनी

قتل [क़तल : qətəl] *पु:* कतल, जान तों मार देण दी किरिआ

قتلا [क़तला : qətəla] *पु:* टुकड़ा, टोटा, पारा, फांक

قتلِ عام [क़तल-ए-आम : qətəl-e-am] *पु:* सारिआं नूं मार मुकाण दी कारवाई, समूहक ख़ून ख़राबा

قتل گاہ [क़तलगाह : qətəlgah] *इ:* उह थां जिथे कतल कीता जावे, मक़तल

قتل و غارت [क़तल-उ-ग़ारत : qətəl-o-ġarət] *इ:* जान तों मारन अते लुॅट लैण दी किरिआ

قتیل [क़तील : qətil] *वि:/पु:* कतल कीता होइआ, शहीद, मक़तूल, प्रसिॅध शाइर मिरज़ा क़तील दा तख़ॅलुस

قحبہ [क़हबा : qəḥəba] *इ:* बदकार इसतरी, रंडी

قحبہ خانہ [क़हबाख़ाना : qəḥəbaxana] *पु:* चकला

قحط [क़हत़ : qəḥət] *पु:* काल़, सोका, भुॅखमरी, महिंगाई, अंन दी घुज़ ते महिंगाई

قحط زدہ [क़हत़ज़दा : qəḥətəzəda] *वि:* जिथे काल़ पिआ होवे, भुॅखा, नंगा

قحط سالی [क़हत़साली : qəḥətəsali] *इ:* काल दा ज़ामाना, सोका

قد [क़ॅद : qədd] *पु:* कॅद, सरीर दी लंमाई, डील-डौल, कॅद-काठ

قدآور [क़दआवर : qədəawər] *वि:* कॅदावर, लंमा, लंमे कॅद दा, वॅडे कॅद दा, पूरे आदमी दे अकार दा

قدر [क़दर : qədər] *इ:/वि:* इॅज़त, बज़ुरगी, वडिआई, दरजा, मरतबा, रुतबा, अनुमान, अंदाज़ा, बराबर, समान, ख़ूबी, विसेशता

قدرت [क़ुदरत : qudərət] *इ:* ताकत, ज़ोर, बल, शकती, साहस, हौसला, दलेरी, अमीरी, सिशटी, प्रकिरती, तकदीर, सरब-शकतीमानता, रॅब दी इक सिफ़त

قدرتی [क़ुदरती : qudərəti] *वि:* क़ुदरती, असली, सॅची, पैदाइशी

قدردان [क़दरदान : qədərədan] *वि:* कदरदान, कदर करन वाला, बज़ुरग, सरप्रसत

قدر و قیمت [क़दर-उ-क़ीमत : qədər-o-qimət] *इ:* इॅज़त, बज़ुरगी दरजा, किसे चीज़ दा अंदाज़ा

قدری [क़ुदरी : qudəri] *इ:* जतन, दबा

قدرے قلیل [ਕ਼ਦਰ-ਏ-ਕ਼ਲੀਲ : qədər-e-qəlil] *ਵਿ:* ਥੋੜ੍ਹਾ ਜਿਹਾ, ਜ਼ਰਾ ਜਿਹਾ, ਥੋੜ੍ਹਾ

قُدس [ਕ਼ੁਦਸ : qudəs] *ਵਿ:/ਪੁ:* ਪਵਿੱਤਰ, ਪਵਿੱਤਰਤਾ, ਪਾਕੀਜ਼ਗੀ

قُدسی [ਕ਼ੁਦਸੀ : qudəsi] *ਵਿ:/ਪੁ:* ਪਵਿੱਤਰ, ਪਾਕ, ਪਾਕੀਜ਼ਾ, ਸਨਮਾਨਯੋਗ, ਫ਼ਰਿਸ਼ਤਾ, ਨੇਕ ਆਦਮੀ

قدم [ਕ਼ਦਮ : qadəm] *ਪੁ:* ਕਦਮ, ਪੈਰ, ਚਾਲ, ਰਫ਼ਤਾਰ, ਪੈਰ ਦਾ ਨਿਸ਼ਾਨ; ਜ਼ਾਤ, ਦਮ, ਮੌਜੂਦਗੀ, ਪਲਾਂਘ

قدم برداشتہ [ਕ਼ਦਮ ਬਰਦਾਸ਼ਤਾ : qədəm bərədaṣəta] *ਕਿਵਿ:* ਤੇਜ਼ ਚਾਲ, ਤੇਜ਼ ਰਫ਼ਤਾਰ ਨਾਲ਼

قدم بر قدم [ਕ਼ਦਮ ਬਰ ਕ਼ਦਮ : qədəm bər qədəm] *ਵਿ:* ਪੈਰਵੀ ਕਰਨ ਵਾਲ਼ਾ, ਪਿੱਛਾ ਕਰਨ ਵਾਲ਼ਾ

قدم بوسی [ਕ਼ਦਮ ਬੋਸੀ : qədəm bosi] *ਇ:* ਪੈਰ ਚੁੰਮਣ ਦਾ ਭਾਵ, ਪੈਰਾਂ ਨੂੰ ਹੱਥ ਲਾਉਣ ਦੀ ਕਿਰਿਆ, ਦਇਆ, ਆਗਿਆਕਾਰਤਾ

قدیم [ਕ਼ਦੀਮ : qədim] *ਵਿ:* ਆਦਿ ਅੰਤ ਰਹਿਤ, ਅਨੰਤ, ਸਦਾ ਦਾ, ਪੁਰਾਤਨ ਜ਼ਮਾਨੇ ਦਾ, ਪ੍ਰਾਚੀਨ

قدیمی [ਕ਼ਦੀਮੀ : qədimi] *ਵਿ:* ਸਦਾ ਦਾ, ਹਮੇਸ਼ਾ ਦਾ, ਪੁਰਾਤਨ, ਪ੍ਰਾਚੀਨ

قرابت [ਕ਼ਰਾਬਤ : qərabət] *ਇ:* ਰਿਸ਼ਤੇਦਾਰੀ, ਨੇੜਤਾ, ਨਿਕਟਤਾ

قرابت دار [ਕ਼ਰਾਬਤਦਾਰ : qərabətədar] *ਪੁ:* ਰਿਸ਼ਤੇਦਾਰ, ਸੰਬੰਧੀ

قرابت داری [ਕ਼ਰਾਬਤਦਾਰੀ : qərabətədari] *ਇ:* ਰਿਸ਼ਤੇਦਾਰੀ, ਨਾਤੇਦਾਰੀ, ਸਾਕਾਦਾਰੀ

قرابتی [ਕ਼ਰਾਬਤੀ : qərabəti] *ਵਿ:* ਰਿਸ਼ਤੇ ਦਾ, ਨਾਤੇ ਦਾ

قرابہ [ਕ਼ਰਾਬਾ : qəraba] *ਪੁ:* ਅਰਕ ਰੱਖਣ ਦਾ ਵੱਡਾ ਜਾਰ, ਸ਼ਰਾਬ ਦਾ ਜਾਰ, ਸੁਰਾਹੀ, ਠੰਢਾ ਪਾਣੀ, ਮਿੱਠਾ ਪਾਣੀ

قِرات [ਕ਼ਿਰਾਤ : qirat] *ਇ:* ਪੜ੍ਹਨਾ

قرار [ਕ਼ਰਾਰ : qərar] *ਪੁ:* ਕਰਾਰ, ਅਰਾਮ, ਚੈਨ, ਸ਼ਾਂਤੀ, ਬਰਦਾਸ਼ਤ, ਸਬਰ, ਸਹਿਨਸ਼ੀਲਤਾ, ਹਲੀਮੀ, ਮਜ਼ਬੂਤੀ, ਸਥਿਰਤਾ, ਅਡੋਲਤਾ, ਪੱਕੜਤਾ, ਪੁਸ਼ਟੀ, ਇਕਰਾਰ, ਸੰਧੀ, ਸਚਾਈ

قُرآن [ਕ਼ੁਰਆਨ : qurəan] *ਪੁ:* ਕਲਾਮ-ਏ-ਅੱਲਾਹ, ਕਲਾਮ ਮਜੀਦ, ਉਹ ਕਲਾਮ ਜਿਹੜਾ ਹਜ਼ਰਤ ਮੁਹੰਮਦ ਰਸੂਲ ਹੋਰਾਂ ਤੇ ਨਾਜ਼ਲ ਹੋਇਆ

قِران [ਕ਼ਿਰਾਨ : qiran] *ਪੁ:* ਨਜ਼ਦੀਕੀ, ਨੇੜਤਾ, ਮਿਲਾਪ, ਸੰਜੋਗ, ਮੇਲ, ਲਗਨ, ਗ੍ਰਹਿ

قُرب [ਕ਼ੁਰਬ : qurəb] *ਪੁ:* ਨਜ਼ਦੀਕੀ, ਨਿਕਟਤਾ, ਨੇੜਤਾ, ਇਰਦ-ਗਿਰਦ

قُربان [ਕ਼ੁਰਬਾਨ : qurəban] *ਪੁ:* ਕੁਰਬਾਨ, ਭੇਟ, ਸਦਕੇ, ਵਾਰਨਾ, ਬਲਿਹਾਰੀ, ਖ਼ੈਰਾਤ

قُربانی [ਕ਼ੁਰਬਾਨੀ : qurbani] *ਇ:* ਕੁਰਬਾਨੀ, ਜ਼ਿਬ੍ਹਾ, ਹਲਾਲ, ਉਹ ਜਾਨਵਰ ਜਿਸ ਨੂੰ ਖ਼ੁਦਾ ਦੀ ਰਾਹ ਤੇ ਜ਼ਿਬ੍ਹਾ ਕੀਤਾ ਜਾਵੇ, ਬਲੀ

قُربت [ਕ਼ੁਰਬਤ : qurəbət] *ਇ:* ਨਜ਼ਦੀਕੀ, ਨੇੜਤਾ, ਰਿਸ਼ਤਾ

قرض [ਕ਼ਰਜ਼ : qərəz] *ਪੁ:* ਕਰਜ਼, ਉਧਾਰ, ਮੰਗਿਆ ਹੋਇਆ ਧਨ

قرض خواہ [ਕ਼ਰਜ਼ ਖ਼ੁਾਹ : qərəz xwah] *ਪੁ:* ਉਧਾਰ ਦੇਣ ਵਾਲ਼ਾ, ਲੈਣਦਾਰ

قرض دار [ਕ਼ਰਜ਼ਦਾਰ : qərəzədar] *ਵਿ:* ਉਧਾਰ ਲੈਣ ਵਾਲ਼ਾ, ਦੇਣਦਾਰ

قرض داری [ਕ਼ਰਜ਼ਦਾਰੀ : qərəzədari] *ਇ:* ਕਰਜ਼ਾ ਦੇਣ ਦਾ ਕਿੱਤਾ

قرضہ [ਕ਼ਰਜ਼ਾ : qərəza] *ਪੁ:* ਕਰਜ਼ਾ, ਉਧਾਰ, ਦੇਣ
محیر [ਮੁਹੈੱਯਰ : muḥiyyər] /ਵਿ: ਹੈਰਾਨ ਕਰਨ ਵਾਲ਼ਾ, ਹੈਰਾਨੀ ਵਿਚ ਪਾਉਣ ਵਾਲ਼ਾ

محیط [ਮੁਹੀਤ : muḥit] /ਵਿ:/ਪੁ ਹਾਤਾ ਕਰਨ ਵਾਲ਼ਾ, ਘੇਰਨ ਵਾਲ਼ਾ, ਦੌਰਾ, ਚੱਕਰ, ਘੇਰਾ, ਦਾਇਰੇ ਦੀ ਗੋਲ ਲੀਕ, ਸਮੁੰਦਰ ਜਿਹੜਾ ਸਾਰੀ ਧਰਤੀ ਨੂੰ ਘੇਰੀ ਬੈਠਾ ਹੈ; ਇਕ ਅਰਬੀ ਕੋਸ਼ ਦਾ ਨਾਂ, ਫ਼ਿੱਕਾ ਦੀ ਇਕ ਪ੍ਰਸਿੱਧ ਕਿਤਾਬ

محیل [ਮੁਹੀਲ : muḥil] /ਵਿ: ਫ਼ਰੇਬੀ, ਮੱਕਾਰ

مخ [ਮੁਖ਼ : mux] /ਪੁ: ਮਗਜ਼, ਸਿਰ

مخبرہ [ਮੁਖ਼ਾਬਰਾ : muxabəra] /ਪੁ: ਖ਼ਬਰਾਂ ਪੁਚਾਉਣ ਦਾ ਕਾਰਜ

مخارج [ਮੁਖ਼ਾਰਿਜ : muxarij] /ਪੁ: مخرج ਦਾ ਬਹੁਵਚਨ, ਨਿਕਲਣ ਦੀਆਂ ਥਾਂਵਾਂ, ਸੋਮੇ, ਸਰੋਤ

مخاصم [ਮੁਖ਼ਾਸਿਮ : muxasim] /ਪੁ: ਦੁਸ਼ਮਣੀ ਕਰਨ ਵਾਲ਼ਾ, ਵੈਰੀ

مخاصمانہ [ਮੁਖ਼ਾਸਮਾਨਾ : muxasəmana] /ਵਿ: ਦੁਸ਼ਮਣੀ ਵਾਲ਼ੀ

مخاصمت [ਮੁਖ਼ਾਸਮਤ : muxasəmət] /ਇ: ਦੁਸ਼ਮਣੀ, ਵਿਰੋਧ, ਵੈਰ, ਲਾਗ-ਡਾਟ, ਲੜਾਈ, ਝਗੜਾ

مخاطب [ਮੁਖ਼ਾਤ਼ਬ : muxatəb] /ਪੁ: ਜਿਸ ਨੂੰ ਸੰਬੋਧਿਤ ਕੀਤਾ ਗਿਆ ਹੋਵੇ, ਜਿਸ ਨਾਲ਼ ਗੱਲ ਕੀਤੀ ਗਈ ਹੋਵੇ

مخاطِب [ਮੁਖ਼ਾਤ਼ਿਬ : muxatib] /ਪੁ: ਸੰਬੋਧਨ ਕਰਨ ਵਾਲ਼ਾ, ਸਾਹਮਣੇ ਬੋਲਣ ਵਾਲ਼ਾ, ਵਕਤਾ; ਗੁੱਸੇ ਹੋਣ ਵਾਲ਼ਾ

مخاطرہ [ਮੁਖ਼ਾਤ਼ਰਾ : muxatəra] /ਪੁ: ਡਰ, ਭੈ, ਖ਼ਤਰਾ, ਫ਼ਿਕਰ, ਚਿੰਤਾ; ਦਿਲ ਵਿਚ ਆਉਣ ਵਾਲ਼ੀ ਗੱਲ

مخافت [ਮੁਖ਼ਾਫ਼ਤ : muxafət] /ਇ: ਡਰ, ਖ਼ਤਰਾ, ਅੰਦੇਸ਼ਾ

مخالطت [ਮੁਖ਼ਾਲਤ਼ਤ : muxalətət] /ਇ: ਮੇਲ-ਜੋਲ਼, ਦੋਸਤੀ, ਮੇਲ-ਮਿਲਾਪ

مخالف [ਮੁਖ਼ਾਲਿਫ਼ : muxalif] /ਪੁ: ਵਿਰੋਧੀ,

ਦੁਸ਼ਮਣ, ਵੈਰੀ, ਵਿਪਰੀਤ

مخالفت [ਮੁਖ਼ਾਲਿਫ਼ਤ : muxalifət] *ਇ:* ਦੁਸ਼ਮਣੀ, ਵੈਰ; ਵਿਰੋਧ, ਖਿਚਾ, ਪਰਸਪਰ ਖ਼ਿਲਾਫ਼ ਹੋਣਾ, ਪਰਸਪਰ ਭੇਦ ਭਾਵ

مخبر [ਮੁਖ਼ਬਰ : muxəbər] *ਪੁ:* ਖ਼ਬਰ ਦੇਣ ਵਾਲ਼ਾ, ਜਸੂਸ, ਸੂਹੀਆ

مخبری [ਮੁਖ਼ਬਰੀ : muxəbəri] *ਇ:* ਮੁਖ਼ਬਰੀ, ਜਸੂਸੀ, ਗੁਪਤ ਖ਼ਬਰਾਂ ਭੇਜਣ ਦਾ ਕੰਮ

مخبوط [ਮਖ਼ਬੂਤ਼ : məxəbut] *ਵਿ:* ਜਨੂਨੀ, ਸ਼ੁਦਾਈ, ਬਦਹਵਾਸ, ਖ਼ਬਤੀ, ਕਨੂੰਨੀ

مخبوط الحواس [ਮਖ਼ਬੂਤ਼-ਉਲ-ਹ਼ਵਾਸ : məxəbut-ul-ḥəwas] *ਵਿ:* ਦੀਵਾਨਾ, ਪਾਗਲ, ਸ਼ੁਦਾਈ, ਜਿਸ ਦੇ ਹੋਸ਼ ਹਵਾਸ ਜਾਂਦੇ ਰਹੇ ਹੋਣ

مختار [ਮੁਖ਼ਤਾਰ : muxətar] *ਪੁ:* ਮੁਖ਼ਤਿਆਰ, ਅਜ਼ਾਦ, ਸੁਤੰਤਰ, ਅਧਿਕਾਰ ਸਹਿਤ; ਵਲੀ, ਸਰਪ੍ਰਸਤ; ਗੁਮਾਸ਼ਤਾ, ਵਕੀਲ, ਚੁਣਿਆ ਹੋਇਆ ਪਸੰਦ ਕੀਤਾ ਹੋਇਆ

مختارِ خاص [ਮੁਖ਼ਤਾਰ-ਏ-ਖ਼ਾਸ : muxətar-e-xas] *ਪੁ:* ਵਿਸ਼ੇਸ਼ ਕੰਮ ਲਈ ਅਧਿਕਾਰਿਤ ਵਿਅਕਤੀ

مختارِ ریاست [ਮੁਖ਼ਤਾਰ-ਏ-ਰਿਯਾਸਤ : muxətar-e-riyasət] *ਪੁ:* ਰਿਆਸਤ ਦਾ ਪ੍ਰਬੰਧਕ

مختارِ عام [ਮੁਖ਼ਤਾਰ-ਏ-ਆ਼ਮ : muxətar-e-a'm] *ਪੁ:* ਉਹ ਗੁਮਾਸ਼ਤਾ ਜਿਸ ਨੂੰ ਹਰ ਕੰਮ ਲਈ ਅਧਿਕਾਰ ਦਿੱਤੇ ਗਏ ਹੋਣ, ਮੁੱਖ ਪ੍ਰਬੰਧਕ

مختار نامہ [ਮੁਖ਼ਤਾਰ ਨਾਮਾ : muxətar nama] *ਪੁ:* ਮੁਖਤਿਆਰਨਾਮਾ, ਉਹ ਲਿਖਤ ਜਿਸ ਰਾਹੀਂ ਕਿਸੇ ਵਿਅਕਤੀ ਨੂੰ ਅਧਿਕਾਰ ਦਿੱਤੇ ਗਏ ਹੋਣ, ਅਧਿਕਾਰ ਪੱਤਰ

مختصر [ਮੁਖ਼ਤਸਰ : muxətəsər] *ਵਿ/ਪੁ:* ਸੰਖੇਪ, ਚੋਣਵਾਂ, ਥੋੜ੍ਹਾ; ਛੋਟਾ, ਨਿੱਕਾ, ਸੰਖਿਪਤ, ਖ਼ੁਲਾਸ਼ਾ, ਸਾਰ, ਮਮੂਲੀ; ਇਸਲਾਮੀ ਕਾਨੂੰਨ ਦੀ ਇਕ ਕਿਤਾਬ ਦਾ ਨਾਂ

مخفی [ਮੁਖ਼ਤਫ਼ੀ : muxətəfi] *ਵਿ:* ਛੁਪਿਆ ਹੋਇਆ, ਲੁਕਿਆ ਹੋਇਆ, ਗੁਪਤ, ਮੁਫ਼ੀਆ

مختل [ਮੁਖ਼ਤਲ : muxətəl] *ਵਿ:* ਵਿਗੜਿਆ ਹੋਇਆ, ਦਰਹਮ ਬਰਹਮ

مختلط [ਮੁਖ਼ਤਲਤ਼ : muxətələt] *ਵਿ:* ਮਿਲ਼ਿਆ ਹੋਇਆ, ਗੱਡਮੱਡ

مختلط [ਮੁਖ਼ਤਿਲਿਤ਼ : muxətilit] *ਵਿ:* ਗੁੰਮਨਾਮ

مختلف [ਮੁਖ਼ਤਲਿਫ਼ : muxətəlif] *ਵਿ:* ਵੱਖਰਾ; ਵਿਰੋਧੀ; ਕਈ ਪ੍ਰਕਾਰ ਦਾ, ਵੱਖ ਵੱਖ ਤਰ੍ਹਾਂ ਦਾ, ਅਲੱਗ ਅਲੱਗ, ਭਾਂਤ ਭਾਂਤ ਦਾ

مختوم [ਮਖ਼ਤੂਮ : məxətum] *ਵਿ:* ਮੋਹਰ ਲੱਗੀ ਹੋਈ, ਬੰਦ ਕੀਤਾ ਹੋਇਆ

مخدر [ਮੁਖ਼ੱਦਿਰ : muxəddir] *ਵਿ:* ਸੁੰਨ ਕਰਨ ਵਾਲ਼ਾ; ਨੀਂਦ ਲਿਆਉਣ ਵਾਲ਼ਾ; ਛੁਪਿਆ ਹੋਇਆ, ਪਰਦਾਦਾਰ

مخدرات [ਮੁਖ਼ੱਦਿਰਾਤ : muxəddirat] *ਇ:* ਪਰਦੇ ਵਿਚ ਰਹਿਣ ਵਾਲ਼ੀਆਂ ਇਸਤਰੀਆਂ

مخدوش [ਮੁਖ਼ਦੂਸ਼ : muxəduṣ] *ਵਿ:* ਖ਼ਦਸ਼ਿਆਂ ਨਾਲ਼ ਭਰਿਆ ਹੋਇਆ, ਸ਼ੰਕਾਵਾਂ ਸਹਿਤ, ਛਿੱਲਿਆ ਹੋਇਆ

مخدوم [ਮਖ਼ਦੂਮ : məxədum] *ਪੁ:* ਖ਼ਿਦਮਤ ਕੀਤਾ ਗਿਆ, ਬਜ਼ੁਰਗ, ਮਾਲਕ, ਆਕਾ, ਸੁਆਮੀ, ਸਰਕਾਰ, ਸੇਵਾਯੋਗ

مخذول [ਮਖ਼ਜ਼ੂਲ : məxəzul] *ਵਿ:* ਜ਼ਲੀਲ, ਖ਼ੁਆਰ

مخرب [ਮੁਖ਼ੱਰਬ : muxərrəb] *ਵਿ:* ਖ਼ਰਾਬ ਹੋਇਆ ਹੋਇਆ, ਵਿਗੜਿਆ ਹੋਇਆ

مخرب [ਮੁਖ਼ੱਰਿਬ : muxərrib] *ਵਿ:* ਵੀਰਾਨ ਕਰਨ ਵਾਲ਼ਾ, ਬਰਬਾਦ ਕਰਨ ਵਾਲ਼ਾ

مخرج [ਮੁਖ਼ੱਰਜ : muxərrəj] *ਪੁ:* ਖ਼ਾਰਜ ਹੋਣ ਦੀ ਥਾਂ, ਨਿਕਲਣ ਦੀ ਜਗ੍ਹਾ, ਨਿਕਾਸ, ਅਸਲ,

ਜੜ੍ਹ, ਸੋਮਾ, ਸਰੋਤ

مخروط [ਮਖ਼ਰੂਤ਼ : məxərut] *ਵਿ:* ਤਰਾਸ਼ਿਆ ਹੋਇਆ, ਛਿੱਲਿਆ ਹੋਇਆ, ਗਾਜਰ ਦੀ ਸ਼ਕਲ ਦਾ, ਗਾਂ ਦੀ ਪੂਛ ਵਰਗਾ ਨੁਕੀਲਾ, ਖਰਾਦ ਤੇ ਚੜ੍ਹਾਇਆ ਗਿਆ

مخزن [ਮਖ਼ਜ਼ਨ : məxəzən] *ਪੁ:* خزانہ ਦਾ ਬਹੁਵਚਨ, ਖ਼ਜ਼ਾਨੇ ਦੀ ਥਾਂ, ਖ਼ਜ਼ਾਨਾ, ਗੁਦਾਮ, ਭੰਡਾਰ

مخزن الاسرار [ਮਖ਼ਜ਼ਨ-ਉਲ-ਅਸਰਾਰ : məxəzən-ul-əsərar] *ਪੁ:* ਉਹ ਜਿਸ ਨੂੰ ਬਹੁਤ ਸਾਰੇ ਭੇਦ ਪਤਾ ਹੋਣ

مخصوص [ਮਖ਼ਸੂਸ : məxəsus] *ਵਿ:* ਖ਼ਾਸ ਕਰਾਰ ਕੀਤਾ ਗਿਆ, ਨਾਮਜ਼ਦ ਕੀਤਾ ਗਿਆ, ਨਿਸਚਿਤ ਕੀਤਾ ਗਿਆ

مخضب [ਮੁਖ਼ੱਜ਼ਿਬ : muxəzzib] *ਵਿ:* ਖ਼ਜ਼ਾਬ ਕੀਤਾ ਹੋਇਆ, ਰੰਗਿਆ ਹੋਇਆ, ਵਸਮਾ ਲਾਇਆ ਹੋਇਆ

مخزون [ਮਖ਼ਜ਼ੂਨ : məxəzun] *ਵਿ:* ਖ਼ਜ਼ਾਨੇ ਵਿਚ ਰੱਖਿਆ ਗਿਆ, ਖ਼ਜ਼ਾਨੇ ਵਿਚ ਸ਼ਾਮਲ

مخضر [ਮੁਖ਼ਜ਼ਰ : muxəzər] *ਵਿ:* ਸਬਜ਼, ਸਾਵਾ, ਸਰਸਬਜ਼, ਮੁਬਾਰਕ, ਬਰਕਤ ਵਾਲ਼ਾ

مخطط [ਮੁਖ਼ੱਤ਼ : muxəttət] *ਵਿ:* ਖ਼ਤਦਾਰ, ਲਕੀਰਾਂ ਵਾਲ਼ਾ, ਧਾਰੀਆਂ ਵਾਲ਼ੀ (ਚੀਜ਼)

مخطوب [ਮੁਖ਼ਤੂਬ : muxətub] *ਵਿ:* ਵਾਅਦਾ ਕੀਤਾ ਗਿਆ, ਮਨਸੂਬ

مخطوبہ [ਮਖ਼ਤੂਬਾ : məxətuba] *ਵਿ:* ਮੰਗੀ ਜਾ ਚੁੱਕੀ ਕੁੜੀ

مخطور [ਮਖ਼ਤੂਰ : məxətur] *ਵਿ:* ਖ਼ਤਰਾ ਕੀਤਾ ਗਿਆ, ਅੰਦੇਸ਼ਾ ਕੀਤਾ ਗਿਆ, ਦਿਲ ਵਿਚ ਪੈਦਾ ਹੋਣ ਵਾਲ਼ੇ (ਖ਼ਿਆਲ); ਖ਼ਤਰਨਾਕ

مخطورات [ਮਖ਼ਤੂਰਾਤ : məxəturat] *ਪੁ:* مخطور ਦਾ ਬਹੁਵਚਨ, ਦਿਲੀ ਖ਼ਤਰੇ, ਦਿਲੀ ਅੰਦੇਸ਼ੇ

مخلد [ਮੁਖ਼ੱਲਦ : muxəlləd] *ਵਿ:* ਹਮੇਸ਼ਾ ਦਾ, ਸਦਾ ਦਾ, ਸਥਾਈ

مخلص [ਮੁਖ਼ਲਿਸ : muxəllis] *ਵਿ:* ਖ਼ਾਲਸ, ਬੇਮੇਲ, ਸੱਚਾ, ਸਾਦਕ;

مخلصانہ [ਮੁਖ਼ਲਿਸਾਨਾ : muxəlisana] *ਕਿਵਿ:* ਸੱਚੀ ਹਮਦਰਦੀ ਦੇ ਤੌਰ ਤੇ

مخلصی [ਮੁਖ਼ਲਿਸੀ : muxəlisi] *ਇ:* ਨਜਾਤ, ਛੁਟਕਾਰਾ, ਰਿਹਾਈ, ਖ਼ਲਾਸੀ

مخلط [ਮੁਖ਼ਲਤ਼ : muxələt] *ਵਿ:* ਚੰਗੀ ਤਰ੍ਹਾਂ ਮਿਲ਼ਿਆ ਹੋਇਆ

مخلوط [ਮਖ਼ਲੂਤ਼ : məxəlut] *ਵਿ:* ਮਿਲ਼ਿਆ ਜੁਲ਼ਿਆ, ਗੱਡ ਮੱਡ, ਖ਼ਲਤ ਮਲਤ, ਮਿਸ਼ਰਿਤ

مخلوط النسل [ਮਖ਼ਲੂਤ਼ੁੰਨਸਲ : məxəlutũnəsəl] *ਵਿ:* ਦੋਗਲਾ, ਦੋਹਰੀ ਨਸਲ ਦਾ

مخلوق [ਮਖ਼ਲੂਕ਼ : məxəluq] *ਵਿ:/ਇ:* ਪੈਦਾ ਕੀਤਾ ਹੋਇਆ, ਖ਼ਲਕਤ, ਕਾਇਨਾਤ, ਸੰਸਾਰ, ਦੁਨੀਆ, ਸ੍ਰਿਸ਼ਟੀ ਦੀ ਹਰ ਰਚਨਾ

مخمر [ਮੁਖ਼ੱਮਿਰ : muxəmmir] *ਵਿ:* ਖ਼ਮੀਰ ਕੀਤਾ ਗਿਆ, ਗੁੰਨ੍ਹਿਆ ਹੋਇਆ

مخمصہ [ਮੁਖ਼ਮਸਾ : muxəməsa] *ਪੁ:* ਝਗੜਾ, ਬਖੇੜਾ, ਝੰਜਟ

مخمور [ਮਖ਼ਮੂਰ : məxəmur] *ਵਿ:* ਨਸ਼ੇ ਵਿਚ ਚੂਰ, ਮਸਤ, ਮਦਹੋਸ਼, ਮਤਵਾਲਾ

مخوف [ਮੁਖ਼ੱਵਿਫ਼ : muxəwwif] *ਵਿ:* ਡਰਾਉਣ ਵਾਲ਼ਾ

مخمول [ਮਖ਼ਮੂਲ : məxəmul] *ਵਿ:* ਮੁਰਝਾਇਆ ਹੋਇਆ, ਅਫ਼ਸੋਸਿਆ ਹੋਇਆ

مخنث [ਮੁਖ਼ੱਨਸ : muxənəs] *ਪੁ:* ਹੀਜੜਾ, ਨਾ-ਮਰਦ, ਨਪੁੰਸਿਕ

مخول [ਮਖ਼ੌਲ : məxɔl] *ਪੁ:* ਮਖ਼ੌਲ, ਮਜ਼ਾਕ, ਠੱਠਾ, ਛੇੜਖ਼ਾਨੀ

مخولیا [ਮਖ਼ੌਲੀਯਾ : məxɔliya] *ਵਿ:* ਮਖ਼ੌਲੀਆ,

ਮਸਖ਼ਰਾ, ਮਜ਼ਾਕੀਆ

مخیر [ਮਖ਼ੱਯਰ : məxəyyər] *ਵਿ:* ਬਹੁਤ ਹੀ ਨੇਕ, ਖ਼ੈਰਾਤ ਕਰਨ ਵਾਲ਼ਾ, ਸਖ਼ੀ, ਦਾਤਾ

مخیل [ਮੁਖ਼ੱਯਲ : muxəyyəl] *ਵਿ:* ਖ਼ਿਆਲ ਕੀਤਾ ਗਿਆ, ਸੋਚਿਆ ਗਿਆ

مد [ਮਦ : məd] *ਇ:* ਖ਼ੁਮਾਰ, ਨਸ਼ਾ, ਮਦਹੋਸ਼ੀ; ਖ਼ੁਸ਼ੀ; ਗ਼ਰੂਰ, ਘੁਮੰਡ; ਜਨੂਨ; ਨਦੀ, ਦਰਿਆ

مداخل [ਮਦਾਖ਼ਿਲ : mədaxil] *ਇ:* **مدخل** ਦਾ ਬਹੁਵਚਨ, ਆਦਮੀਆਂ, ਮਾਮਲੇ; ਦਾਖ਼ਲ ਹੋਣ ਦੀ ਥਾਂ, ਘਰ, ਮਕਾਨ; ਦਰਵਾਜ਼ੇ, ਆਮਦਨੀ

مداخلت [ਮੁਦਾਖ਼ਲਤ : mudaxələt] *ਇ:* ਦਖ਼ਲ, ਮਜ਼ਾਹਤ; ਕਬਜ਼ਾ, ਕਾਬੂ, ਪਹੁੰਚ; ਦਖ਼ਲ ਦੇਣਾ

مداخل و مخارج [ਮਦਾਖ਼ਲ - ਉ - ਮਖ਼ਾਰਿਜ : mədaxəl-o-məxarij] *ਪੁ:* ਆਮਦਨੀ ਅਤੇ ਖ਼ਰਚ

مداد [ਮਿਦਾਦ : midad] *ਇ:* ਰੋਸ਼ਨਾਈ, ਦਵਾਤ ਦੀ ਸਿਆਹੀ; ਪੈਨਸਲ

مدارا [ਮੁਦਾਰਾ : mudara] *ਇ:* ਆਓ-ਭਗਤ, ਸੁਲ੍ਹਾ, ਰਿਆਇਤ, ਖ਼ਾਤਰ ਤਵਾਜ਼ਾ, ਸੇਵਾ, ਨਰਮੀ ਦਾ ਸਲੂਕ, ਖ਼ੁਸ਼ਾਮਦ, ਚਾਪਲੂਸੀ

مدارات [ਮੁਦਾਰਾਤ : mudarat] *ਇ:* ਖ਼ਾਤਰ ਤਵਾਜ਼ਾ, ਚੰਗੀ ਤਰ੍ਹਾਂ ਪੇਸ਼ ਆਉਣ ਦਾ ਭਾਵ

مدارج [ਮੁਦਾਰਿਜ : mudarij] *ਪੁ:* **درج** ਦਾ ਬਹੁਵਚਨ, ਦਰਜੇ, ਰੁਤਬੇ; ਯੋਗ

مدارس [ਮਦਾਰਿਸ : mədaris] *ਪੁ:* **مدرسہ** ਦਾ ਬਹੁਵਚਨ, ਪਾਠਸ਼ਾਲਾਵਾਂ, ਸਕੂਲ

مدام [ਮੁਦਾਮ : mudam] *ਕਿਵਿ/ਇ:* ਹਮੇਸ਼ਾ, ਸਦਾ, ਨਿਤ, ਨਿਰੰਤਰ; ਹਮੇਸ਼ਾ ਰੱਖਿਆ ਗਿਆ; ਦਿਨ ਨੂੰ ਪੀਤੀ ਹੋਈ ਸ਼ਰਾਬ

مداوا [ਮੁਦਾਵਾ : mudawa] *ਪੁ:* ਦਵਾਈ, ਇਲਾਜ; ਤਦਬੀਰ, ਚਾਰਾ

مداہن [ਮੁਦਾਹਨ : mudahən] *ਵਿ:* ਸੁਸਤੀ ਕਰਨ ਵਾਲ਼ਾ; ਗੱਲ ਛੁਪਾਉਣ ਵਾਲ਼ਾ

مداہنت [ਮੁਦਾਹਨਤ : mudahənət] *ਇ:* ਖ਼ੁਸ਼ਾਮਦ; ਚਾਪਲੂਸੀ, ਸੁਸਤੀ

مدائح [ਮਦਾਇਹ : mədaih] *ਪੁ:* **مدیحہ** ਦਾ ਬਹੁਵਚਨ, ਤਰੀਫ਼ਾਂ, ਸਿਫ਼ਤਾਂ

مدبر [ਮੁਦਬਿਰ : mudəbir] *ਵਿ:* ਬਦਨਸੀਬ, ਬਦਬਖ਼ਤ, ਅਭਾਗਾ; ਵਾਪਸ ਆਉਣ ਜਾਂ ਜਾਣ ਵਾਲ਼ਾ; ਪਿੱਠ ਫੇਰਨ ਵਾਲ਼ਾ

مدبر [ਮੁਦੱਬਿਰ : mudəbbir] *ਵਿ:* ਤਦਬੀਰ ਕਰਨ ਵਾਲ਼ਾ, ਸਿਆਣਾ, ਦਾਨਿਸ਼ਮੰਦ; ਸਲਾਹਕਾਰ; ਪ੍ਰਬੰਧਕ, ਲਿਖਾਰੀ

مدبری [ਮੁਦੱਬਿਰੀ : mudəbbiri] *ਇ:* ਪ੍ਰਬੰਧ, ਇੰਤਜ਼ਾਮ, ਬੰਦੋਬਸਤ; ਅਕਲਮੰਦੀ, ਸਿਆਣਪ, ਮੁਦੱਬਰ ਦਾ ਅਹੁਦਾ

مدبرین [ਮੁਦੱਬਿਰੀਨ : mudəbbirin] *ਵਿ:* **مدبر** ਦਾ ਬਹੁਵਚਨ, ਸਿਆਣੇ, ਅਕਲਮੰਦ, ਤਦਬੀਰ ਕਰਨ ਵਾਲ਼ੇ; ਸਲਾਹਕਾਰ

مدبھرا [ਮਦਭਰਾ : mədəbhəra] *ਵਿ:* ਮਸਤ, ਨਸ਼ੇ ਵਿਚ ਚੂਰ

مدت [ਮੁੱਦਤ : muddət] *ਇ:* ਸਮਾਂ, ਅਰਸਾ, ਮਿਆਦ, ਮੋਹਲਤ; ਵਕਤ, ਜ਼ਮਾਨਾ; ਵਕਫ਼ਾ, ਦੇਰ, ਚਿਰ, ਢਿੱਲ; ਅੰਤ, ਹੱਦ, ਰੁੱਤ

مدت العمر [ਮੁੱਦਤ-ਉਲ-ਉਮਰ : muddət-ul-umər] *ਕਿਵਿ:* ਸਾਰੀ ਉਮਰ, ਜੀਵਨ ਭਰ, ਜਿਉਂਦੇ ਜੀ

مدح [ਮਦਹ : mədəh] *ਇ:* ਤਰੀਫ਼, ਸਿਫ਼ਤ, ਸ਼ਲਾਘਾ; ਪ੍ਰਸ਼ੰਸਾਜਨਕ ਕਵਿਤਾ

مدخل [ਮਦਖ਼ਲ : mədəxəl] *ਇ:* ਦਾਖ਼ਲ ਹੋਣ ਦੀ ਥਾਂ; ਆਮਦਨੀ

مدخل [ਮੁਦਖ਼ਲ : mudəxəl] *ਵਿ:* ਦਾਖ਼ਲ ਕੀਤਾ ਗਿਆ, ਦਾਖ਼ਲ ਦਫ਼ਤਰ ਕੀਤਾ ਗਿਆ

مُدخِل [ਮੁਦਖ਼ਿਲ : mudəxɪl] /ਵਿ: ਦਾਖ਼ਲ ਕਰਨ ਵਾਲ਼ਾ, ਦਾਖ਼ਲ ਹੋਣ ਵਾਲ਼ਾ

مُدخَن/مُدخنہ [ਮੁਦਖ਼ਨ/ਮੁਦਖ਼ਨਾ : mudəxən/mudəxəna] /ਇ: ਧੂੰਆਂ ਨਿਕਲਣ ਦੀ ਥਾਂ, ਚਿਮਨੀ, ਧੂੰਕਸ਼

مدخولہ [ਮਦਖ਼ੋਲਾ : mədəxola] /ਇ: ਘਰ ਰੱਖੀ ਗਈ ਤੀਵੀਂ, ਉਹ ਇਸਤਰੀ ਜਿਸ ਨਾਲ਼ ਸੰਭੋਗ ਕੀਤਾ ਗਿਆ ਹੋਵੇ

مدد [ਮਦਦ : mədəd] /ਇ: ਸਹਾਰਾ; ਕੁਮਕ, ਸਹਾਇਤਾ; ਰਾਜ ਮਿਸਤਰੀ, ਮਜ਼ਦੂਰ, ਉਜਰਤ; ਮਜ਼ਦੂਰੀ

مددگار [ਮਦਦਗਾਰ : mədədəgar] /ਵਿ: ਸਹਾਇਤਾ ਕਰਨ ਵਾਲ਼ਾ, ਹਿਮਾਇਤੀ, ਸਹਾਇਕ

مُدرِّس [ਮੁਦੱਰਿਸ : mudərrɪs] /ਪੁ: ਪੜ੍ਹਾਉਣ ਵਾਲ਼ਾ, ਪਾਠ ਦੇਣ ਵਾਲ਼ਾ, ਅਧਿਆਪਕ, ਉਸਤਾਦ, ਦਰਸ (ਸਬਕ) ਦੇਣ ਵਾਲ਼ਾ

مدرسہ [ਮਦਰਿਸਾ : mədərɪsa] /ਪੁ: ਸਕੂਲ, ਪਾਠਸ਼ਾਲਾ, ਪੜ੍ਹਾਉਣ ਦੀ ਥਾਂ, ਦਰਸ (ਸਬਕ) ਦੇਣ ਦੀ ਥਾਂ

مدرسۂ ابتدائی [ਮਦਰਿਸਾ-ਏ-ਇਬਤਦਾਈ : mədərəsa-e-ɪbətədai] /ਪੁ: ਪ੍ਰਾਇਮਰੀ ਸਕੂਲ, ਮੁੱਢਲੀ ਸਿੱਖਿਆ ਕੇਂਦਰ

مُدرِّسی [ਮੁਦੱਰਿਸੀ : mudərrɪsi] /ਇ: ਪੜ੍ਹਾਉਣ ਦਾ ਕਿੱਤਾ, ਅਧਿਆਪਕ

مُدّعا [ਮੁੱਦਆ : muddə'a] /ਪੁ: ਮਨੋਰਥ, ਮਤਲਬ, ਮੰਤਵ, ਗਰਜ਼, ਇੱਛਾ, ਮੁਾਹਸ਼, ਇਰਾਦਾ, ਮਲਕੀਅਤ

مدعُو [ਮਦਊ : mədə'u] /ਵਿ: ਨਿਮੰਤ੍ਰਿਤ, ਬੁਲਾਇਆ ਗਿਆ, ਸੱਦਿਆ ਗਿਆ

مُدّعی [ਮੁੱਦਈ : muddə'i] /ਵਿ:/ਪੁ: ਮੁਦਈ, ਦਾਵਾ ਕਰਨ ਵਾਲ਼ਾ, ਦਾਵੇਦਾਰ, ਹੱਕ ਜਤਾਉਣ ਵਾਲ਼ਾ, ਸਾਇਲ; ਗ਼ੌਰ, ਹਰੀਫ਼ ਦੁਸ਼ਮਣ, ਨਾਲਸ਼ੀ

مدفن [ਮਦਫ਼ਨ : mədəfən] /ਪੁ: ਦਫ਼ਨ ਹੋਣ ਦੀ ਥਾਂ, ਕਬਰ, ਗੋਰ, ਮਜ਼ਾਰ, ਮਕਬਰਾ

مدفُون [ਮਦਫ਼ੂਨ : mədəfun] /ਵਿ: ਦਫ਼ਨ ਕੀਤਾ ਹੋਇਆ, ਗੱਡਿਆ ਹੋਇਆ, ਲੁਕਿਆ ਹੋਇਆ

مدقُوق [ਮਦਕ਼ੂਕ਼ : mədəquq] /ਪੁ: ਤਪਦਿਕ ਦਾ ਰੋਗੀ

مُدَل [ਮੁਦਲ : mudəl] /ਪੁ: ਸਰਮਾਇਆ, ਪੂੰਜੀ, ਅਸਲ ਸੋਨਾ

مُدلّل [ਮੁਦਲਲ : mudələl] /ਵਿ: ਦਲੀਲ ਨਾਲ਼ ਸਾਬਤ ਕੀਤਾ ਹੋਇਆ; ਠੀਕ, ਦਰੁਸਤ

مُدلُول [ਮਦਲੂਲ : mədəlul] /ਵਿ: ਦਲਾਲਤ ਕੀਤਾ ਗਿਆ, ਦੱਸਿਆ ਗਿਆ

مُدنایک [ਮੁਦਨਾਯਕ : mudənayək] /ਪੁ: ਸਰਦਾਰ

مدِّنظر [ਮੱਦ-ਏ-ਨਜ਼ਰ : mədd-e-nəzər] /ਇ: ਦ੍ਰਿਸ਼ਟੀਗੋਚਰ; ਇਰਾਦਾ, ਮਨਸੂਬਾ

مدنی [ਮਦਨੀ : mədəni] /ਵਿ: ਮਦੀਨਾ ਦਾ ਰਹਿਣ ਵਾਲ਼ਾ ਸ਼ਹਿਰੀ, ਮਦੀਨਾ ਨਾਲ਼ ਸੰਬੰਧਿਤ

مدنیّت [ਮਦਨੀਯਤ : mədəniyət] /ਇ: ਸ਼ਹਿਰੀਅਤ, ਸ਼ਹਿਰੀਪਨ

مُدوّر [ਮੁਦੱਵਰ : muduwwər] /ਵਿ: ਗੋਲ਼

مُدوّن [ਮੁਦੱਵਨ : mudəwwən] /ਵਿ: ਜਮ੍ਹਾ ਕੀਤਾ ਹੋਇਆ, ਤਰਤੀਬ ਕੀਤਾ ਹੋਇਆ

مدہوش [ਮਦਹੋਸ਼ : mədəhoş] /ਵਿ: ਮਦਮਸਤ, ਮਤਵਾਲ਼ਾ, ਹੈਰਾਨ, ਹੱਕਾ-ਬੱਕਾ

مدہوشی [ਮਦਹੋਸ਼ੀ : mədəhoşi] /ਇ: ਬੇਹੋਸ਼ੀ, ਸੁਰਤ ਨਾ ਹੋਣੀ, ਮਤਵਾਲਾਪਣ, ਮਸਤੀ

مدید [ਮਦੀਦ : mədid] /ਵਿ: ਲੰਮਾ, ਦੂਰ

مُدیر [ਮੁਦੀਰ : mudir] /ਪੁ: ਘੁੰਮਾਣ ਵਾਲ਼ਾ; ਅਖ਼ਬਾਰ ਦਾ ਸੰਪਾਦਕ

مدینہ [ਮਦੀਨਾ : mədina] ਪੁ: ਸ਼ਹਿਰ, ਨਗਰ, ਮੁਸਲਮਾਨਾਂ ਦਾ ਪਵਿੱਤਰ ਧਰਮ ਅਸਥਾਨ

مدیون [ਮਦਯੂਨ : mədəyun] ਪੁ: ਕਰਜ਼ਈ, ਕਰਜ਼ਦਾਰ

مذاق [ਮਜ਼ਾਕ਼ : məzaq] ਪੁ: ਚੱਖਣ ਦੀ ਕਿਰਿਆ, ਚਾਟ, ਸੁਆਦ, ਚਸਕਾ; ਆਪਸ ਵਿਚਲੀ ਚੋਹਲ; ਮੇਲਾਨ, ਰੁਝਾਨ; ਸਲੀਕਾ; ਦਿਲਲਗੀ, ਹਾਸਾ, ਠੱਠਾ, ਖਿੱਲੀ

مذاقیہ [ਮਜ਼ਾਕ਼ੀਯਾ : məzaqiya] ਵਿ: ਮਜ਼ਾਕੀਆ, ਹਾਸੇ ਦੇ ਤੌਰ ਤੇ; ਦਿਲਲਗੀ ਵਜੋਂ

مذاکرہ [ਮੁਜ਼ਾਕਰਾ : muzakəra] ਪੁ: ਆਪਸ ਵਿਚ ਗੱਲ-ਬਾਤ, ਆਪਸੀ ਵਿਚਾਰ-ਵਟਾਂਦਰਾ

مذاہب [ਮਜ਼ਾਹਿਬ : məzəhıb] ਪੁ: مذہب ਦਾ ਬਹੁਵਚਨ, ਰਸਤੇ, ਤਰੀਕੇ, ਢੰਗ, ਪੰਥ

مذبح [ਮਜ਼ਬਹ਼ : məzəbəḥ] ਪੁ: ਬੁੱਚੜਖ਼ਾਨਾ, ਜ਼ਿਬਾਹ ਕਰਨ ਦੀ ਥਾਂ

مذبوح [ਮਜ਼ਬੂਹ਼ : məzəbuḥ] ਪੁ: ਜ਼ਿਬ੍ਹਾ ਕੀਤਾ ਗਿਆ, ਮਕਤੂਲ

مذکر [ਮੁਜ਼ਕਿਰ : muzəkır] ਵਿ: ਯਾਦ ਦਿਵਾਉਣ ਵਾਲ਼ਾ, ਨਸੀਹਤ ਕਰਨ ਵਾਲ਼ਾ

مذکر [ਮੁਜ਼ੱਕਰ : muzəkkər] ਪੁ:/ਵਿ: ਨਰ, ਮਰਦ, ਪੁਲਿੰਗ; ਨਸੀਹਤ ਕੀਤਾ ਹੋਇਆ, ਯਾਦ ਦਿਵਾਇਆ ਹੋਇਆ

مذکور [ਮਜ਼ਕੂਰ : məzəkur] ਵਿ:/ਪੁ: ਜ਼ਿਕਰ ਕੀਤਾ ਗਿਆ; ਜ਼ਿਕਰ, ਗੁਫ਼ਤਗੂ, ਗੱਲਬਾਤ; ਅਫ਼ਵਾਹ, ਚਰਚਾ, ਸ਼ੁਹਰਤ

مذکورہ [ਮਜ਼ਕੂਰਾ : məzəkura] ਵਿ: ਜ਼ਿਕਰ ਕੀਤਾ ਗਿਆ, ਵਰਣਨ ਕੀਤਾ ਗਿਆ

مذکورہ بالا [ਮਜ਼ਕੂਰਾ ਬਾਲਾ : məzəkura bala] ਵਿ: ਜਿਸ ਦਾ ਜ਼ਿਕਰ ਉੱਪਰਲੀ ਲਿਖਤ ਵਿਚ ਕੀਤਾ ਗਿਆ ਹੋਵੇ

مذلت [ਮੁਜ਼ੱਲਤ : muzəllət] ਇ: ਜ਼ਿੱਲਤ, ਰੁਸਵਾਈ, ਬਦਨਾਮੀ, ਮੁਆਗੀ, ਬੇਇਜ਼ਤੀ

مذمت [ਮੁਜ਼ੱਮਤ : muzəmmət] ਇ: ਬੁਰਾਈ, ਨਿੰਦਾ

مذموم [ਮਜ਼ਮੂਮ : məzəmum] ਵਿ: ਬੁਰਾ, ਖ਼ਰਾਬ; ਉਹ ਜਿਸ ਦੀ ਬੁਰਾਈ ਕੀਤੀ ਗਈ ਹੋਵੇ

مذمومہ [ਮਜ਼ਮੂਮਾ : məzəmuma] ਵਿ: ਬੁਰੀ, ਖ਼ਰਾਬ

مذنب [ਮੁਜ਼ਨਿਬ : muzənıb] ਵਿ: ਗੁਨਾਹਗਾਰ, ਪਾਪੀ

مذہب [ਮਜ਼ਹਬ : məzəhəb] ਪੁ: ਰਾਹ, ਤਰੀਕਾ; ਈਮਾਨ, ਧਰਮ, ਅਕੀਦਾ; ਰਾਏ

مرا [ਮਿਰਾ : mıra] ਪੜ: ਮੇਰਾ, ਮੈਨੂੰ

مرآت [ਮਿਰਆਤ : mırəat] ਪੁ: ਸ਼ੀਸ਼ਾ, ਆਰਸੀ, ਦਰਪਣ

مراتب [ਮਰਾਤਿਬ : məratıb] ਪੁ: مرتبہ ਦਾ ਬਹੁਵਚਨ, ਦਰਜੇ, ਰੁਤਬੇ

مراثی [ਮਰਾਸੀ : mərasi] ਪੁ: مرثیہ ਦਾ ਬਹੁਵਚਨ, ਮਰਸੀਏ

مراجعت [ਮੁਰਾਜਅ਼ਤ : murajə'ət] ਇ: ਵਾਪਸੀ, ਮੋੜਾ

مراحل [ਮਰਾਹ਼ਿਲ : mərahıl] ਪੁ: مرحلہ ਦਾ ਬਹੁਵਚਨ, ਮੰਜ਼ਲਾਂ, ਦਰਜੇ

مراحم [ਮਰਾਹ਼ਿਮ : mərahım] ਪੁ: مرحمت ਦਾ ਬਹੁਵਚਨ, ਮਿਹਰਬਾਨੀਆਂ, ਬਖ਼ਸ਼ਿਸ਼ਾਂ

مراد [ਮੁਰਾਦ : murad] ਇ: ਇਰਾਦਾ, ਮਤਲਬ, ਮਨਸ਼ਾ, ਮਕਸਦ, ਗਰਜ਼, ਖ਼ਾਹਸ਼, ਆਰਜ਼ੂ, ਮੰਨਤ, ਨਜ਼ਰ, ਭੇਂਟ

مراسلت [ਮੁਰਾਸਲਤ : murasələt] ਇ: ਆਪਸੀ ਚਿੱਠੀ-ਪੱਤਰ, ਕਾਨੂੰਨ

مراسلہ [ਮੁਰਾਸਲਾ : murasəla] ਪੁ: ਚਿੱਠੀ, ਪੱਤਰ, ਖ਼ਤ, ਨਾਮਾ

مراسم [ਮਰਾਸਿਮ : mərasım] ਪੁ: رسم ਦਾ

ਬਹੁਵਚਨ, ਰਸਮਾਂ, ਨਿਸ਼ਾਨੀਆਂ; ਕਾਇਦੇ, ਵਰਤਾ, ਦਸਤੂਰ

مُرافعہ [ਮੁਰਾਫ਼ਅ : murafə] *ਪੁ:* ਅਪੀਲ, ਨਿਗਰਾਨੀ, ਇਕ ਅਧਿਕਾਰੀ ਦੇ ਫੈਸਲੇ ਵਿਰੁੱਧ ਉੱਚ-ਅਧਿਕਾਰੀ ਪਾਸ ਕੀਤੀ ਅਪੀਲ

مُرافقت [ਮੁਰਾਫ਼ਕ਼ਤ : murafəqət] *ਪੁ:* ਆਪਸੀ ਮੇਲ਼-ਜੋਲ਼

مُراقبہ [ਮੁਰਾਕ਼ਬਾ : muraqəba] *ਪੁ:* ਧਿਆਨ, ਗ਼ੌਰ, ਸੋਚ-ਵਿਚਾਰ, ਨਿਮਰਤਾ ਸਹਿਤ ਸਿਰ ਝੁਕਾ ਕੇ ਧਿਆਨ ਕਰਨ ਦਾ ਭਾਵ, ਸਾਰੀਆਂ ਚੀਜ਼ਾਂ ਨੂੰ ਛੱਡ ਕੇ ਪਰਮਾਤਮਾ ਦਾ ਧਿਆਨ

مراقی [ਮਿਰਾਕ਼ੀ : miraqi] *ਵਿ:* ਜਨੂਨੀ

مرام [ਮਰਾਮ : məram] *ਪੁ:* ਮੁਰਾਦ, ਮਤਲਬ, ਮਕਸਦ, ਮੰਤਵ

مُراؤ/مُرائی [ਮੁਰਾਓ/ਮੁਰਾਈ : murao/murai] *ਪੁ:* ਸਬਜ਼ੀ ਬੀਜਣ ਵਾਲ਼ਾ, ਅਰਾਈਂ

مُراہق [ਮੁਰਾਹਿਕ਼ : murahiq] *ਪੁ:* ਉਹ ਲੜਕਾ ਜਿਹੜਾ ਬਾਲਗ ਹੋਣ ਦੇ ਨੇੜੇ ਤੇੜੇ ਹੋਵੇ, ਗੱਭਰੂ ਹੋਣ ਵਾਲ਼ਾ

مراہم [ਮਰਾਹਮ : mərahəm] *ਪੁ:* مرہم ਦਾ ਬਹੁਵਚਨ, ਮਲ੍ਹਮਾਂ

مُربّع [ਮੁਰੱਬਅ : murəbbə'ə] *ਪੁ:* ਵਰਗ, ਚਾਰ ਨੁੱਕਰੀ ਸ਼ਕਲ, ਚੌਖੰਟਾ; ਜਿਸ ਦੀਆਂ ਚਾਰੇ ਭੁਜਾਂ ਬਰਾਬਰ ਹੋਣ ਅਤੇ ਕੋਨ 90 ਦਰਜੇ ਦੇ ਹੋਣ

مربُوط [ਮਰਬੂਤ਼ : mərəbut] *ਵਿ:* ਬੰਨ੍ਹਿਆ ਗਿਆ, ਲੱਗਿਆ ਹੋਇਆ

مُربّی [ਮੁਰੱਬੀ : murəbbi] *ਵਿ:* ਪਰਵਰਸ਼ ਕਰਨ ਵਾਲ਼ਾ, ਪਾਲਣ ਵਾਲ਼ਾ, ਤਰਤੀਬ ਕਰਨ ਵਾਲ਼ਾ, ਸਰਪ੍ਰਸਤ, ਹਾਮੀ

مُرتّب [ਮੁਰੱਤਬ : murəttəb] *ਵਿ:* ਤਰਤੀਬ ਦਿੱਤਾ ਗਿਆ, ਢੰਗ ਨਾਲ਼ ਲਾਇਆ ਗਿਆ, ਤਿਆਰ, ਮੁਕੰਮਲ; ਇਕੱਠਾ ਕੀਤਾ ਗਿਆ, ਸੰਕਲਿਤ

مُرتّب [ਮੁਰੱਤਿਬ : murəttib] *ਵਿ:* ਤਰਤੀਬ ਦੇਣ ਵਾਲ਼ਾ, ਬਾਕਾਇਦਾ ਚੁਣਨ ਵਾਲ਼ਾ

مرتبت [ਮਰਤਬਤ : mərətəbət] *ਪੁ:* ਮਰਤਬਾ, ਦਰਜਾ, ਰੁਤਬਾ

مرتبہ [ਮਰਤਬਾ : mərətəba] *ਪੁ:* ਦਰਜਾ, ਅਹੁਦਾ; ਵਾਰ, ਦਫ਼ਾ

مُرتسم [ਮੁਰਤਸਮ : murətəsəm] *ਵਿ:* ਨਿਸ਼ਾਨ ਕੀਤਾ ਗਿਆ, ਮੋਹਰ ਲਾਈ ਹੋਈ

مُرتشی [ਮੁਰਤਸ਼ੀ : murətəṣi] *ਵਿ:* ਰਿਸ਼ਵਤ ਲੈਣ ਵਾਲ਼ਾ, ਵੱਢੀ ਖ਼ੋਰ

مُرتفع [ਮੁਰਤਫ਼ਅ : murətəfə'ə] *ਵਿ:* ਉੱਚਾ, ਬੁਲੰਦ

مُرتکِب [ਮੁਰਤਕਿਬ : murətəkɪb] *ਵਿ:* ਕੋਈ ਕੰਮ ਕਰਨ ਵਾਲ਼ਾ; ਕਸੂਰਵਾਰ, ਦੋਸ਼ੀ, ਗੁਨਾਹਗਾਰ

مرثیہ [ਮਰਸੀਯਾ : mərəsiya] *ਪੁ:* ਉਹ ਕਵਿਤਾ ਜਿਸ ਵਿਚ ਮਿਰਤਿਕ ਦੀਆਂ ਸਿਫ਼ਤਾਂ ਬਿਆਨ ਕੀਤੀਆਂ ਗਈਆਂ ਹੋਣ; ਰੋਣਾ, ਪਿੱਟਣਾ

مرثیہ خواں [ਮਰਸੀਯਾ ਖ਼ੁਆਂ : mərəsiya xwā] *ਵਿ:* ਮਰਸੀਆ ਪੜ੍ਹਨ ਵਾਲ਼ਾ

مرثیہ خوانی [ਮਰਸੀਯਾ ਖ਼ੁਆਨੀ : mərsiya xwani] *ਇ:* ਮਰਸੀਆ ਪੜ੍ਹਨ ਦੀ ਰਸਮ, ਅੰਤਿਮ ਸ਼ਰਧਾਂਜਲੀ

مرج [ਮਰਜ : mərəj] *ਪੁ:* ਖ਼ਰਾਬੀ, ਤਬਾਹੀ, ਬੇਚੈਨੀ, ਬੇਅਰਾਮੀ

مرجع [ਮਰਜਅ : mərəjə'ə] *ਪੁ:* ਮੁੜਨ ਦੀ ਥਾਂ, ਟਿਕਾਣਾ

مرجُوع [ਮਰਜੂਅ : mərəju'ə] *ਵਿ:* ਮੋੜਿਆ ਗਿਆ

مرحبا [ਮਰਹ਼ਬਾ : mərəḥəba] *ਪੁ:* ਸ਼ਾਬਾਸ਼,

ਆਫ਼ਰੀਨ, ਵਾਹ ਵਾਹ

مرحلہ [ਮਰਹਲਾ : mərəḥəla] *ਪੁ:* ਸਫ਼ਰ ਦੀ ਮੰਜ਼ਿਲ, ਕੂਚ ਦੀ ਥਾਂ, ਦਿਨ ਭਰ ਦਾ ਸਫ਼ਰ, ਮੰਜ਼ਿਲ, ਪੜਾ; ਦਰਜਾ, ਮਰਤਬਾ; ਸਫ਼ਰ, ਕੂਚ

مرحمت [ਮਰਹਮਤ : mərəḥəmət] *ਇ:* ਮਿਹਰਬਾਨੀ, ਰਹਿਮ, ਦਇਆ, ਨਵਾਜ਼ਿਸ਼

مرحوم [ਮਰਹੂਮ : mərəḥum] *ਵਿ:* ਬਖ਼ਸ਼ਿਆ ਗਿਆ, ਰਹਿਮਤ ਕੀਤਾ ਗਿਆ; ਮਰਿਆ ਹੋਇਆ, ਮਿਰਤਕ

مرد [ਮਰਦ : mərəd] *ਪੁ:/ਵਿ:* ਆਦਮੀ, ਨਰ, ਸ਼ਖ਼ਸ; ਸ਼ੌਹਰ, ਪਤੀ; ਬਹਾਦਰ, ਦਲੇਰ, ਸੂਰਮਾ

مُردار [ਮੁਰਦਾਰ : murədar] *ਵਿ:* ਆਪਣੀ ਮੌਤੇ ਮਰਿਆ ਹੋਇਆ; ਨਾਪਾਕ, ਅਪਵਿੱਤਰ, ਹਰਾਮ; ਮੁਰਦਾ, ਬੇਜਾਨ; ਨਾਲਾਇਕ, ਬੇਕਾਰ

مُرداری [ਮੁਰਦਾਰੀ : murədari] *ਇ:* ਛਿਪਕਲੀ, ਕਿਰਲੀ

مردان [ਮਰਦਾਨ : mərədan] *ਪੁ:* مرد ਦਾ ਬਹੁਵਚਨ; ਪਹਿਲਵਾਨ, ਦਿਲਾਵਰ, ਜਵਾਨ

مردانگی [ਮਰਦਾਨਗੀ : mərədanəgi] *ਇ:* ਬਹਾਦਰੀ, ਦਲੇਰੀ

مردانہ [ਮਰਦਾਨਾ : mərədana] *ਵਿ:* ਮਰਦਾਨਾ, ਮਰਦ ਨਾਲ਼ ਸੰਬੰਧਿਤ, ਮਰਦਾਂ ਵਰਗਾ; ਦਲੇਰੀ ਸਹਿਤ, ਜੁੱਰਤ ਨਾਲ਼; ਮਰਦਾਂ ਨਾਲ਼ ਸੰਬੰਧਿਤ

مردانی [ਮਰਦਾਨੀ : mərədani] *ਵਿ:* ਦਲੇਰ (ਇਸਤਰੀ), ਬਹਾਦਰ (ਇਸਤਰੀ); ਚਲਾਕ (ਇਸਤਰੀ)

مردانیت [ਮਰਦਾਨੀਯਤ : mərədaniyyət] *ਇ:* ਬਹਾਦਰੀ, ਦਲੇਰੀ, ਜੁੱਰਤ

مُردگان [ਮੁਰਦਗਾਨ : murədəgan] *ਪੁ:* مُردہ ਦਾ ਬਹੁਵਚਨ, ਮਰੇ ਹੋਏ ਲੋਕ, ਮੁਰਦੇ

مردُم [ਮਰਦੁਮ : mərədum] *ਪੁ:* ਮਰਦ, ਇਨਸਾਨ, ਆਦਮੀ, ਲੋਕ

مردُم آبی [ਮਰਦੁਮ ਆਬੀ : mərədum abi] *ਪੁ:* ਜਲ-ਮਾਣਸ, ਦਰਿਆਈ ਆਦਮੀ

مردُم خوار [ਮਰਦੁਮ ਖ਼ੁਆਰ : mərədəm xwar] *ਵਿ:* ਆਦਮ ਖ਼ੋਰ, ਆਦਮੀਆਂ ਜਾਂ ਜਾਨਵਰਾਂ ਦਾ ਮਾਸ ਖਾਣ ਵਾਲ਼ਾ

مردُم شُماری [ਮਰਦੁਮ ਸ਼ੁਮਾਰੀ : mərədum şumari] *ਇ:* ਮਰਦਮ ਸ਼ੁਮਾਰੀ, ਜਨਗਣਨਾ, ਲੋਕਾਂ ਦੀ ਗਿਣਤੀ

مردِ معقُول [ਮਰਦ ਮਅ਼ਕੂਲ : mard mə'əqul] *ਪੁ:* ਭਲਾਮਾਣਸ ਜਾਂ ਸ਼ਰੀਫ਼ ਵਿਅਕਤੀ, ਸਮਝਦਾਰ ਜਾਂ ਸਿਆਣਾ ਪੁਰਸ਼

مردُمک [ਮਰਦੁਮਕ : mərədumək] *ਇ:* ਅੱਖ ਦੀ ਪੁਤਲੀ

مُردنی [ਮੁਰਦਨੀ : murədəni] *ਇ:* ਮੌਤ ਦੇ ਸੰਕੇਤ, ਮੌਤ ਦੀ ਨਿਸ਼ਾਨੀ, ਚਿਹਰੇ ਤੇ ਪਿੱਲਤਣ ਦਾ ਛਾ ਜਾਣਾ; ਮਰਨਾ, ਮੌਤ

مردُود [ਮਰਦੂਦ : mərədud] *ਵਿ:* ਰੱਦ ਕੀਤਾ ਹੋਇਆ, ਬੇਇਜ਼ਤ ਕੀਤਾ ਗਿਆ; ਨਾਲਾਇਕ, ਨਿਕੰਮਾ

مُردہ [ਮੁਰਦਾ : murəda] *ਪੁ:/ਵਿ:* ਬੇਜਾਨ, ਮਿਰਤਕ, ਮਰਿਆ ਹੋਇਆ; ਕਮਜ਼ੋਰ; ਮੁਰਝਾਇਆ ਹੋਇਆ; ਲਾਸ਼

مُردہ باد [ਮੁਰਦਾਬਾਦ : murədabad] *ਪੁ:* ਮੁਰਦਾਬਾਦ, ਮਰ ਜਾਏ, ਤਬਾਹ ਹੋ ਜਾਏ

مُردہ دِل [ਮੁਰਦਾ ਦਿਲ : murəda dil] *ਵਿ:* ਉਦਾਸ, ਗ਼ਮਗੀਨ, ਰੰਜੀਦਾ, ਦਿਲਗੀਰ; ਸੁਸਤ, ਢਿੱਲਾ; ਕੰਮਬਖ਼ਤ

مُردہ شُو [ਮੁਰਦਾ ਸ਼ੋ : murəda şo] *ਵਿ:* ਮੁਰਦੇ ਨੂੰ ਨੁਹਾਉਣ ਵਾਲ਼ਾ

مردی [ਮਰਦੀ : mərədi] *ਇ:* ਮਰਦਊਪੁਣਾ, ਮਰਦਾਨਗੀ, ਬਹਾਦਰੀ, ਵੀਰਤਾ; ਆਦਮੀਅਤ, ਇਨਸਾਨੀਅਤ

مرز [ਮਰਜ਼ : mərəz] ਪੁ: ਭੋਇੰ, ਜ਼ਮੀਨ, ਵਾਹੀ-ਯੋਗ ਜ਼ਮੀਨ; ਹੱਦ, ਸਰਹੱਦ

مرزا [ਮਿਰਜ਼ਾ : mirəza] ਪੁ: ਅਮੀਰਜ਼ਾਦਾ, ਸ਼ਾਹਜ਼ਾਦਾ; ਮੁਗ਼ਲਾਂ ਦਾ ਲਕਬ

مرزبان [ਮਰਜ਼ਬਾਨ : mərəzəban] ਪੁ: ਜ਼ਿਮੀਂ-ਦਾਰ, ਹਾਕਮ; ਸਰਹੱਦ ਦਾ ਅਫ਼ਸਰ, ਸਰਹੱਦੀ ਸੂਬੇ ਦਾ ਗਵਰਨਰ; ਸ਼ਾਹ, ਸ਼ਾਹਜ਼ਾਦਾ

مرزبوم [ਮਰਜ਼ਬੂਮ : mərəzəbum] ਇ: ਪੈਦਾਇਸ਼ ਦੀ ਜਗ੍ਹਾ, ਮੁਲਕ ਦੀ ਹੱਦ

مُرسل [ਮੁਰਸਲ : murəsəl] ਪੁ: ਭੇਜਿਆ ਹੋਇਆ, ਪੈਗ਼ੰਬਰ, ਨਬੀ

مُرسِل [ਮੁਰਸਿਲ : murəsil] ਵਿ: ਭੇਜਣ ਵਾਲ਼ਾ, ਖ਼ਤ ਭੇਜਣ ਵਾਲ਼ਾ

مُرسلہ [ਮੁਰਸਲਾ : murəsəla] ਵਿ:/ਪੁ: ਭੇਜਿਆ ਹੋਇਆ; ਗਲ਼ੇ ਦਾ ਹਾਰ

مُرسلین [ਮੁਰਸਲੀਨ : murəsəlin] ਪ: مُرسل ਦਾ ਬਹੁਵਚਨ, ਬਹੁਤ ਸਾਰੇ ਪੈਗ਼ੰਬਰ

مرسُوب [ਮਰਸੂਬ : mərəsub] ਵਿ: ਤਿਲਛਟ, ਤਹਿ ਤੇ ਬੈਠਾ ਹੋਇਆ

مرسُوم [ਮਰਸੂਮ : mərəsum] ਵਿ:/ਪੁ: ਰਸਮ ਬੰਨ੍ਹੀ ਗਈ, ਕਾਇਦਾ ਬੰਨ੍ਹਿਆ ਗਿਆ; ਤਨਖ਼ਾਹ, ਵਜ਼ੀਫ਼ਾ

مُرشِد [ਮੁਰਸ਼ਿਦ : murəṣid] ਪੁ: ਇਰਸ਼ਾਦ (ਹੁਕਮ) ਕਰਨ ਵਾਲ਼ਾ, ਗੁਰੂ, ਸਿੱਖਿਆ ਦੇਣ ਵਾਲ਼ਾ, ਆਗੂ; ਉਸਤਾਦ, ਅਧਿਆਪਕ

مُرشِدی [ਮੁਰਸ਼ਿਦੀ : murəṣidi] ਇ: ਪੀਰ ਹੋਣ ਦਾ ਪੇਸ਼ਾ, ਸਿੱਧਾ ਰਾਹ ਵਿਖਾਉਣ ਜਾਂ ਹਿਦਾਹਿਤ ਕਰਨ ਦੀ ਕਿਰਿਆ

مُرصّع [ਮੁਰੱਸਅ : murəssə'ə] ਵਿ: ਜੜਾਊ, ਮੋਤੀਆਂ ਆਦਿ ਨਾਲ਼ ਜੜਿਆ ਹੋਇਆ, ਸਜਿਆ ਹੋਇਆ

مُرصّع ساز [ਮੁਰੱਸਅ਼ਸਾਜ਼ : murəssə'saz] ਵਿ: ਨਗੀਨੇ ਜਾਂ ਜਵਾਹਰ ਆਦਿ ਜੜਨ ਵਾਲ਼ਾ

مُرصّع سازی [ਮੁਰੱਸਅ਼ਸਾਜ਼ੀ : murəssə'sazi] ਇ: ਜੜਨ, ਜੜਨ ਦਾ ਕਾਰਜ

مرض [ਮਰਜ਼ : mərəz] ਪੁ: ਬੀਮਾਰੀ, ਰੋਗ, ਦੁੱਖ; ਇੱਲਤ, ਆਦਤ

مُرضعہ [ਮੁਰਜ਼ਅ਼ : murəzə'ə] ਇ: ਬੱਚੇ ਨੂੰ ਦੁੱਧ ਪਿਅਉਣ ਵਾਲ਼ੀ ਇਸਤਰੀ, ਦਾਈ

مرضی [ਮਰਜ਼ੀ : mərəzi] ਇ: ਪਸੰਦੀਦਗੀ, ਮਨਜ਼ੂਰੀ, ਖ਼ੁਸ਼ਨੂਦੀ, ਰਜ਼ਾ; ਇਕਰਾਰ, ਪ੍ਰਵਾਨਗੀ, ਆਗਿਆ, ਖ਼ਾਹਸ਼

مرضیات [ਮਰਜ਼ੀਯਾਤ : mərəziyat] ਇ: مرضی ਦਾ ਬਹੁਵਚਨ, ਪਸੰਦ ਕੀਤੀਆਂ ਚੀਜ਼ਾਂ

مرطوب [ਮਰਤੂਬ : mərətub] ਵਿ: ਤਰ, ਗਿੱਲਾ, ਭਿੱਜਿਆ ਹੋਇਆ, ਸਿਲ੍ਹ

مرطوبیت [ਮਰਤੂਬੀਯਤ : mərətubiyət] ਇ: ਤਰੀ, ਨਮੀ, ਸਿਲ੍ਹ

مرغُوب [ਮਰਊਬ : mərə'ub] ਵਿ: ਰੋਹਬ ਵਿਚ ਆਇਆ ਹੋਇਆ, ਡਰਿਆ ਹੋਇਆ, ਡਰਨ ਵਾਲ਼ਾ

مرغ [ਮਰਗ਼ : mərəġ] ਪੁ: ਹਰਾ, ਘਾਹ, ਹਰਿਆਵਲ

مُرغ [ਮੁਰਗ਼ : murəġ] ਪੁ: ਪੰਛੀ, ਪੰਖੇਰੂ, ਕੁੱਕੜ

مُرغا [ਮੁਰਗ਼ਾ : murəġa] ਪੁ: ਕੁੱਕੜ, ਮੁਰਗ਼ਾ

مُرغابی [ਮੁਰਗ਼ਾਬੀ : murəġabi] ਇ: ਮੁਰਗ਼ਾਬੀ, ਪਾਣੀ ਦਾ ਇਕ ਪੰਛੀ

مُرغاں [ਮੁਰਗ਼ਾਂ : murəġã] ਪੁ: مُرغ ਦਾ ਬਹੁ-ਵਚਨ, ਪੰਖੇਰੂ

مُرغِ بام [ਮੁਰਗ਼-ਏ-ਬਾਮ : murəġ-e-bam] ਪੁ: ਬੁਲਬੁਲ, ਘੁੱਗੀ

مرغُوب [ਮਰਗ਼ੂਬ : mərəġub] ਵਿ: ਮਨ-ਪਸੰਦ, ਮਨਭਾਉਂਦਾ; ਮਹਿਬੂਬ, ਪਿਆਰਾ; ਖ਼ੂਬਸੂਰਤ, ਸੁਆਦਿਸ਼ਟ

مرفُوع [ਮਰਫ਼ੂਅ : mərəfu'ə] *ਵਿ:* ਉਠਾਇਆ ਗਿਆ, ਉੱਚਾ ਕੀਤਾ ਗਿਆ

مُرفّہ [ਮੁਰੱਫ਼ਾ : murəffa] *ਵਿ:* ਖ਼ੁਸ਼ਹਾਲ, ਰੱਜਿਆ ਹੋਇਆ

مرقد [ਮਰਕ਼ਦ : mərəqəd] *ਪੁ:* ਸੌਣ ਦੀ ਥਾਂ, ਅਰਾਮਗਾਹ; ਕਬਰ, ਗੋਰ

مُرقّع [ਮੁਰੱਕਅ : murəqqə'ə] *ਪੁ:* ਮੁਰੰਮਤ ਕੀਤਾ ਹੋਇਆ, ਫ਼ਕੀਰਾਂ ਦੀ ਗੁਦੜੀ; ਐਲਬਮ

مرقُومہ [ਮਰਕ਼ੂਮਾ : mərəquma] *ਵਿ:* ਲਿਖਿਆ ਹੋਇਆ, ਲਿਖਿਆ ਗਿਆ

مرقومۂ بالا [ਮਰਕ਼ੂਮਾ-ਏ-ਬਾਲਾ : mərəquma-e-bala] *ਵਿ:* ਉੱਪਰ ਲਿਖੀ ਹੋਈ

مرکز [ਮਰਕਜ਼ : mərəkəz] *ਪੁ:* ਕੇਂਦਰ, ਕਿਸੇ ਚੀਜ਼ ਨੂੰ ਖੜ੍ਹਾ ਕਰਨ ਦੀ ਥਾਂ, ਨੋਕਦਾਰ ਚੀਜ਼; ਕਿਸੇ ਚੀਜ਼ ਦਾ ਕੇਂਦਰੀ ਭਾਗ, ਐਨ ਵਿਚਕਾਰ; ਰਾਜਧਾਨੀ

مرکوز [ਮਰਕੂਜ਼ : mərəkuz] *ਵਿ:* ਗੱਡਿਆ ਹੋਇਆ, ਮਜ਼ਬੂਤ ਕੀਤਾ ਹੋਇਆ; ਪ੍ਰਵਾਨਿਤ, ਪਸੰਦ

مرگ [ਮਰਗ : mərəg] *ਇ:* ਮਰਗ, ਮੌਤ, ਮ੍ਰਿਤੂ

مرگِ طبعی [ਮਰਗ-ਏ-ਤ਼ਬਈ : mərəg-e-təbəi] *ਇ:* ਕੁਦਰਤੀ ਮੌਤ

مرمّت [ਮਰੰਮਤ : mərəmmət] *ਇ:* ਮੁਰੰਮਤ, ਦਰੁਸਤੀ, ਟੁੱਟੀ ਹੋਈ ਚੀਜ਼ ਨੂੰ ਠੀਕ ਕਰਨ ਦਾ ਕਾਰਜ, ਤਰਮੀਮ, ਸੋਧ

مُرمّم [ਮੁਰੱਮਮ : murəmməm] *ਵਿ:* ਸੋਧਿਆ ਹੋਇਆ, ਠੀਕ ਕੀਤਾ ਹੋਇਆ, ਦਰੁਸਤ ਕੀਤਾ ਹੋਇਆ

مُرمّہ [ਮੁਰੱਮਾ : murəmma] *ਵਿ:* ਠੀਕ ਕੀਤੀ ਹੋਈ, ਸੋਧੀ ਹੋਈ

مُروّت [ਮੁਰੱਵਤ : murəwwət] *ਇ:* ਮਰਦਾਨਗੀ, ਬਹਾਦਰੀ, ਵੀਰਤਾ; ਲਿਹਾਜ਼, ਰਿਆਇਤ; ਭਲਮਾਣਸੀ, ਇਨਸਾਨੀਅਤ

مُروّج [ਮੁਰੱਵਜ : murəwwəj] *ਵਿ:* ਰਿਵਾਜ ਦੇਣ ਵਾਲ਼ਾ, ਚਲਾਉਣ ਵਾਲ਼ਾ, ਲਾਗੂ ਕਰਨ ਵਾਲ਼ਾ; ਜਾਰੀ, ਚਲਾਇਆ ਗਿਆ

مرور [ਮਰੂਰ : mərur] *ਪੁ:* ਗੁਜ਼ਰਨ ਜਾਂ ਚਲਿਆ ਜਾਣ ਦਾ ਭਾਵ

مرّہ [ਮਰੱਹ : mərrəh] *ਕਿਵਿ:* ਇਕ ਵਾਰ

مرہم [ਮਰਹਮ : mərəhəm] *ਪੁ:* ਮਲ੍ਹਮ, (ਆਮ ਕਰਕੇ) ਕਿਸੇ ਪ੍ਰਕਾਰ ਦੇ ਜ਼ਖ਼ਮ ਦਾ ਇਲਾਜ

مُرید [ਮੁਰੀਦ : murid] *ਪੁ:* ਖ਼ਾਹਸ਼ਮੰਦ, ਇੱਛੁਕ; ਦੀਨੀ ਸ਼ਾਗਿਰਦ, ਚੇਲਾ-ਬਾਲਕਾ, ਸ਼ਰਧਾਲੂ

مریض [ਮਰੀਜ਼ : məriz] *ਪੁ:* ਮਰੀਜ਼, ਬੀਮਾਰ, ਰੋਗੀ, ਮਰਜ਼ (ਰੋਗ) ਵਾਲ਼ਾ

مریضہ [ਮਰੀਜ਼ਾ : məriza] *ਇ:* ਬੀਮਾਰ (ਇਸਤਰੀ), ਰੋਗੀ ਤੀਵੀਂ

مریم [ਮਰਯਮ : mərəyəm] *ਵਿ:/ਇ:* ਕੁਆਰੀ ਕੰਨਿਆ; ਪਵਿੱਤਰ ਇਸਤਰੀ; ਹਜ਼ਰਤ ਈਸਾ ਦੀ ਮਾਤਾ ਦਾ ਨਾਂ

مزاج [ਮਿਜ਼ਾਜ : mɪzaj] *ਪੁ:* ਤਬੀਅਤ; ਗੁਣ, ਵਿਸ਼ੇਸ਼ਤਾ; ਆਦਤ, ਖ਼ਸਲਤ, ਸੁਭਾ; ਗ਼ਰੂਰ, ਘਮੰਡ; ਦਿਮਾਗ਼

مزاجاً [ਮਿਜ਼ਾਜਨ : mɪzajən] *ਕਿਵਿ:* ਤਬੀਅਤ ਕਰਕੇ, ਸੁਭਾ ਕਰਕੇ

مزاج شریف [ਮਿਜ਼ਾਜ ਸ਼ਰੀਫ਼ : mɪzaj ṣərif] *ਪੁ:* ਆਪ ਦੀ ਤਬੀਅਤ ਕੈਸੀ ਹੈ? ਖ਼ੈਰੀਅਤ ਤਾਂ ਹੈ?

مزاج شناسی [ਮਿਜ਼ਾਜ ਸ਼ਨਾਸੀ : mɪzaj ṣənasi] *ਇ:* ਕਿਸੇ ਦੀ ਤਬੀਅਤ ਨੂੰ ਜਾਣਨ ਦੀ ਕਾਰਵਾਈ, ਹਾਲ-ਚਾਲ ਦੀ ਪੁੱਛ-ਗਿੱਛ

مُزاحم [ਮੁਜ਼ਾਹਿਮ : muzaḥɪm] *ਵਿ:* ਰੋਕਣ ਵਾਲ਼ਾ, ਵਿਰੋਧ ਕਰਨ ਵਾਲ਼ਾ

مُزاحمت [ਮੁਜ਼ਾਹਮਤ : muzaḥəmət] *ਇ:* ਰੋਕ,

ਮਨਾਹੀ

مزار [ਮਜ਼ਾਰ : məzar] *ਇ:* ਜ਼ਿਆਰਤ ਕਰਨ ਦੀ ਥਾਂ, ਪਵਿੱਤਰ ਯਾਤਰਾ ਕਰਨ ਦੀ ਥਾਂ, ਦਰਗਾਹ; ਮਕਬਰਾ; ਕਬਰ, ਤੀਰਥ

مزارع [ਮੁਜ਼ਾਰਿਅ : muzarı'ə] *ਪੁ:* ਖੇਤੀ ਕਰਨ ਵਾਲ਼ਾ, ਕਿਰਸਾਣ, ਵਾਹਕ, ਕਾਸ਼ਤਕਾਰ

مزامیر [ਮਜ਼ਾਮੀਰ : məzamir] *ਪੁ:* مزمار ਦਾ ਬਹੁਵਚਨ, ਬੰਸਰੀਆਂ

مزبور [ਮਜ਼ਬੂਰ : məzəbur] *ਵਿ:* ਉੱਤੇ ਲਿਖਿਆ ਹੋਇਆ

مُزجات [ਮੁਜ਼ਜਾਤ : muzəjat] *ਵਿ:* ਥੋੜ੍ਹਾ, ਨਿਗੂਣਾ

مُزد [ਮੁਜ਼ਦ : muzəd] *ਇ:* ਮਜ਼ਦੂਰੀ, ਉਜਰਤ, ਤਨਖ਼ਾਹ, ਸਿਲਾ

مزدور [ਮਜ਼ਦੂਰ : məzədur] *ਪੁ:* ਮਜ਼ਦੂਰ, ਮਜ਼ਦੂਰੀ ਕਰਨ ਵਾਲ਼ਾ ਵਿਅਕਤੀ, ਭਾਰ ਚੁੱਕਣ ਵਾਲ਼ਾ ਜਾਂ ਉਜਰਤ ਤੇ ਕੰਮ ਕਰਨ ਵਾਲ਼ਾ ਪੁਰਸ਼

مزدوری [ਮਜ਼ਦੂਰੀ : məzəduri] *ਇ:* ਮਜ਼ਦੂਰੀ, ਉਜਰਤ, ਕੰਮ ਦਾ ਕਿਰਤਫਲ, ਮਿਹਨਤ ਦਾ ਸਿਲਾ; ਮਿਹਨਤ, ਮੁਸ਼ੱਕਤ; ਮਿਹਨਤਾਨਾ

مزمار [ਮਿਜ਼ਮਾਰ : mızəmar] *ਇ:* ਬੰਸਰੀ, ਵਾਜਾ

مُزمن [ਮੁਜ਼ਮਿਨ : muzəmın] *ਵਿ:* ਪੁਰਾਣਾ

مزور [ਮੁਜ਼ੱਵਰ : muzəwwər] *ਵਿ:* ਝੂਠਾ ਕਿਹਾ ਗਿਆ, ਖੋਟਾ; ਮਿਲਾਇਆ ਹੋਇਆ

مزہ [ਮਜ਼ਾ : məza] *ਪੁ:* ਮਜ਼ਾ, ਸੁਆਦ, ਚਸਕਾ, ਚਾਟ; ਰਸ, ਲੁਤਫ਼; ਖ਼ੁਸ਼ੀ, ਐਸ਼, ਅਨੰਦ

مُزیّب [ਮੁਜ਼ੀਯਬ : muziyəb] *ਵਿ:* ਸਜਿਆ ਹੋਇਆ

مزید [ਮਜ਼ੀਦ : məzid] *ਪੁ:* ਵਾਧਾ, ਜ਼ਿਆਦਤੀ

مُزدہ [ਮੁਜ਼ਦਾ : muzəda] *ਪੁ:* ਖ਼ੁਸ਼ਖ਼ਬਰੀ

مزگاں [ਮਜ਼ਗਾਂ : məzəgã] *ਇ:* مژہ ਦਾ ਬਹੁਵਚਨ, ਪਲਕਾਂ

مساجد [ਮਸਾਜਿਦ : məsajıd] *ਇ:* مسجد ਦਾ ਬਹੁਵਚਨ, ਮਸੀਤਾਂ

مساح [ਮਸਾਹ : məsaḥ] *ਪੁ:* ਪੈਮਾਇਸ਼ ਕਰਨ ਵਾਲ਼ਾ, ਨਾਪਣ ਵਾਲ਼ਾ

مساحت [ਮਸਾਹਤ : məsaḥət] *ਪੁ:* ਜ਼ਮੀਨ ਦੀ ਪੈਮਾਇਸ਼

مساس [ਮਸਾਸ : məsas] *ਪੁ:* ਛੋਹਣ ਜਾਂ ਹੱਥ ਫੇਰਨ ਦੀ ਕਿਰਿਆ, ਇਸਤਰੀ ਦੇ ਕਿਸੇ ਅੰਗ ਨੂੰ ਮਲਣ ਦਾ ਭਾਵ

مُساعد [ਮੁਸਾਇਦ : musa'ıd] *ਵਿ:* ਮੱਦਦਗਾਰ, ਸਹਾਇਕ

مسافت [ਮਸਾਫ਼ਤ : məsafət] *ਇ:* ਦੂਰੀ, ਫ਼ਾਸਲਾ, ਸਫ਼ਰ; ਸਫ਼ਰ ਦੀ ਥਕਾਣ

مُسافِر [ਮੁਸਾਫ਼ਿਰ : musafır] *ਪੁ:* ਮੁਸਾਫ਼ਰ, ਸਫ਼ਰ ਕਰਨ ਵਾਲ਼ਾ, ਯਾਤਰੀ, ਪਰਦੇਸੀ

مُسافِرانہ [ਮੁਸਾਫ਼ਿਰਾਨਾ : musafırana] *ਵਿ:* ਮੁਸਾਫ਼ਰ ਵਾਂਗੂ, ਪਰਦੇਸੀਆਂ ਦੀ ਤਰ੍ਹਾਂ

مُسافرت [ਮੁਸਾਫ਼ਰਤ : musafərət] *ਇ:* ਯਾਤਰਾ, ਸਫ਼ਰ, ਪਰਦੇਸ

مُسافِر خانہ [ਮੁਸਾਫ਼ਿਰ ਖ਼ਾਨਾ : musafır xana] *ਪੁ:* ਸਰਾਂ; ਸੰਸਾਰ

مُسافِری [ਮੁਸਾਫ਼ਿਰੀ : musafırı] *ਇ:* ਸਫ਼ਰ, ਪਰਦੇਸ, ਯਾਤਰਾ

مساکِن [ਮਸਾਕਿਨ : məsakın] *ਪੁ:* مسکن ਦਾ ਬਹੁਵਚਨ, ਰਹਿਣ ਦੀਆਂ ਥਾਂਵਾਂ

مساکین [ਮਸਾਕੀਨ : məsakin] *ਪੁ:* مسکین ਦਾ ਬਹੁਵਚਨ, ਗ਼ਰੀਬ ਲੋਕ, ਮੁਥਾਜ ਵਿਅਕਤੀ

مسالِک [ਮਸਾਲਿਕ : məsalık] *ਪੁ:* مسلک ਦਾ ਬਹੁਵਚਨ, ਰਾਹਾਂ, ਰਸਤੇ, ਤਰੀਕੇ

مسالے دار [ਮਸਾਲੇਦਾਰ : məsaləˌdar] *ਵਿ:* ਮਸਾਲੇਦਾਰ, ਉਹ ਚੀਜ਼ ਜਿਸ ਵਿਚ ਮਸਾਲਾ

ਪਿਆ ਹੋਇਆ ਹੋਵੇ (ਚਟਣੀ, ਚਾਟ ਆਦਿ)

مسام [ਮਸਾਮ : məsam] ਪੁ: ਮਸਾਮ, ਸਰੀਰ ਦੇ ਉਹ ਸੁਰਾਖ਼ ਜਿਥੋਂ ਪਸੀਨਾ ਨਿਕਲ਼ਦਾ ਹੈ

مساوات [ਮੁਸਾਵਾਤ : musawat] ਇ: ਬਰਾਬਰੀ, ਇਕਸਾਰਤਾ

مساوی [ਮੁਸਾਵੀ : musawi] ਵਿ: ਬਰਾਬਰ, ਇਕਸਾਰ

مساہلت [ਮੁਸਾਹਲਤ : musahələt] ਇ: ਸੁਸਤੀ

مساہمت [ਮੁਸਾਹਮਤ : musahəmət] ਇ: ਸ਼ਿਰਕਤ, ਸਾਂਝ

مسائل [ਮਸਾਇਲ : məsail] ਪੁ: مسئلہ ਦਾ ਬਹੁਵਚਨ, ਮਸਲੇ, ਸਮੱਸਿਆਵਾਂ, ਪੁੱਛੀਆਂ ਹੋਈਆਂ ਗੱਲਾਂ

مسبوق [ਮਸਬੂਕ : məsəbuq] ਵਿ: ਸਾਬਕਾ, ਗੁਜ਼ਰਿਆ ਹੋਇਆ, ਭੂਤਕਾਲੀ

مست [ਮਸਤ : məsət] ਵਿ: ਮਸਤ, ਮਤਵਾਲਾ, ਅਨੰਦ ਵਿਚ ਚੂਰ; ਮਗਨ, ਬੇਹੋਸ਼, ਬੇਸੁੱਧ; ਦੀਵਾਨਾ; ਬੇਪ੍ਰਵਾਹ, ਘੁਮੰਡੀ

مستاجر [ਮੁਸਤਾਜਿਰ : musətajir] ਪੁ: ਠੇਕੇਦਾਰ, ਜ਼ਿਮੀਂਦਾਰ

مستاجری [ਮੁਸਤਾਜਿਰੀ : musətajiri] ਇ: ਠੇਕੇਦਾਰੀ, ਅਜਾਰੇਦਾਰੀ

مستاصل [ਮੁਸਤਾਸਿਲ : musətasil] ਵਿ: ਜੜ੍ਹ ਤੋਂ ਉਖਾੜਨ ਵਾਲ਼ਾ, ਤਬਾਹ ਕਰਨ ਵਾਲ਼ਾ

مستامن [ਮੁਸਤਾਮਿਨ : musətamin] ਪੁ: ਪਨਾਹ ਜਾਂ ਸ਼ਰਨ ਮੰਗਣ ਵਾਲ਼ਾ, ਅਮਨ ਚਾਹੁਣ ਵਾਲ਼ਾ

مستانہ [ਮਸਤਾਨਾ : məsətana] ਵਿ: ਮਸਤਾਨਾ, ਮਸਤ, ਮਤਵਾਨੇ ਵਾਂਗੂ

مستاہل [ਮੁਸਤਾਹਿਲ : musətahil] ਵਿ: ਨਾਲਾਇਕ, ਦੋਸ਼ੀ

مستبد [ਮੁਸਤਬਿਦ : musətəbidd] ਵਿ: ਇਕੱਲਾ ਕੰਮ ਕਰਨ ਵਾਲ਼ਾ, ਸੁੰਤਤਰ

مستبدل [ਮੁਸਤਬਦਲ : musətəbədəl] ਵਿ: ਬਦਲਿਆ ਗਿਆ

مستبشر [ਮੁਸਤਬਸ਼ਰ : musətəbəşər] ਵਿ: ਖ਼ੁਸ਼ਖ਼ਬਰੀ ਚਾਹੁਣ ਵਾਲ਼ਾ, ਖ਼ੁਸ਼ ਹੋਣ ਵਾਲ਼ਾ

مستتر [ਮੁਸਤਤਰ : musətətər] ਵਿ: ਛੁਪਣ ਵਾਲ਼ਾ

مستحب [ਮੁਸਤਹ਼ਬ : musətəḥəb] ਵਿ: ਪ੍ਰੇਮ ਕੀਤਾ ਗਿਆ, ਪਸੰਦ ਕੀਤਾ ਗਿਆ

مستحسن [ਮੁਸਤਹ਼ਸਨ : musətəḥəsən] ਵਿ: ਨੇਕ, ਪਿਆਰਾ, ਖ਼ੂਬ, ਵਧੀਆ

مستحق [ਮੁਸਤਹਿ਼ਕ਼ : musətəḥiq] ਵਿ: ਹੱਕਦਾਰ, ਦਾਵੇਦਾਰ; ਲਾਇਕ, ਕਾਬਲ, ਯੋਗ; ਦਰਵੇਸ਼, ਮਸਕੀਨ

مستحکم [ਮੁਸਤਹ਼ਕਮ : musətəḥəkəm] ਵਿ: ਪੱਕਾ, ਮਜ਼ਬੂਤ, ਸਖ਼ਤ, ਅਟੱਲ

مستحیل [ਮੁਸਤਹ਼ੀਲ : musətəḥil] ਵਿ: ਬਦਲਿਆ ਹੋਇਆ; ਅਸੰਭਵ, ਮੁਹਾਲ

مستخرج [ਮੁਸਤਖ਼ਰਜ : musətəxərəj] ਵਿ: ਕੱਢਿਆ ਹੋਇਆ, ਖ਼ਾਰਜ ਕੀਤਾ ਹੋਇਆ

مستخلص [ਮੁਸਤਖ਼ਲਿਸ : musətəxəlis] ਵਿ: ਛੱਡਿਆ ਗਿਆ, ਖ਼ੁਲਾਸ ਕੀਤਾ ਗਿਆ

مستدعی [ਮੁਸਤਦਈ : musətədə'i] ਵਿ: ਖ਼ਾਹਸ਼ਮੰਦ, ਇੱਛੁਕ, ਕਿਸੀ ਗੱਲ ਦਾ ਚਾਹੁਣ ਵਾਲ਼ਾ

مستدیر [ਮੁਸਤਦੀਰ : musətədir] ਵਿ: ਗੋਲ਼

مسترد [ਮੁਸਤਰਦ : musətərəd] ਵਿ: ਰੱਦ ਕੀਤਾ ਗਿਆ, ਵਾਪਸ ਕੀਤਾ ਗਿਆ

مستری [ਮਿਸਤਰੀ : misətəri] ਪੁ: ਮਿਸਤਰੀ, ਸਨਅਤ ਦੀ ਦੁਨੀਆਂ ਦਾ ਅਫ਼ਸਰ, ਕਾਰੀਗਰਾਂ ਦਾ ਉਸਤਾਦ; ਕਿਸੇ ਪੇਸ਼ੇ ਦਾ ਕਾਰੀਗਰ ਖ਼ਾਸ ਕਰ ਲੁਹਾਰ ਤਰਖਾਣ ਜਾਂ ਰਾਜ

مُستزاد [ਮੁਸਤਜ਼ਾਦ : musətəzad] *ਵਿ:* ਵਧਾਇਆ ਗਿਆ

مُستعار [ਮੁਸਤਅ਼ਾਰ : musətəʿar] *ਵਿ:* ਉਹ ਜਿਸ ਰਾਹੀਂ ਪ੍ਰਸਿੱਧੀ ਕੀਤੀ ਜਾਵੇ

مُستشفیٰ [ਮੁਸਤਸ਼ਫ਼ਾ : musətəʃfa] *ਪੁ:* ਹਸਪਤਾਲ, ਦਵਾਖ਼ਾਨਾ

مُستطاب [ਮੁਸਤਤ਼ਾਬ : musətətab] *ਵਿ:* ਖ਼ੁਸ਼ਗਵਾਰ, ਚੰਗਾ, ਵਧੀਆ, ਖ਼ੂਬ; ਮੁਬਾਰਕ, ਨੇਕ

مُستطیل [ਮੁਸਤਤ਼ੀਲ : musətətil] *ਪੁ:* ਆਇਤ, ਚਾਰ ਭੁਜਾਵਾਂ ਵਾਲ਼ੀ ਸ਼ਕਲ ਜਿਸ ਦੇ ਚਾਰੇ ਕੋਨੇ ਨੱਬੇ ਦਰਜੇ ਦੇ ਅਤੇ ਆਹਮੋ ਸਾਹਮਣੇ ਦੀਆਂ ਬਾਹੀਆਂ ਬਰਾਬਰ ਹੋਣ

مُستظہر [ਮੁਸਤਜ਼ਹਰ : musətəzəhər] *ਵਿ:* ਸਹਾਇਤਾ ਚਾਹੁਣ ਵਾਲ਼ਾ

مُستعار [ਮੁਸਤਅ਼ਾਰ : musətəʿar] *ਵਿ:* ਮੰਗਿਆ ਹੋਇਆ, ਉਧਾਰ ਲਿਆ ਹੋਇਆ

مستعجل [ਮੁਸਤਅ਼ਜਿਲ : musətəʤil] *ਵਿ:* ਛੇਤੀ ਕਰਨ ਵਾਲ਼ਾ, ਜਲਦਬਾਜ਼

مُستعد [ਮੁਸਤਇ਼ਦ : musətʿid] *ਵਿ:* ਤਿਆਰ, ਹਾਜ਼ਰ; ਚੁਸਤ, ਚਲਾਕ, ਹੁਸ਼ਿਆਰ

مُستعدی [ਮੁਸਤਇ਼ਦੀ : musətəʿiddi] *ਇ:* ਤਿਆਰੀ, ਹੁਸ਼ਿਆਰੀ

مُستعفی [ਮੁਸਤਅ਼ਫ਼ੀ : musətəʿfi] *ਵਿ:* ਤਿਆਗ ਪੱਤਰ ਦੇਣ ਵਾਲ਼ਾ, ਮਾਫ਼ੀ ਚਾਹੁਣ ਵਾਲ਼ਾ, ਨੌਕਰੀ ਛੱਡਣ ਵਾਲ਼ਾ

مُستعمر [ਮੁਸਤਅ਼ਮਰ : musətəʿmər] *ਪੁ:* ਆਬਾਦੀ, ਕਾਲੋਨੀ

مستعمل [ਮੁਸਤਅ਼ਮਲ : musətəʿməl] *ਵਿ:* ਅਮਲ ਵਿਚ ਲਿਆਂਦਾ ਹੋਇਆ

مُستعین [ਮੁਸਤਇ਼ਨ : musətəʿin] *ਵਿ:* ਮੱਦਦ ਚਾਹੁਣ ਵਾਲ਼ਾ

مُستغرق [ਮੁਸਤਗ਼ਰਕ़ : musətəġərəq] *ਵਿ:* ਗ਼ਰਕ਼ ਹੋਇਆ ਹੋਇਆ, ਡੁੱਬਿਆ ਹੋਇਆ

مستغنی [ਮੁਸਤਗ਼ਨੀ : musətəġəni] *ਵਿ:* ਅਜ਼ਾਦ, ਸੁਤੰਤਰ, ਬੇਪ੍ਰਵਾਹ; ਧਨੀ, ਮਾਲਦਾਰ

مُستفاد [ਮੁਸਤਫ਼ਾਦ : musətəfad] *ਵਿ:* ਲਾਭ ਪ੍ਰਾਪਤ ਕੀਤਾ ਹੋਇਆ, ਜਿਹੜੀ ਚੀਜ਼ ਲਾਭ ਵਜੋਂ ਪ੍ਰਾਪਤ ਹੋਵੇ

مُستفید [ਮੁਸਤਫ਼ੀਦ : musətəfid] *ਵਿ:* ਫ਼ਾਇਦਾ ਚਾਹੁਣ ਵਾਲ਼ਾ, ਲਾਭ ਉਠਾਉਣ ਵਾਲ਼ਾ; ਫ਼ਾਇਦੇਮੰਦ, ਲਾਭਦਾਇਕ

مستقبل [ਮੁਸਤਕ਼ਬਿਲ : musətəqəbil] *ਵਿ:* ਅੱਗੇ ਆਉਣ ਵਾਲ਼ਾ, ਭਵਿੱਖ

مُستقل [ਮੁਸਤਕ਼ਿਲ : musətəqil] *ਵਿ:* ਮਜ਼ਬੂਤ, ਪੱਕਾ, ਅਟੱਲ, ਸਦੀਵੀ

مستقیم [ਮੁਸਤਕ਼ੀਮ : musətəqim] *ਵਿ:* ਸਿੱਧਾ, ਠੀਕ, ਮਜ਼ਬੂਤ

مُستکبر [ਮੁਸਤਕਬਰ : musətəkəbər] *ਵਿ:* ਮਗ਼ਰੂਰ, ਘੁਮੰਡੀ

مُستلذ [ਮੁਸਤਲਿਜ਼ : musətəliz] *ਵਿ:* ਸੁਆਦ ਪਾਉਣ ਵਾਲ਼ਾ

مُستلزم [ਮੁਸਤਲਜ਼ਿਮ : musətəlizəm] *ਵਿ:* ਕਿਸੇ ਕੰਮ ਦੀ ਆਪਣੇ ਉੱਤੇ ਜ਼ਿੰਮੇਵਾਰੀ ਲੈਣ ਵਾਲ਼ਾ

مُستمد [ਮੁਸਤਮਿਦ : musətəmid] *ਵਿ:* ਸਹਾਇਤਾ ਚਾਹੁਣ ਵਾਲ਼ਾ

مُستمر [ਮੁਸਤਮਿਰ : musətəmir] *ਵਿ:* ਸਦਾ ਰਹਿਣ ਵਾਲ਼ਾ, ਸਥਾਈ, ਸਦੀਵੀ

مُستمند [ਮੁਸਤਮੰਦ : musətəmənd] *ਵਿ:* ਗ਼ਮਗੀਨ; ਲੋੜਵੰਦ

مست مَولا [ਮਸਤ ਮੌਲਾ : məsət məla] *ਵਿ:* ਮਸਤਮੌਲਾ, ਬੇਪਰਵਾਹ (ਆਦਮੀ), ਸਦਾ ਮਸਤ ਰਹਿਣ ਵਾਲ਼ਾ

مُستمبط [ਮੁਸਤਮਬਤ : musətəməbət] *ਵਿ:* ਚੁਣਿਆ ਗਿਆ, ਛਾਂਟਿਆ ਗਿਆ

مُستند [ਮੁਸਤੰਦ : musətənd] *ਵਿ:* ਤਸਦੀਕ ਕੀਤਾ ਹੋਇਆ, ਇਤਬਾਰਯੋਗ

مستور [ਮਸਤੂਰ : məsətur] *ਵਿ:* ਛੁਪਿਆ ਹੋਇਆ, ਗੁਪਤ

مستورات [ਮਸਤੂਰਾਤ : məsəturat] *ਇ:* مستور ਦਾ ਬਹੁਵਚਨ, ਇਸਤਰੀਆਂ, ਪਰਦੇ ਵਿਚ ਰਹਿਣ ਵਾਲ਼ੀਆਂ ਜ਼ਨਾਨੀਆਂ

مُستوی [ਮੁਸਤਵੀ : musətəwi] *ਵਿ:* ਬਰਾਬਰ, ਇਕਸਾਰ

مُستہام [ਮੁਸਤਹਾਮ : musətəham] *ਵਿ:* ਹੈਰਾਨ, ਪਰੇਸ਼ਾਨ

مستی [ਮਸਤੀ : məsəti] *ਇ:* ਮਸਤੀ, ਨਸ਼ਾ, ਖ਼ੁਮਾਰ, ਮਦਹੋਸ਼ੀ, ਬੇਹੋਸ਼ੀ, ਬੇਪਰਵਾਹੀ

مسجد [ਮਸਜਿਦ : məsəjɪd] *ਇ:* ਸਿਜਦਾ ਕਰਨ ਦਾ ਸਥਾਨ, ਨਮਾਜ਼ ਪੜ੍ਹਨ ਦੀ ਥਾਂ, ਮਸੀਤ, ਮੁਸਲਮਾਨਾਂ ਦਾ ਪੂਜਾ ਘਰ

مسجد جامع [ਮਸਜਿਦ ਜਾਮਅ़ : məsəjɪd jamə'ə] *ਇ:* ਉਹ ਮਸਜਿਦ ਜਾਂ ਮਸੀਤ ਜਿਥੇ ਇਕੱਤਰ ਹੋ ਕੇ ਨਮਾਜ਼ ਪੜ੍ਹੀ ਜਾਂਦੀ ਹੈ

مس [ਮਸਹ़ : məsəh़] *ਪੁ:* ਪੁੰਝਣ ਜਾਂ ਛੋਹਣ ਦੀ ਕਿਰਿਆ

مسحور [ਮਸਹ़ੂਰ : məsəh़ur] *ਵਿ:* ਜਿਸ ਤੇ ਜਾਦੂ ਕੀਤਾ ਜਾਵੇ

مسحوق [ਮਸਹ़ੂਕ़ : məsəh़uq] *ਵਿ:* ਪਿਸਿਆ ਹੋਇਆ, ਘਸਿਆ ਹੋਇਆ

مسخ [ਮਸਖ਼ : məsəx] *ਵਿ:* ਚੰਗੀ ਸ਼ਕਲ ਬਦਲ ਕੇ ਭੈੜੀ ਬਣਾ ਲੈਣ ਵਾਲ਼ਾ

مسخرہ [ਮਸਖ਼ਰਾ : məsəxəra] *ਪੁ:* ਮਜ਼ਾਕੀਆ, ਠੱਠੇਬਾਜ਼, ਠੱਠਾ ਮਖ਼ੌਲ ਕਰਨ ਵਾਲ਼ਾ, ਮਖ਼ੌਲੀਆ

مسخری [ਮਸਖ਼ਰੀ : məsəxəri] *ਇ:* ਮਸ਼ਕਰੀ, ਮਸਖ਼ਰਾਪਨ, ਮਜ਼ਾਕ, ਠੱਠਾ; ਮਜ਼ਾਕੀਆ ਇਸਤਰੀ

مسرت [ਮੁਸੱਰਤ : musərrət] *ਇ:* ਖ਼ੁਸ਼ੀ, ਪ੍ਰਸੰਨਤਾ

مسرف [ਮੁਸਰਿਫ਼ : musərɪf] *ਵਿ:* ਫ਼ਜ਼ੂਲ ਖ਼ਰਚ, ਖ਼ਰਚੀਲਾ, ਖਾਣ ਉਜਾੜੂ ਵਾਲ਼ਾ

مسرور [ਮਸਰੂਰ : məsərur] *ਵਿ:* ਖ਼ੁਸ਼, ਪ੍ਰਸੰਨ, ਆਨੰਦ, ਮਗਨ

مسروق [ਮਸਰੂਕ़ : məsəruq] *ਵਿ:* ਚੁਰਾਇਆ ਗਿਆ

مسروقہ [ਮਸਰੂਕ़ਾ : məsəruqa] *ਵਿ:* ਚੁਰਾਈ ਹੋਈ (ਚੀਜ਼)

مسطح [ਮੁਸੱਤ਼ਹ : musəttəh़] *ਵਿ:* ਫੈਲਿਆ ਹੋਇਆ; ਵਿਛਿਆ ਹੋਇਆ; ਚੌੜਾ; ਖੁਲ੍ਹਾ

مسطور [ਮਸਤੂਰ : məsətur] *ਵਿ:* ਕਤਾਰ ਵਿਚ ਕੀਤਾ ਗਿਆ, ਉੱਤੇ ਲਿਖਿਆ ਗਿਆ

مساعات [ਮਸਆ਼ਾਤ : məsə'at] *ਇ:* ਜਤਨ, ਕੋਸ਼ਿਸ਼, ਜਦੋ-ਜਹਿਦ

مسعود [ਮਸਊਦ : məsə'ud] *ਵਿ:* ਨੇਕ, ਮੁਬਾਰਕ; ਖ਼ੁਸ਼-ਨਸੀਬ, ਬਖ਼ਤਾਵਰ

مسک [ਮਿਸਕ : mɪsək] *ਪੁ:* ਮੁਸ਼ਕ, ਕਸਤੂਰੀ

مُسکر [ਮੁਸਕਿਰ : musəkɪr] *ਇ:* ਨਸ਼ਾ ਪੈਦਾ ਕਰਨ ਵਾਲ਼ੀ ਚੀਜ਼, ਮਸਤੀ ਲਿਆਉਣ ਵਾਲ਼ੀ ਚੀਜ਼ (ਅਫ਼ੀਮ ਆਦਿ)

مُسکرانا [ਮੁਸਕਿਰਾਨਾ : musəkɪrana] *ਕਿ:* ਮੁਸਕਰਾਉਣਾ, ਬੁਲ੍ਹਾਂ ਵਿਚ ਹੱਸਣਾ, ਮਿੰਨ੍ਹਾ ਮਿੰਨ੍ਹਾ ਹੱਸਣਾ

مسکن [ਮਸਕਨ : məsəkən] *ਪੁ:* ਚੈਨ ਦੀ ਥਾਂ, ਰਹਿਣ ਦੀ ਥਾਂ, ਘਰ, ਮਕਾਨ, ਟਿਕਾਣਾ

مُسکنات [ਮੁਸਕਿਨਾਤ : musəkɪnat] *ਵਿ:* ਚੈਨ ਦੇਣ ਵਾਲ਼ੀਆਂ ਦਵਾਈਆਂ

مسکنت [ਮਸਕਨਤ : məsəkənət] *ਇ:*

ਮਸਕੀਨੀ, ਗ਼ਰੀਬੀ, ਆਜਜ਼ੀ

مسکوک [ਮਸਕੂਕ : məsəkuk] *ਵਿ:* ਸਿੱਕਾ ਲੱਗਾ ਹੋਇਆ, ਠੱਪਾ ਕੀਤਾ ਹੋਇਆ, ਸਰਕਾਰੀ ਛਾਪ ਦਾ

مسکون [ਮਸਕੂਨ : məsəkun] *ਵਿ:* ਸਕੂਨਤ ਕੀਤਾ ਗਿਆ, ਅਬਾਦ, ਰਹਿਣਯੋਗ

مسکہ [ਮਸਕਾ : məsəka] *ਪੁ:* ਮੱਖਣ; ਚਾਪਲੂਚੀ ਕਰਨ ਵਾਲ਼ਾ ਵਿਅਕਤੀ

مسکہ باز [ਮਸਕਾਬਾਜ਼ : məsəkabaz] *ਵਿ:* ਚਾਪਲੂਸ

مسکین [ਮਿਸਕੀਨ : mɪsəkin] *ਵਿ:* ਗ਼ਰੀਬ, ਕੰਗਾਲ, ਵਿਚਾਰਾ, ਹਲੀਮ

مسکینی [ਮਿਸਕੀਨੀ : mɪsəkini] *ਇ:* ਗ਼ਰੀਬੀ, ਕੰਗਲਾਪਣ, ਮੁਥਾਜੀ; ਹਲੀਮੀ; ਭੈੜੀ ਹਾਲਤ ਵਿਚ

مسل [ਮਿਸਲ : mɪsəl] *ਇ:* ਫ਼ਾਈਲ, ਮੁਕੱਦਮੇ ਦੀ ਕਾਰਵਾਈ ਦੇ ਕਾਗ਼ਜ਼ ਜਿਹੜੇ ਇਕ ਥਾਈਂ ਇਕੱਠੇ ਹੋਣ

مسلح [ਮੁਸੱਲਹ : musəlləh] *ਵਿ:* ਹਥਿਆਰਬੰਦ

مسلسل [ਮੁਸਲਸਲ : musələsəl] *ਵਿ:* ਲਗਾਤਾਰ, ਨਿਰੰਤਰ, ਸਿਲਸਿਲੇਵਾਰ

مسلک [ਮਸਲਕ : məsələk] *ਪੁ:* ਪੱਥ, ਰਾਹ, ਮਾਰਗ, ਰਸਤਾ; ਤਰੀਕਾ; ਕਾਇਦਾ, ਦਸਤੂਰ, ਨਿਯਮ

مسلم [ਮੁਸਲਿਮ : musəlɪm] *ਪੁ:* ਮੁਸਲਮਾਨ, ਜਿਹੜਾ ਵਿਅਕਤੀ ਦੀਨ ਇਸਲਾਮ ਵਿਚ ਹੋਵੇ

مسلم [ਮੁਸੱਲਮ : musəlləm] *ਵਿ:* ਪੂਰਾ, ਕਾਮਲ, ਸਾਬਤ, ਸਾਰਾ, ਦਰੁਸਤ, ਠੀਕ; ਜ਼ਰੂਰ, ਵਾਜਬ; ਯਕੀਨ ਕੀਤਾ ਗਿਆ, ਮੰਨਿਆ ਹੋਇਆ, ਕਿਸੇ ਦੇ ਸਪੁਰਦ ਕੀਤਾ ਗਿਆ

مسلمان [ਮੁਸਲਮਾਨ : musəlməman] *ਪੁ:* ਮੋਮਨ, ਦੀਨ ਮੁਹੰਮਦੀ ਦੇ ਪੈਰੋਕਾਰ, ਉਹ ਲੋਕ ਜਿਨ੍ਹਾਂ ਦਾ ਮਜ਼ਹਬ ਇਸਲਾਮ ਹੋਵੇ

مسلمانی [ਮੁਸਲਮਾਨੀ : musələmani] *ਇ:/ਵਿ:* ਮੁਸਲਮਾਨ ਨਾਲ਼ ਸੰਬੰਧਿਤ; ਇਸਲਾਮ; ਸੁੰਨਤ; ਮੁਸਲਮਾਨ ਇਸਤਰੀ

مسلمہ [ਮੁਸਲਿਮਾ : musəlɪma] *ਵਿ:* ਮੁਸਲਮਾਨ (ਇਸਤਰੀ)

مسلمین [ਮੁਸਲਮੀਨ : musələmin] *ਪੁ:* مسلم ਦਾ ਬਹੁਵਚਨ, ਮੁਸਲਮਾਨ ਲੋਕ, ਮੁਸਲਮਾਨ ਦਾ ਮਜ਼ਹਬ, ਦੀਨ ਇਸਲਾਮ

مسلہ [ਮਸਲਾ : məsəla] *ਪੁ:* ਸਵਾਲ, ਪ੍ਰਸ਼ਨ; ਪੁੱਛਣ ਤੇ ਸਮਝਣਯੋਗ ਗੱਲ, ਦੀਨੀ ਗੱਲ, ਦੀਨੀ ਕਾਨੂੰਨ

مسمار [ਮਿਸਮਾਰ : mɪsəmar] *ਇ:/ਵਿ:* ਮੇਖ, ਖੁੰਟੀ, ਕਿੱਲ; ਢਾਹਿਆ ਹੋਇਆ, ਮਲੀਆਮੇਟ ਕੀਤਾ ਹੋਇਆ

مسن [ਮੁਸਿੰਨ : mussɪn] *ਵਿ:* ਬਜ਼ੁਰਗ, ਬੁੱਢਾ, ਪੁਰਾਣਾ; ਤਜਰਬੇਕਾਰ, ਸਿਆਣਾ, ਵੱਡੀ ਉਮਰ ਦਾ

مسند [ਮਸੰਦ : məsənd] *ਇ:* ਤਕੀਆ ਲਾ ਕੇ ਬਹਿਣ ਦੀ ਜਗ੍ਹਾ, ਤਕੀਆ ਗਾਹ, ਗੱਦੀ, ਤਖ਼ਤ, ਵੱਡਾ ਤਕੀਆ

مسواک [ਮਿਸਵਾਕ : mɪsəwak] *ਇ:* ਦਾਤਣ

مسودہ [ਮੁਸੱਵਦਾ : musəwwəda] *ਪੁ:* ਖਰੜਾ, ਲਿਖਿਆ ਹੋਇਆ, ਕਾਲ਼ਾ ਕੀਤਾ ਖਰੜਾ

مسیر [ਮਸੀਰ : məsir] *ਪੁ:* ਸੈਰ ਕਰਨ ਦਾ ਸਥਾਨ, ਸੈਰਗਾਹ

مشابہ [ਮਸ਼ਾਬਾ : məṣaba] *ਵਿ:* ਵਰਗਾ, ਮੁਤਾਬਕ, ਹਮਸ਼ਕਲ

مشاجرہ [ਮੁਸ਼ਾਜਰਾ : muṣajəra] *ਪੁ:* ਮੁਖ਼ਾਲਫ਼ਤ, ਵਿਰੋਧਤਾ

مشار [ਮੁਸ਼ਾਰ : muṣar] *ਵਿ:* ਇਸ਼ਾਰਾ ਕੀਤਾ ਗਿਆ, ਦੱਸਿਆ ਗਿਆ, ਜਤਲਾਇਆ ਗਿਆ

مشارب [ਮਸ਼ਾਰਿਬ : məṣarıb] ਪੁ: مشرب ਦਾ ਬਹੁਵਚਨ, ਪਾਣੀ ਪੀਣ ਦੀਆਂ ਥਾਂਵਾਂ, ਪਿਆਓ; ਪੱਤਣ; ਢੰਗ, ਤਰੀਕੇ, ਮਿਜ਼ਾਜ

مُشارکت [ਮੁਸ਼ਾਰਕਤ : muṣarəkət] ਇ: ਮਿਲ਼-ਜੁਲ਼ ਕੇ ਭਾਗ ਲੈਣ ਜਾਂ ਪਰਸਪਰ ਸ਼ਰੀਕ ਹੋਣ ਦਾ ਭਾਵ; ਹਿੱਸੇਦਾਰੀ, ਭਾਈਵਾਲੀ

مُشاعرہ [ਮੁਸ਼ਾਅ'ਰਾ : muṣa'əra] ਪੁ: ਕਵੀ ਦਰਬਾਰ

مُشاغِل [ਮੁਸ਼ਾਗ਼ਿਲ : muṣaġıl] ਪੁ: مشغلہ ਦਾ ਬਹੁਵਚਨ, ਬਹੁਤ ਸਾਰੇ ਸ਼ੁਗ਼ਲ, ਬਹੁਤ ਸਾਰੇ ਕੰਮ ਕਾਜ

مُشافہہ [ਮੁਸ਼ਾਫ਼ਹਾ : muṣafəha] ਕਿਵਿ: ਸਾਮ੍ਹਣੇ, ਰੂਬਰੂ, ਮੂੰਹ ਦਰ ਮੂੰਹ

مشّاق [ਮੱਸ਼ਾਕ਼ : məṣṣaq] ਵਿ: ਬਹੁਤ ਹੀ ਅਭਿਆਸ ਕਰਨ ਵਾਲ਼ਾ, ਨਿਪੁੰਨ, ਮਾਹਰ, ਮਿਹਨਤੀ

مشّاقی [ਮੱਸ਼ਾਕ਼ੀ : məṣṣaqi] ਇ: ਮੁਹਾਰਤ, ਨਿਪੁੰਨਤਾ, ਤਜੱਰਬਾ

مشاکل [ਮੁਸ਼ਾਕਿਲ : muṣakıl] ਵਿ: ਵਰਗਾ, ਇਕੋ ਸ਼ਕਲ ਦਾ

مُشاورت [ਮੁਸ਼ਾਵਰਤ : muṣawərət] ਇ: ਆਪਸ ਵਿਚ ਮਿਲ਼ ਕੇ ਕੀਤਾ ਵਿਚਾਰ, ਆਪਸੀ ਸਲਾਹ ਮਸ਼ਵਰਾ

مُشاہدہ [ਮੁਸ਼ਾਹਦਾ : muṣahəda] ਪੁ: ਦਰਸ਼ਨ, ਦੀਦ, ਮੁਆਇਨਾ; ਸੂਫ਼ੀ ਪਰੰਪਰਾ ਅਨੁਸਾਰ ਨੂਰ-ਏ-ਇਲਾਹੀ ਦਾ ਨਜ਼ਾਰਾ

مُشاہرہ [ਮੁਸ਼ਾਹਰਾ : muṣahəra] ਪੁ: ਮਾਸਕ ਵੇਤਨ, ਵਜ਼ੀਫ਼ਾ, ਤਲਬ; ਮਹੀਨਾ ਮੁਕੱਰਰ ਕਰਨਾ, ਮਹੀਨੇ ਦੀ ਉਜਰਤ

مشاہیر [ਮਸ਼ਾਹੀਰ : məṣahir] ਪੁ: مشہور ਦਾ ਬਹੁਵਚਨ, ਪ੍ਰਸਿੱਧ (ਲੋਕ) ਸਤਿਕਾਰਿਤ (ਲੋਕ)

مشائخ [ਮਸ਼ਾਇਖ਼ : məṣaıx] ਪੁ: شیخ ਦਾ ਬਹੁ-ਵਚਨ, ਬਜ਼ੁਰਗ ਲੋਕ, ਦੀਨੀ ਲੋਕ, ਸੰਯਮੀ, ਵਿਦਵਾਨ, ਸੂਫ਼ੀ ਲੋਕ, ਦਰਵੇਸ਼

مُشبّہ [ਮੁਸ਼ੱਬਾ : muṣəbba] ਵਿ: ਉਪਮੇਯ, ਉਹ ਚੀਜ਼ ਜਿਸ ਨੂੰ ਕਿਸੇ ਦੂਜੀ ਚੀਜ਼ ਨਾਲ਼ ਉਪਮਾ ਦਿਤੀ ਜਾਵੇ

مُشت [ਮੁਸ਼ਤ : muṣət] ਪੁ: ਘਸੁੰਨ, ਮੁੱਕਾ, ਮੁੱਠੀ, ਥੋੜ੍ਹੀ ਚੀਜ਼; ਥੋੜੇ ਜਿਹੇ ਆਦਮੀ

مُشتِ اُستخواں [ਮੁਸ਼ਤ-ਏ-ਉਸਤਖ਼ਵਾਂ : muṣət-e-usətəxwã] ਇ:/ਵਿ: ਮੁੱਠੀ ਭਰ ਹੱਡੀਆਂ; ਦੁਬਲਾ, ਪਤਲਾ

مُشتاق [ਮੁਸ਼ਤਾਕ਼ : muṣətaq] ਵਿ: ਖ਼ਾਹਸ਼ਮੰਦ, ਇੰਤਜ਼ਾਰ ਕਰਨ ਵਾਲ਼ਾ, ਚਾਹਵਾਨ, ਇੱਛਕ, ਸ਼ੌਕ ਰੱਖਣ ਵਾਲ਼ਾ

مُشتاقانہ [ਮੁਸ਼ਤਾਕ਼ਾਨਾ : muṣətaqana] ਵਿ: ਮੁਸ਼ਤਾਕ ਨਾਲ਼ ਸੰਬੰਧਿਤ, ਸ਼ੌਕ ਨਾਲ਼ ਜਾਂ ਇੱਛਾ ਨਾਲ਼ ਸੰਬੰਧਿਤ

مُشتبہ [ਮੁਸ਼ਤਬਾ : muṣətəba] ਵਿ: ਸ਼ੱਕੀ, ਸੰਦੇਹਜਨਕ, ਜਿਸ ਬਾਰੇ ਸ਼ੱਕ ਕੀਤਾ ਹੋਵੇ, ਸੰਦਿਗਧ

مُشتِ خاک [ਮੁਸ਼ਤ-ਏ-ਖ਼ਾਕ : muṣət-e-xak] ਵਿ: ਮੁੱਠੀ ਭਰ ਖ਼ਾਕ, ਮਿੱਟੀ ਦੀ ਮੁੱਠੀ; ਇਨਸਾਨ, ਧਰਤੀ

مُشترک [ਮੁਸ਼ਤਰਕ : muṣətərək] ਵਿ: ਸ਼ਾਮਲ ਹੋਣ ਵਾਲ਼ਾ, ਸ਼ਰੀਕ, ਭਾਈਵਾਲ, ਸਾਂਝੀ ਚੀਜ਼ ਜਿਸ ਵਿਚ ਕਈ ਹਿੱਸੇਦਾਰ (ਸ਼ਰੀਕ) ਹੋਣ, ਬਹੁ-ਅਰਥਾ ਸ਼ਬਦ

مشترکہ [ਮੁਸ਼ਤਰਕਾ : muṣətərəka] ਵਿ: ਸ਼ਰਕਤ ਕੀਤਾ ਹੋਇਆ; ਸਾਂਝੇ ਤੌਰ ਤੇ

مُشتری [ਮੁਸ਼ਤਰੀ : muṣətəri] ਪੁ: ਖ਼ਰੀਦਾਰ, ਮੁੱਲ ਲੈਣ ਵਾਲ਼ਾ

مُشت زن [ਮੁਸ਼ਤ ਜ਼ਨ : muṣətzən] ਵਿ: ਮੁੱਕੇਬਾਜ਼

مُشتعل [ਮੁਸ਼ਤਅ਼ਲ : muṣtə'əl] *ਵਿ:* ਭੜਕਿਆ ਹੋਇਆ, ਸ਼ੋਅਲੇ ਮਾਰਨ ਵਾਲ਼ਾ, ਲਾਟਾਂ ਮਾਰਦਾ ਹੋਇਆ, ਬਾਲ਼ਿਆ ਹੋਇਆ

مُشتغِل [ਮੁਸ਼ਤਗ਼ਿਲ : muṣtəġil] *ਵਿ:* ਰੁੱਝਿਆ ਹੋਇਆ, ਮਸ਼ਗ਼ੂਲ ਹੋਣ ਵਾਲ਼ਾ; ਆਵਾਜ਼ਾਰ, ਮੂੰਹ ਫੇਰ ਲੈਣ ਵਾਲ਼ਾ

مُشتمِل [ਮੁਸ਼ਤਮਿਲ : muṣtəmil] *ਵਿ:* ਸ਼ਰੀਕ, ਬਾਅਲ ਹੋਣ ਵਾਲ਼ਾ, ਉੱਪਰ ਛਾ ਜਾਣ ਵਾਲ਼ਾ

مُشتہر [ਮੁਸ਼ਤਹਰ : muṣtəhər] *ਵਿ:* ਪ੍ਰਸਿੱਧ ਕੀਤਾ ਗਿਆ, ਮਸ਼ਹੂਰ ਕੀਤਾ ਗਿਆ

مُشتہِر [ਮੁਸ਼ਤਹਿਰ : muṣtəhir] *ਵਿ:* ਪ੍ਰਸਿੱਧੀ ਦੇਣ ਵਾਲ਼ਾ, ਇਸ਼ਤਿਹਾਰ ਦੇਣ ਵਾਲ਼ਾ, ਮਸ਼ਹੂਰ ਕਰਨ ਵਾਲ਼ਾ

مشحُون [ਮਸ਼ਹੂਨ : məṣəxun] *ਵਿ:* ਭਰਿਆ ਹੋਇਆ

مُشدّد [ਮੁਸ਼ੱਦਦ : muṣəddəd] *ਵਿ:* ਉਹ ਹਰਫ਼ ਜਿਸ ਤੇ ਤਸ਼ਦੀਦ (ਅਧਕ) ਲੱਗੇ, ਬੰਨ੍ਹਿਆ ਗਿਆ, ਮਜ਼ਬੂਤ ਕੀਤਾ ਗਿਆ, ਸਖ਼ਤ ਕੀਤਾ ਗਿਆ

مشرب [ਮਸ਼ਰਬ : məṣərəb] *ਪੁ:* ਪਾਣੀ ਪੀਣ ਦਾ ਸਥਾਨ, ਸੋਮਾਂ, ਚਸ਼ਮਾ, ਝੀਲ; ਦੀਨ, ਧਰਮ, ਮਾਰਗ, ਪੰਥ; ਤੌਰ-ਤਰੀਕਾ, ਢੰਗ

مُشرّف [ਮੁਸ਼ੱਰਫ਼ : muṣərrəf] *ਵਿ:* ਸ਼ਰਫ਼ ਦਿੱਤਾ ਗਿਆ, ਸਨਮਾਨਿਤ ਕੀਤਾ ਗਿਆ, ਸਤਿਕਾਰਿਤ

مُشرِف [ਮੁਸ਼ਰਿਫ਼ : muṣərif] *ਪੁ:* ਉੱਚੀ ਥਾਂ, ਉਚਾਈ ਤੇ ਚੜ੍ਹਨ ਵਾਲ਼ਾ; ਖ਼ਬਰ ਨਿਗਰਾਨ; ਮੁਨਸ਼ੀ, ਮੀਰ, ਮੁਹੱਰਰ, ਹੈਡ ਕਲਰਕ; ਖ਼ਜ਼ਾਨੇ ਦਾ ਅਹੁਦੇਦਾਰ

مشرِق [ਮਸ਼ਰਿਕ़ : məṣərɪq] *ਇ:* ਪੂਰਬ, ਚੜ੍ਹਦਾ ਪਾਸਾ, ਸੂਰਜ ਨਿੱਕਲਣ ਵੱਲ ਦਾ ਪਾਸਾ

مشرُوب [ਮਸ਼ਰੂਬ : məṣərub] *ਵਿ:* ਪੀਤਾ ਹੋਇਆ, ਪੀਣ ਯੋਗ (ਚੀਜ਼)

مشروح [ਮਸ਼ਰੂਹ़ : məṣəruḥ] *ਵਿ:* ਖੋਲ੍ਹ ਕੇ ਬਿਆਨ ਕੀਤਾ ਗਿਆ

مشروحاً [ਮਸ਼ਰੂਹ़ਨ : məṣəruḥən] *ਕਿਵਿ:* ਵਿਸਤਾਰ ਸਹਿਤ

مشعل [ਮਸ਼ਅ਼ਲ : məṣə'əl] *ਇ:* ਰੋਸ਼ਨੀ ਦੀ ਥਾਂ, ਚਿਰਾਗ਼ਦਾਨ, ਬਹੁਤ ਮੋਟੀ ਬੱਤੀ, ਸ਼ਮਾ, ਰੋਸ਼ਨੀ ਕਰਨ ਵਾਲ਼ੀ ਚੀਜ਼

مشعلچی [ਮਸ਼ਅ਼ਲਚੀ : məṣə'ələci] *ਪੁ:* ਮਸ਼ਾਲਚੀ, ਮਸ਼ਾਲ ਚੁੱਕਣ ਵਾਲ਼ਾ, ਮਸ਼ਾਲ ਦਿਖਾਉਣ ਵਾਲ਼ਾ

مشغُول [ਮਸ਼ਗ਼ੂਲ : məṣəġul] *ਵਿ:* ਸ਼ੁਗਲ ਵਿਚ ਲੱਗਾ ਹੋਇਆ, ਰੁੱਝਿਆ ਹੋਇਆ, ਕੰਮ ਵਿਚ ਲੀਨ

مشغُولا [ਮਸ਼ਗ਼ੂਲਾ : məṣəġula] *ਪੁ:* ਸ਼ੁਗਲ, ਖੇਡ, ਤਮਾਸ਼ਾ, ਮਖ਼ੌਲ, ਠੱਠਾ

مُشفِق [ਮੁਸ਼ਫ਼िक़ : muṣəfɪq] *ਵਿ:/ਪੁ:* ਮਿਹਰਬਾਨ, ਦਇਆਲੂ, ਹਮਦਰਦ, ਮਿੱਤਰ, ਦੋਸਤ, ਅਦਬ ਲਿਹਾਜ਼ ਕਰਨ ਵਾਲ਼ਾ

مشق [ਮਸ਼ਕ़ : məṣəq] *ਇ:* ਮਸ਼ਕ, ਮੁਹਾਰਤ, ਅਭਿਆਸ, ਮੁੜ ਮੁੜ ਲਿਖਣ ਜਾਂ ਕੰਮ ਕਰਨ ਦਾ ਅਭਿਆਸ

مشقّت [ਮਸ਼ੱਕ़त : məṣəqqət] *ਇ:* ਮਿਹਨਤ, ਕੰਮ-ਕਾਜ, ਮਜ਼ਦੂਰੀ; ਦੁੱਖ, ਤਕਲੀਫ਼, ਦਰਦ, ਰੰਜ, ਔਖ, ਜਣੇਪੇ ਦੀ ਪੀੜ

مشک [ਮਸ਼ਕ : məṣək] *ਇ:* ਮਸ਼ਕ, ਪਾਣੀ ਭਰਨ ਵਾਲ਼ੀ ਖੱਲ ਜਿਸ ਵਿਚ ਮੱਖਣ ਵੀ ਰਖਿਆ ਜਾਂਦਾ ਹੈ, ਈਰਾਨ ਵਿਚ ਇਕ ਜਗ੍ਹਾ ਦਾ ਨਾਮ

مُشک [ਮੁਸ਼ਕ : muṣək] *ਪੁ:* ਕਸਤੂਰੀ; ਕਾਲਖ, ਸਿਆਹੀ

مُشکِل [ਮੁਸ਼ਕਿਲ : muṣəkɪl] *ਵਿ:* ਮੁਸ ਕਲ,

دुਸ਼ਵਾਰ, ਕਠਿਨ, ਔਖਾ, ਸਖ਼ਤ; ਉਲ਼ਝਿਆ ਹੋਇਆ

مُشک نافہ [ਮੁਸ਼ਕ ਨਾਫ਼ਾ : muṣək nafa] *ਪੁ:* ਹਿਰਨ ਦੇ ਪੇਟ ਵਿਚ ਉਹ ਥੈਲੀ ਜਿਸ ਵਿਚ ਕਸਤੂਰੀ ਹੁੰਦੀ ਹੈ

مشکور [ਮਸ਼ਕੂਰ : məṣəkur] *ਵਿ:* ਧੰਨਵਾਦ ਦਾ ਪਾਤਰ, ਸ਼ੁਕਰਗੁਜ਼ਾਰ

مشکوک [ਮਸ਼ਕੂਕ : məṣəkuk] *ਵਿ:* ਸ਼ੱਕੀ, ਸ਼ੱਕ ਕੀਤਾ ਗਿਆ, ਗੁਮਾਨ ਕੀਤਾ ਗਿਆ

مُشکی [ਮੁਸ਼ਕੀ : muṣəkĭi] *ਵਿ:* ਮੁਸ਼ਕ ਵਰਗਾ, ਕਾਲ਼ਾ ਸਿਆਹ

مُشکیں [ਮੁਸ਼ਕੇਂ : muṣəkẽ] *ਇ:* ਦੋਵੇਂ ਬਾਹਾਂ, ਦੋਵੇਂ ਮੋਢੇ

مُشلُول [ਮੁਸ਼ਲੂਲ : muṣəlul] *ਵਿ:* ਅਪਾਹਜ, ਜਿਸ ਦੇ ਹੱਥ-ਪੈਰ ਬੇਹਿਸ ਹੋ ਗਏ ਹੋਣ

مشمُول [ਮਸ਼ਮੂਲ : məṣəmul] *ਵਿ:* ਸ਼ਾਮਲ ਕੀਤਾ ਗਿਆ, ਸ਼ਰੀਕ ਕੀਤਾ ਗਿਆ, ਮਿਲਾਇਆ ਹੋਇਆ, ਸਭ ਪਾਸਿਓ ਘੇਰਿਆ ਗਿਆ

مشورت [ਮਸ਼ਵਰਤ : məṣəwərət] *ਇ:* ਪਰਸਪਰ ਸਲਾਹ, ਮਸ਼ਵਰਾ; ਸਾਜ਼ਿਸ਼

مشورہ [ਮਸ਼ਵਰਾ : məṣəwəra] *ਪੁ:* ਸਲਾਹ, ਸਾਂਝੀ ਰਾਏ

مشہور [ਮਸ਼ਹੂਰ : məṣəhur] *ਵਿ:* ਪ੍ਰਸਿੱਧ, ਨਾਮਵਰ, ਨਾਮੀ

مشہور و معرُوف [ਮਸ਼ਹੂਰ-ਉ-ਮਅ'ਰੂਫ਼ : məṣəhur-o-mə'əruf] *ਵਿ:* ਨਾਮੀ, ਨਾਮਵਰ, ਜਿਸ ਨੂੰ ਸਾਰੇ ਜਾਣਦੇ ਹੋਣ

مُشِیر [ਮੁਸ਼ੀਰ : muṣir] *ਵਿ:* ਇਸ਼ਾਰਾ ਕਰਨ ਵਾਲ਼ਾ; ਮਸ਼ਵਰਾ ਦੇਣ ਵਾਲ਼ਾ, ਸਲਾਹਕਾਰ, ਰਾਏ ਦੇਣ ਵਾਲ਼ਾ; ਦੀਵਾਨ, ਮੁਸਾਹਿਬ

مصاب [ਮਸਾਬ : məsab] *ਵਿ:* ਦੁਖਿਆਰਾ, ਦੁਖੀ

مصابرت [ਮਸਾਬਰਤ : məsabərət] *ਵਿ:* ਸਬਰ; ਸੰਤੋਖ

مصاحِب [ਮੁਸਾਹਿਬ : musaḥib] *ਪੁ:* ਸਾਥੀ, ਖ਼ਾਸ ਦੋਸਤ, ਗੂੜ੍ਹਾ ਮਿੱਤਰ, ਕੋਲ ਬਹਿਣ ਵਾਲ਼ਾ ਵਿਅਕਤੀ, ਸ਼ਹਿਜ਼ਾਦੇ ਦਾ ਖ਼ਾਸ ਸਾਥੀ

مُصالحت [ਮੁਸਾਲਹ਼ਤ : musaləḥət] *ਇ:* ਆਪਸੀ ਸਮਝੌਤਾ, ਆਪਸ ਵਿਚ ਮੇਲ-ਮਿਲਾਪ; ਸੁਲ੍ਹਾ

مَصدَر [ਮਸਦਰ : məsədər] *ਪੁ:* ਉਹ ਮੂਲ ਸ਼ਬਦ ਜਿਸ ਵਿਚੋਂ ਕਿਰਿਆਵਾਂ ਤੇ ਵਿਸ਼ੇਸ਼ਣ ਬਣਾਏ ਜਾਣ; ਸੋਮਾ, ਸਰੋਤ, ਨਿਕਲਣ ਦੀ ਥਾਂ, ਜੜ੍ਹ, ਬੁਨਿਆਦ; ਕਾਰਨ

مِصرع/مِصرعہ [ਮਿਸਰਅ/ਮਿਸਰਆ : misərə'/misərə'a] *ਪੁ:* ਇਕ ਕਵਾੜ, ਇਕ ਪਟ, ਅੱਧਾ ਦਰਵਾਜ਼ਾ; ਅੱਧਾ ਸ਼ਿਅਰ, ਅੱਧਾ ਬੈਤ

مُصرِف [ਮੁਸਰਿਫ਼ : musərif] *ਵਿ:* ਸਰਫ਼ ਕਰਨ ਵਾਲ਼ਾ, ਖ਼ਰਚ ਕਰਨ ਵਾਲ਼ਾ

مصرُوف [ਮਸਰੂਫ਼ : məsəruf] *ਵਿ:* ਸਰਫ਼ ਕੀਤਾ ਗਿਆ, ਫੇਰਿਆ ਗਿਆ, ਕੰਮ ਵਿਚ ਰੁੱਝਿਆ ਹੋਇਆ

مَصطَفیٰ [ਮਸਤ਼ਫ਼ਾ : məsətəfa] *ਵਿ:/ਪੁ:* ਚੁਣਿਆ ਹੋਇਆ, ਮਕਬੂਲ, ਪ੍ਰਵਾਨਿਤ, ਬਹੁਤ ਹੀ ਸਤਿਕਾਰਿਤ; ਹਜ਼ਰਤ ਰਸੂਲ ਦਾ ਲਕਬ

مَصلحت [ਮਸਲਹ਼ਤ : məsələḥət] *ਇ:* ਨੇਕ ਰਾਏ, ਚੰਗੀ ਸਲਾਹ; ਖ਼ੂਬੀ, ਭਲਾਈ, ਬਿਹਤਰੀ; ਵਸਫ਼, ਗੁਣ

مُصنِف [ਮੁਸਨਿਫ਼ : musənif] *ਪੁ:* ਲੇਖਕ, ਕਿਤਾਬ ਤਸਨੀਫ਼ (ਲਿਖਣ) ਕਰਨ ਵਾਲ਼ਾ ਵਿਦਵਾਨ

مصنُوعی [ਮਸਨੂਈ : məsənu'i] *ਵਿ:* ਬਣਾਇਆ ਹੋਇਆ, ਗੈਰ-ਕੁਦਰਤੀ, ਬਣਾਉਟੀ, ਨਕਲੀ

مُصوِّر [ਮੁਸੱਵਿਰ : musəwwir] *ਪੁ:* ਤਸਵੀਰ

ਬਣਾਉਣ ਵਾਲ਼ਾ, ਕਲਾਕਾਰ, ਚਿੱਤਰਕਾਰ, ਬੁੱਤ ਘਾੜਾ, ਮੂਰਤੀਕਾਰ

مُصوّری [ਮੁਸੱਵਰੀ : mussəwərı] *ਇ:* ਚਿੱਤਰਕਾਰੀ, ਤਸਵੀਰਾਂ ਬਣਾਉਣ ਦਾ ਹੁਨਰ ਜਾਂ ਕਿੱਤਾ

مُصیبت [ਮੁਸੀਬਤ : musibət] *ਇ:* ਮੁਸੀਬਤ, ਰੰਜ, ਦੁੱਖ, ਤਕਲੀਫ਼; ਸਦਮਾ, ਹਾਦਸਾ; ਦਿੱਕਤ, ਮੁਸ਼ਕਲ, ਕਠਨਾਈ, ਆਫ਼ਤ

مُصیبت زدہ [ਮੁਸੀਬਤ ਜ਼ਦਾ : musibət zəda] *ਵਿ:* ਦੁੱਖਾਂ ਜਾਂ ਆਫ਼ਤ ਦਾ ਮਾਰਿਆ, ਅਭਾਗਾ, ਭੈੜੇ ਹਾਲ ਵਾਲ਼ਾ ਬਰਬਾਦ

مُضارِع [ਮੁਜ਼ਾਰਿਅ਼ : muzarı'ə] *ਪੁ:* ਵਰਗਾ, ਜਿਹਾ, ਕਿਰਿਆ ਦਾ ਉਹ ਰੂਪ ਜਿਸ ਵਿਚ ਵਰਤਮਾਨ ਤੇ ਭਵਿਖ ਦੋਵੇਂ ਕਾਲ ਜ਼ਾਹਰ ਹੋਣ

مضبُوط [ਮਜ਼ਬੂਤ਼ : məzəbut] *ਵਿ:* ਮਜ਼ਬੂਤ, ਕਬਜ਼ਾ ਕੀਤਾ ਗਿਆ, ਜ਼ਬਤ ਕੀਤਾ ਗਿਆ, ਪੱਕਾ, ਸਥਾਈ; ਪਾਏਦਾਰ, ਹੱਟਾ-ਕੱਟਾ

مضرُوب [ਮਜ਼ਰੂਬ : məzərub] *ਵਿ:* ਸੱਟ ਲੱਗੀ ਹੋਈ, ਜ਼ਖ਼ਮੀ

مُضطرِب [ਮੁਜ਼ਤ਼ਰਿਬ : muzətərıb] *ਵਿ:* ਬੇਚੈਨ; ਬੇਕਰਾਰ, ਅਸ਼ਾਂਤ, ਪਰੇਸ਼ਾਨ

مُضغہ [ਮੁਜ਼ਗ਼ਾ : muzəġa] *ਪੁ:* ਲੋਥੜਾ, ਮਾਸ ਦਾ ਟੁਕੜਾ; ਗਰਾਹੀ

مُضِل [ਮੁਜ਼ਿਲ : muzıl] *ਵਿ:* ਗੁਮਰਾਹ ਕਰਨ ਵਾਲ਼ਾ, ਗਲਤ ਰਾਹੇ ਪਾਉਣ ਵਾਲ਼ਾ

مُضِلّت [ਮੁਜ਼ਿੱਲਤ : muzıllət] *ਇ:* ਗੁਮਰਾਹੀ, ਬਹਿਕਾਵਾ

مضمُون [ਮਜ਼ਮੂਨ : məzəmun] *ਪੁ:* ਵਿਚਾਲੇ ਪਾਈ ਹੋਈ ਚੀਜ਼, ਜ਼ਿਮਨ ਵਿਚ ਕੀਤਾ ਹੋਇਆ; ਮੰਤਵ, ਮਤਲਬ, ਅਰਥ, ਬਿਆਨ; ਗੱਲ, ਲੇਖ

مُطابِق [ਮੁਤ਼ਾਬਿਕ਼ : mutabıq] *ਕਿਵਿ:* ਮੁਤਾਬਿਕ, ਬਰਾਬਰ, ਵਰਗਾ, ਸਮਾਨ, ਅਨੁਕੂਲ, ਅਨੁਸਾਰ

مَطار [ਮਤ਼ਾਰ : mətar] *ਪੁ:* ਉੱਡਣ ਦਾ ਸਥਾਨ, ਹਵਾਈ ਅੱਡਾ

مطالِب [ਮਤ਼ਾਲਿਬ : mətalıb] *ਪੁ:* مطلب ਦਾ ਬਹੁਵਚਨ, ਮੁਰਾਦਾਂ, ਭਾਵ, ਮੰਤਵ, ਇੱਛਾਵਾਂ

مُطالبہ [ਮੁਤ਼ਾਲਬਾ : mutaləba] *ਪੁ:* ਦਾਅਵਾ; ਅਰਜ਼, ਬੇਨਤੀ, ਤਕਾਜ਼ਾ, ਤਲਬ, ਆਪਣਾ ਹੱਕ ਮੰਗਣ ਦਾ ਭਾਵ

مُطالِعہ [ਮੁਤ਼ਾਲਆ : mutalə'a] *ਪੁ:* ਧਿਆਨ, ਸਰਵੇਖਣ, ਗ਼ੌਰ, ਅਧਿਐਨ; ਕਿਸੇ ਚੀਜ਼ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਉਸ ਨੂੰ ਵੇਖਣਾ

مطب [ਮਤ਼ਬ : mətəb] *ਪੁ:* ਉਹ ਮਕਾਨ ਜਿਥੇ ਤਬੀਬ ਜਾਂ ਹਕੀਮ ਰੋਗੀਆਂ ਨੂੰ ਵੇਖ ਕੇ ਇਲਾਜ ਕਰਦੇ ਹਨ

مطبخ [ਮਤ਼ਬਖ਼ : mətəbəx] *ਪੁ:* ਖਾਣਾ ਪਕਾਉਣ ਦੀ ਥਾਂ, ਰਸੋਈ ਘਰ

مطبعہ [ਮਤ਼ਬਅ਼ : mətəbə'ə] *ਪੁ:* ਛਾਪਾਖ਼ਾਨਾ, ਪ੍ਰੈੱਸ

مطبُوخ [ਮਤ਼ਬੂਖ਼ : mətəbux] *ਵਿ:/ਪੁ:* ਅੱਗ ਤੇ ਪਕਾਈ ਹੋਈ, ਪੱਕੀ ਹੋਈ; ਜੋਸ਼ਾਂਦਾ

مطبُوع [ਮਤ਼ਬੂਅ਼ : mətəbu'ə] *ਵਿ:* ਛਪਿਆ ਹੋਇਆ; ਪਸੰਦ ਕੀਤਾ ਗਿਆ, ਮਨ-ਪਸੰਦ

مطبُوعہ [ਮਤ਼ਬੂਆ : mətəbu'a] *ਵਿ:* ਛਪਿਆ ਹੋਇਆ, ਛਪੀ ਹੋਈ, ਛਾਪੀ ਹੋਈ

مِطراق [ਮਿਤ਼ਰਾਕ਼ : mıtəraq] *ਪੁ:* ਹਥੌੜੀ; ਉਦਾਹਰਨ

مُطرِب [ਮੁਤ਼ਰਿਬ : mutərıb] *ਪੁ:* ਖ਼ੁਸ਼ ਕਰਨ ਵਾਲ਼ਾ ਵਿਅਕਤੀ, ਗਾਇਕ, ਰਾਗੀ, ਗਵੱਯਾ, ਕਵਾਲ, ਡੂਮ, ਮਰਾਸੀ

مُطرِبہ [ਮੁਤ਼ਰਿਬਾ : mutərıba] *ਇ:* ਗਾਉਣ ਵਾਲ਼ੀ (ਤੀਵੀਂ)

مطرُوح [ਮਤ਼ਰੂਹ਼ : mətəruḥ] *ਵਿ:* ਕੱਢਿਆ

ਹੋਇਆ, ਮੁੱਟਿਆ ਹੋਇਆ; ਘਿਰਨਾ ਯੋਗ

مطرُود [ਮਤ੍ਰੂਦ : mətərud] *ਵਿ:* ਧਿਰਕਾਰਿਆ ਹੋਇਆ, ਕੱਢਿਆ ਹੋਇਆ, ਸ਼ਹਿਰੋਂ ਕੱਢਿਆ ਹੋਇਆ

مُطعِم [ਮੁਤ੍ਅ਼ਿਮ : mutə'əm] *ਵਿ:* ਖੁਆਉਣ ਵਾਲ਼ਾ

مطعَن [ਮਤ੍ਅ਼ਨ : mətə'ən] *ਪੁ:* ਤਾਹਨਾ, ਮਿਹਣਾ

مطعُون [ਮਤਊਨ : mətə'un] *ਵਿ:* ਐਬ ਕੱਢਿਆ ਹੋਇਆ, ਤਾਹਨਾ ਦਿੱਤਾ ਗਿਆ; ਬਦਨਾਮ

مطلب [ਮਤ਼ਲਬ : mətələb] *ਪੁ:* ਮਤਲਬ, ਮੰਤਵ, ਖ਼ਾਹਸ਼, ਅਰਥ, ਭਾਵ; ਭਾਲ਼ਣ ਦੀ ਥਾਂ, ਤਲਬ ਦੀ ਜਗ੍ਹਾ

مطلبی [ਮਤ਼ਲਬੀ : mətələbi] *ਵਿ:* ਖ਼ੁਦਗ਼ਰਜ਼, ਮਤਲਬਪ੍ਰਸਤ, ਚਲਾਕ

مطلع [ਮਤ਼ਲਅ਼ : mətələ'ə] *ਪੁ:* ਚੜ੍ਹਦਾ, ਪੂਰਬ, ਗ਼ਜ਼ਲ ਜਾਂ ਕਸੀਦੇ ਦਾ ਪਹਿਲਾ ਸ਼ਿਅਰ ਜਿਸ ਦੇ ਦੋਵੇਂ ਮਿਸਰਿਆਂ ਵਿਚ ਕਾਫ਼ੀਏ ਦੀ ਪਾਬੰਦੀ ਕੀਤੀ ਜਾਂਦੀ ਹੈ

مُطّلع [ਮੁਤ੍ਤ਼ਲਅ਼ : muttələ'ə] *ਵਿ:* ਸੂਚਿਤ ਕੀਤਾ ਹੋਇਆ, ਖ਼ਬਰਦਾਰ ਕੀਤਾ ਹੋਇਆ; ਜਾਣੂ

مُطلَق [ਮੁਤ਼ਲਕ਼ : mutələq] *ਵਿ:* ਆਜ਼ਾਦ, ਸੁਤੰਤਰ; ਬਿਲਕੁਲ; ਕੈਦ ਤੋਂ ਮੁਕਤ ਕੀਤਾ ਗਿਆ, ਜਿਸ ਤੇ ਕੋਈ ਸ਼ਰਤ ਨਾ ਲਾਈ ਗਈ ਹੋਵੇ

مُطلّقہ [ਮੁਤ੍ਤ਼ਲਕ਼ਾ : mutəlləqa] *ਵਿ:* ਤਲਾਕ ਦਿੱਤੀ (ਤੀਵੀਂ); ਛੁੱਟੜ; ਆਜ਼ਾਦ ਕੀਤੀ ਹੋਈ

مطلُوب [ਮਤ਼ਲੂਬ : mətəlub] *ਵਿ:/ਪੁ:* ਤਲਬ ਕੀਤਾ ਗਿਆ, ਮੰਗਿਆ ਗਿਆ, ਇੱਛਿਤ; ਮਕਸਦ, ਮਨੋਰਥ, ਮਸ਼ੂਕ

مطوّل [ਮੁਤ੍ਵੱਵਲ : mutəwwəl] *ਵਿ:* ਲੰਮਾ

مُطمئِن [ਮੁਤ੍ਮਇਨ : mutəməin] *ਵਿ:* ਸੰਤੋਖ ਰੱਖਣ ਵਾਲ਼ਾ, ਮਾਤਰ-ਜਮ੍ਹਾ ਰੱਖਣ ਵਾਲ਼ਾ, ਬੇਫ਼ਿਕਰ, ਨਿਸ਼ਚਿਤ

مُطہّر [ਮੁਤ੍ਹੱਹਰ : mutəhhər] *ਵਿ:* ਪਵਿੱਤਰ, ਸਵੱਛ; ਮਾਸੂਮ

مطیر [ਮਤ਼ੀਰ : mətir] *ਵਿ:* ਵਰ੍ਹਨ ਵਾਲ਼ਾ, ਬਾਰਸ਼ ਕਰਨ ਵਾਲ਼ਾ

مظالِم [ਮਜ਼ਾਲਿਮ : məzalım] *ਪੁ:* مظلِمہ ਦਾ ਬਹੁਵਚਨ, ਸਖ਼ਤੀਆਂ, ਬੇਇਨਸਾਫ਼ੀਆਂ, ਵਧੀਕੀਆਂ, ਅਤਿਆਚਾਰ, ਜ਼ੁਲਮ

مظاہِر [ਮਜ਼ਾਹਰ : məzahər] *ਪੁ:* مظہَر ਦਾ ਬਹੁਵਚਨ, ਪ੍ਰਗਟ ਹੋਣ ਦੀਆਂ ਥਾਂਵਾਂ

مُظاہِر [ਮੁਜ਼ਾਹਰ : muzahır] *ਵਿ:* ਮੁਜ਼ਾਹਰਾ ਕਰਨ ਵਾਲ਼ਾ

مُظاہرہ [ਮੁਜ਼ਾਹਰਾ : muzahəra] *ਪੁ:* ਮੱਦਦ ਦਾ ਭਾਵ, ਕਿਸੇ ਵਿਸ਼ੇਸ਼ ਕੰਮ ਜਾਂ ਮੰਤਵ ਪ੍ਰਤਿ ਸਹਿਮਤੀ ਵਜੋਂ ਇਕੱਤਰ ਹੋਣਾ

مظرُوف [ਮਜ਼ਰੂਫ਼ : məzəruf] *ਵਿ:* (ਭਾਂਡੇ ਵਿਚ) ਰੱਖੀ ਹੋਈ ਜਾਂ ਪਾਈ ਹੋਈ

مُظفّر [ਮੁਜ਼ੱਫ਼ਰ : muzəffər] *ਵਿ:* ਜੇਤੂ, ਫ਼ਤਿਹਮੰਦ, ਵਿਜੇਤਾ, ਜਿੱਤਣ ਵਾਲ਼ਾ

مُظلِم [ਮੁਜ਼ਲਮ : muzələm] *ਵਿ:* ਕਾਲ਼ਾ, ਸਿਆਹ; ਛੁਪਿਆ ਹੋਇਆ, ਲੁਕਿਆ ਹੋਇਆ

مُظلمہ [ਮੁਜ਼ਲਮਾ : muzələma] *ਪੁ:* ਜ਼ੁਲਮ, ਸਿਤਮ, ਜ਼ੋਰ, ਹਨੇਰ, ਬੇਇਨਸਾਫ਼ੀ; ਅਤਿਆਚਾਰ, ਵਧੀਕੀ

مظلُوم [ਮਜ਼ਲੂਮ : məzəlum] *ਵਿ:* ਸਤਾਇਆ ਹੋਇਆ, ਜ਼ੁਲਮ ਕੀਤਾ ਗਿਆ, ਜਿਸ ਤੇ ਜ਼ੁਲਮ ਹੋਇਆ ਹੋਵੇ, ਜਿਸ ਨਾਲ਼ ਵਧੀਕੀ ਹੋਈ ਹੋਵੇ

مظلُومِیّت [ਮਜ਼ਲੂਮੀਯਤ : məzəlumiyət] *ਇ:* ਸਤਾਏ ਹੋਣ ਦੀ ਸਥਿਤੀ

مظہر [ਮਜ਼ਹਰ : məzəhər] ਪੁ: ਪ੍ਰਗਟ ਹੋਣ ਦੀ ਥਾਂ, ਜ਼ਾਹਰ ਹੋਣ ਦੀ ਜਗ੍ਹਾ; ਸਟੇਜ, ਅਖਾੜਾ, ਤਮਾਸ਼ਾ ਵਿਖਾਉਣ ਦਾ ਚਬੂਤਰਾ

مُظہر [ਮੁਜ਼ਹਿਰ : muzəhir] ਵਿ: ਬਿਆਨ ਕਰਨ ਵਾਲ਼ਾ, ਗਵਾਹ, ਸ਼ਾਹਦ, ਮੁਖ਼ਬਰ, ਜਸੂਸ; ਜ਼ਾਹਰ ਕਰਨ ਵਾਲ਼ਾ, ਪ੍ਰਗਟ ਕਰਨ ਵਾਲ਼ਾ

مع [ਮਅ : mə'ə] ਕਿਵਿ: ਨਾਲ਼, ਸੰਗ, ਸਮੇਤ, ਸਾਥ

مع الخیر [ਮਅ-ਉਲ-ਖ਼ੈਰ : mə'ə-ul-xɛr] ਵਿ: ਖ਼ੈਰੀਅਤ ਨਾਲ਼, ਸਲਾਮਤੀ ਨਾਲ਼

معاً [ਮਅਨ : mə'ən] ਕਿਵਿ: ਇਕ ਸਾਥ, ਨਾਲ਼ ਮਿਲ਼ ਕੇ; ਇਕਦਮ, ਝਟਪਟ, ਉਸੇ ਵੇਲ਼ੇ; ਇਕ ਹੀ ਸਮੇਂ

معابِد [ਮਆਬਿਦ : mə'abɪd] ਪੁ: معبد ਦਾ ਬਹੁਵਚਨ; ਇਬਾਦਤ ਦੀਆਂ ਥਾਂਵਾਂ, ਮਸੀਤਾਂ ਸ਼ਿਵਾਲੇ ਗਿਰਜੇ ਆਦਿ

معابِر [ਮਆਬਿਰ : mə'abɪr] ਪੁ: معبر ਦਾ ਬਹੁਵਚਨ, ਘਾਟ, ਪੁਲ਼, ਪੱਤਣ, ਦਰਿਆ ਨੂੰ ਪਾਰ ਕਰਨ ਲਈ ਥਾਂਵਾਂ

معاد [ਮਆਦ : mə'ad] ਇ: ਪਰਤਣ ਦੀ ਥਾਂ, ਲੁੱਟ ਕੇ ਜਾਣ ਦੀ ਥਾਂ; ਅੰਤ ਸਮਾਂ, ਕਿਆਮਤ, ਆਖ਼ਰਤ, ਹਸ਼ਰ

مُعادِل [ਮੁਆਦਿਲ : mʊ'adɪl] ਵਿ: ਬਰਾਬਰ, ਮਸਾਵੀ, ਇਨਸਾਫ਼ ਸਹਿਤ

معادِن [ਮਆਦਿਨ : mə'adɪn] ਇ: معدن ਦਾ ਬਹੁਵਚਨ, ਖਾਣਾ

مُعاذ [ਮੁਆਜ਼ : mʊ'az] ਇ: ਬਚਾ ਦੀ ਥਾਂ, ਸ਼ਰਨ ਸਥਾਨ, ਪਨਾਹ ਦੀ ਥਾਂ

معارِج [ਮਆਰਿਜ : mə'arɪj] ਇ: معرج ਦਾ ਬਹੁਵਚਨ, ਪੌੜੀਆਂ, ਸੀੜ੍ਹੀਆਂ

مُعارِض [ਮੁਆਰਿਜ਼ : mʊarɪz] ਵਿ: ਝਗੜਾਲੂ, ਵਿਰੋਧੀ

مُعارِضہ [ਮੁਆਰਜ਼ਾ : mʊa'rəza] ਪੁ: ਝਗੜਾ, ਟੰਟਾ, ਬਖੇੜਾ

معارِف [ਮਆਰਿਫ਼ : mə'arɪf] ਪੁ: معرفہ ਦਾ ਬਹੁਵਚਨ, ਜਾਣ ਪਛਾਣ ਦੇ ਸਥਾਨ; ਨਾਮਵਰ ਲੋਕ, ਸੂਝਵਾਨ ਲੋਕ, ਵਿਦਵਾਨ ਲੋਕ, ਜਾਣ-ਪਛਾਣ ਵਾਲ਼ੇ ਲੋਕ

معارِک [ਮਆਰਿਕ : mə'arɪk] ਪੁ: معرکہ ਦਾ ਬਹੁਵਚਨ, ਲੜਾਈ ਦੇ ਮੈਦਾਨ, ਜੁੱਧ ਭੂਮੀਆਂ

معارکہ [ਮਆਰਕਾ : mə'arəka] ਪੁ: ਲੜਾਈ, ਜੰਗ, ਜੁੱਧ

معاش [ਮਆਸ਼ : mə'aṣ] ਪੁ: ਰਿਜ਼ਕ, ਖ਼ੁਰਾਕ, ਰੋਜ਼ੀ;

مُعاشرت [ਮੁਆਸ਼ਰਤ : mʊ'aṣərət] ਇ: ਕਿਸੇ ਨਾਲ਼ ਐਸ਼ ਕਰਨਾ; ਕਿਸੇ ਨਾਲ਼ ਮਿਲ਼-ਜੁਲ਼ ਕੇ ਜੀਵਨ ਬਿਤਾਉਣਾ, ਪਰਸਪਰ ਖਾਣ ਪੀਣ

مُعاشرہ [ਮੁਆਸ਼ਰਾ : mʊ'aṣəra] ਵਿ: ਰਲ਼ ਮਿਲ਼ ਕੇ ਰਹਿਣ ਦੀ ਜ਼ਿੰਦਗੀ ਜਿਸ ਵਿਚ ਹਰ ਵਿਅਕਤੀ ਨੂੰ ਰਹਿਣ ਸਹਿਣ ਅਤੇ ਆਪਣੀ ਤਰੱਕੀ ਕਰਨ ਲਈ ਦੂਜਿਆਂ ਨਾਲ਼ ਵਾਹ ਪੈਂਦਾ ਹੈ

مُعاف [ਮੁਆਫ਼ : mʊ'af] ਵਿ: ਬਖ਼ਸ਼ਿਆ ਗਿਆ, ਛੱਡਿਆ ਗਿਆ, ਬਰੀ, ਸੁਤੰਤਰ, ਆਜ਼ਾਦ; ਦਰਗੁਜ਼ਰ

مُعافی [ਮੁਆਫ਼ੀ : mʊ'afi] ਇ: ਮੁਆਫ਼ੀ, ਬਖ਼ਸ਼ਿਸ਼, ਰਿਹਾਈ, ਖ਼ਲਾਸੀ

مُعافی نامہ [ਮੁਆਫ਼ੀ ਨਾਮਾ : mʊ'afi nama] ਪੁ: ਖਿਮਾ ਪੱਤਰ, ਖਿਮਾ ਜਾਚਨਾ ਲਈ ਲਿਖਤ, ਛੋਟ ਜਾਂ ਰਿਆਇਤ ਦੀ ਲਿਖਤ

مُعاقبت [ਮੁਆਕ਼ਬਤ : mʊ'aqəbət] ਇ: ਸਜ਼ਾ, ਦੰਡ; ਸਿਆਸਤ

مُعاقِد [ਮੁਆਕਿਦ : mʊ'aqɪd] ਪੁ: ਅਕਦ ਕਰਨ ਵਾਲ਼ਾ, ਨਿਕਾਹ ਕਰਨ ਵਾਲ਼ਾ, ਐਹਦ

ਬੰਨ੍ਹਣ ਵਾਲ਼ਾ

مُعالج [ਮੁਆਲਿਜ : mu'alij] ਪੁ: ਇਲਾਜ ਕਰਨ ਵਾਲ਼ਾ, ਹਕੀਮ, ਡਾਕਟਰ, ਵੈਦ, ਤਬੀਬ

مُعالجہ [ਮੁਆਲਜਾ : mu'aləja] ਪੁ: ਇਲਾਜ, ਦਵਾ ਦਾਰੂ

معالم [ਮਆਲਿਮ : mə'alım] ਪੁ: معلم ਦਾ ਬਹੁਵਚਨ, ਨਿਸ਼ਾਨੀਆਂ, ਅਲਾਮਤਾਂ

معالی [ਮਆਲੀ : mə'ali] ਪੁ: معلّٰی ਦਾ ਬਹੁਵਚਨ, ਉਚਾਈਆਂ, ਬੁਲੰਦੀਆਂ

مُعاملات [ਮੁਆਮਲਾਤ : mu'aməlat] ਪੁ: مُعاملہ ਦਾ ਬਹੁਵਚਨ, ਕੰਮ-ਕਾਜ, ਕਾਰਜ

مُعاملت [ਮੁਆਮਲਤ : mu'amələt] ਇ: ਲੈਣ ਦੇਣ, ਵਪਾਰ, ਕਾਰੋਬਾਰ; ਆਪਸੀ ਕੋਈ ਫ਼ੈਸਲਾ, ਕੌਲ-ਕਰਾਰ

مُعاملہ [ਮੁਆਮਲਾ : mu'aməla] ਪੁ: ਅਮਲ, ਕੰਮ-ਕਾਜ, ਕਾਰੋਬਾਰ, ਧੰਦਾ; ਮਿਲ-ਜੁਲ਼ ਕੇ ਕੀਤਾ ਕੋਈ ਕੰਮ; ਲੈਣ ਦੇਣ, ਵਪਾਰ; ਘਟਨਾ, ਕੌਲ ਕਰਾਰ; ਝਗੜਾ

مُعانِد [ਮੁਆਨਿਦ : mua'nıd] ਪੁ: ਦੁਸ਼ਮਣ, ਵਿਰੋਧੀ, ਵੈਰੀ

مُعانَدت [ਮੁਆਨਦਤ : mua'nədət] ਇ: ਦੁਸ਼ਮਣੀ, ਵੈਰ, ਝਗੜਾ

مُعانی [ਮੁਆਨੀ : mu'ani] ਇ: معنیٰ ਦਾ ਬਹੁਵਚਨ, ਮੰਤਵ, ਮੁਰਾਦਾਂ, ਮਤਲਬ, ਮਕਸਦ; ਉਹ ਵਿੱਦਿਆ ਜਿਸ ਨਾਲ਼ ਸ਼ਬਦਾਂ ਦੀ ਮੌਕੇ ਸਿਰ ਸਹੀ ਵਰਤੋਂ ਅਤੇ ਅਰਥਾਂ ਦੇ ਠੀਕ ਹੋਣ ਦਾ ਪਤਾ ਲੱਗਦਾ ਹੈ

مُعاودت [ਮੁਆਵਦਤ : mu'awədət] ਇ: ਵਾਪਸੀ, ਮੋੜ, ਪਰਤਾਵਾ, ਆਪਣੀ ਪਹਿਲੀ ਆਦਤ ਵੱਲ ਰੁਚਿਤ ਹੋਣ ਦਾ ਭਾਵ

مُعاوضت [ਮੁਆਵਜ਼ਤ : mu'awəzət] ਇ: ਬਦਲਾ, ਪਲਟਾ

مُعاوضہ [ਮੁਆਵਜ਼ਾ : mu'awəza] ਪੁ: ਬਦਲਾ, ਪਲਟਾ, ਇਵਜ਼; ਉਜਰਤ, ਮਿਹਨਤ ਦਾ ਸਿਲ੍ਹਾ

مُعاوِن [ਮੁਆਵਿਨ : mu'awın] ਵਿ: ਸਹਾਇਤਾ ਕਰਨ ਵਾਲ਼ਾ, ਹਿਮਾਇਤੀ, ਸਹਾਇਕ, ਮਦਦਗਾਰ

مُعاوَنت [ਮੁਆਵਿਨਤ : mu'awınət] ਇ: ਮੱਦਦ, ਸਹਾਇਤਾ, ਸਹਾਰਾ

مُعاوِنِ جُرم [ਮੁਆਵਿਨ-ਏ-ਜੁਰਮ : mu'awın-e-jurəm] ਵਿ: ਜੁਰਮ ਵਿਚ ਸ਼ਰੀਕ, ਦੋਸ਼ੀ ਦੀ ਸਹਾਇਤਾ ਕਰਨ ਵਾਲ਼ਾ

مُعاہِد [ਮੁਆਹਿਦ : mu'ahıd] ਵਿ: ਕੌਲ-ਕਰਾਰ ਕਰਨ ਵਾਲ਼ਾ

مُعاہدہ [ਮੁਆਹਦਾ : mu'ahəda] ਪੁ: ਆਪਸੀ ਕੌਲ-ਕਰਾਰ, ਅਹਿਦਨਾਮਾ

مُعائنہ [ਮੁਆਇਨਾ : mu'aena] ਪੁ: ਮੁਆਇਨਾ, ਨਿਰੀਖਣ, ਮੁਲਾਹਜ਼ਾ, ਜਾਂਚ ਪੜਤਾਲ

مُعبد [ਮੁਅ਼ਬਦ : mu'əbəd] ਪੁ: ਪੂਜਾ ਸਥਾਨ, ਇਬਾਦਤ ਦੀ ਜਗ੍ਹਾ, ਈਸਾਈਆਂ ਦਾ ਇਬਾਦਤਖ਼ਾਨਾ, ਗਿਰਜਾ

مُعبر [ਮੁਅ਼ਬਰ : mu'əbər] ਪੁ: ਘਾਟ, ਪੁਲ, ਲੰਘਣ ਦੀ ਥਾਂ, ਦਰਿਆ ਪਾਰ ਕਰਨ ਦੀ ਜਗ੍ਹਾ

معبر [ਮਿਅ਼ਬਰ : mı'əbər] ਇ: ਪਾਰ ਲੰਘਣ ਦਾ ਵਸੀਲਾ ਜਾਂ ਸਵਾਰੀ ਜਿਵੇਂ ਕਿਸ਼ਤੀ, ਬੇੜੀ, ਡੋਂਗਾ, ਘੋੜਾ ਆਦਿ

مُعبّر [ਮੁਅ਼ੱਬਰ : mu'əbbər] ਪੁ: ਸੁਪਨੇ ਬਾਰੇ ਦੱਸਣ ਵਾਲ਼ਾ

مُعتاد [ਮੁਅ਼ਤਾਦ : mu'ətad] ਵਿ:/ਇ: ਆਦੀ, ਮਿਕਦਾਰ, ਮੁਰਾਕ, ਖ਼ੁਰਾਕ ਦਾ ਅੰਦਾਜ਼ਾ

مُعتبر [ਮੁਅ਼ਤਬਰ : mu'ətəbər] ਵਿ: ਇਤਬਾਰ ਕੀਤਾ ਗਿਆ, ਭਰੋਸੇਯੋਗ; ਦਰੁਸਤ, ਠੀਕ, ਸੱਚਾ; ਇੱਜ਼ਤ-ਸਤਿਕਾਰ ਵਾਲ਼ਾ

مُعتبری [ਮੁਅ਼ਤਬਰੀ : mu'ətəbəri] ਇ:

ਭਰੋਸਗੀ, ਸਤਿਕਾਰਤਾ, ਯਕੀਨਯੋਗਤਾ

مُعتمد [ਮੁਅ਼ਤਦ : mu'ətəd] *ਵਿ:* ਗਿਣਿਆ ਗਿਆ

مُعتدِل [ਮੁਅ਼ਤਦਿਲ : mu'ətədil] *ਵਿ:* ਵਿਚਾਲੜਾ ਜਿਹਾ, ਮੱਧਮ, ਦਰਮਿਆਨੇ ਦਰਜੇ ਦਾ, ਇਕ ਸਮਾਨ, ਨਰਮ, ਖ਼ੁਸ਼ਗਵਾਰ

مُعترِض [ਮੁਅ਼ਤਰਿਜ਼ : mu'ətərɪz] *ਵਿ:* ਇਤਰਾਜ਼ ਕਰਨ ਵਾਲ਼ਾ, ਪੇਸ਼ ਆਉਣ ਵਾਲ਼ਾ, ਰੋਕਣ ਵਾਲ਼ਾ, ਰਾਹ ਵਿਚ ਅਟਕਾ ਪਾਉਣ ਵਾਲ਼ਾ, ਰੋਕ ਟੋਕ ਕਰਨ ਵਾਲ਼ਾ

مُعترِف [ਮੁਅ਼ਤਰਿਫ਼ : mu'ətərɪf] *ਵਿ:* ਕਬੂਲ ਕਰਨ ਵਾਲ਼ਾ, ਮੰਨਣ ਵਾਲ਼ਾ, ਇਕਰਾਰ ਕਰਨ ਵਾਲ਼ਾ, ਸਬਰ ਕਰਨ ਵਾਲ਼ਾ, ਪਛਾਣਨ ਵਾਲ਼ਾ, ਇਕਬਾਲੀ

مُعتزِل [ਮੁਅ਼ਤਜ਼ਿਲ : mu'ətəzɪl] *ਵਿ:* ਵੱਖ ਹੋਣ ਵਾਲ਼ਾ, ਵਖਰੇਵਾਂ ਰੱਖਣ ਵਾਲ਼ਾ

مُعتصِم [ਮੁਅ਼ਤਸਿਮ : mu'ətəsɪm] *ਵਿ:* ਭਰੋਸਾ ਰੱਖਣ ਵਾਲ਼ਾ, ਸਹਾਰਾ ਲੈਣ ਵਾਲ਼ਾ, ਪਨਾਹ ਲੈਣ ਵਾਲ਼ਾ, ਸ਼ਰਨਾਰਥੀ, ਸਬਰ ਸੰਤੋਖ ਵਾਲ਼ਾ

مُعتقِد [ਮੁਅ਼ਤਜ਼ਿਦ : mu'ətəzɪd] *ਵਿ:* ਮੱਦਦ ਲੈਣ ਵਾਲ਼ਾ, ਸਹਾਇਤਾ ਚਾਹੁਣ ਵਾਲ਼ਾ

مُعتل [ਮੁਅ਼ਤਲ : mu'ətəl] *ਵਿ:* ਬੀਮਾਰ, ਰੋਗੀ, ਕਮਜ਼ੋਰ, ਨਿਤਾਣਾ

مُعتمِد [ਮੁਅ਼ਤਮਿਦ : mu'ətəmɪd] *ਵਿ:/ਪੁ:* ਭਰੋਸਾ ਕੀਤਾ ਗਿਆ, ਜਿਸ ਤੇ ਇਤਬਾਰ ਕੀਤਾ ਗਿਆ ਹੋਵੇ, ਯਕੀਨ ਯੋਗ; ਸਕੱਤਰ

مُعتمِدِ اعلیٰ [ਮੁਅ਼ਤਮਿਦ-ਏ-ਆਅ਼ਲਾ : mu'ətəmɪd-e-a'əla] *ਪੁ:* ਪ੍ਰਬੰਧ ਵਿਚ ਗਵਰਨਰ ਤੋਂ ਬਾਅਦ ਦਾ ਅਹੁਦਾ, ਆਮ ਤੌਰ ਤੇ ਮੁੱਖ ਸਕੱਤਰ

مُعجِب [ਮੁਅ਼ਜਿਬ : mu'əjɪb] *ਵਿ:* ਹੈਂਕਾਰਿਆ ਹੋਇਆ, ਘੁਮੰਡੀ

معجزہ [ਮੁਅ਼ਜਿਜ਼ਾ : mu'əjɪza] *ਪੁ:* ਮਾਨਵ ਸ਼ਕਤੀ ਤੋਂ ਬਾਹਰ ਦਾ ਕੰਮ, ਉਹ ਕੰਮ ਜੋ ਕਿਸੇ ਵਲੀ ਜਾਂ ਨਬੀ ਤੋਂ ਵਾਪਰੇ, ਕਰਾਮਾਤ

معجل [ਮੁਅ਼ੱਜਲ : mu'əjjəl] *ਕਿਵਿ:* ਛੇਤੀ, ਹੱਥੋ ਹੱਥੀ

معجون [ਮਅ਼ਜੂਨ : mə'əjun] *ਇ:* ਖ਼ਮੀਰ ਕੀਤਾ ਹੋਇਆ ਪਦਾਰਥ, ਕਈ ਦਵਾਈਆਂ ਨੂੰ ਰਲ਼ਾ ਕੇ ਆਟੇ ਵਾਂਗੂ ਗੁੰਨ੍ਹ ਕੇ ਬਣਾਈ ਹੋਈ ਦਵਾਈ, ਤਬੀਬਾਂ ਦੀ ਭਾਸ਼ਾ ਵਿਚ ਅਜਿਹੀ ਮਿਸ਼ਰਤ ਚੀਜ਼ ਜੋ ਸ਼ਹਿਦ ਜਾਂ ਖੰਡ ਵਿਚ ਗੁੰਨ੍ਹੀ ਹੋਵੇ ਤੇ ਸੁਆਦੀ ਹੋਵੇ

معدلت [ਮਅ਼ਦਿਲਤ : mə'ədɪlət] *ਇ:* ਇਨਸਾਫ਼, ਨਿਆਂ, ਅਦਲ, ਅਦਲ ਕਰਨਾ, ਨਿਆਂ ਕਰਨਾ

معدن [ਮਅ਼ਦਿਨ : mə'ədɪn] *ਪੁ:* ਖਾਣ, ਉਹ ਥਾਂ ਜਿੱਥੇ ਧਰਤੀ ਖੋਦ ਕੇ ਧਾਤਾਂ ਅਤੇ ਕੋਲਾ ਵਗ਼ੈਰਾ ਕੱਢੇ ਜਾਣ

معدنی [ਮਅ਼ਦਨੀ : mə'ədəni] *ਵਿ:* ਖਾਣ ਨਾਲ਼ ਸੰਬੰਧਿਤ, ਧਾਤ ਦੀ, ਖਾਣ ਵਿਚੋਂ ਨਿਕਲੀ ਹੋਈ (ਚੀਜ਼)

معدود [ਮਅ਼ਦੂਦ : mə'ədud] *ਵਿ:* ਗਿਣਿਆ ਗਿਆ, ਸਮਿਲਿਤ ਕੀਤਾ ਗਿਆ; ਕੁਝ ਕੁ, ਗਿਣਤੀ ਦੇ, ਥੋੜੇ, ਨਿਗੂਣੇ, ਮਮੂਲੀ

معدوم [ਮਅ਼ਦੂਮ : mə'ədum] *ਵਿ:* ਮਿਟਾਇਆ ਗਿਆ, ਖ਼ਤਮ ਕੀਤਾ ਗਿਆ

معدہ [ਮਿਅ਼ਦਾ : mɪ'əda] *ਪੁ:* ਮਿਅਦਾ, ਪੇਟ ਦੇ ਅੰਦਰ ਦੀ ਥੈਲੀ ਜਿਸ ਵਿਚ ਖਾਣਾ ਰਹਿੰਦਾ ਹੈ ਅਤੇ ਹਜ਼ਮ ਹੁੰਦਾ ਹੈ

مُعذّب [ਮੁਅ਼ੱਜ਼ਬ : mu'əzzəb] *ਵਿ:* ਦੰਡ ਦਿੱਤਾ ਗਿਆ, ਦੋਸ਼ੀ

معذرت [ਮਅ਼ਜ਼ਿਰਤ : mə'əzɪrət] *ਪੁ:* ਉਜ਼ਰ, ਬਹਾਨਾ, ਹੀਲਾ; ਉਜ਼ਰ ਕਰਨਾ, ਬਹਾਨਾ

ਬਣਾਉਣਾ, ਮਾਫ਼ੀ ਚਾਹੁਣਾ

معذور [ਮਅ਼ਜ਼ੂਰ : mə'əzur] *ਵਿ:* ਉਜ਼ਰ ਕੀਤਾ ਗਿਆ, ਬਹਾਨਾ ਕੀਤਾ ਗਿਆ; ਮਜਬੂਰ, ਅਪਾਹਜ, ਲਾਚਾਰ, ਨਿਰਾਸ

معذوری [ਮਅ਼ਜ਼ੂਰੀ : mə'əzuri] *ਇ:* ਮਜਬੂਰੀ, ਨਾਕਾਮੀ

معراج [ਮਅ਼ਰਾਜ : mə'əraj] *ਇ:* ਪੌੜੀ, ਸੀੜ੍ਹੀ, ਉੱਪਰ ਚੜ੍ਹਨ ਦਾ ਸਾਧਨ, ਪੌੜੀ ਦਾ ਡੰਡਾ, ਮਰਤਬਾ, ਉਚਾਈ

معرِفت [ਮਅ਼ਰਿਫ਼ਤ : mə'ərifət] *ਇ:* ਸ਼ਨਾਖ਼ਤ, ਪਛਾਣ; ਰੱਬ ਦੀ ਪਛਾਣ; ਵਸੀਲਾ, ਸਬੱਬ, ਬ੍ਰਹਮ ਗਿਆਨ; ਕੁਦਰਤ ਦੇ ਕਨੂੰਨਾਂ ਜਾਂ ਕੁਦਰਤੀ ਚੀਜ਼ਾਂ ਦੀ ਵਾਕਫ਼ੀਅਤ

معرِکہ [ਮਅ਼ਰਿਕਾ : mə'ərika] *ਪੁ:* ਲਸ਼ਕਰ ਦੇ ਇਕੱਠਾ ਹੋਣ ਦੀ ਥਾਂ, ਜੁੱਧ ਦਾ ਮੈਦਾਨ, ਲੜਾਈ, ਜੰਗ, ਜੁੱਧ; ਝਗੜਾ; ਹੰਗਾਮਾ

معروض [ਮਅ਼ਰੂਜ਼ : mə'əruz] *ਵਿ:/ਇ:* ਅਰਜ਼ ਕੀਤਾ ਗਿਆ, ਬੇਨਤੀ ਕੀਤੀ ਗਈ, ਪੇਸ਼ ਕੀਤਾ ਗਿਆ; ਅਰਜ਼, ਬਿਨੈ, ਬਿਨੈ-ਪੱਤਰ, ਦਰਖ਼ਾਸਤ

معروضہ [ਮਅ਼ਰੂਜ਼ਾ : mə'əruza] *ਪੁ:* ਅਰਜ਼ੀ, ਬਿਨੈ-ਪੱਤਰ ਜਾਂ ਦਰਖ਼ਾਸਤ ਲਿਖਣ ਦੀ ਤਾਰੀਖ਼

معروف [ਮਅ਼ਰੂਫ਼ : mə'əruf] *ਵਿ:* ਮਸ਼ਹੂਰ, ਪ੍ਰਸਿੱਧ, ਪ੍ਰਗਟ, ਜਾਣਿਆ ਪਛਾਣਿਆ, ਨੇਕੀ, ਭਲੀ ਗੱਲ; ਉਹ ਕਿਰਿਆ ਜਿਸ ਦੇ ਕਰਤਾ ਦਾ ਪਤਾ ਹੋਵੇ

معزز [ਮੁਅੱਜ਼ਜ਼ : mu'əzzəz] *ਵਿ:* ਇੱਜ਼ਤਦਾਰ, ਬਜ਼ੁਰਗ, ਸਿਆਣਾ, ਵੱਡਾ, ਸ਼ਰੀਫ਼, ਭਲਾ-ਮਾਣਸ, ਮਾਣ ਸਤਿਕਾਰ ਵਾਲ਼ਾ

معزول [ਮਅ਼ਜ਼ੂਲ : mə'əzul] *ਵਿ:* ਨੌਕਰੀ ਤੋਂ ਕੱਢਿਆ ਗਿਆ, ਤਖ਼ਤ ਜਾਂ ਗੱਦੀ ਤੋਂ ਲਾਹਿਆ ਗਿਆ, ਬੇਕਾਰ ਕੀਤਾ ਗਿਆ

معسکر [ਮੁਅ਼ਸਕਰ : mu'əsəkər] *ਪੁ:* ਲਸ਼ਕਰ ਉੱਤਰਨ ਦੀ ਥਾਂ, ਪੜਾ, ਛਾਉਣੀ, ਫ਼ੌਜੀ ਕੈਂਪ, ਲਸ਼ਕਰਗਾਹ

معشر [ਮਅ਼ਸ਼ਰ : mə'əʂər] *ਪੁ:* ਆਦਮੀਆਂ ਦਾ ਗੋਹ, ਸੁਸਾਇਟੀ

معشوق [ਮਅ਼ਸ਼ੂਕ਼ : mə'əʂuq] *ਪੁ:* ਮਾਸ਼ੂਕ, ਉਹ ਪੁਰਸ਼ ਜਿਸ ਤੇ ਕੋਈ ਆਸ਼ਕ ਹੋਵੇ, ਮਹਿਬੂਬ, ਪਿਆਰਾ, ਪ੍ਰੇਮੀ, ਪ੍ਰੀਤਮ, ਦਿਲਬਰ, ਪ੍ਰਿਯ, ਦਿਲਦਾਰ

معشوقانہ [ਮਅ਼ਸ਼ੂਕ਼ਾਨਾ : mə'əʂuqana] *ਵਿ:* ਮਹਿਬੂਬ ਵਰਗਾ; ਦਿਲਕਸ਼

معشوقہ [ਮਅ਼ਸ਼ੂਕ਼ਾ : mə'əʂuqa] *ਇ:* ਮਹਿਬੂਬਾ, ਪਿਆਰੀ, ਪ੍ਰੇਮਿਕਾ, ਉਹ ਇਸਤਰੀ ਜਿਸ ਤੇ ਕੋਈ ਦੂਜਾ ਆਸ਼ਕ ਹੋਵੇ

معشوقی [ਮਅ਼ਸ਼ੂਕ਼ੀ : mə'əʂuqi] *ਇ:* ਪ੍ਰੇਮ, ਪਿਆਰ, ਦਿਲਰੁਬਾਈ; ਦੋਸਤੀ, ਮਿੱਤਰਤਾ

معصوم [ਮਅ਼ਸੂਮ : mə'əsum] *ਵਿ:* ਬੇਗੁਨਾਹ, ਬੇਕਸੂਰ, ਨਿਰਦੋਸ਼, ਸੱਚਾ ਸੁੱਚਾ; ਨਿੱਕਾ (ਬੱਚਾ); ਭੋਲਾ, ਸਿੱਧਾ-ਸਾਦਾ

معصومیّت [ਮਅ਼ਸੂਮੀਯੱਤ : mə'əsumiyyət] *ਇ:* ਬੇਗੁਨਾਹੀ, ਸਾਦਗੀ, ਪਾਕਦਾਮਨੀ, ਸੱਚਾਈ, ਭੋਲਾਪਣ, ਬਚਪਨ

معصیت [ਮਅ਼ਸੀਯਤ : mə'əsiyət] *ਇ:* ਗੁਨਾਹ, ਕਸੂਰ, ਪਾਪ, ਗ਼ਲਤੀ; ਨਾਫ਼ਰਮਾਨੀ, ਬਗ਼ਾਵਤ, ਆਕੀਪੁਣਾ

مُعطّر [ਮੁਅੱਤ਼ਰ : mu'əttər] *ਵਿ:* ਖ਼ੁਸ਼ਬੂਦਾਰ, ਸੁਗੰਧਿਤ, ਸੁਗੰਧੀ ਭਰਪੂਰ

مُعطّل [ਮੁਅੱਤ਼ਲ : mu'əttəl] *ਵਿ:* ਨਿਕੰਮਾ, ਬੇਕਾਰ, ਸੇਵਾ-ਮੁਕਤ, ਸੁਸਤ, ਢਿੱਲਾ; ਕੰਮ ਤੋਂ ਹਟਾਇਆ ਹੋਇਆ; ਉਡੀਕ ਵਿਚ ਰੱਖਿਆ ਗਿਆ

مُعطّلی [ਮੁਅੱਤ਼ਲੀ : mu'əttəli] *ਇ:* ਬੇਕਾਰੀ, ਕੰਮ ਤੋਂ ਹਟਾਉਣ ਦੀ ਕਿਰਿਆ

معطوف [ਮਅ਼ਤੂਫ਼ : mə'ətuf] /ਵਿ: ਫੇਰਿਆ ਹੋਇਆ, ਲਪੇਟਿਆ ਹੋਇਆ, ਮੋੜਿਆ ਹੋਇਆ, ਲਿਪਟਿਆ ਹੋਇਆ

مُعظّم [ਮੁਅੱਜ਼ਮ : mu'əzzəm] /ਵਿ: ਬਜ਼ੁਰਗ, ਵਡੇਰਾ, ਭਲਾਮਾਣਸ, ਅਜ਼ਮਤ ਦਿੱਤਾ ਗਿਆ, ਵਡਿਆਇਆ ਗਿਆ, ਸਤਿਕਾਰਿਤ

مُعظّمہ [ਮੁਅੱਜ਼ਮਾ : mu'əzzəma] /ਵਿ: ਬਜ਼ੁਰਗ (ਇਸਤਰੀ), ਸਾਊ, ਇੱਜ਼ਤਦਾਰ (ਇਸਤਰੀ)

مُعقّد [ਮੁਅੱਕ਼ਦ : mu'əqqəd] /ਵਿ: ਪੇਚੀਦਾ, ਗੁੰਝਲਦਾਰ

معقُول [ਮਅ਼ਕੂਲ : mə'əqul] /ਵਿ: ਵਾਜਬ, ਯੋਗ, ਠੀਕ, ਚੰਗਾ, ਭਲਾ, ਕਾਬਲ, ਲਾਇਕ; ਚੁਕਵਾਂ, ਫਬਵਾਂ; ਬੰਨ੍ਹਿਆ ਹੋਇਆ, ਅਕਲ ਵਿਚ ਲਿਆ ਗਿਆ, ਜੋ ਸਮਝ ਆ ਜਾਵੇ

معقُولیّت [ਮਅ਼ਕੂਲੀਯੱਤ: mə'əquliyyət] /ਇ: ਇਨਸਾਨੀਅਤ; ਪਸੰਦਗੀ; ਯੋਗ ਹੋਣ ਦਾ ਭਾਵ

معکُوس [ਮਅ਼ਕੂਸ : mə'əkus] /ਵਿ: ਉਲਟਾ, ਪੁੱਠਾ, ਟੇਢਾ

مُعلّا [ਮੁਅੱਲਾ : mu'əlla] /ਵਿ: ਉੱਚਾ, ਵੱਡਾ, ਬਜ਼ੁਰਗ

مُعلّق [ਮੁਅੱਲਕ਼ : mu'əlləq] /ਵਿ: ਅਟਕਿਆ ਹੋਇਆ, ਲਟਕਾਇਆ ਹੋਇਆ, ਟੰਗਿਆ ਹੋਇਆ

مُعلّقہ [ਮੁਅੱਲਕ਼ਾ : mu'əlləqa] /ਇ: ਲਟਕੀ ਹੋਈ, ਅਜਿਹੀ ਇਸਤਰੀ ਜਿਸ ਨੂੰ ਨਾ ਤਾਂ ਤਲਾਕ ਦਿੱਤਾ ਗਿਆ ਹੋਵੇ ਤੇ ਨਾ ਹੀ ਵਸ ਰਹੀ ਹੋਵੇ

مُعلم [ਮੁਅ਼ਲਮ : mu'ələm] /ਪੁ: ਅਲਾਮਤ; ਨਿਸ਼ਾਨੀ; ਦੁਨੀਆ, ਜਹਾਨ

مُعلِّم [ਮੁਅੱਲਿਮ : mu'əllim] /ਪੁ: ਅਧਿਆਪਕ, ਗੁਰੂ, ਸਿੱਖਿਆ ਦੇਣ ਵਾਲ਼ਾ, ਮਲਾਹ, ਕਿਸ਼ਤੀ, ਚਲਾਉਣ ਵਾਲ਼ਾ

مُعلِّم الملکوت [ਮੁਅੱਲਿਮ - ਉਲ - ਮਲਕੂਤ : mu'əllim-ul-məlakut] /ਪੁ: ਫ਼ਰਿਸ਼ਤਿਆਂ ਦਾ ਉਸਤਾਦ; ਸ਼ੈਤਾਨ

مُعلِّمہ [ਮੁਅੱਲਿਮਾ : mu'əllima] /ਇ: ਅਧਿਆਪਕਾ, ਉਸਤਾਨੀ, ਸਿੱਖਿਆ ਦੇਣ ਵਾਲ਼ੀ ਇਸਤਰੀ

مُعلّمی [ਮੁਅੱਲਿਮੀ : mu'əllimi] /ਇ: ਅਧਿਆਪਕ ਕਾਰਜ, ਬੱਚਿਆਂ ਨੂੰ ਪੜ੍ਹਾਉਣ ਦਾ ਕਿੱਤਾ

مُعلِن [ਮੁਅ਼ਲਿਨ : mu'əlin] /ਵਿ: ਐਲਾਨ ਕਰਨ ਵਾਲ਼ਾ

معلُول [ਮਅ਼ਲੂਲ : mə'əlul] /ਵਿ:/ਪੁ: ਇੱਲਤ ਕੀਤਾ ਗਿਆ, ਉਹ ਚੀਜ਼ ਜਿਸ ਦਾ ਕੋਈ ਕਾਰਨ ਹੋਵੇ; ਫਲ਼, ਸਿੱਟਾ, ਨਤੀਜਾ

معلُوم [ਮਅ਼ਲੂਮ : mə'əlum] /ਵਿ: ਜਾਣਿਆ ਹੋਇਆ; ਪ੍ਰਗਟ, ਰੋਸ਼ਨ; ਪ੍ਰਸਿੱਧ

معلُومات [ਮਅ਼ਲੂਮਾਤ : mə'əlumat] /ਇ: ਵਾਕਫ਼ੀਅਤਾਂ, ਜਾਣਕਾਰੀਆਂ, ਵਿੱਦਿਆ, ਜਾਣੀਆਂ ਪਛਾਣੀਆਂ ਚੀਜ਼ਾਂ, ਗਿਆਨ ਵਿਗਿਆਨ

